**Reo-Bankowned Properties**
From San Jose to Sacramento
JASSI GILL Broker/Owner
510-304-9292
**Refinance Now**
@ZERO WCOST
Call Sukhi Gill:510-207-9067
CA DRE Lic.#01180969

Jassi Gill
CA DRE# 00966763

**Hardeep S.Rai**
ਇੰਮੀਗਰੇਸ਼ਨ ਵਕੀਲ
Attorney-at-Law
• ਨੌਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾਂ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
SAN JOSE
TEL: 408.280.1111
FAX. 408.280.1212

**Kuldip Singh Dhariwal**
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192

ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com




Twelfth Year in Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 12, Issue 42, October 15, 2011
20451 N Plum Grove Rd. Palatine, IL 60074
Ph:847-359-0746, Fax:847-705-9388


## ਗ਼ਜ਼ਲ ਗਾਇਕ ਜਗਜੀਤ ਸਿੰਘ ਦਾ ਦੇਹਾਂਤ

**ਮੁੰਬਈ:** ਉਘੇ ਗਾਇਕ ਅਤੇ ਸੰਗੀਤਕਾਰ ਜਗਜੀਤ ਸਿੰਘ ਦਾ ਦੇਹਾਂਤ ਹੋ ਗਿਆ। 70 ਸਾਲਾ ਜਗਜੀਤ ਸਿੰਘ ਨੂੰ 23 ਸਤੰਬਰ ਨੂੰ ਦਿਮਾਗ ਦੀ ਨਾੜੀ ਫਟਣ ਕਾਰਨ ਇਥੇ ਲੀਲਾਵਤੀ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਸੀ। ਡਾਕਟਰਾਂ ਨੇ ਉਨ੍ਹਾਂ ਦੇ ਦਿਮਾਗ ਦਾ ਅਪਰੇਸ਼ਨ ਵੀ ਕੀਤਾ



ਪਰ ਉਨ੍ਹਾਂ ਦੀ ਹਾਲਤ ਵਿਚ ਸੁਧਾਰ ਨਹੀਂ ਹੋਇਆ। 10 ਅਕਤੂਬਰ ਐਤਵਾਰ ਨੂੰ ਸਵੇਰੇ 8.10 'ਤੇ ਉਨ੍ਹਾਂ ਆਖਰੀ ਸਾਹ ਲਿਆ।

70ਵੇਂ ਤੇ 80ਵੇਂ ਦਹਾਕੇ ਵਿਚ ਗ਼ਜ਼ਲ ਗਾਇਕੀ ਨੂੰ ਆਮ ਲੋਕਾਂ ਵਿਚ ਹਰਮਨਪਿਆਰਾ ਬਣਾਉਣ ਵਾਲੇ ਜਗਜੀਤ ਸਿੰਘ ਦੀਆਂ ਸਦਾਬਹਾਰ ਗ਼ਜ਼ਲਾਂ ਵਿਚ 'ਕਾਗ਼ਜ਼ ਕੀ ਕਸ਼ਤੀ', 'ਅਹਿਸਤਾ-ਅਹਿਸਤਾ', 'ਪੱਤਾ-ਪੱਤਾ ਬੂਟਾ-ਬੂਟਾ', 'ਹੋਂਠੋ ਸੇ ਛੂ ਲੋ ਤੁਮ', 'ਕੱਲ੍ਹ ਚੌਦਵੀਂ ਦੀ ਰਾਤ', 'ਚਿੱਠੀ ਨਾ ਕੋਈ ਸੰਦੇਸ਼', 'ਯੇਹ ਦੌਲਤ ਭੀ ਲੇ ਲੋ', 'ਤੁਮ ਕੋ ਦੇਖਾ ਤੋ ਯੇਹ ਖਿਆਲ ਆਇਆ', 'ਸ਼ਾਮ ਸੇ ਆਂਖ ਮੇਂ ਨਮੀ ਸੀ ਹੈ', 'ਹੋਸ਼ ਵਾਲੋਂ ਕੋ ਖ਼ਬਰ ਕਿਆ' ਅਤੇ 'ਤੁਮ ਕੋ ਦੇਖਾ' ਸ਼ਾਮਲ ਹਨ। ਉਨ੍ਹਾਂ ਉਸ ਵੇਲੇ ਗ਼ਜ਼ਲ

*(ਬਾਕੀ ਸਫਾ 6 'ਤੇ)*

# ਲੋਕ ਰੋਹ ਅੱਗੇ ਝੁਕਦਿਆਂ ਪੰਜਾਬ ਸਰਕਾਰ ਨੇ ਕਾਲੇ ਕਾਨੂੰਨ ਵਾਪਸ ਲਏ

## ਪੁਲਿਸ ਨੂੰ ਅਥਾਹ ਸ਼ਕਤੀਆਂ ਦੇਣ ਲਈ ਬਣਾਏ ਸਨ ਇਹ ਬਿੱਲ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਲੋਕਪੱਖੀ ਜਥੇਬੰਦੀਆਂ ਦੇ ਤਿੱਖੇ ਰੋਹ ਅੱਗੇ ਝੁਕਦਿਆਂ ਪੰਜਾਬ ਸਰਕਾਰ ਨੇ ਵਿਵਾਦਾਂ ਵਿਚ ਘਿਰੇ ਦੋ ਕਾਨੂੰਨ ਵਾਪਸ ਲੈ ਲਏ ਹਨ ਜੋ ਪਿਛਲੇ ਸਮੇਂ ਤੋਂ 'ਕਾਲੇ ਕਾਨੂੰਨਾਂ' ਵਜੋਂ ਚਰਚਿਤ ਹੋ ਗਏ ਸਨ। ਪੰਜਾਬ ਦੀਆਂ ਜਨਤਕ ਜਥੇਬੰਦੀਆਂ ਨੇ ਇਨ੍ਹਾਂ ਕਾਨੂੰਨਾਂ ਨੂੰ ਸਿੱਧਾ ਮਨੁੱਖੀ ਹੱਕਾਂ 'ਤੇ ਡਾਕਾ ਮੰਨਦਿਆਂ ਇਨ੍ਹਾਂ ਖ਼ਿਲਾਫ਼ ਤਿੱਖਾ ਸੰਘਰਸ਼ ਵਿੱਢਿਆ ਹੋਇਆ ਸੀ। ਇਸ ਸੰਘਰਸ਼ ਨੂੰ ਦੇਖਦਿਆਂ ਪੰਜਾਬ ਸਰਕਾਰ ਨੇ ਪੰਜਾਬ ਵਿਸ਼ੇਸ਼ ਸੁਰੱਖਿਆ ਬਿੱਲ ਤੇ ਪੰਜਾਬ ਜਨਤਕ ਅਤੇ ਨਿੱਜੀ ਸੰਪਤੀ ਨੁਕਸਾਨ ਰੋਕੂ ਬਿੱਲਾਂ ਨੂੰ ਵਾਪਸ ਲੈ ਲਿਆ ਹੈ। ਇਸੇ ਦੌਰਾਨ ਵਿਧਾਨ ਸਭਾ ਦੇ ਆਖਰੀ ਇਜਲਾਸ ਦੌਰਾਨ 10 ਬਿੱਲ ਪਾਸ ਕੀਤੇ ਗਏ।

ਵਿਧਾਨ ਸਭਾ ਦੇ ਸੈਸ਼ਨ ਦੌਰਾਨ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਵਿਵਾਦ ਵਾਲੇ ਇਨ੍ਹਾਂ ਦੋਵਾਂ ਬਿੱਲਾਂ-ਪੰਜਾਬ ਵਿਸ਼ੇਸ਼ ਸੁਰੱਖਿਆ ਬਿੱਲ ਅਤੇ ਪੰਜਾਬ ਜਨਤਕ ਤੇ ਨਿੱਜੀ ਸੰਪਤੀ ਨੁਕਸਾਨ ਰੋਕੂ ਬਿੱਲ ਨੂੰ ਵਾਪਸ ਲੈਣ ਦਾ ਮਤਾ ਪੇਸ਼ ਕੀਤਾ ਜਿਸ ਨੂੰ ਪ੍ਰਵਾਨ ਕਰ ਲਿਆ ਗਿਆ। ਜ਼ਿਕਰਯੋਗ ਹੈ ਕਿ ਪੰਜਾਬ ਵਿਧਾਨ ਸਭਾ ਵਿਚ ਇਹ ਦੋਵੇਂ ਬਿੱਲ 2010 ਦੌਰਾਨ ਪਾਸ ਕੀਤੇ ਗਏ ਸਨ। ਇਨ੍ਹਾਂ ਬਿੱਲਾਂ ਕਾਰਨ ਪਿਛਲੇ ਲੰਮੇ ਸਮੇਂ ਤੋਂ ਜਨਤਕ ਜਥੇਬੰਦੀਆਂ ਨੇ ਸਰਕਾਰ ਖ਼ਿਲਾਫ਼ ਸੰਘਰਸ਼ ਵਿੱਢਿਆ ਹੋਇਆ ਸੀ ਤੇ ਸਰਕਾਰ ਵੱਲੋਂ ਇਹ ਹਾਲੇ ਤੱਕ ਲਾਗੂ ਨਹੀਂ ਕੀਤੇ ਗਏ ਸਨ।



*ਵਿਧਾਨ ਸਭਾ ਦੇ ਬਾਹਰ ਰੋਸ ਪ੍ਰਗਟ ਕਰ ਰਹੇ ਕਾਂਗਰਸੀ ਵਿਧਾਇਕ।*

ਵਿਸ਼ੇਸ਼ ਸੁਰੱਖਿਆ ਐਕਟ ਵਿਚ ਪੁਲਿਸ ਨੂੰ ਅਥਾਹ ਸ਼ਕਤੀਆਂ ਦੇਣ ਦੇ ਦੋਸ਼ ਲਾਏ ਜਾ ਰਹੇ ਸਨ। ਇਸੇ ਤਰ੍ਹਾਂ ਪੰਜਾਬ ਜਨਤਕ ਤੇ ਨਿੱਜੀ ਸੰਪਤੀ ਦੇ ਨੁਕਸਾਨ ਰੋਕੂ ਬਿੱਲ ਵਿਚ ਧਰਨੇ ਮੁਜ਼ਾਹਰਿਆਂ 'ਤੇ ਰੋਕਾਂ ਲਾਉਣ ਦੀ ਵਿਵਸਥਾ ਸੀ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਇਨ੍ਹਾਂ ਬਿੱਲਾਂ ਨੂੰ ਵਾਪਸ ਲੈਣ ਬਾਰੇ ਸਥਿਤੀ ਸਪੱਸ਼ਟ ਕਰਦਿਆਂ ਕਿਹਾ ਕਿ ਲੋਕਾਂ ਨੂੰ ਦੋਹਾਂ ਬਿੱਲਾਂ ਵਿਚਲੀਆਂ ਕੁਝ ਮੱਦਾਂ ਬਾਰੇ ਭਰਮ-ਭੁਲੇਖੇ ਸਨ। ਉਨ੍ਹਾਂ ਕਿਹਾ ਕਿ ਸਰਕਾਰ ਅਜਿਹੇ ਭਰਮ ਭੁਲੇਖੇ ਦੂਰ ਕਰਕੇ ਨਵੇਂ ਸਿਰੇ ਤੋਂ ਆਰਡੀਨੈਂਸ ਜਾਰੀ ਕਰੇਗੀ।

ਪੰਜਾਬ ਵਿਧਾਨ ਸਭਾ ਦੇ ਆਖਰੀ ਇਜਲਾਸ ਦੌਰਾਨ ਵਿਰੋਧੀ ਧਿਰ ਕਾਫੀ ਸਰਗਰਮ ਨਜ਼ਰ ਆਈ ਅਤੇ ਸਰਕਾਰ ਨੂੰ ਵੱਖ-ਵੱਖ ਮੁੱਦਿਆਂ 'ਤੇ ਬੁਰੀ ਤਰ੍ਹਾਂ ਘੇਰਿਆ। ਇਜਲਾਸ ਦੇ ਆਖਰੀ ਦਿਨ ਹੋਈਆਂ ਦੋਵਾਂ ਬੈਠਕਾਂ ਦੌਰਾਨ ਵਿਰੋਧੀ ਧਿਰ ਨੇ ਭਾਰੀ ਰੌਲਾ ਰੱਪਾ ਪਾਇਆ ਤੇ ਮੁੱਖ ਮੰਤਰੀ ਨੂੰ ਵੀ ਬੋਲਣ ਨਾ ਦਿੱਤਾ। ਵਿਰੋਧੀ ਧਿਰ ਦੇ ਸ਼ੋਰ-ਸ਼ਰਾਬੇ ਕਾਰਨ ਸਪੀਕਰ ਨਿਰਮਲ ਸਿੰਘ ਕਾਹਲੋਂ ਨੂੰ ਦੋ ਵਾਰ ਸਦਨ ਉਠਾਉਣਾ ਪਿਆ।

ਸਪੀਕਰ ਨੇ ਜਦੋਂ ਮੁੱਖ ਮੰਤਰੀ ਨੂੰ ਆਪਣੀ ਗੱਲ ਕਹਿਣ ਦਾ ਸੱਦਾ ਦਿੱਤਾ ਤਾਂ ਵਿਰੋਧੀ ਧਿਰ ਦੇ ਮੈਂਬਰ ਆਪਣੀਆਂ ਸੀਟਾਂ 'ਤੇ ਖੜ੍ਹੇ ਹੋ ਗਏ ਤੇ ਮੁੱਖ ਮੰਤਰੀ ਨੂੰ ਬੋਲਣ ਨਹੀਂ ਦਿੱਤਾ। ਸ. ਬਾਦਲ ਨੇ ਕਿਹਾ, "ਸਾਰੇ ਕਹਿੰਦੇ ਨੇ 'ਸਾਡੇ ਹੱਕ ਇੱਥੇ ਰੱਖ', ਆਖਰ ਮੇਰਾ ਵੀ ਤਾਂ ਕੋਈ ਹੱਕ ਹੈ। ਮੈਂ ਕੁਝ ਵੀ ਨਹੀਂ ਬੋਲ ਸਕਦਾ?" ਪਰ ਵਿਰੋਧੀ ਧਿਰ ਸ. ਬਾਦਲ ਦੀ ਇਸ ਦਲੀਲ ਨਾਲ ਵੀ ਸਹਿਮਤ ਨਾ ਹੋਈ।

ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਸੰਸਦੀ ਮਾਮਲਿਆਂ ਬਾਰੇ ਵਿਭਾਗ ਦੇ ਮੰਤਰੀ ਤੀਕਸ਼ਨ ਸੂਦ ਨੇ ਸੈਕਸ਼ਨ 57 ਦਾ ਹਵਾਲਾ ਦਿੰਦਿਆਂ ਕਿਹਾ ਕਿ ਮੁੱਖ ਮੰਤਰੀ ਜਾਂ ਕੋਈ ਵੀ ਮੰਤਰੀ ਆਪਣਾ ਬਿਆਨ ਦੇ ਸਕਦਾ ਹੈ ਪਰ ਵਿਰੋਧੀ ਧਿਰ ਫਿਰ ਵੀ ਆਪਣੀ ਗੱਲ 'ਤੇ ਅੜੀ ਰਹੀ। ਵਿਰੋਧੀ ਧਿਰ ਦੇ ਮੈਂਬਰਾਂ ਨੇ ਜਨਤਕ ਵੰਡ ਪ੍ਰਣਾਲੀ ਵਿਚ ਅਰਬਾਂ ਰੁਪਏ ਦੇ ਘੁਟਾਲੇ ਦਾ ਦੋਸ਼ ਲਾਉਂਦਿਆਂ ਸਦਨ ਦੀ ਕਾਰਵਾਈ ਵਿਚ ਵਿਘਨ ਪਾਇਆ। ਕਾਂਗਰਸੀ ਮੈਂਬਰ ਸੁਨੀਲ ਜਾਖੜ ਵੱਲੋਂ ਪੇਸ਼ ਕੀਤੇ 'ਕੰਮ ਰੋਕੂ' ਮਤੇ ਦੇ ਨੋਟਿਸ ਨੂੰ ਸਪੀਕਰ ਨਿਰਮਲ ਸਿੰਘ ਕਾਹਲੋਂ ਨੇ ਰੱਦ ਕਰ ਦਿੱਤਾ।

ਜਦੋਂ ਸਪੀਕਰ ਨੇ ਵਿਰੋਧੀ ਧਿਰ ਨੂੰ ਇਸ ਮੁੱਦੇ 'ਤੇ ਬੋਲਣ ਲਈ ਸਮਾਂ ਨਾ ਦਿੱਤਾ ਤਾਂ ਸਮੁੱਚੀ ਵਿਰੋਧੀ ਧਿਰ ਸਦਨ ਦੇ ਵਿਚਕਾਰ ਆ ਗਈ। ਰਾਜ ਦੇ ਖੁਰਾਕ ਤੇ ਸਿਵਲ ਸਪਲਾਈ ਮੰਤਰੀ ਵਿਰੋਧੀ ਧਿਰ ਦੇ ਨਿਸ਼ਾਨੇ 'ਤੇ ਰਹੇ। ਸਪੀਕਰ ਵੱਲੋਂ ਕਾਂਗਰਸੀ ਵਿਧਾਇਕ ਸੁਨੀਲ ਜਾਖੜ ਨੂੰ ਜਨਤਕ

*(ਬਾਕੀ ਸਫਾ 6 'ਤੇ)*


**REAL ESTATE & HOME LOANS**

ਮਨਟੀਕਾ, ਟਰੇਸੀ, ਲੈਥਰੋਪ, ਸਟਾਕਟਨ,
Low Interest Rate
3.5% Down Payment
Free Credit Report
Free Pre-Approval
Successful Shortsale ਲਈ ਅੱਜ ਹੀ ਕਾਲ ਕਰੋ !
AMAN HUNDAL
Broker / Associate
209.918.6464
ahundal@c21mm.com
Century 21
M&M and Associates

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
**Raja SWEETS & CATERING**
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
All kinds of Sweets
Snacks & Food
Chaat & Tikki Stall
Pani Poori Stall
Bhel Poori / Pav Bhaji
Falooda Kulfi
Wedding Ceremonies
Receptions
Birthday Parties
Religious Gatherings
Corporate Events
Picnics / Bar-b-que
Warmers
Chaffing Dishes
China & Silverware
Linen Rental
Waiters & Bartenders
Call Makhan Bains or Ravinder Singh for your next Party 1-866-FOR RAJA www.RajaSweets.com

Law Offices Of
**Manpreet S. Gahra**
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
ਬਿਜ਼ਨਸ ਲਾਅ

Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582, Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

# Bankruptcy *Divorce *Personal Injury *Evictions

*Bankruptcy (Ch 7) ਬੈਂਕਰਪਸੀ (ਚੈਪਟਰ 7)
> Wipe Out Credit Card Debt
> Stop Creditor Phone Calls
*Personal Injury/Car Accident
ਪਰਸਨਲ ਇੰਜਰੀ (ਸੱਟ-ਫੇਟ)/ਕਾਰ ਐਕਸੀਡੈਂਟ
*Family Law (Divorce, Child Custody)
ਫੈਮਿਲੀ ਲਾਅ (ਤਲਾਕ, ਬੱਚਿਆਂ ਦੀ ਸਪੁਰਦਗੀ)
> Child/Spousal Support > Guardianships
> Grandparents's Rights
*Evictions
> Landloard-Teant > Unlawful Detainer

**New Location in Sacramento**

*Free Consultation*

ਅਸੀਂ ਪੰਜਾਬੀ ਅਤੇ ਹਿੰਦੀ ਬੋਲਦੇ ਹਾਂ

Notary Services Available


*Kirandeep K Sihota Esq. and Lance V Friel, Esq.*


# Pacific Coast Law Firm P.C.

**(916)443-1190**
9245 Laguna Springs Dr., Ste. 200,
Elk Grove, CA 95758

**Now Serving Two Locations**
www.pacificcoastlawfirm.com

**(209) 475-6001**
2351 W. March Lane Suite A,
Stockton, CA 95207






# ਉਤਰੀ ਕੈਲੀਫੋਰਨੀਆ ਦੇ ਕਮਰ, ਡਿਸਕ ਅਤੇ ਰੀਹ ਦੀ ਦਰਦ ਦੇ ਮਰੀਜ ਸਾਵਧਾਨ


**ਉਤਰੀ ਕੈਲੀਫੋਰਨੀਆ:** ਇਸ ਵਿਚ ਕੋਈ ਸ਼ੱਕ ਨਹੀਂ ਕਿ ਜਿਨ੍ਹਾਂ ਲੋਕਾਂ ਨੂੰ ਜੋੜਾਂ ਦਾ ਦਰਦ ਸ਼ੁਰੂ ਹੋ ਜਾਂਦਾ ਹੈ ਉਨ੍ਹਾਂ ਲਈ ਜਿਉਣਾ ਮੁਹਾਲ ਹੋ ਜਾਂਦਾ ਹੈ। ਬੈਠਿਆਂ ਦਰਦ ਹੁੰਦੀ ਹੈ, ਖੜੋਤਿਆਂ, ਤੁਰਦਿਆਂ, ਉਠਦਿਆਂ, ਗੱਡੀ ਚਲਾਉਂਦਿਆਂ ਅਤੇ ਕਈਆਂ ਨੂੰ ਤਾਂ ਲੇਟਿਆਂ ਵੀ ਦਰਦ ਹੁੰਦੀ ਹੈ। ਬੰਦਾ ਫਿਕਰਾਂ 'ਚ ਪੈ ਜਾਂਦਾ ਹੈ, ਇਸ ਦਰਦ ਤੋਂ ਕਦੀ ਛੁਟਕਾਰਾ ਵੀ ਮਿਲੇਗਾ? ਭਾਂਤ-ਭਾਂਤ ਦੇ ਇਲਾਜ ਅਜ਼ਮਾ ਚੁਕੇ ਲੋਕਾਂ ਨੂੰ ਜਾਪਣ ਲੱਗਦਾ ਹੈ ਕਿ ਜਿੰਨੇ ਮਰਜੀ ਇਲਾਜ ਕਰਵਾ ਲਵੋ, ਦਰਦ ਤੋਂ ਛੁਟਕਾਰਾ ਹੁਣ ਨਹੀਂ ਮਿਲਣਾ।

ਸੋਜ ਘਟਾਉਣ ਵਾਲੀਆਂ ਦਵਾਈਆਂ, ਕਾਇਰੋਪ੍ਰੈਕਟਿਸ, ਯੋਗਾ, ਕਸਰਤ, ਫਿਜ਼ੀਕਲ ਥੈਰਪੀ, ਸਟ੍ਰੈਚਿੰਗ, ਦਵਾਈਆਂ, ਸਰਜ਼ਰੀ, ਲੱਕ ਦੀਆਂ ਪੇਟੀਆਂ, ਨੈਚੁਰਲ ਸਪਲੀਮੈਂਟ, ਦੇਸੀ ਨੁਸਖੇ, ਸੇਕ, ਰੀਡ ਦੀ ਹੱਡੀ 'ਚ ਇੰਜੈਕਸ਼ਨ, ਬਰਫ, ਗੱਲ ਕੀ ਹਰ ਸ਼ੈਅ ਅਜ਼ਮਾ ਚੁਕੇ ਹੋ ਪਰ ਕੋਈ ਫਰਕ ਨਹੀਂ ਪਿਆ ਤਾਂ ਇਕ ਵਾਰੀ ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ ਨੂੰ ਕਾਲ ਜ਼ਰੂਰ ਕਰੋ ਉਹ ਅਗਲੇ 72 ਘੰਟੇ ਲਈ ਆਪਣਾ ਮਾਹਿਰਾਨਾ ਮਸ਼ਵਰਾ ਬਿਲਕੁਲ ਮੁਫਤ ਦੇਣਗੇ। ਬਸ, ਸਾਰੀਆਂ ਅਪੁਆਇੰਟਮੈਂਟਾਂ ਬੁੱਕ ਹੋ ਜਾਣ ਤੋਂ ਪਹਿਲਾਂ ਪਹਿਲਾਂ ਕਾਲ ਕਰ ਲਓ। ਡਾ. ਜਗਜੀਤ ਸਿੰਘ ਸਿਹੋਤਾ, ਡੀ.ਸੀ. ਨੇ ਮਾਹਿਰਾਨਾ ਮਸ਼ਵਰਾ ਬਿਨਾ ਕਿਸੇ ਫੀਸ ਅਤੇ ਬਿਨਾ ਕਿਸੇ ਬੰਦਿਸ਼ ਦੇ ਦੇਣ ਦਾ ਫੈਸਲਾ ਸਟਾਕਟਨ ਤੇ ਆਲੇ-ਦੁਆਲੇ ਦੇ ਇਲਾਕੇ ਦੇ ਲੋਕਾਂ ਦੀ ਕਮਰ ਦਰਦ, ਡਿਸਕ ਅਤੇ ਗਰਦਨ ਦੀ ਦਰਦ ਨੂੰ ਮੁੱਖ ਰੱਖਦਿਆਂ ਕੀਤਾ ਹੈ।


ਇਸ ਡਾਕਟਰ ਦੇ ਇਲਾਜ ਦਾ ਮਰੀਜਾਂ ਨੂੰ ਏਨਾ ਫਾਇਦਾ ਹੋਇਆ ਹੈ ਕਿ ਇਨ੍ਹਾਂ ਦਰਦਾਂ ਤੋਂ ਪ੍ਰੇਸ਼ਾਨ ਲੋਕ ਉਸ ਦੀ ਕਲੀਨਿਕ ਵੱਲ ਵਹੀਰਾਂ ਘੱਤ ਕੇ ਤੁਰੇ ਆ ਰਹੇ ਹਨ। ਉਸ ਨੇ ਉਨ੍ਹਾਂ ਲੋਕਾਂ ਨੂੰ ਆਸ ਦੀ ਇਕ ਸੱਚੀ ਕਿਰਨ ਦਿਖਾਈ ਹੈ ਜੋ ਜੋੜਾਂ ਦੇ ਦਰਦ ਲਈ ਸਭੋ ਕੁਝ ਅਜ਼ਮਾ ਚੁਕੇ ਹਨ ਪਰ ਕੋਈ ਫਾਇਦਾ ਨਹੀਂ ਹੋਇਆ। ਉਸ ਦੀ ਇਲਾਜ ਪ੍ਰਣਾਲੀ ਦੀ ਖਾਸੀਅਤ ਇਹ ਹੈ ਕਿ ਇਸ ਵਿਚ ਕੋਈ ਦਵਾਈ ਨਹੀਂ ਦਿੱਤੀ ਜਾਂਦੀ, ਕੋਈ ਸਰਜ਼ਰੀ ਨਹੀਂ ਕੀਤੀ ਜਾਂਦੀ ਅਤੇ ਕੋਈ ਇੰਜੈਕਸ਼ਨ ਨਹੀਂ ਦਿੱਤੇ ਜਾਂਦੇ। ਇਸ ਤੋਂ ਉਪਰ ਇਹ ਵੀ ਕਿ ਇਹ ਇਲਾਜ ਪ੍ਰਣਾਲੀ ਉਚ ਤਕਨੀਕ 'ਤੇ ਆਧਾਰਤ ਹੈ ਅਤੇ ਬਹੁਤ ਹੀ ਸੁਖਾਵੀਂ ਵੀ ਹੈ। ਡਾ. ਸਿਹੋਤਾ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਪਤਾ ਹੈ ਕਿ ਇਸ ਤਰ੍ਹਾਂ ਦੇ ਦਰਦ ਦਾ ਇਲਾਜ ਉਨ੍ਹਾਂ ਦੀ ਇਲਾਜ ਪ੍ਰਣਾਲੀ ਨਾਲ ਹੀ ਸੌਖਿਆਂ ਹੋ ਸਕਦਾ ਹੈ। ਉਨ੍ਹਾਂ ਨੂੰ ਅਹਿਸਾਸ ਹੈ ਕਿ ਕਿੰਨੇ ਲੋਕਾਂ ਨੂੰ ਉਨ੍ਹਾਂ ਦੇ ਮਸ਼ਵਰੇ ਅਤੇ ਧਿਆਨ ਦੀ ਲੋੜ ਹੈ, ਇਸੇ ਕਰਕੇ ਉਹ ਮਸ਼ਵਰਿਆਂ ਦੀ ਗਿਣਤੀ ਸੀਮਤ ਕਰਨ ਲਈ ਮਜ਼ਬੂਰ ਹਨ ਤਾਂ ਕਿ ਹਰ ਮਰੀਜ਼ ਨੂੰ ਨਿੱਜੀ ਤੌਰ 'ਤੇ ਧਿਆਨ ਦਿਤਾ ਜਾ ਸਕੇ। ਜੇ ਤੁਸੀਂ ਇਹ ਲੇਖ ਛਪਣ ਦੇ 72 ਘੰਟੇ ਦੇ ਅੰਦਰ ਅੰਦਰ ਕਾਲ ਕਰੋ ਤਾਂ ਡਾ. ਸਿਹੋਤਾ ਦੀ ਗਾਰੰਟੀ ਹੈ ਕਿ ਉਹ ਆਪਣੀ ਕਲੀਨਿਕ ਲਈ ਅਪੁਆਇੰਟਮੈਂਟ ਜ਼ਰੂਰ ਦੇਣਗੇ। ਸੋ, ਅੱਜ ਹੀ ਸਟਾਕਟਨ ਸਵੀਅਰ ਬੈਕ ਐਂਡ ਨੈਕ ਪੇਨ ਹਾਟਲਾਈਨ 'ਤੇ ਕਾਲ ਕਰੋ: 209 464 7738

ਇਸ ਸਲਾਹ-ਮਸ਼ਵਰੇ ਦੀ ਉਂਜ ਫੀਸ 247 ਡਾਲਰ ਹੈ। ਗੱਲ ਨਿਰੀ ਪੈਸੇ ਦੀ ਵੀ ਨਹੀਂ, ਤੁਹਾਨੂੰ ਇਸ ਗੱਲ ਦਾ ਭਰੋਸਾ ਮਿਲਦਾ ਹੈ ਕਿ ਤੁਹਾਡੀ ਕਮਰ, ਡਿਸਕ ਜਾਂ ਗਰਦਨ ਦੀ ਦਰਦ ਦਾ ਕੋਈ ਇਲਾਜ ਸੰਭਵ ਹੈ। ਸੋ, ਕਮਰ, ਹਰਨੀਆ, ਸਲਿਪ ਡਿਸਕ, ਰੀਹ, ਅਰਥਰਾਈਟਸ, ਚੂਲੇ ਦੀ ਜਾਂ ਲੱਤ ਦੀ-ਕੋਈ ਵੀ ਦਰਦ ਹੈ ਤਾਂ ਇਲਾਜ ਦਾ ਇਹ ਮੌਕਾ ਹੱਥੋਂ ਜਾਣ ਨਾ ਦਿਓ। ਫੌਰੀ ਕਾਲ ਕਰੋ

## 209-464-7738, 916-564-5551


ਜਦੋਂ ਮੈਂ ਪਹਿਲੀ ਵਾਰ ਇਥੇ ਆਇਆ, ਮੈਂ ਢੇਰੀ ਢਾਹੀ ਬੈਠਾ ਸਾਂ। ਲਗਾਤਾਰ ਹੁੰਦੀ ਦਰਦ ਮੇਰੀ ਜਾਨ ਕੱਢਦੀ ਸੀ ਅਤੇ ਮੈਥੋਂ ਰੋਜ਼ਮੱਰਾ ਦੇ ਕੰਮ ਕਾਜ ਵੀ ਨਹੀਂ ਸਨ ਹੁੰਦੇ। ਨੌਂ ਮਹੀਨੇ ਪਹਿਲਾਂ ਹੀ ਮੇਰੀ ਸਰਜਰੀ ਹੋ ਕੇ ਹਟੀ ਸੀ। ਸ਼ੁਰੂ ਵਿਚ ਮੈਨੂੰ ਕੁਝ ਆਰਾਮ ਵੀ ਜਾਪਿਆ ਪਰ ਇਹ ਬਹੁਤਾ ਚਿਰ ਨਾ ਰਿਹਾ। ਸਰਜਰੀ ਕਰਨ ਵਾਲੇ ਮੈਡੀਕਲ ਡਾਕਟਰ ਨੇ ਸਰਜਰੀ ਪਿਛੋਂ ਇਹ ਕਹਿ ਕੇ ਹੱਥ ਝਾੜ ਦਿੱਤੇ ਕਿ ਮੈਂ ਹੋਰ ਕੁਝ ਨਹੀਂ ਕਰ ਸਕਦਾ। ਮੈਨੂੰ ਬਹੁਤ ਨਿਰਾਸ਼ਾ ਹੋਈ ਅਤੇ ਮੈਂ ਡਰ ਵੀ ਗਿਆ। ਦਰਦ ਤੋਂ ਕੁਝ ਰਾਹਤ ਹਾਸਲ ਕਰਨ ਲਈ ਮੈਂ ਬੜੀਆਂ ਤਾਕਤਵਰ ਦਰਦ ਨਿਵਾਰਕ ਦਵਾਈਆਂ ਲੈ ਰਿਹਾ ਸਾਂ। ਫਿਰ ਮੈਂ ਇਸ ਕਲੀਨਿਕ ਬਾਰੇ ਅਖਬਾਰ ਵਿਚ ਪੜ੍ਹਿਆ ਅਤੇ ਫੈਸਲਾ ਕੀਤਾ ਕਿ ਸਲਾਹ ਲੈਣ ਵਿਚ ਭਲਾ ਕੀ ਹਰਜ ਹੈ! ਮੈਨੂੰ ਥੋੜ੍ਹੀ ਸ਼ੰਕਾ ਸੀ ਪਰ ਮੇਰੇ ਕੋਲ ਹੋਰ ਰਾਹ ਵੀ ਨਹੀਂ ਸੀ। ਜੁਲਾਈ ਮਹੀਨੇ ਮੈਂ ਇਲਾਜ ਸ਼ੁਰੂ ਕੀਤਾ ਅਤੇ ਹੁਣ ਮੈਂ ਭਾਵੇਂ ਪੂਰੀ ਤਰ੍ਹਾਂ ਦਰਦ ਤੋਂ ਛੁਟਕਾਰਾ ਨਹੀਂ ਪਾ ਸਕਿਆ ਪਰ ਪਹਿਲਾਂ ਦੇ ਮੁਕਾਬਲੇ 75% ਬਿਹਤਰ ਹਾਂ। ਇਕ ਵੱਡੀ ਆਸ ਨਜ਼ਰ ਆਉਂਦੀ ਹੈ ਕਿ ਮੈਂ ਛੇਤੀ ਹੀ ਦਰਦ ਤੋਂ ਖਹਿੜਾ ਛੁਡਾ ਲਵਾਂਗਾ। *-ਐਡਵਿਨ ਗੁਡਮੈਨ, ਟਰੀ ਟਰਿਮਰ, ਉਮਰ 47 ਸਾਲ।*

---


ਮੈਨੂੰ ਸੰਨ 2007 ਤੋਂ ਲੱਕ ਦਰਦ ਸੀ। ਮੈਂ ਕਾਇਜ਼ਰ ਹਸਪਤਾਲ ਇਲਾਜ ਲਈ ਜਾਂਦੀ ਸੀ ਜਿਥੇ ਡਾਕਟਰਾਂ ਨੇ ਮੈਨੂੰ ਭਾਂਤ ਸੁਭਾਂਤੀਆਂ ਦਵਾਈਆਂ ਦਿੱਤੀਆਂ ਅਤੇ ਐਪੀਡਿਊਰਲ ਇੰਜੈਕਸ਼ਨ ਦਿੱਤੇ ਪਰ ਕੋਈ ਫਰਕ ਨਾ ਪਿਆ। ਮੈਂ ਸਟਾਕਟਨ ਰਿਕਾਰਡ ਅਖਬਾਰ ਵਿਚ ਇਸ ਕਲੀਨਿਕ ਬਾਰੇ ਪੜ੍ਹਿਆ ਅਤੇ ਆਪਣੇ ਡਾਕਟਰ ਨਾਲ ਰੀੜ੍ਹ ਦੀ ਹੱਡੀ ਦੇ ਡੀਕੰਪਰੈਸ਼ਨ ਬਾਰੇ ਗੱਲ ਕੀਤੀ ਪਰ ਉਸ ਨੇ ਕਿਹਾ ਕਿ ਉਹ ਮੇਰੇ ਲਈ ਠੀਕ ਨਹੀਂ ਹੋਵੇਗੀ। ਮੈਂ ਸਿਹਤ ਬਾਰੇ ਆਪਣੀ ਵਕੀਲ ਆਪ ਬਣਨ ਦਾ ਫੈਸਲਾ ਕੀਤਾ। ਮੈਂ ਡਾ. ਸਿਹੋਤਾ, ਡੀ ਸੀ ਨੂੰ ਮਿਲੀ। ਜਦੋਂ ਮੈਂ ਉਨ੍ਹਾਂ ਦੀ ਕਲੀਨਿਕ ਗਈ ਮੈਂ ਖੂੰਡੀ ਦੇ ਸਹਾਰੇ ਚਲਦੀ ਸਾਂ ਅਤੇ ਮੇਰੀ ਪੀੜ੍ਹ ਦਸ ਦੇ ਸਕੇਲ ਉਤੇ ਦਸ ਸੀ। ਦੋ ਹਫਤਿਆਂ ਦੇ ਇਲਾਜ ਪਿਛੋਂ ਮੈਨੂੰ ਆਪਣੀ ਖੂੰਡੀ ਦੀ ਕੋਈ ਲੋੜ ਨਾ ਰਹੀ। ਹੁਣ ਮੈਂ ਆਪਣੀ 70% ਪੀੜ ਤੋਂ ਛੁਟਕਾਰਾ ਹਾਸਲ ਕਰ ਚੁਕੀ ਹਾਂ। ਮੇਰਾ ਤੁਰਨਾ-ਫਿਰਨਾ ਵੀ ਕਾਫੀ ਸੌਖਾ ਹੋ ਗਿਆ ਹੈ। ਮੇਰੀ ਸਭਨਾਂ ਨੂੰ ਸਲਾਹ ਹੈ, ਆਪਣੀ ਤੰਦਰੁਸਤ ਜ਼ਿੰਦਗੀ ਬਿਨਾ ਕਿਸੇ ਦਵਾਈ, ਸਰਜਰੀ ਅਤੇ ਦਰਦ ਦੇ ਮੁੜ ਹਾਸਲ ਕਰ ਲਈ ਤੁਰਤ ਡਾ. ਸਿਹੋਤਾ ਨੂੰ ਮਿਲੋ। ਮੈਂ ਸਮਝਦੀ ਹਾਂ ਕਿ ਡਾ. ਸਿਹੋਤਾ ਅਤੇ ਉਨ੍ਹਾਂ ਦੇ ਸਟਾਫ ਦਾ ਹਮਦਰਦਾਨਾ ਵਿਹਾਰ ਅਤੇ ਪੇਸ਼ੇਵਾਰਾਨਾ ਪਹੁੰਚ ਇਸ ਕਲੀਨਿਕ ਦੀ ਇਲਾਜ ਪ੍ਰਣਾਲੀ ਦਾ ਇਕ ਹਿੱਸਾ ਹੈ। *-ਈਸਾ ਐਸ., ਡਿਟੈਨਸ਼ਨ ਅਫਸਰ, ਉਮਰ 61 ਸਾਲ।*

### ਹੁਣ ਤੁਹਾਡੀ ਸੇਵਾ ਲਈ ਦੋ ਲੋਕੇਸ਼ਨਾਂ

*Northern California* ਕਲੀਨਿਕ 2531 N. California Street (North California St. & Ellis St.) ਵਿਖੇ ਹੈ, ਹਾਰਡਿੰਗ ਵੇਅ ਤੇ ਅਲਪਾਈਨ ਐਵਨਿਊ ਵਿਚਾਲੇ ਸੇਂਟ ਜੌਸਫ ਹਸਪਤਾਲ ਤੋਂ ਡੇਢ ਬਲਾਕ ਦੂਰ।

***New location***
**Sacramento**
1600 Sacramento Inn Way Suite 122, next to Arden Fair Mall

ਨੋਟ (1):ਕਾਲ ਕਰਨ ਵਾਲੇ ਪਹਿਲੇ 11 ਮਰੀਜ਼ਾਂ ਨੂੰ 48 ਘੰਟੇ ਵਿਚ ਅਪੁਆਇੰਟਮੈਂਟ ਮਿਲ ਜਾਏਗੀ। ਨੋਟ (2): ਜੇ ਤੁਸੀਂ ਅਪੁਆਇੰਟਮੈਂਟ 21 ਅਕਤੂਬਰ 2011 ਸ਼ਾਮ 6 ਵਜੇ ਤਕ ਬਣਾਉਂਦੇ ਹੋ ਤਾਂ ਇਸ ਲਈ ਕੋਈ ਫੀਸ ਨਹੀਂ ਹੋਵੇਗੀ (247 ਡਾਲਰ ਦੇ ਬਰਾਬਰ)। *ਸਾਡੀ "ਤਸੱਲੀ ਦੀ ਗਾਰੰਟੀ" ਇਹ ਗੱਲ ਯਕੀਨੀ ਬਣਾਉਂਦੀ ਹੈ ਕਿ ਤੁਹਾਨੂੰ ਸਾਡੀ ਕਲੀਨਿਕ ਵਿਚ ਸਾਫ-ਸੁਥਰਾ, ਖੁਸ਼ਗਵਾਰ ਅਤੇ ਪੇਸ਼ੇਵਰ ਮਾਹੌਲ ਮਿਲੇਗਾ ਕਿਉਂਕਿ ਇਹ ਤੁਹਾਡੀਆਂ ਲੋੜਾਂ ਪ੍ਰਤੀ ਹੁੰਗਾਰਾ ਭਰਨ ਵਾਲਾ ਅਤੇ ਸਮੇਂ ਦਾ ਪਾਬੰਦ ਹੋਵੇਗਾ। ਇਸ ਦਾ ਮਤਲਬ ਨਤੀਜਿਆਂ ਦੀ ਗਾਰੰਟੀ ਨਹੀਂ ਹੈ।

Copyright © 2009 CMC, LLC

# ਫਿਰ ਉਠਣ ਲੱਗੇ ਫਰੀਮਾਂਟ ਗੁਰੂ ਘਰ ਦੇ ਚੋਣ ਅਮਲ ਬਾਰੇ ਸਵਾਲ

**ਫਰੀਮਾਂਟ (ਵਿਸ਼ੇਸ਼ ਪ੍ਰਤੀਨਿਧ):** ਉਤਰੀ ਅਮਰੀਕਾ ਵਿਚ ਸਿੱਖ ਸਿਆਸਤ ਵਿਚ ਅਹਿਮ ਸਥਾਨ ਰੱਖਣ ਵਾਲੇ ਗੁਰੂਘਰ ਫਰੀਮਾਂਟ ਦੀ ਸੁਪਰੀਮ ਕੌਂਸਲ ਦੀਆਂ ਚੋਣਾਂ ਮਾਰਚ 2012 ਵਿਚ ਹੋਣੀਆਂ ਹਨ। ਚੋਣਾਂ ਤੋਂ ਪਹਿਲਾਂ ਇਸ ਇਲਾਕੇ ਵਿਚ ਵੱਸਦੇ ਬਾਸ਼ਿੰਦਿਆਂ ਨੂੰ ਮੌਕਾ ਦਿੱਤਾ ਜਾਂਦਾ ਹੈ ਕਿ ਅਗਰ ਕਿਸੇ ਦਾ ਧੀ ਪੁੱਤਰ 18 ਸਾਲ ਤੋਂ ਉਪਰ ਹੋ ਗਿਆ ਹੋਵੇ ਜਾਂ ਪਿਛਲੇ ਦੋ ਸਾਲਾਂ ਵਿਚ

## ਵਿਸ਼ੇਸ਼ ਰਿਪੋਰਟ


ਕੋਈ ਨਵਾਂ ਆ ਕੇ ਵੱਸਿਆ ਹੋਵੇ ਤਾਂ ਉਹ ਗੁਰੂਘਰ ਦਾ ਮੈਂਬਰ ਬਣ ਸਕਦਾ ਹੈ। ਫਰੀਮਾਂਟ ਗੁਰੂਘਰ ਵਿਚ ਕੋਈ ਮੈਂਬਰਸ਼ਿਪ ਫੀਸ ਨਹੀਂ ਹੈ। ਸਿਰਫ਼ ਸੰਭਾਵੀ ਮੈਂਬਰ ਦੀ ਉਮਰ 18 ਸਾਲ ਤੋਂ ਉਪਰ ਹੋਣੀ ਚਾਹੀਦੀ ਹੈ ਅਤੇ ਤੁਸੀਂ 10 ਗੁਰੂ ਸਹਿਬਾਨ ਦੀਆਂ ਸਿੱਖਿਆਵਾਂ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਦੇ ਹੋਣੇ ਚਾਹੀਦੇ ਹੋ। ਰਿਹਾਇਸ਼ ਸਬੰਧੀ ਸ਼ਰਤ ਇਹ ਹੈ ਕਿ ਸੰਭਾਵੀ ਮੈਂਬਰ ਸੱਤ ਕਾਊਂਟੀਆਂ (ਐਲਾਸੀਡਾ, ਸੋਲਾਨੋ, ਕੌਂਟਰਾ ਕੋਸਟਾ, ਸੈਨ ਫਰਾਂਸਿਸਕੋ, ਸੈਨ ਮਟੀਓ, ਸੈਂਟਾ ਕਲਾਰਾ ਅਤੇ ਸੈਂਟਾ ਕਰੂਜ) ਦਾ ਵਸਨੀਕ ਹੋਣਾ ਚਾਹੀਦਾ ਹੈ। ਮੈਂਬਰ ਬਣਨ ਲਈ ਸ਼ਨਾਖ਼ਤੀ ਕਾਰਡ (ਡਰਾਇਵਿੰਗ ਲਾਇਸੰਸ ਜਾਂ ਆਈ.ਡੀ.) ਹੋਣਾ ਲਾਜ਼ਮੀ ਹੈ।

ਇਥੇ ਜ਼ਿਕਰਯੋਗ ਹੈ ਕਿ ਗੁਰਦੁਆਰਾ ਫਰੀਮਾਂਟ ਦਾ ਪ੍ਰਬੰਧ ਚਲਾਉਣ ਲਈ ਇਕ ਪੰਜ ਮੈਂਬਰੀ ਸੁਪਰੀਮ ਕੌਂਸਲ ਦੀ ਚੋਣ ਕੀਤੀ ਜਾਂਦੀ ਹੈ ਜੋ ਅੱਗੋਂ ਪ੍ਰਬੰਧਕਾਂ ਦੀ ਨਿਯੁਕਤੀ ਕਰਦੀ ਹੈ।

ਪ੍ਰਬੰਧਕਾਂ ਵਲੋਂ ਆ ਰਹੀਆਂ ਸੁਪਰੀਮ ਕੌਂਸਲ ਚੋਣਾਂ ਲਈ ਵੋਟਾਂ ਬਣਾਉਣ ਵਾਸਤੇ ਇਕ ਪੱਤਰ ਨੋਟਿਸ ਬੋਰਡ 'ਤੇ ਲਾਇਆ ਗਿਆ ਹੈ ਜਿਸ ਵਿਚ ਵੋਟਾਂ ਬਣਾਉਣ ਦੀ ਤਰੀਕ, ਸਮੇਂ ਜਾਂ ਦਿਨ ਦਾ ਕੋਈ ਜ਼ਿਕਰ ਨਹੀਂ। ਫਰੀਮਾਂਟ ਗੁਰੂ ਘਰ ਵਿਚ ਮੁੱਖ ਵਿਰੋਧੀ ਧਿਰ ਪੰਥਕ ਸਲੇਟ ਦਾ ਦੋਸ਼ ਹੈ ਕਿ ਪ੍ਰਬੰਧਕਾਂ ਨੇ ਵੋਟਾਂ ਬਣਾਉਣ ਦਾ ਸਮਾਂ ਤੇ ਸਥਾਨ ਨਾ ਦੱਸ ਕੇ ਇਸ ਵਾਰ ਵੀ ਕਥਿਤ ਜਾਅਲੀ ਵੋਟਾਂ ਬਣਾਉਣ ਲਈ ਰਾਹ ਰੱਖ ਲਿਆ ਹੈ।

ਅਗਰ ਫਰੀਮਾਂਟ ਗੁਰੂਘਰ ਦੀਆਂ ਪਿਛਲੀਆਂ ਚੋਣਾਂ 'ਤੇ ਨਜ਼ਰ ਮਾਰੀਏ ਤਾਂ 2006 ਅਤੇ 2008 ਵਿਚ ਸਿਰਫ਼ ਪੰਜ ਕੁ ਸੌ ਦੇ ਕਰੀਬ ਨਵੀਆਂ ਵੋਟਾਂ ਬਣੀਆਂ ਸਨ। ਉਸ ਵਕਤ ਵੋਟਾਂ ਬਣਾਉਣ ਦਾ ਕੰਮ ਗੁਰੂ ਘਰ ਨਾਲ ਸਬੰਧਤ ਸੀਨੀਅਰ (ਬਜ਼ੁਰਗ) ਕਰਦੇ ਸਨ ਅਤੇ ਹਰ ਮੈਂਬਰ ਨੂੰ ਗੁਰੂ ਘਰ ਆ ਕੇ ਇਕ ਨਿਯਮਿਤ ਵਕਤ 'ਤੇ ਵੋਟ ਬਣਾਉਣੀ ਪੈਂਦੀ ਸੀ। ਸ਼ਾਇਦ ਇਹੀ ਕਾਰਨ ਸੀ ਕਿ ਨਵੀਂਆਂ ਵੋਟਾਂ ਦੀ ਗਿਣਤੀ ਕਦੇ ਵੀ 500-550 ਤੋਂ ਉਪਰ ਨਾ ਟੱਪੀ ਪਰ 2008 ਵਿਚ ਜਦ ਜਸਵਿੰਦਰ ਸਿੰਘ ਜੰਡੀ ਅਤੇ ਜਸਜੀਤ ਸਿੰਘ ਚੇਲਾ ਗਰੁਪ ਪ੍ਰਬੰਧ 'ਤੇ ਕਾਬਜ਼ ਹੋਇਆ ਅਤੇ 2010 ਦੀਆਂ ਚੋਣਾਂ ਕਰਵਾਉਣ ਦਾ ਜ਼ਿੰਮਾ ਇਨ੍ਹਾਂ 'ਤੇ ਪਿਆ ਤਾਂ ਵੋਟਾਂ ਬਣਾਉਣ ਦੀ ਪ੍ਰਕ੍ਰਿਆ ਵਿਵਾਦਾਂ ਵਿਚ ਘਿਰ ਗਈ। ਪਹਿਲੀ ਵਾਰ ਨਵੀਂਆਂ ਵੋਟਾਂ ਦੀ ਗਿਣਤੀ ਵਧ ਕੇ 1700 ਦੇ ਕਰੀਬ ਹੋ ਗਈ। ਵਿਰੋਧੀਆਂ ਵੱਲੋਂ ਇਤਰਾਜ਼ ਉਠਾਇਆ ਜਾਂਦਾ ਰਿਹਾ ਹੈ ਕਿ ਪ੍ਰਬੰਧਕ ਨਿਯਮਾਂ ਨੂੰ ਛਿੱਕੇ ਟੰਗ ਕੇ ਵੋਟਰਾਂ ਨੂੰ ਗੁਰੂ ਘਰ ਆ ਕੇ ਵੋਟਾਂ ਬਣਾਉਣ ਲਈ ਕਹਿਣ ਦੀ ਬਜਾਏ ਆਪ ਉਨ੍ਹਾਂ ਦੇ ਘਰੀਂ ਜਾ ਕੇ ਵੋਟਾਂ ਬਣਾ ਰਹੇ ਹਨ। ਇਹ ਵੀ ਇਤਰਾਜ਼ ਉਠਿਆ ਕਿ ਪ੍ਰਬੰਧਕਾਂ ਨੇ ਇਹ ਸਿਲਸਿਲਾ ਬੜੇ ਗੁਪਤ ਤਰੀਕੇ ਨਾਲ ਮਈ 2009 ਵਿਚ ਸ਼ੁਰੂ ਕਰ ਦਿੱਤਾ ਸੀ।

ਇਸ ਤਰ੍ਹਾਂ ਬਣੀਆਂ ਵੋਟਾਂ ਨੂੰ ਵਿਰੋਧੀਆਂ ਨੇ ਜਾਅਲੀ ਵੋਟਾਂ ਦਾ ਨਾਮ ਦਿੱਤਾ। ਇਸੇ ਰੌਲੇ-ਰੱਪੇ ਵਿਚ ਚੋਣਾਂ ਹੋਈਆਂ ਅਤੇ ਪ੍ਰਬੰਧਕ ਤਕਰੀਬਨ 450 ਵੋਟਾਂ ਦੇ ਫਰਕ ਨਾਲ ਜਿੱਤ ਗਏ। ਪੰਥਕ ਸਲੇਟ ਵੱਲੋਂ ਚੋਣਾਂ ਵਿਚ ਹੇਰਾ-ਫੇਰੀ ਦੇ ਦੋਸ਼ ਲਾਉਂਦਿਆਂ ਇਨ੍ਹਾਂ ਖ਼ਿਲਾਫ਼ ਅਦਾਲਤ ਦਾ ਦਰਵਾਜ਼ਾ ਖੜਕਾਇਆ ਗਿਆ ਪਰ ਸਬੂਤਾਂ ਦੀ ਘਾਟ ਕਾਰਨ ਚੋਣਾਂ ਰੱਦ ਨਾ ਹੋ ਸਕੀਆਂ। ਉਂਜ ਅਦਾਲਤੀ ਕਾਰਵਾਈ ਦਰਮਿਆਨ ਇਕ ਵਾਰ ਤਾਂ ਜੱਜ ਨੇ ਮੂੰਹ ਵਿਚ ਉਂਗਲਾਂ ਪਾ ਲਈਆਂ ਜਦ ਉਸ ਨੇ ਇਕ ਰਜਿਸਟਰ ਜਿਸ ਤੋਂ ਵੋਟਾਂ ਲਿਖੀਆਂ ਜਾਂਦੀਆਂ ਸਨ, ਵਿਚੋਂ 12 ਵਰਕੇ ਗਾਇਬ ਦੇਖੇ। ਇਹ ਗੱਲ ਵੱਖਰੀ ਹੈ ਕਿ ਇਸ ਕਥਿਤ ਧਾਂਦਲੀ ਨੂੰ ਪ੍ਰਬੰਧਕਾਂ ਨੇ ਆਪਣੇ ਇਕ ਡਾਕਟਰ ਹਮਾਇਤੀ ਦੀ ਸਹਾਇਤਾ ਇਹ ਕਹਿ ਕੇ ਧੋ ਲਿਆ ਕਿ ਜਦ ਅਸੀਂ ਰਜਿਸਟਰ ਨੂੰ ਵਰਤਣਾ ਸ਼ੁਰੂ ਕੀਤਾ, ਇਸ ਵਿਚੋਂ ਵਰਕੇ ਤਾਂ ਪਹਿਲਾਂ ਹੀ ਗਾਇਬ ਸਨ। ਇਸ ਤਰ੍ਹਾਂ ਪੰਥਕ ਸਲੇਟ ਦੇ ਪੱਲੇ ਸਿਵਾਏ ਅਦਾਲਤੀ ਖੱਜਲ-ਖੁਆਰੀ ਤੋਂ ਹੋਰ ਕੁਝ ਪੱਲੇ ਨਾ ਪਿਆ।


The next election of Supreme Council is going to be held on March 11, 2012. The Sikhs living in seven counties (Alameda, Santa Clara, San Mateo, Santa Cruz, Contra Costa, San Francisco & Solano) who are over 18 years of age are eligible [illegible] a member to cast their votes.

Membership Forms are available in the library. Please [illegible] your form along with California ID / Passport and proof of residence at the library [illegible] qualifications in the bylaws of the Gurdwara Sahib)

The last date to submit the membership forms is Oct [illegible] 2011. The next membership enrollment will commence again in Jan 2012

*ਪ੍ਰਬੰਧਕਾਂ ਵਲੋਂ ਵੋਟਾਂ ਬਣਾਉਣ ਸਬੰਧੀ ਜਾਰੀ ਕੀਤਾ ਗਿਆ ਗੋਲਮੋਲ ਪੱਤਰ*

ਇਸ ਵਾਰ ਵੀ ਵੋਟਾਂ ਉਸੇ ਹੀ ਤਰਜ਼ 'ਤੇ ਬਣਨੀਆਂ ਸ਼ੁਰੂ ਹੋਈਆਂ ਹਨ ਜਿਸ ਤਰ੍ਹਾਂ ਪਿਛਲੀਆਂ 2010 ਦੀਆਂ ਚੋਣਾਂ ਵਿਚ ਬਣਾਈਆਂ ਗਈਆਂ ਸਨ। ਪ੍ਰਬੰਧਕਾਂ ਨੇ ਐਨ ਉਸੇ ਤਰ੍ਹਾਂ ਇਸ ਵਾਰ ਵੀ ਵੋਟਾਂ ਬਣਾਉਣ ਦਾ ਸਮਾਂ, ਦਿਨ ਤੇ ਤਰੀਕ ਕਿਸੇ ਵੀ ਪੰਜਾਬੀ ਅਖਬਾਰ ਵਿਚ ਦੇਣ ਦੀ ਲੋੜ ਨਹੀਂ ਸਮਝੀ। ਸੂਤਰਾਂ ਅਨੁਸਾਰ ਲੁਕ-ਛਿਪ ਕੇ ਵੋਟਾਂ ਬਣਾਉਣ ਦਾ ਸਿਲਸਿਲਾ ਸ਼ੁਰੂ ਹੋ ਚੁੱਕਾ ਹੈ। ਵੋਟਾਂ ਬਣਾਉਣ ਦੀ ਕਮਾਂਡ ਇਕ ਵਾਰ ਫਿਰ ਉਸੇ ਸ਼ਖ਼ਸ ਨੂੰ ਦੇ ਦਿੱਤੀ ਗਈ ਹੈ ਜਿਸ 'ਤੇ 2008 ਦੀਆਂ ਚੋਣਾਂ ਵਿਚ ਸਟਿਕਰ ਚੋਰੀ ਕਰਨ ਦੇ ਇਲਜ਼ਾਮ ਲੱਗੇ ਸਨ ਅਤੇ ਸੰਨ 2010 ਦੀਆਂ ਚੋਣਾਂ ਵਿਚ ਕਥਿਤ ਤੌਰ 'ਤੇ ਜਾਅਲੀ ਵੋਟਾਂ ਬਣਾਉਣ ਦੇ। ਪ੍ਰਬੰਧਕਾਂ ਦੀ ਮਨੋਕਾਮਨਾ ਪੂਰੀਆਂ ਕਰਦੇ ਇਸ ਸ਼ਖ਼ਸ ਦੀ ਨਿਯੁਕਤੀ ਸ. ਜਸਜੀਤ ਸਿੰਘ ਚੇਲੇ ਹੋਰਾਂ ਉਸ ਵਕਤ ਵੀ ਅੜ ਕੇ ਕੀਤੀ ਸੀ ਅਤੇ ਅੱਜ ਵੀ ਪੁਰਾਣੀ ਤਰਜ਼ 'ਤੇ ਵੋਟਾਂ ਬਣਾਉਣ ਲਈ ਉਸੇ ਨੂੰ ਯੋਗ ਉਮੀਦਵਾਰ ਸਮਝਿਆ ਜਾ ਰਿਹਾ ਹੈ।

ਪਤਾ ਲੱਗਾ ਹੈ ਕਿ ਇਸ ਸਥਿਤੀ ਨਾਲ ਨਜਿੱਠਣ ਲਈ ਪੰਥਕ ਸਲੇਟ ਵਾਲਿਆਂ ਨੇ ਇਸ ਵਾਰ ਆਪਣੇ ਵਕੀਲ ਦਾ ਪ੍ਰਬੰਧ ਪਹਿਲਾਂ ਹੀ ਕਰ ਲਿਆ ਹੈ ਅਤੇ ਵਕੀਲ ਵੱਲੋਂ ਪ੍ਰਬੰਧਕਾਂ ਨੂੰ ਨੋਟਿਸ ਵੀ ਭੇਜ ਦਿੱਤਾ ਗਿਆ ਹੈ। ਪੰਥਕ ਸਲੇਟ ਦੇ ਨੇੜਲੇ ਸੂਤਰਾਂ ਅਨੁਸਾਰ ਇਸ ਵਾਰ ਇਹ 'ਅੱਗ ਲੱਗੀ ਤੋਂ ਮਸ਼ਕਾਂ ਦਾ ਭਾਅ ਨਹੀਂ ਪੁੱਛਣਾ ਚਾਹੁੰਦੀ।' ਬੇਨਿਯਮੀਆਂ ਦਾ ਹਿਸਾਬ-ਕਿਤਾਬ ਨਾਲੋ-ਨਾਲ ਹੀ ਕਰਨਾ ਚਾਹੁੰਦੀ ਹੈ। ਇਹ ਵੀ ਯਕੀਨੀ ਬਣਾਉਣਾ ਚਾਹੁੰਦੀ ਹੈ ਕਿ ਚੋਣਾਂ ਪਾਰਦਰਸ਼ੀ ਅਤੇ ਸਾਫ਼ ਸੁਥਰੀਆਂ ਹੋਣ ਪਰ ਪ੍ਰਬੰਧਕਾਂ ਦੇ "ਵੋਟ ਬਣਾਓ ਬ੍ਰਿਗੇਡ" ਨੂੰ ਦੇਖ ਕੇ ਉਨ੍ਹਾਂ ਦੀ ਇਸ ਆਸ ਨੂੰ ਬੂਰ ਪੈਣ ਵਾਲਾ ਨਹੀਂ ਲੱਗਦਾ।

ਇਹ ਵੀ ਆਮ ਚਰਚਾ ਹੈ ਕਿ ਸੰਨ 2006 ਅਤੇ 2008 ਦੀਆਂ ਚੋਣਾਂ ਵਿਚ ਵੋਟਾਂ ਬਣਾਉਣ ਦੇ ਢੰਗ ਤਰੀਕਿਆਂ 'ਤੇ ਕਿੰਤੂ-ਪ੍ਰੰਤੂ ਕਿਉਂ ਨਹੀਂ ਹੋਇਆ? ਇਹ ਕਿਉਂ ਹੁੰਦਾ ਹੈ ਕਿ ਜਦ ਜੰਡੀ-ਚੇਲਾ ਗਰੁਪ ਪਾਵਰ ਵਿਚ ਹੁੰਦਾ ਹੈ, ਤਦ ਹੀ ਫਰੀਮਾਂਟ ਗੁਰੂਘਰ ਵਿਚ ਅਜਿਹੇ ਮਾਮਲੇ ਭਖਣ ਲੱਗ ਪੈਂਦੇ ਹਨ?

ਸੂਤਰਾਂ ਦਾ ਕਹਿਣਾ ਹੈ ਕਿ ਅਗਰ ਇਸ ਵਾਰ ਪ੍ਰਬੰਧਕਾਂ ਨੇ ਆਪਣੇ ਚਾਲੇ ਨਾ ਬਦਲੇ ਤਾਂ ਚੋਣਾਂ ਅਦਾਲਤੀ ਨਜ਼ਰਸਾਨੀ ਤੋਂ ਬਗੈਰ ਸ਼ਾਇਦ ਹੀ ਸਿਰੇ ਲੱਗਣ। ਪ੍ਰਬੰਧਕਾਂ ਦੇ ਵਰਤਾਰੇ ਤੋਂ ਦੇਖ ਕੇ ਇਹੀ ਲੱਗਦਾ ਹੈ ਕਿ ਅਦਾਲਤੀ ਖ਼ੱਜਲ-ਖੁਆਰੀ ਤੋਂ ਬਗੈਰ ਵਿਰੋਧੀਆਂ ਨੂੰ ਇਨਸਾਫ਼ ਮਿਲਣ ਦੀ ਸੰਭਾਵਨਾ ਨਹੀਂ। ਇਹ ਵੀ ਕਿਹਾ ਜਾ ਰਿਹਾ ਹੈ ਕਿ ਪੰਥਕ ਸਲੇਟ 2010 ਦੀਆਂ ਚੋਣਾਂ ਤੋਂ ਸਬਕ ਸਿੱਖ ਚੁਕੀ ਹੈ, ਜਦ ਉਹ ਤਤਕਾਲੀ ਪ੍ਰਬੰਧਕਾਂ ਨੂੰ ਚੋਣਾਂ ਤੋਂ ਪਹਿਲਾਂ ਅਦਾਲਤ ਵਿਚ ਘਸੀਟ ਕੇ ਨਹੀਂ ਸੀ ਲੈ ਕੇ ਗਈ ਅਤੇ ਪ੍ਰਬੰਧਕਾਂ ਨੇ ਬੇਨਿਯਮੀਆਂ ਕਰਨ ਲਈ ਚੰਮ ਦੀਆਂ ਚਲਾਈਆਂ ਸਨ। ਇਸ ਵਾਰ ਪੰਥਕ ਸਲੇਟ ਦੇ ਨੁਮਾਇੰਦੇ ਸਥਿਤੀ ਨਾਲ ਨਜਿੱਠਣ ਲਈ ਬਹੁਤ ਹੀ ਗੰਭੀਰਤਾ ਨਾਲ ਸੋਚ ਰਹੇ ਹਨ। ਇਸੇ ਦੌਰਾਨ ਪ੍ਰਬੰਧਕਾਂ ਦੇ ਨੇੜਲੇ ਸੂਤਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਪਿਛਲੀਆਂ ਚੋਣਾਂ ਵਿਚ ਵੀ ਕੁਝ ਵੀ ਗਲਤ ਨਹੀਂ ਸੀ ਕੀਤਾ ਜੋ ਅਦਾਲਤੀ ਫੈਸਲੇ ਤੋਂ ਜਾਹਰ ਹੋ ਚੁਕਾ ਹੈ ਅਤੇ ਇਸ ਵਾਰ ਵੀ ਬੇਨਿਯਮੀਆਂ ਬਾਰੇ ਵਿਰੋਧੀ ਧਿਰ ਦੇ ਦੋਸ਼ ਬੇਬੁਨਿਆਦ ਹਨ।

ਇਹ ਵੀ ਕਿਹਾ ਜਾ ਰਿਹਾ ਹੈ ਕਿ ਅਗਲੇ ਸਾਲ ਮਾਰਚ ਮਹੀਨੇ ਹੋਣ ਵਾਲੀਆਂ ਇਨ੍ਹਾਂ ਚੋਣਾਂ ਦੌਰਾਨ ਮਿਸ਼ਨ ਬੂਲੇਵਾਰਡ ਉਤੇ ਪਹਾੜੀ ਉਤੇ ਖਰੀਦੀ ਗਈ ਸੌ ਏਕੜ ਜ਼ਮੀਨ ਦਾ ਮਾਮਲਾ ਇਸ ਵਾਰ ਫਿਰ ਭਖਵਾਂ ਚੋਣ ਮੁੱਦਾ ਬਣੇਗਾ। ਅਜਿਹਾ ਇਸ ਕਰਕੇ ਕਿਹਾ ਜਾ ਰਿਹਾ ਹੈ ਕਿ ਹਾਲ ਹੀ ਵਿਚ ਯੂਨੀਅਨ ਸਿਟੀ ਦੇ ਇਕ ਡਾਕਟਰ ਨੂੰ ਇਸੇ ਪਹਾੜੀ ਉਤੇ ਅੱਸੀ ਏਕੜ ਜ਼ਮੀਨ ਵਿਚ ਦਸ ਹਜ਼ਾਰ ਵਰਗ ਫੁੱਟ ਦਾ ਘਰ ਬਣਾਉਣ ਦੀ ਇਜਾਜ਼ਤ ਮਿਲੀ ਹੈ। ਸਵਾਲ ਕੀਤਾ ਜਾ ਰਿਹਾ ਹੈ ਕਿ ਜੇ ਕਿਸੇ ਵਿਅਕਤੀ ਨੂੰ ਅਜਿਹੀ ਇਜਾਜ਼ਤ ਮਿਲ ਸਕਦੀ ਹੈ ਤਾਂ ਫਿਰ ਸਮੁੱਚੇ ਸਿੱਖ ਭਾਈਚਾਰੇ ਨੂੰ ਟੀ ਮੱਈਅਰ ਦੀਆਂ ਬੰਦਿਸ਼ਾਂ ਤੋਂ ਛੋਟ ਕਿਉਂ ਨਹੀਂ ਮਿਲ ਸਕਦੀ?



# ਯੂਨੀਅਨ ਸਿਟੀ ਵਿਚ ਗੁਰਮਤਿ ਵਿਚਾਰ ਗੋਸ਼ਟੀ

**ਯੂਨੀਅਨ ਸਿਟੀ (ਬਿਊਰੋ):** ਇਥੇ ਯੂਨੀਅਨ ਸਿਟੀ ਲਾਇਬ੍ਰੇਰੀ ਵਿਚ ਹੋਈ ਇਕ ਗੁਰਮਤਿ ਵਿਚਾਰ ਗੋਸ਼ਟੀ ਦੌਰਾਨ ਵੱਖ ਵੱਖ ਵਿਦਵਾਨਾਂ ਨੇ ਸਿੱਖੀ ਵਿਚ ਵਧ ਰਹੇ ਡੇਰਾਵਾਦ ਅਤੇ ਗੁਰਦੁਆਰਾ ਪ੍ਰਬੰਧ ਵਿਚ ਆ ਰਹੀਆਂ ਖਾਮੀਆਂ ਬਾਰੇ ਵਿਚਾਰ ਕੀਤਾ। ਉਨ੍ਹਾਂ ਦਾ ਵਿਚਾਰ ਸੀ ਕਿ ਮੌਜੂਦਾ ਚੋਣ ਪ੍ਰਬੰਧ ਵਿਚ ਧੜੇਬੰਦੀ ਅਤੇ ਚੋਣਾਂ ਨਾਲ ਸਬੰਧਤ ਸਭ ਤਰ੍ਹਾਂ ਦੀਆਂ ਭੈੜਾਂ ਹਾਵੀ ਹੋ ਚੁਕੀਆਂ ਹਨ। ਗੁਰੂ ਘਰਾਂ ਦਾ ਪ੍ਰਬੰਧ ਚੋਣਾਂ ਦੀ ਥਾਂ ਸਿਲੈਕਸ਼ਨ ਵਾਲੇ ਵਿਧਾਨ ਰਾਹੀਂ ਕੀਤਾ ਜਾਣਾ ਚਾਹੀਦਾ ਹੈ।




ਗੁਰੂ ਗ੍ਰੰਥ ਪ੍ਰਚਾਰ ਮਿਸ਼ਨ ਵਲੋਂ ਕਰਵਾਈ ਗਈ ਇਸ ਵਿਚਾਰ ਗੋਸ਼ਟੀ ਦੌਰਾਨ ਪਰਮਿੰਦਰ ਸਿੰਘ ਪ੍ਰਵਾਨਾ ਨੇ ਅਵਤਾਰ ਸਿੰਘ ਮਿਸ਼ਨਰੀ ਦੇ ਗਰੁਪ ਵੱਲੋਂ ਕੀਤੇ ਜਾ ਰਹੇ ਗੁਰਮਤਿ ਪ੍ਰਚਾਰ ਦੀ ਸ਼ਲਾਘਾ ਕਰਦਿਆਂ ਅਵਤਾਰ ਸਿੰਘ ਮਿਸ਼ਨਰੀ ਦੇ ਲੇਖਾਂ ਨੂੰ ਪੁਸਤਕ ਦਾ ਰੂਪ ਦੇਣ ਦਾ ਸੁਝਾਅ ਦਿੱਤਾ। ਅਵਤਾਰ ਸਿੰਘ ਮਿਸ਼ਨਰੀ ਨੇ ਆਏ ਸੱਜਣਾਂ ਦਾ ਧੰਨਵਾਦ ਕਰਦਿਆਂ ਸਿੱਖ ਮਿਸ਼ਨਰੀ ਕਾਲਜ ਦੇ ਵਿਦਿਆਰਥੀਆਂ ਵਲੋਂ ਗੁਰਮਤਿ ਪ੍ਰਚਾਰ ਦੇ ਕਾਰਜਾਂ ਬਾਰੇ ਵਿਸਥਾਰ ਵਿਚ ਦੱਸਿਆ। ਇਸ ਮੌਕੇ ਬੋਲਦਿਆਂ ਡਾ. ਗੁਰਮੀਤ ਸਿੰਘ ਬਰਸਾਲ ਨੇ ਗੁਰਮਤਿ ਮਿਸ਼ਨਰੀਆਂ ਨੂੰ ਪ੍ਰਚਾਰ ਖੇਤਰ ਵਿਚ ਆ ਰਹੀਆਂ ਸਮੱਸਿਆਵਾਂ ਬਾਰੇ ਤਫਸੀਲ ਵਿਚ ਦੱਸਿਆ। ਲੇਖਕ ਅਤੇ ਪੱਤਰਕਾਰ ਚਰਨਜੀਤ ਸਿੰਘ ਪੰਨੂੰ ਨੇ ਡਾ. ਬਰਸਾਲ ਦੇ ਕਥਨ ਦੀ ਪ੍ਰੋੜਤਾ ਕਰਦਿਆਂ ਸਮੂਹ ਸਾਹਿਤਕਾਰਾਂ ਅਤੇ ਵਿਦਵਾਨਾਂ ਨੂੰ ਗੁਰਦੁਆਰਾ ਕਮੇਟੀਆਂ ਨੂੰ ਬੈਠ ਕੇ ਮਸਲੇ ਸੁਲਝਾਉਣ ਵਾਸਤੇ ਬੇਨਤੀ ਕਰਨ ਦਾ ਸੁਝਾਅ ਦਿੱਤਾ। ਬੀਬੀ ਹਰਸਿਮਰਤ ਕੌਰ ਖਾਲਸਾ ਨੇ ਭਾਵਕ ਹੋ ਕੇ ਕਿਹਾ ਕਿ ਗੁਰਬਾਣੀ ਹੀ ਅਸਲ ਅੰਮ੍ਰਿਤ ਹੈ ਜਿਸ ਨੂੰ ਪੀ ਕੇ ਅਮਰ ਹੋ ਜਾਈਦਾ ਹੈ।

ਪ੍ਰੋ. ਸੁਰਜੀਤ ਸਿੰਘ ਨਨੂਆ ਨੇ ਆਪਣੀ ਪੁਸਤਕ 'ਸਿੱਖ ਰਹਿਤ ਮਰਿਆਦਾ ਦਰਸ਼ਨ' ਦਾ ਜ਼ਿਕਰ ਕਰਦਿਆਂ ਸਾਰੇ ਗੁਰੂ ਘਰਾਂ ਅਤੇ ਸੰਸਥਾਵਾਂ ਨੂੰ ਸਰਬ ਸਾਂਝੀ ਪੰਥਕ ਰਹਿਤ ਮਰਿਆਦਾ ਅਪਨਾਉਣ 'ਤੇ ਜੋਰ ਦਿੱਤਾ। ਕਵੀਸ਼ਰ ਬਘੇਲ ਸਿੰਘ ਨੇ ਆਪਣੀ ਲੰਬੀ ਤਕਰੀਰ ਵਿਚ ਦੱਸਿਆ ਕਿ ਚੋਣਾਂ ਗੁਰਮਤਿ ਸਿਧਾਂਤ ਨਹੀਂ ਹਨ, ਸਾਨੂੰ ਗੁਰਦੁਆਰਿਆਂ ਦੇ ਪ੍ਰਬੰਧਕ ਸੇਵਾ, ਸਿਲੈਕਸ਼ਨ ਅਤੇ ਵਿਦਿਆ ਦੇ ਆਧਾਰ 'ਤੇ ਚੁਣਨੇ ਚਾਹੀਦੇ ਹਨ ਜੋ ਨਵਾਬ ਕਪੂਰ ਸਿੰਘ ਵਾਂਗ ਨਿਸ਼ਕਾਮ ਸੇਵਾ ਕਰਨ ਨਾ ਕਿ ਕੁਰਸੀ ਨੂੰ ਹੀ ਜੱਫਾ ਪਾਈ ਰੱਖਣ। ਜਸਦੀਪ ਸਿੰਘ (ਗੋਲਡ ਕੈਬ) ਨੇ ਸੰਖੇਪ ਸ਼ਬਦਾਂ ਵਿਚ ਕਿਹਾ ਕਿ ਅਜੋਕੇ ਪ੍ਰਬੰਧਕ ਏਨੇ ਹੰਕਾਰੀ ਹੋ ਚੁੱਕੇ ਹਨ ਕਿ ਪ੍ਰਚਾਰ ਦੀ ਨਿਸ਼ਕਾਮ ਸੇਵਾ ਕਰਨ ਵਾਲੇ ਵਿਦਵਾਨਾਂ ਨੂੰ ਗੁਰੂ ਘਰ ਦੀ ਸਟੇਜ ਤੇ ਸਮਾਂ ਨਹੀਂ ਦਿੰਦੇ ਅਤੇ ਡੇਰੇਦਾਰਾਂ ਨੂੰ ਘੰਟਾ-ਘੰਟਾ ਸਮਾਂ ਦਿੱਤਾ ਜਾਂਦਾ ਹੈ। ਹਿੰਮਤ ਸਿੰਘ ਨੇ ਕਿਹਾ ਕਿ ਅਜਿਹੀਆਂ ਵਿਚਾਰ ਗੋਸਟੀਆਂ ਜਾਰੀ ਰੱਖੀਆਂ ਜਾਣ। ਪਾਲ ਸਿੰਘ ਭਾਟੀਆ ਨੇ ਗੁਰੂ ਗ੍ਰੰਥ ਪ੍ਰਚਾਰ ਮਿਸ਼ਨ ਆਫ ਯੂ.ਐਸ.ਏ. ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਇਸ ਨੂੰ ਜਾਰੀ ਰੱਖਣ ਦਾ ਸੁਝਾਅ ਦਿੱਤਾ।

ਇਸ ਵਿਚਾਰ ਗੋਸ਼ਟੀ ਵਿਚ ਉਪਰੋਕਤ ਤੋਂ ਇਲਾਵਾ ਬਾਬਾ ਨੰਦਨ ਸਿੰਘ, ਮਾਤਾ ਰਾਮਿੰਦਰ ਕੌਰ, ਰਾਜਿੰਦਰ ਸਿੰਘ ਚੰਡੀਗੜ੍ਹ ਅਤੇ ਜੇ ਪੀ ਸਿੰਘ (ਵਰਲਡ ਫਾਈਨਾਂਸ), ਜਸਵਿੰਦਰ ਸਿੰਘ ਜੱਸੀ ਅਤੇ ਸੁਦੇਸ਼ ਸਿੰਘ ਅਟਵਾਲ ਅਤੇ ਹੋਰ ਸੱਜਣ ਵੀ ਮੌਜੂਦ ਸਨ।

*To Advertise with Punjab Times*
***Call: 847-359-0746***
*Visit us on the web:**wwwpunjabtimesusa.com***

# ਯੂਨਾਈਟਿਡ ਸਪੋਰਟਸ ਕਲੱਬ ਦਾ ਕਬੱਡੀ ਕੱਪ ਮਈ 2012 'ਚ

ਫਰੀਮਾਂਟ (ਬਿਊਰੋ): ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ ਵਲੋਂ ਆਪਣਾ ਅਗਲਾ ਕਬੱਡੀ ਕੱਪ ਟੂਰਨਾਮੈਂਟ ਮਈ 2012 ਵਿਚ ਕਰਵਾਇਆ ਜਾਵੇਗਾ। ਇਸ ਸਬੰਧੀ ਫੈਸਲਾ ਕਲੱਬ ਦੀ ਇਥੇ ਚੇਅਰਮੈਨ ਸ. ਅਮੋਲਕ ਸਿੰਘ ਗਾਖਲ ਦੀ ਪ੍ਰਧਾਨਗੀ ਹੇਠ ਹੋਈ ਇਕ ਮੀਟਿੰਗ ਵਿਚ ਲਿਆ ਗਿਆ। ਇਥੇ ਜ਼ਿਕਰਯੋਗ ਹੈ ਕਿ ਇਸ ਸਾਲ ਢੁਕਵਾਂ ਖੇਡ ਮੈਦਾਨ ਨਾ ਮਿਲਣ ਕਰਕੇ ਕਲੱਬ ਨੂੰ ਆਪਣਾ ਟੂਰਨਾਮੈਂਟ ਮਨਸੂਖ ਕਰਨਾ ਪਿਆ ਸੀ।

ਕਬੱਡੀ ਕੱਪ ਬਾਰੇ ਇਹ ਜਾਣਕਾਰੀ ਦਿੰਦਿਆਂ ਕਲੱਬ ਦੇ ਇਕ ਬੁਲਾਰੇ ਸ. ਗੁਰਦਾਵਰ ਸਿੰਘ ਮਹੇੜੂ ਨੇ ਦੱਸਿਆ ਕਿ ਦੋ ਕੁ ਹਫਤੇ ਪਹਿਲਾਂ ਲੋਡਾਈ ਵਿਚ ਇਕ ਕਬੱਡੀ ਟੂਰਨਾਮੈਂਟ ਦੌਰਾਨ ਮਾੜੀ ਘਟਨਾ ਵਾਪਰਨ ਅਤੇ ਲੜਾਈ ਝਗੜਾ ਹੋਣ ਦਾ ਖੇਡ ਪ੍ਰੇਮੀਆਂ ਨੇ ਬਹੁਤ ਬੁਰਾ ਮਨਾਇਆ ਹੈ। ਜ਼ਿਕਰਯੋਗ ਹੈ ਕਿ ਇਹ ਮੇਲਾ ਪੁਲਿਸ ਨੂੰ ਛੇੜਖਾਨੀ ਦੀ ਇਕ ਘਟਨਾ ਵਾਪਰਨ ਪਿਛੋਂ ਵਿਚਾਲੇ ਹੀ ਬੰਦ ਕਰਵਾਉਣ ਲਈ ਮਜਬੂਰ ਹੋਣਾ ਪਿਆ ਸੀ।

ਕਲੱਬ ਵਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਅਜਿਹਾ ਕੋਈ ਪਹਿਲੀ ਵਾਰ ਨਹੀਂ ਹੋਇਆ। ਸਾਨੂੰ ਬੀਤੇ ਤੋਂ ਸਿੱਖਣ ਅਤੇ ਆਪਣੀਆਂ ਜ਼ਿੰਮੇਵਾਰੀਆਂ ਪਛਾਣਨ ਦੀ ਲੋੜ ਹੈ। ਸ. ਗਾਖਲ ਨੇ ਮੀਟਿੰਗ ਦੌਰਾਨ ਕਿਹਾ ਕਿ ਸਾਨੂੰ ਲੋਕਲ ਪ੍ਰਸਾਸ਼ਨ ਨਾਲ ਤਾਲਮੇਲ ਵਧਾਉਣਾ ਚਾਹੀਦਾ ਹੈ ਅਤੇ ਲੋਕਲ ਰਾਜਨੀਤੀ ਵਿਚ ਵੀ ਸ਼ਰੀਕ ਹੋਣਾ ਚਾਹੀਦਾ ਹੈ। ਕਲੱਬ ਦੀ ਇਸ ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਪ੍ਰਧਾਨ ਬਲਬੀਰ ਸਿੰਘ ਭਾਟੀਆ, ਗੁਰਦਾਵਰ ਸਿੰਘ ਮਹੇੜੂ, ਮੱਖਣ ਸਿੰਘ ਬੈਂਸ, ਇਕਬਾਲ ਸਿੰਘ ਗਾਖਲ, ਜਗਰਾਜ ਸਿੰਘ ਸਹੋਤਾ, ਦਲਵਿੰਦਰ ਸਿੰਘ ਪੱਡਾ, ਕੁਲਦੀਪ ਸਿੰਘ ਮਾਨ, ਨਰਿੰਦਰ ਸਿੰਘ ਸਹੋਤਾ, ਪਰਮਜੀਤ ਸਿੰਘ ਸੰਧੂ ਅਤੇ ਪਲਵਿੰਦਰ ਸਿੰਘ ਗਾਖਲ ਹਾਜ਼ਰ ਸਨ।

## ਸਿੱਖ ਆਰਟ ਅਤੇ ਫਿਲਮ ਮੇਲਾ 18 ਨਵੰਬਰ ਤੋਂ

**ਲਾਸ ਏਂਜਲਸ (ਬਿਊਰੋ):** ਸਿੱਖਲੈਨਜ਼ ਨਾਂ ਦੀ ਜਥੇਬੰਦੀ ਵਲੋਂ ਆਪਣਾ ਸਾਲਾਨਾ ਸਿੱਖ ਆਰਟ ਅਤੇ ਫਿਲਮ ਮੇਲਾ ਆਉਂਦੀ 18 ਨਵੰਬਰ ਤੋਂ 20 ਨਵੰਬਰ ਤੱਕ ਓਰੇਂਜ ਸ਼ਹਿਰ ਦੀ ਚੈਪਮੈਨ ਯੂਨੀਵਰਸਿਟੀ ਦੇ ਡੌਜ ਕਾਲੇਜ ਆਫ ਫਿਲਮ ਐਂਡ ਮੀਡੀਆ ਆਰਟਸ 'ਚ ਕਰਵਾਇਆ ਜਾ ਰਿਹਾ ਹੈ।

ਇਸ ਮੇਲੇ ਦੌਰਾਨ ਫਿਲਮ, ਆਰਟ ਅਤੇ ਸੰਗੀਤ ਦੇ ਮਾਧਿਅਮ ਰਾਹੀਂ ਸਿੱਖ ਸਭਿਆਚਾਰ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਮੇਲੇ ਦਾ ਅਰੰਭ ਸ਼ੁਕਰਵਾਰ 18 ਨਵੰਬਰ ਨੂੰ ਸ਼ਾਮ ਸਵਾ ਸੱਤ ਵਜੇ ਹੋਵੇਗਾ ਅਤੇ ਉਸ ਦਿਨ ਸਿੱਖ ਸਭਿਆਚਾਰ ਬਾਰੇ ਲਘੂ ਫਿਲਮਾਂ ਦਿਖਾਉਣ ਤੋਂ ਇਲਾਵਾ ਗੀਤ ਸੰਗੀਤ ਦਾ ਪ੍ਰੋਗਰਾਮ ਵੀ ਹੋਵੇਗਾ। ਸਨਿਚਰ ਅਤੇ ਐਤਵਾਰ ਨੂੰ ਫਿਲਮਾਂ ਦੇ ਪ੍ਰਦਰਸ਼ਨ ਤੋਂ ਇਲਾਵਾ ਵਿਚਾਰ ਚਰਚਾ ਵੀ ਹੋਵੇਗੀ। ਹੋਰ ਜਾਣਕਾਰੀ ਲਈ ਵੈਬ ਸਾਈਟ www.sikhlens.com ਤੋਂ ਲਈ ਜਾ ਸਕਦੀ ਹੈ।

ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ


*Attorny At Law*

*Law Offices Of Jaspreet Singh*

| | | |
|---|---|---|
| 4491 W. Shaw Ave., Suite 300 B (Near Costco) Fresno, CA 93722 Ph: 559-271-5511 | 44790 S. Grimmer Blvd. #204 Fremont CA-94538 Ph:510-657-6444 Fax: 510-657-6443 | 2945 W. Capitol Ave, Sacramento CA-95691 Ph: 916-372-4448 Fax: 916-372-4440 |

**Law Offices of Gill & Heridis**

<u>Immigration Services</u>
■Family Petitions
■Marriage Petitions
■Fiance Visas
■Vawa Petitions
■Consular Processing
■Worker Visas

■9th Circuit Appeals
■BIA Appeals
■Removal Defense
■Asylum

<u>Personal Injury</u>
■Auto Collision


Bhupinder Gill
Attorney at Law
(Admitted in CA)

*Call for free initial consultation*

**(408) 940-6065, (408) 736-5203**

Email: gill@ghfirm.com Web: www.ghfirm.com

830 Stewart Drive, Suite#231, Sunnyvale, CA 94085

ATM's & Credit Card Terminals at Lowest Prices! No Hidden Fees.

Merchant Accounts-Grocery, Motels, Limos/Taxis, Gas stations.

**Credit card** terminals -Verifone, Hypercom...

Transfer existing CC processing to us for **lower rates.**


***99% approved same day.*** We specialize in high risk businesses.

**ATMs – TRANAX/TRITON/WRG,** starting at $69/mo.*
*(Perfect for retail stores, hotels, gas stations, etc.)*

***Need Money?*** We provide cash advance against credit card processing with **NO collateral** or personal guaran- tee.

Online Data Corp. is a registered ISO/MSP of Wells Fargo Bank N.A.
*Credit restrictions apply.

Call SAGAR HANDA at: 773-416-8526
or 773-935-VISA, SagarATM@yahoo.com




www.GoldCoastATM.com

ਸੇਵਾ ਸਿਮਰਨ ਸੁਸਾਇਟੀ, ਯੂਬਾ ਸਿਟੀ

ੴ ਸਤਿਗੁਰ ਪ੍ਰਸਾਦਿ॥
ਆਇਆ ਤਾ ਕਾ ਸਫਲ ਹੈ ਜਾ ਪਰ ਉਪਕਾਰੀ ਹੋਇ॥

ਸੇਵਾ ਸਿਮਰਨ ਸੁਸਾਇਟੀ, ਯੂਬਾ ਸਿਟੀ ਵਲੋਂ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਤੇ ਉਪਦੇਸ਼ ਨੂੰ ਘਰ ਘਰ ਪਹੁੰਚਾਉਣ ਲਈ ਹਫਤਾਵਾਰੀ ਪ੍ਰੋਗਰਾਮ ਹਰੇਕ ਸਨਿਚਰਵਾਰ ਨੂੰ ਯੂਬਾ ਸਿਟੀ ਇਲਾਕੇ ਵਿਚ ਸ਼ੁਰੂ ਕੀਤਾ ਗਿਆ ਹੈ ਜਿਸ ਵਿਚ ਸੰਗਤ ਰੂਪ ਵਿਚ ਜਪੁਜੀ ਸਾਹਿਬ ਤੇ ਸੁਖਮਨੀ ਸਾਹਿਬ ਦੇ ਪਾਠ ਤੋਂ ਇਲਾਵਾ ਕੀਰਤਨ, ਕਥਾ ਅਤੇ ਨਾਮ ਸਿਮਰਨ ਕੀਤਾ ਜਾਂਦਾ ਹੈ। ਸੁਸਾਇਟੀ ਵਲੋਂ ਇਹ ਨਿਸ਼ਕਾਮ ਸੇਵਾ ਕੀਤੀ ਜਾਂਦੀ ਹੈ, ਕੋਈ ਵੀ ਸ਼ਰਧਾਵਾਨ ਪਰਿਵਾਰ ਇਹ ਸੇਵਾ ਆਪਣੇ ਘਰ ਵਿਚ ਕਰਵਾਉਣਾ ਚਾਹੁੰਦਾ ਹੈ ਤਾਂ ਹੇਠ ਲਿਖੇ ਸੱਜਣਾਂ ਨਾਲ ਸੰਪਰਕ ਕਰ ਸਕਦਾ ਹੈ:

| ਨਰਿੰਦਰ ਸਿੰਘ | ਜੋਗਿੰਦਰ ਸਿੰਘ | ਨਿਰਮਲ ਸਿੰਘ |
|---|---|---|
| 530-682-7383 | 530-870-3440 | 530-635-0273 |

# ਅਡਵਾਨੀ ਫਿਰ ਰੱਥ ਯਾਤਰਾ 'ਤੇ ਨਿਕਲਿਆ

**ਸਿਤਾਬਦਿਆਰਾ (ਬਿਹਾਰ):** ਰੱਥ ਯਾਤਰਾ ਨਾਲ ਦੇਸ਼ 'ਚ ਕਈ ਵਾਰ ਪੁਆੜਾ ਪਾ ਚੁੱਕਾ ਭਾਜਪਾ ਆਗੂ ਐਲ.ਕੇ. ਅਡਵਾਨੀ ਮੁੜ ਜਨ ਚੇਤਨਾ ਯਾਤਰਾ 'ਤੇ ਨਿਕਲਿਆ ਹੈ। ਇਹ ਯਾਤਰਾ 23 ਰਾਜਾਂ ਤੇ ਚਾਰ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿਚੋਂ ਲੰਘੇਗੀ। ਸ੍ਰੀ ਅਡਵਾਨੀ ਇਸ ਯਾਤਰਾ ਦੌਰਾਨ ਭਾਵੇਂ ਨਿਸ਼ਾਨਾ ਤਾਂ ਕੇਂਦਰ ਵਿਚਲੀ ਯੂ.ਪੀ.ਏ. ਸਰਕਾਰ ਦੇ ਭ੍ਰਿਸ਼ਟਾਚਾਰ ਨੂੰ ਬਣਾ ਰਹੇ ਹਨ ਪਰ ਉਨ੍ਹਾਂ ਦਾ ਅਸਲ ਮਕਸਦ ਆਪਣੇ ਆਪ ਨੂੰ ਭਾਜਪਾ ਦੇ ਪ੍ਰਧਾਨ ਮੰਤਰੀ ਦੇ ਦਾਅਵੇਦਾਰ ਵਜੋਂ ਉਭਾਰਨਾ ਹੈ। ਸ੍ਰੀ ਅਡਵਾਨੀ ਦੀ ਪ੍ਰਧਾਨ ਮੰਤਰੀ ਬਣਨ ਦੀ ਚਿਰੋਕਣੀ ਰੀਝ ਹੈ ਜੋ ਪੂਰੀ ਹੁੰਦੀ ਨਜ਼ਰ ਨਹੀਂ ਆ ਰਹੀ। ਉਹ 84 ਵਰ੍ਹਿਆਂ ਦੇ ਹਨ ਤੇ ਭਾਜਪਾ ਨੇ ਹੁਣ ਕੱਟੜਵਾਦੀ ਆਗੂ ਨਰਿੰਦਰ ਮੋਦੀ ਨੂੰ ਪ੍ਰਧਾਨ ਮੰਤਰੀ ਦੇ ਦਾਅਵੇਦਾਰ ਵਜੋਂ ਉਭਾਰਨਾ ਸ਼ੁਰੂ ਕਰ ਦਿੱਤਾ ਹੈ। ਇਸ ਲਈ ਅਡਵਾਨੀ ਨੇ ਆਖਰੀ ਹੰਭਲਾ ਮਾਰਦਿਆਂ ਇਹ ਰੱਥ ਯਾਤਰਾ ਸ਼ੁਰੂ ਕੀਤੀ ਹੈ।

ਸ੍ਰੀ ਅਡਵਾਨੀ ਦੀ ਇਹ ਛੇਵੀਂ ਰੱਥ ਯਾਤਰਾ ਹੈ ਜਿਸ ਨੂੰ ਉਨ੍ਹਾਂ ਦਾ ਪ੍ਰਧਾਨ ਮੰਤਰੀ ਪਦ 'ਤੇ ਦਾਅਵੇਦਾਰੀ ਜਤਾਉਣ ਦਾ ਯਤਨ ਸਮਝਿਆ ਜਾ ਰਿਹਾ ਹੈ। ਇਸ ਤੋਂ ਪਹਿਲਾਂ 1990ਵਿਆਂ ਵਿਚ ਉਨ੍ਹਾਂ ਰਾਮ ਮੰਦਰ ਵਾਸਤੇ ਰਥ ਯਾਤਰਾ ਕੀਤੀ ਸੀ ਜਿਸ ਨਾਲ ਪੂਰਾ ਦੇਸ਼ ਫਿਰਕੂ ਜਨੂਨ 'ਚ ਰੰਗਿਆ ਗਿਆ ਸੀ। ਉਸ ਵੇਲੇ ਲਾਲੂ ਪ੍ਰਸਾਦ ਬਿਹਾਰ ਦੇ ਮੁੱਖ ਮੰਤਰੀ ਸਨ ਤੇ ਉਨ੍ਹਾਂ ਭਾਜਪਾ ਆਗੂ ਦੀ ਰਥ ਯਾਤਰਾ ਸੂਬੇ 'ਚ ਦਾਖਲ ਹੋਣ 'ਤੇ ਰੋਕ ਲਾ ਦਿੱਤੀ ਸੀ।

ਇਸ ਵਾਰ ਸ੍ਰੀ ਅਡਵਾਨੀ ਨੇ ਵਿਦੇਸ਼ੀ ਬੈਂਕਾਂ ਵਿਚ ਪਏ ਕਾਲੇ ਧਨ ਦੀ ਵਾਪਸੀ ਲਈ ਤੇ ਕੇਂਦਰ ਸਰਕਾਰ ਦੇ ਭ੍ਰਿਸ਼ਟਾਚਾਰ ਖ਼ਿਲਾਫ਼ 38 ਦਿਨ ਦੀ ਜਨ ਚੇਤਨਾ ਯਾਤਰਾ ਸ਼ੁਰੂ ਕੀਤੀ ਹੈ। ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਏਅਰਪੋਰਟ ਗਰਾਊਂਡ ਵਿਚ ਇਸ ਰਥ ਯਾਤਰਾ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਸਿਤਾਬਦਿਆਰਾ ਤੇ ਛਪਰਾ ਵਿਚ ਜਨਤਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਸ੍ਰੀ ਅਡਵਾਨੀ ਨੇ ਕਿਹਾ ਕਿ ਲੋਕਾਂ ਦਾ ਕੇਂਦਰ ਸਰਕਾਰ ਤੋਂ ਭਰੋਸਾ ਉੱਠ ਚੁੱਕਿਆ ਹੈ ਤੇ ਹੁਣ ਲੋਕਾਂ ਨੂੰ ਲੀਡਰਸ਼ਿਪ ਵਿਚ ਹੀ ਤਬਦੀਲੀ ਨਹੀਂ ਲਿਆਉਣੀ ਚਾਹੀਦੀ ਸਗੋਂ ਸਮੁੱਚਾ ਪ੍ਰਬੰਧ ਬਦਲਣਾ ਚਾਹੀਦਾ ਹੈ। ਪਿਛਲੇ ਇਕ ਸਾਲ ਦੌਰਾਨ ਦੇਸ਼ ਵਿਚ ਜੋ ਕੁਝ ਹੋਇਆ ਹੈ, ਉਸ ਨਾਲ ਲੋਕਾਂ ਦਾ ਭਰੋਸਾ ਸਰਕਾਰ ਤੋਂ ਉੱਠ ਗਿਆ ਹੈ। ਦੇਸ਼ ਵਿਚ ਇਕ ਤੋਂ ਬਾਅਦ ਇਕ ਭ੍ਰਿਸ਼ਟਾਚਾਰ ਦੇ ਮਾਮਲੇ ਸਾਹਮਣੇ ਆ ਰਹੇ ਹਨ।

ਮੀਟਿੰਗ ਨੂੰ ਸੰਬੋਧਨ ਕਰਦਿਆਂ 84 ਸਾਲਾ ਭਾਜਪਾ ਆਗੂ ਨੇ ਕਿਹਾ ਕਿ ਲੋਕਾਂ ਵਿਚ ਉਨ੍ਹਾਂ ਆਗੂਆਂ ਪ੍ਰਤੀ ਗੁੱਸਾ ਤੇ ਨਾਰਾਜ਼ਗੀ ਵਧ ਰਹੇ ਹਨ ਜੋ ਭ੍ਰਿਸ਼ਟ ਢੰਗਾਂ ਰਾਹੀਂ ਪੈਸਾ ਹਾਸਲ ਕਰਨ ਦੇ ਮਕਸਦ ਨਾਲ ਸੱਤਾ 'ਚ ਆਉਂਦੇ ਹਨ। ਭਾਜਪਾ ਆਗੂ ਨੇ ਦੱਸਿਆ ਕਿ ਉਨ੍ਹਾਂ ਨੂੰ ਇਸ ਯਾਤਰਾ ਦੀ ਪ੍ਰੇਰਨਾ ਜੈ ਪ੍ਰਕਾਸ਼ ਨਰਾਇਣ ਵੱਲੋਂ ਕੀਤੇ ਕੰਮਾਂ ਤੋਂ ਮਿਲੀ ਜਿਨ੍ਹਾਂ 1970ਵਿਆਂ ਵਿਚ 'ਭ੍ਰਿਸ਼ਟ' ਕਾਂਗਰਸ ਸਰਕਾਰ ਖ਼ਿਲਾਫ਼ ਸਾਰੀਆਂ ਗੈਰ-ਕਾਂਗਰਸੀ ਪਾਰਟੀਆਂ ਤੇ ਕਮਿਊਨਿਸਟਾਂ ਨੂੰ ਇਕਜੁੱਟ ਕਰ ਲਿਆ ਸੀ। ਉਨ੍ਹਾਂ ਕਿਹਾ ਕਿ ਇਸ ਯਾਤਰਾ ਦਾ ਮਕਸਦ ਜਿੱਥੇ ਵਿਦੇਸ਼ੀ ਬੈਂਕਾਂ ਵਿਚ ਪਿਆ ਕਾਲਾ ਧਨ ਦੇਸ਼ 'ਚ ਵਾਪਸ ਲਿਆਉਣਾ ਹੈ, ਉਥੇ ਇਸ ਗੱਲ 'ਤੇ ਜ਼ੋਰ ਦੇਣਾ ਵੀ ਹੈ ਕਿ ਲੋਕਾਂ ਨੂੰ ਵਧੀਆ ਪ੍ਰਸ਼ਾਸਨ ਮਿਲੇ।

## ਕੁਲਵੰਤ ਸਿੰਘ ਮੈਨੂੰ ਬਦਨਾਮ ਕਰਨ ਲਈ ਹੀ ਬਿਆਨਬਾਜ਼ੀ ਕਰ ਰਿਹੈ:ਸਵੱਦੀ

**ਸੈਨ ਹੋਜ਼ੇ (ਬਿਊਰੋ):** ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਸਰਬਜੋਤ ਸਿੰਘ ਸਵੱਦੀ ਨੇ ਕਿਹਾ ਹੈ ਕਿ ਪਿਛਲੇ ਕੁਝ ਸਮੇਂ ਤੋਂ ਕੁਲਵੰਤ ਸਿੰਘ ਨਾਂ ਦਾ ਇਕ ਵਿਅਕਤੀ ਬੇ-ਏਰੀਆ ਤੋਂ ਛਪਦੀ ਇਕ ਪੰਜਾਬੀ ਅਖਬਾਰ 'ਅੰਮ੍ਰਿਤਸਰ ਟਾਈਮਜ਼' ਵਿਚ ਕਿਸੇ ਗਿਣੀ ਮਿੱਥੀ ਸਾਜ਼ਿਸ ਤਹਿਤ ਮੇਰੇ ਖਿਲਾਫ ਸਿੱਧੇ ਜਾਂ ਅਸਿੱਧੇ ਤੌਰ 'ਤੇ ਬੇਹੂਦਾ ਅਤੇ ਤੱਥ ਰਹਿਤ ਘਟੀਆ ਦਰਜ਼ੇ ਦੀ ਬਿਆਨਬਾਜ਼ੀ ਲਗਾਤਾਰ ਕਰੀ ਜਾ ਰਿਹਾ ਹੈ। ਪੰਜਾਬ ਟਾਈਮਜ਼ ਨੂੰ ਭੇਜੇ ਇਕ ਬਿਆਨ ਵਿਚ ਉਨ੍ਹਾਂ ਕਿਹਾ ਕਿ ਪਿਛਲੇ ਹਫਤੇ ਦੇ ਅੰਮ੍ਰਿਤਸਰ ਟਾਈਮਜ਼ (5 ਤੋਂ 11 ਅਕਤੂਬਰ) ਵਿਚ ਪੰਨਾ 7 'ਤੇ ਛਪੇ ਬਿਆਨ ਵਿਚ ਕੁਲਵੰਤ ਸਿੰਘ ਨੇ ਮੇਰੇ 'ਤੇ ਆਪਣੇ ਮਾਂ-ਬਾਪ ਦੀ ਕੁੱਟਮਾਰ ਕਰਨ ਅਤੇ ਉਨ੍ਹਾਂ ਨੂੰ ਘਰੋਂ ਕੱਢ ਦੇਣ ਦੇ ਇਲਜ਼ਾਮ ਲਾਏ ਹਨ ਜਦੋਂਕਿ ਅਜਿਹਾ ਕੁਝ ਵੀ ਨਹੀਂ ਹੈ। ਨਾ ਤਾਂ ਮੈਂ ਕਦੇ ਆਪਣੇ ਮਾਂ-ਬਾਪ ਦੀ ਕੁੱਟ-ਮਾਰ ਹੀ ਕੀਤੀ ਹੈ ਅਤੇ ਨਾ ਹੀ ਉਨ੍ਹਾਂ ਨੂੰ ਮੈਂ ਕਦੇ ਘਰੋਂ ਜਾਣ ਲਈ ਕਿਹਾ ਹੈ।



*ਸਰਬਜੋਤ ਸਿੰਘ ਸਵੱਦੀ*

ਭਾਈ ਸਵੱਦੀ ਨੇ ਕਿਹਾ 5 ਜੁਲਾਈ 2005 ਨੂੰ ਮੇਰੇ ਘਰ ਵਿਚ ਜਸਵੰਤ ਸਿੰਘ ਹੋਠੀ ਅਤੇ ਮੇਰੇ ਦਰਮਿਆਨ ਤਕਰਾਰ ਹੋਇਆ ਸੀ ਜਿਸ ਵਿਚ ਮੇਰੇ ਮਾਂ-ਬਾਪ ਦਾ ਕੋਈ ਰੋਲ ਨਹੀਂ ਸੀ। ਉਸ ਵੇਲੇ ਦੀ ਪੁਲਿਸ ਰਿਪੋਰਟ ਵੀ ਇਸ ਗੱਲ ਦੀ ਗਵਾਹ ਹੈ ਜੋ ਕਿ ਸਮਾਂ ਆਉਣ 'ਤੇ ਨਸ਼ਰ ਵੀ ਕੀਤੀ ਜਾ ਸਕਦੀ ਹੈ ਅਤੇ ਅਖਬਾਰਾਂ ਵਿਚ ਵੀ ਛਾਪੀ ਜਾ ਸਕਦੀ ਹੈ। ਭਾਈ ਸਵੱਦੀ ਨੇ ਦੋਸ਼ ਲਾਇਆ ਕਿ ਕੁਲਵੰਤ ਸਿੰਘ ਮੇਰੇ ਖਿਲਾਫ ਬਹੁਤ ਹੀ ਨੀਵੇਂ ਪੱਧਰ ਉਤੇ ਜਾ ਕੇ ਲਿਖਦਾ ਆ ਰਿਹਾ ਹੈ ਜਿਸ ਨੂੰ ਮੈਂ ਹੁਣ ਤੱਕ ਸਹਿਣ ਕਰਦਾ ਆ ਰਿਹਾ ਹਾਂ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇ ਕੁਲਵੰਤ ਸਿੰਘ ਇਸ ਘਟੀਆ ਪੱਧਰ ਦੀ ਬਿਆਨਬਾਜ਼ੀ ਤੋਂ ਬਾਜ਼ ਨਾ ਆਇਆ ਤਾਂ ਮੇਰੇ ਕੋਲ ਕਾਨੂੰਨੀ ਕਾਰਵਾਈ ਕਰਨ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਹੋਵੇਗਾ।

## ਗੁਰਦੁਆਰਾ ਸਾਹਿਬ, ਫਰੀਮਾਂਟ

### ਸੁਪਰੀਮ ਕੌਂਸਲ ਚੋਣਾਂ: ਮਾਰਚ 2012

## ਸਾਧ ਸੰਗਤ ਨੂੰ ਵੋਟਾਂ ਬਣਾਉਣ ਦੀ ਅਪੀਲ

ਗੁਰੂ ਪਿਆਰੀ ਸਾਧ ਸੰਗਤ ਜੀ,
ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਿਹ॥

ਜਿਵੇਂ ਆਪ ਜੀ ਨੂੰ ਪਤਾ ਲੱਗਿਆ ਹੋਵੇਗਾ ਕਿ ਫਰੀਮਾਂਟ ਗੁਰੂਘਰ ਵਿਖੇ ਵੋਟਾਂ ਬਣ ਰਹੀਆਂ ਹਨ। ਅਗਰ ਆਪ ਸਿੱਖ ਧਰਮ ਅਤੇ 10 ਗੁਰੂ ਸਹਿਬਾਨ ਵਿਚ ਵਿਸ਼ਾਵਸ ਰੱਖਦੇ ਹੋ ਅਤੇ ਆਪ ਜੀ ਦੀ ਉਮਰ 18 ਸਾਲ ਤੋਂ ਉਪਰ ਹੈ ਅਤੇ ਆਪ ਸੱਤ ਕਾਊਂਟੀਆਂ-ਐਲਾਮੀਡਾ, ਕੌਂਟਰਾ ਕੋਸਟਾ, ਸੈਨ ਫਰਾਂਸਿਸਕੋ, ਸੈਨ ਮਟੀਓ, ਸੈਂਟਾ ਕਲਾਰਾ, ਸੋਲਾਨੋ ਅਤੇ ਸੈਂਟਾ ਕਰੂਜ ਦੇ ਵਸਨੀਕ ਹੋ ਤਾਂ ਆਪ ਜੀ 16 ਅਕਤੂਬਰ ਦਿਨ ਐਤਵਾਰ ਸਵੇਰੇ 10 ਵਜੇ ਤੋਂ 4 ਵਜੇ ਤੱਕ, ਬੁੱਧਵਾਰ 19 ਅਕਤੂਬਰ ਨੂੰ ਸ਼ਾਮੀਂ 6 ਵਜੇ ਤੋਂ 9 ਵਜੇ ਤੱਕ, 23 ਅਕਤੂਬਰ ਦਿਨ ਐਤਵਾਰ ਸਵੇਰੇ 10 ਵਜੇ ਤੋਂ ਸ਼ਾਮੀਂ 4 ਵਜੇ ਤੱਕ, 26 ਅਕਤੂਬਰ ਦਿਨ ਬੁੱਧਵਾਰ ਸ਼ਾਮੀਂ 6 ਵਜੇ ਤੋਂ 9 ਵਜੇ ਤੱਕ ਅਤੇ 30 ਅਕਤੂਬਰ ਦਿਨ ਐਤਵਾਰ ਨੂੰ ਸਵੇਰੇ 10 ਵਜੇ ਤੋਂ ਸ਼ਾਮੀਂ 4 ਵਜੇ ਤੱਕ ਗੁਰੂਘਰ ਪਹੁੰਚ ਕੇ ਆਪਣੀ ਮੈਂਬਰਸ਼ਿਪ ਜ਼ਰੂਰ ਬਣਾਓ ਜੀ।

*ਜਾਰੀ ਕਰਤਾ:*

**ਪੰਥਕ ਸਲੇਟ**

*ਗੁਰਦੁਆਰਾ ਸਾਹਿਬ, ਫਰੀਮਾਂਟ*

ਫੋਨ:408-896-4518, 408-667-3116




Amardeep Singh
Ph:916-712-2735
DRE#01357217

# Buy a Home With Zero Cash! No Money Down!

**For FREE list of properties and pre-recorded information on how "NO MONEY DOWN" Program Work. Govt. Loans, USDA, VA, Down Assistance Program and many more. Call Toll Free:1-888-450-6603 ID#4074**



**179,900**
**Vintage – $728 Payment**
4 Beds. 3 Car garage. Quite Street. Private backyard. Eat in Kitchen. Near school & par. Great Home. Bright rooms. **FREE INFO: 1-888-450-6603**, ID#4242




**$99,000**
**Sacramento – $405 Payment**
Safe Neighborhood. Investor dream. Access to highway. Great School. Open floor plan. RV access., **FREE INFO: 1-888-450-6603**, ID#4247



**$189,000**
**Elk Grove – $765 Payment**
Separate family living room. Desirable location. Great Area. Beautiful. Tree lined streets. **FREE INFO: 1-888-450-6603**, ID#4240



**$120,000**
**Sacramento – $479 Payment**
Nice 4 bedroom 2 bath house. Clean. Family room. Desirable location. Private back yard. **FREE INFO: 1-888-450-6603**, ID#4244



**I am making over $2,750**
With the help of Statewide Team, I am proud owner of two rentals in Sacramento. Each month I am making over $2,750 after all expenses. I live in Bay area and was nervous to invest in Sacramento. Statewide not only educated me but helped me in preparing the properties and finding good tenants. Great investment for my kids education.
*-Mr. Sood.*



**$169,000**
**Rancho Cordova - $645 Payment**
Quite street. Bright living & family room. Perfect home. Private Shaded backyard. Fireplace. **FREE INFO: 1-888-450-6603**, ID#4230



**$199,000**
**Elk Grove - $806 Payment**
Great School. Cul-de-sac. Ready to move. Clean. Family Home. Safe Neighborhood. **FREE INFO: 1-888-450-6603**, ID#4243



**$149,000**
**Sacramento – $604 Payment**
Open floor plan. First time homebuyer. Bank Owned. Clean. Less than Rent. Beautiful. **FREE INFO: 1-888-450-6603**, ID#4241



**$139,900**
**Vintage – $566 Payment**
Great deal for home buyer. Walking distance to school, park, shopping plazas. Desirable location. Family Home. **FREE INFO: 1-888-450-6603**, ID#4234

**Get Free list of Homes at www.statewideteam.net**

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California:**
Shiara Dhindsa
Photographer
661-703-6664
Charanjit Singh Pannu
408-608-4961
Gurbarinder Singh Raja
916-533-2678

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, New York, Missouri

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 85 ਡਾਲਰ,**
**ਪੰਜ ਸਾਲ ਲਈ: 400 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ਼ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਲੋਕ ਰੋਹ ਅੱਗੇ ਝੁਕੀ ਸਰਕਾਰ ਨੇ ਕਾਲੇ ਕਾਨੂੰਨ ਵਾਪਸ ਲਏ

*(ਸਫਾ ਇਕ ਦੀ ਬਾਕੀ)*

ਵੰਡ ਪ੍ਰਣਾਲੀ ਦੇ ਮੁੱਦੇ 'ਤੇ ਬੋਲਣ ਦੀ ਇਜਾਜ਼ਤ ਦੇਣ ਤੋਂ ਬਾਅਦ ਹੀ ਸਦਨ ਦੀ ਕਾਰਵਾਈ ਚੱਲ ਸਕੀ। ਵਿਧਾਨ ਸਭਾ ਵਿਚ ਸਰਕਾਰ ਦੀ ਟਰਾਂਸਪੋਰਟ ਨੀਤੀ ਦੀ ਵੀ ਚਰਚਾ ਹੁੰਦੀ ਰਹੀ ਤੇ ਕਈ ਮੈਂਬਰਾਂ ਨੇ ਇਸ ਮੁੱਦੇ 'ਤੇ ਸਰਕਾਰ ਉਪਰ ਤਿੱਖੇ ਹਮਲੇ ਕੀਤੇ। ਸਰਕਾਰੀ ਧਿਰ ਨੇ ਵਿਰੋਧੀ ਧਿਰ ਵੱਲੋਂ ਲਾਏ ਜਾ ਰਹੇ ਘੁਟਾਲੇ ਦੇ ਦੋਸ਼ਾਂ ਨੂੰ ਰੱਦ ਕੀਤਾ ਤੇ ਮਾਮਲੇ ਦੀ ਹਰ ਤਰ੍ਹਾਂ ਦੀ ਜਾਂਚ ਕਿਸੇ ਨਿਰਪੱਖ ਏਜੰਸੀ ਤੋਂ ਕਰਾਉਣ ਦੀ ਮੰਗ ਕੀਤੀ।

ਸੁਨੀਲ ਜਾਖੜ ਨੇ ਸਿਫਰ ਕਾਲ ਦੌਰਾਨ ਦਾਅਵਾ ਕੀਤਾ ਕਿ ਪੰਜਾਬ ਭਰ ਵਿਚੋਂ 9,000 ਤੋਂ ਵੱਧ ਪਰਿਵਾਰਾਂ ਨੇ ਹਲਫੀਆ ਬਿਆਨ ਦਿੰਦਿਆਂ ਦਾਅਵਾ ਕੀਤਾ ਹੈ ਕਿ ਪਿਛਲੇ ਸਮੇਂ ਦੌਰਾਨ ਜਨਤਕ ਵੰਡ ਪ੍ਰਣਾਲੀ ਦੌਰਾਨ ਮਿਲਦਾ ਮਿੱਟੀ ਦਾ ਤੇਲ ਤੇ ਆਟਾ ਨਹੀਂ ਮਿਲਿਆ। ਉਨ੍ਹਾਂ ਦਾ ਕਹਿਣਾ ਸੀ ਕਿ ਪਿਛਲੇ ਮਾਲੀ ਸਾਲ ਦੌਰਾਨ ਰਾਜ ਦੇ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਨੂੰ ਕੇਂਦਰ ਸਰਕਾਰ ਨੇ 22,20,98000 ਲਿਟਰ ਮਿੱਟੀ ਦਾ ਤੇਲ ਦਿੱਤਾ। ਉਨ੍ਹਾਂ ਦੋਸ਼ ਲਾਇਆ ਕਿ ਇਹ ਤੇਲ ਲੋੜਵੰਦ ਲੋਕਾਂ ਨੂੰ ਮਿਲਿਆ ਹੀ ਨਹੀਂ ਤੇ ਰਸਤੇ ਵਿਚ ਹੀ ਖੁਰਦ-ਬੁਰਦ ਹੋ ਗਿਆ।

ਵਿਰੋਧੀ ਧਿਰ ਦੇ ਮੈਂਬਰਾਂ ਦਾ ਤਾਂ ਇਥੋਂ ਤੱਕ ਕਹਿਣਾ ਸੀ ਕਿ ਜਨਤਕ ਵੰਡ ਪ੍ਰਣਾਲੀ ਵਿਚ ਪਿਛਲੇ ਸਾਲਾਂ ਦੌਰਾਨ ਦੋ ਹਜ਼ਾਰ ਕਰੋੜ ਰੁਪਏ ਦਾ ਘੁਟਾਲਾ ਹੋਇਆ ਹੈ। ਸੁਨੀਲ ਕੁਮਾਰ ਜਾਖੜ ਨੇ ਇਸ ਮਾਮਲੇ ਦੀ ਜਾਂਚ ਸੀ.ਬੀ.ਆਈ. ਤੋਂ ਕਰਾਉਣ ਦੀ ਮੰਗ ਕੀਤੀ। ਵਿਰੋਧੀ ਧਿਰ ਨੇ ਇਹ ਵੀ ਕਿਹਾ ਕਿ ਰਾਜ ਸਰਕਾਰ ਵੱਲੋਂ ਇਸ ਮਾਮਲੇ ਦੀ ਜਾਂਚ ਪਾਰਦਰਸ਼ੀ ਤੇ ਨਿਰਪੱਖ ਨਹੀਂ ਕਰਵਾਈ ਜਾ ਸਕਦੀ।

ਸਾਬਕਾ ਮੰਤਰੀ ਲਾਲ ਸਿੰਘ ਨੇ ਕੇਂਦਰ ਸਰਕਾਰ ਤੋਂ ਹਰ ਮਹੀਨੇ 6 ਰੁਪਏ 10 ਪੈਸੇ ਪ੍ਰਤੀ ਕਿੱਲੋ ਦੇ ਭਾਅ 'ਤੇ ਆਉਂਦੀ 8 ਲੱਖ ਟਨ ਕਣਕ ਨੂੰ ਰਾਜ ਸਰਕਾਰ ਵੱਲੋਂ 12 ਰੁਪਏ ਪ੍ਰਤੀ ਕਿਲੋ ਵੇਚ ਕੇ ਲੋਕਾਂ ਦੀ ਲੁੱਟ ਕਰਨ ਦੇ ਦੋਸ਼ ਲਾਏ। ਵਿਰੋਧੀ ਧਿਰ ਦੇ ਮੈਂਬਰ ਵਿਧਾਨ ਸਭਾ ਵਿਚ ਕਾਗਜ਼ਾਂ ਦੇ ਪੁਲੰਦੇ ਲੈ ਕੇ ਆਏ ਸਨ ਜਿਨ੍ਹਾਂ ਨੂੰ ਹਲਫੀਆ ਬਿਆਨ ਕਿਹਾ ਜਾ ਰਿਹਾ ਸੀ। ਵਿਰੋਧੀ ਧਿਰ ਵੱਲੋਂ ਇਸ ਮਾਮਲੇ 'ਤੇ ਸ਼ੋਰ-ਸ਼ਰਾਬਾ ਕਰਨ ਦੌਰਾਨ ਸਪੀਕਰ ਨੇ ਦਖ਼ਲ ਦੇਣ ਦੀ ਕੋਸ਼ਿਸ਼ ਕੀਤੀ ਪਰ ਵਿਰੋਧੀ ਧਿਰ ਆਪਣੀ ਗੱਲ ਕਹਿਣ 'ਤੇ ਅੜੀ ਰਹੀ।

ਖੁਰਾਕ ਤੇ ਸਿਵਲ ਸਪਲਾਈ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਦਾ ਕਹਿਣਾ ਸੀ ਕਿ ਜੇਕਰ ਵਿਰੋਧੀ ਧਿਰ ਨੂੰ ਕੋਈ ਸ਼ਿਕਾਇਤ ਹੈ ਤਾਂ ਇਸ ਮਾਮਲੇ ਦੀ ਪੜਤਾਲ ਕਰਵਾਈ ਜਾ ਸਕਦੀ ਹੈ। ਉਨ੍ਹਾਂ ਵਿਰੋਧੀ ਧਿਰ ਦੇ ਦੋਸ਼ਾਂ ਨੂੰ ਰੱਦ ਕਰਦਿਆਂ ਕਿਹਾ ਕਿ ਮੌਜੂਦਾ ਸਰਕਾਰ ਨੇ ਤਾਂ ਜਨਤਕ ਵੰਡ ਪ੍ਰਣਾਲੀ ਵਿਚ ਕਈ ਵੱਡੇ ਸੁਧਾਰ ਲਿਆਂਦੇ ਹਨ। ਸ. ਕੈਰੋਂ ਤੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੇ ਸਦਨ ਦੇ ਅੰਦਰ ਸੁਨੀਲ ਜਾਖੜ ਨਾਲ ਨਿੱਜੀ ਤੌਰ 'ਤੇ ਗੱਲ ਕਰਦਿਆਂ ਮਾਮਲੇ ਦੀ ਪੂਰੀ ਜਾਂਚ ਕਰਾਉਣ ਦਾ ਭਰੋਸਾ ਵੀ ਦਿੱਤਾ।

ਪੰਜਾਬ ਸਰਕਾਰ ਦੀ ਨਵੀਂ ਟਰਾਂਸਪੋਰਟ ਨੀਤੀ 'ਤੇ ਵੀ ਵਿਰੋਧੀ ਧਿਰ ਦੇ ਮੈਂਬਰਾਂ ਨੇ ਸਰਕਾਰ ਨੂੰ ਘੇਰਨ ਦਾ ਯਤਨ ਕੀਤਾ। ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਟਰਾਂਸਪੋਰਟ ਨੀਤੀ ਨੂੰ ਨਿੱਜੀ ਟਰਾਂਸਪੋਰਟਰਾਂ ਦੇ ਪੱਖ ਦੀ ਕਿਹਾ। ਸਪੀਕਰ ਨੇ ਇਸ ਮਾਮਲੇ 'ਤੇ ਸ. ਖਹਿਰਾ ਨੂੰ ਬੋਲਣ ਦੀ ਇਜਾਜ਼ਤ ਨਹੀਂ ਦਿੱਤੀ। ਇਸੇ ਦੌਰਾਨ ਸ. ਖਹਿਰਾ ਤੇ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਬਿਕਰਮ ਸਿੰਘ ਮਜੀਠੀਆ ਵਿਚਾਲੇ ਤਿੱਖੀ ਬਹਿਸ ਵੀ ਹੋਈ ਅਤੇ ਉਨ੍ਹਾਂ ਇਕ ਦੂਜੇ ਲਈ ਮਾੜੇ ਸ਼ਬਦਾਂ ਦੀ ਵਰਤੋਂ ਵੀ ਕੀਤੀ। ਆਜ਼ਾਦ ਵਿਧਾਇਕ ਚਰਨਜੀਤ ਸਿੰਘ ਚੰਨੀ ਨੇ ਵੀ ਟਰਾਂਸਪੋਰਟ ਨੀਤੀ, ਆਟਾ, ਕਣਕ ਤੇ ਟੀ.ਵੀ. ਚੈਨਲਾਂ ਦੇ ਮੁੱਦੇ 'ਤੇ ਤਿੱਖੇ ਵਿਅੰਗ ਕੱਸੇ।

## ਬਾਦਲ ਸਰਕਾਰ ਮੈਦਾਨ ਛੱਡ ਕੇ ਭੱਜੀ:ਕੈਪਟਨ ਅਮਰਿੰਦਰ ਸਿੰਘ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਵਿਧਾਨ ਸਭਾ ਦੇ ਵਰਤਮਾਨ ਸੈਸ਼ਨ ਨੂੰ ਛੇ ਮਹੀਨਿਆਂ ਅੰਦਰ ਸੈਸ਼ਨ ਸੱਦਣ ਦੀ ਮਹਿਜ਼ ਵਿਧਾਨਿਕ ਰਸਮ ਨੂੰ ਪੂਰਾ ਕਰਨਾ ਦੱਸਦਿਆਂ ਦੋਸ਼ ਲਾਇਆ ਕਿ ਸਰਕਾਰ ਲੋਕਾਂ ਨਾਲ ਜੁੜੇ ਮਹੱਤਵਪੂਰਨ ਮਸਲਿਆਂ ਨੂੰ ਨਜ਼ਰਅੰਦਾਜ਼ ਕਰਕੇ ਕੇਵਲ ਸੇਵਾ ਦਾ ਅਧਿਕਾਰ ਐਕਟ ਪਾਸ ਕਰਨ ਤੱਕ ਹੀ ਸੀਮਤ ਰਹੀ ਹੈ।

ਕੈਪਟਨ ਨੇ ਕਿਹਾ ਕਿ ਸਰਕਾਰ ਨੂੰ ਪਤਾ ਹੈ ਕਿ ਸੈਸ਼ਨ ਲੰਮਾ ਚੱਲਣ ਦੀ ਸੂਰਤ ਵਿਚ ਵਿਰੋਧੀ ਧਿਰ ਅੱਗੇ ਕਈ ਮੁੱਦਿਆਂ ਦੇ ਮਾਮਲੇ ਵਿਚ ਜਵਾਬਦੇਹ ਹੋਣਾ ਪੈਣਾ ਸੀ ਪਰ ਕਾਂਗਰਸ ਇਨ੍ਹਾਂ ਮੁੱਦਿਆਂ ਨੂੰ ਸਦਨ ਤੋਂ ਬਾਹਰ ਵੀ ਲੋਕਾਂ ਦੀ ਅਦਾਲਤ ਵਿਚ ਉਠਾਏਗੀ। ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਗਠਜੋੜ ਦੀ ਮੌਜੂਦਾ ਸਰਕਾਰ ਦਾ ਆਖਰੀ ਸੈਸ਼ਨ ਹੋਣ ਕਾਰਨ ਇਸ ਨੂੰ ਆਪਣੀ ਬੈਲੇਂਸਸ਼ੀਟ ਪੇਸ਼ ਕਰਨੀ ਚਾਹੀਦੀ ਸੀ ਪਰ ਸਰਕਾਰ ਇਸ ਤੋਂ ਵੀ ਭੱਜ ਗਈ ਹੈ।

ਉਨ੍ਹਾਂ ਦੋਸ਼ ਲਾਇਆ ਕਿ ਇਸ ਸਰਕਾਰ ਦੀਆਂ ਪ੍ਰਾਪਤੀਆਂ ਕੇਵਲ ਵੱਖ ਵੱਖ ਘੁਟਾਲਿਆਂ ਪੀ.ਟੀ.ਸੀ. ਘੁਟਾਲਾ, ਮਿੱਟੀ ਦੇ ਤੇਲ ਦਾ ਘੁਟਾਲਾ, ਸ਼ਰਾਬ ਘੁਟਾਲਾ, ਰੇਤ ਘੁਟਾਲਾ ਤੱਕ ਹੀ ਸੀਮਤ ਹੈ। ਉਨ੍ਹਾਂ ਅਕਾਲੀਆਂ ਨੂੰ ਮੁੜ ਚੁਣੌਤੀ ਦਿੱਤੀ ਕਿ ਉਹ ਆਪਣੇ ਚੋਣ ਮਨੋਰਥ ਪੱਤਰ ਵਿਚ ਸ਼ਾਮਲ 200 ਵਾਅਦਿਆਂ 'ਚੋਂ ਇਕ ਦੀ ਪੂਰਤੀ ਦਾ ਵੀ ਜ਼ਿਕਰ ਕਰਕੇ ਦਿਖਾਉਣ। ਉਨ੍ਹਾਂ ਸਰਕਾਰ ਵੱਲੋਂ ਪਾਵਰ ਸਰਪਲਸ, ਆਟਾ-ਦਾਲ ਸਕੀਮ, ਰੁਜ਼ਗਾਰ ਪੈਦਾ ਕਰਨਾ, ਆਦਰਸ਼ ਸਕੂਲ, ਗਰੀਬ ਲਈ ਮੁਫਤ ਬੀਮਾ, ਝੋਨੇ ਦੀ ਖਰੀਦ ਵਰਗੇ ਵੱਖ-ਵੱਖ ਵਾਅਦਿਆਂ 'ਤੇ ਪ੍ਰਤੀਕਿਰਿਆ ਜ਼ਾਹਰ ਕਰਦਿਆਂ ਦੋਸ਼ ਲਾਇਆ ਕਿ ਸਰਕਾਰ ਆਪਣੇ ਵਾਅਦੇ ਪੂਰੇ ਕਰਨ ਵਿਚ ਪੂਰੀ ਤਰ੍ਹਾਂ ਅਸਫਲ ਰਹੀ ਹੈ।

## ਜਗਜੀਤ ਸਿੰਘ

ਗਾਇਕੀ ਦੇ ਖੇਤਰ ਵਿਚ ਆਪਣੀ ਵੱਖਰੀ ਪਛਾਣ ਬਣਾਈ ਜਦੋਂ ਨੂਰਜਹਾਂ, ਮਲਿਕਾ ਪੁਖਰਾਜ, ਬੇਗ਼ਮ ਅਖ਼ਤਰ, ਤਲਤ ਮਹਿਮੂਦ ਅਤੇ ਮਹਿਦੀ ਹਸਨ ਜਿਹੇ ਗ਼ਜ਼ਲ ਗਾਇਕਾਂ ਦਾ ਦਬਦਬਾ ਸੀ। ਉਹ ਕੇ.ਐਲ. ਸਹਿਗਲ, ਤਲਤ ਮਹਿਮੂਦ, ਅਬਦੁਲ ਕਰੀਮ ਖਾਨ, ਬੜੇ ਗ਼ੁਲਾਮ ਅਲੀ ਖਾਨ ਅਤੇ ਆਮਿਰ ਖਾਨ ਜਿਹੇ ਗਾਇਕਾਂ ਨੂੰ ਆਪਣਾ ਪ੍ਰੇਰਨਾ ਸਰੋਤ ਮੰਨਦੇ ਸਨ।

*(ਹੋਰ ਖਬਰਾਂ ਸਫਾ 26-27 'ਤੇ)*

# ਬਾਦਲ ਪਿਓ-ਪੁੱਤ ਵੱਲੋਂ ਸਰਕਾਰੀ ਖਜ਼ਾਨੇ ਦਾ ਹਵਾਈ ਉਜਾੜਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਨ੍ਹਾਂ ਦੇ ਉਪ ਮੁੱਖ ਮੰਤਰੀ ਪੁੱਤਰ ਸੁਖਬੀਰ ਸਿੰਘ ਬਾਦਲ ਨੇ ਸਾਢੇ ਚਾਰ ਮਹੀਨਿਆਂ ਵਿਚ ਆਪਣੇ ਹਵਾਈ ਸਫਰ ਲਈ ਸਰਕਾਰੀ ਖਜ਼ਾਨੇ ਦਾ ਸਵਾ ਤਿੰਨ ਕਰੋੜ ਰੁਪਇਆ ਉਜਾੜ ਦਿੱਤਾ ਹੈ।

ਪਿਓ-ਪੁੱਤ ਨੇ 20 ਦਸੰਬਰ 2010 ਤੋਂ 3 ਮਈ 2011 ਤੱਕ 77 ਵਾਰ ਸਰਕਾਰੀ ਕਿਰਾਏ 'ਤੇ ਲਿਆਂਦੇ ਹੈਲੀਕਾਪਟਰ ਵਿਚ ਸਫਰ ਕੀਤਾ ਜਿਸ ਦਾ ਬਿੱਲ 3.20 ਕਰੋੜ ਰੁਪਏ ਬਣਿਆ ਹੈ। ਇਹ ਤੱਥ ਪੀਪਲਜ਼ ਪਾਰਟੀ ਆਫ ਪੰਜਾਬ ਦੇ ਆਗੂ ਮਨਪ੍ਰੀਤ ਸਿੰਘ ਬਾਦਲ ਵੱਲੋਂ ਆਰ.ਟੀ.ਆਈ. ਤਹਿਤ ਹਾਸਲ ਕੀਤੀ ਜਾਣਕਾਰੀ ਰਾਹੀਂ ਸਾਹਮਣੇ ਆਏ ਹਨ।

ਇਸ ਜਾਣਕਾਰੀ ਮੁਤਾਬਕ ਬਾਦਲਾਂ ਨੇ ਗਲੋਬਲ ਵੈਕਟਰਾ, ਡੀ.ਐਲ.ਐਫ. ਅਤੇ ਇੰਡੀਆ ਫਲਾਈਸੇਫ ਏਵੀਏਸ਼ਨ ਨਾਮੀ ਤਿੰਨ ਕੰਪਨੀਆਂ ਤੋਂ ਹੈਲੀਕਾਪਟਰ ਕਿਰਾਏ 'ਤੇ ਲਏ। ਕੁੱਲ 133 ਦਿਨਾਂ ਦੌਰਾਨ ਹੈਲੀਕਾਪਟਰ ਰਾਹੀਂ 77 ਵਾਰ ਸਫਰ ਕੀਤਾ ਗਿਆ। ਇਕੱਲੇ ਫਰਵਰੀ ਮਹੀਨੇ ਵਿਚ ਹੀ ਸੁਖਬੀਰ ਸਿੰਘ ਬਾਦਲ ਨੇ ਹੈਲੀਕਾਪਟਰ ਦੇ 22 ਗੇੜੇ ਲੁਆਏ ਜਿਸ ਦਾ ਬਿੱਲ 88 ਲੱਖ ਰੁਪਏ ਬਣਿਆ ਹੈ। ਇਹ ਗੇੜੇ ਵੀ ਉਨ੍ਹਾਂ ਪਟਿਆਲਾ, ਲੁਧਿਆਣਾ ਅਤੇ ਜਲੰਧਰ ਵਰਗੇ ਸ਼ਹਿਰਾਂ ਦੇ ਲਾਏ ਹਨ ਜਿੱਥੇ ਸੜਕ ਰਾਹੀਂ ਆਸਾਨੀ ਨਾਲ ਜਾਇਆ ਜਾ ਸਕਦਾ ਹੈ।

ਦੋ ਮਹੀਨੇ ਬਾਅਦ ਹੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵੀ ਇਨ੍ਹਾਂ ਸ਼ਹਿਰਾਂ ਲਈ 22 ਉਡਾਣਾਂ ਭਰੀਆਂ। ਇਨ੍ਹਾਂ ਉਡਾਣਾਂ ਦੌਰਾਨ ਗਲੋਬਲ ਵੈਕਟਰਾ ਦਾ ਹੈਲੀਕਾਪਟਰ 44 ਘੰਟੇ ਉਡਿਆ ਅਤੇ 76 ਲੱਖ ਰੁਪਏ ਦਾ ਬਿੱਲ ਆ ਗਿਆ। ਤੱਥਾਂ ਮੁਤਾਬਕ ਬਾਦਲਾਂ ਨੇ ਪਿਛਲੇ ਤਿੰਨ ਸਾਲਾਂ ਵਿਚ ਆਪਣੇ ਹਵਾਈ ਗੇੜਿਆਂ ਉਤੇ 33 ਕਰੋੜ ਰੁਪਏ ਖਰਚੇ ਹਨ।

ਯਾਦ ਰਹੇ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕੋਲ ਇਸ ਵੇਲੇ 32 ਕਾਰਾਂ ਦਾ ਕਾਫਲਾ ਹੈ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਕਾਫਲੇ ਵਿਚ 19 ਕਾਰਾਂ ਸ਼ਾਮਲ ਹਨ।

## ਨਕਸਲੀ ਆਗੂ ਹੈਡਮਾਸਟਰ ਬਚਿੱਤਰ ਸਿੰਘ ਚਲ ਵਸੇ

**ਸਰੀ, ਕੈਨੇਡਾ (ਬਿਊਰੋ):** ਆਪਣੇ ਸਮੇਂ ਦੇ ਮਹਾਨ ਇਨਕਲਾਬੀ ਹੈਡਮਾਸਟਰ ਬਚਿੱਤਰ ਸਿੰਘ, ਜਿਨ੍ਹਾਂ ਨੇ ਪੰਜਾਬ ਵਿਚ ਬਾਬਾ ਬੂਝਾ ਸਿੰਘ ਨਾਲ ਮਿਲ ਕੇ ਨਕਸਲੀ ਲਹਿਰ ਨੂੰ ਅੱਗੇ ਤੋਰਿਆ ਅਤੇ ਪੂਰੇ ਸਮਰਪਣ ਨਾਲ ਇਸ ਲਹਿਰ ਲਈ ਕੰਮ ਕੀਤਾ, ਪਿਛਲੇ ਦਿਨੀਂ ਇਥੇ ਸਦੀਵੀ ਵਿਛੋੜਾ ਦੇ ਗਏ। ਉਹ 96 ਵਰ੍ਹਿਆਂ ਦੇ ਸਨ ਅਤੇ ਆਪਣੇ ਪਿਛੇ ਆਪਣੀ ਧਰਮ ਪਤਨੀ ਸ੍ਰੀਮਤੀ ਹਰਭਜਨ ਕੌਰ ਅਤੇ ਤਿੰਨ ਬੇਟੇ ਛੱਡ ਗਏ ਹਨ। ਇਥੇ ਉਹ ਆਪਣੇ ਪੁੱਤਰਾਂ-ਅਫਰੇਸ਼ ਅਤੇ ਜਯੋਤੀ ਕੋਲ ਰਹਿੰਦੇ ਸਨ।

ਹੈਡਮਾਸਟਰ ਬਚਿੱਤਰ ਸਿੰਘ ਸੰਤ ਪ੍ਰੇਮ ਸਿੰਘ ਖਾਲਸਾ ਸਕੂਲ, ਬੇਗੋਵਾਲ ਦੇ ਹੈਡਮਾਸਟਰ ਰਹੇ ਹਨ ਅਤੇ ਉਥੋਂ ਹੀ ਉਨ੍ਹਾਂ ਦਾ ਇਨਕਲਾਬੀ ਸਫਰ ਅਰੰਭ ਹੋਇਆ। ਉਨ੍ਹਾਂ ਪੰਜਾਬ ਪੁਲਿਸ ਦਾ ਕਈ ਵਾਰ ਤਸ਼ੱਦਦ ਝੱਲਿਆ ਪਰ ਆਪਣੇ ਰਸਤੇ 'ਤੇ ਅਡਿੱਗ ਰਹੇ। ਉਨ੍ਹਾਂ ਦੇ ਪਰਿਵਾਰ ਨਾਲ ਸੰਪਰਕ ਫੋਨ 604-825-4442 'ਤੇ ਕੀਤਾ ਜਾ ਸਕਦਾ ਹੈ।

## *ਕੈਂਸਰ ਦੇ ਮਰੀਜ਼ਾਂ ਦਾ ਹੋਵੇਗਾ ਮੁਫ਼ਤ ਟੈਸਟ*

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਰਾਜ ਭਰ ਵਿਚ ਕੈਂਸਰ ਦੇ ਮਰੀਜ਼ਾਂ ਨੂੰ ਮੁਫ਼ਤ ਟੈਸਟ ਸਹੂਲਤ ਮੁਹੱਈਆ ਕਰਵਾਉਣ ਦਾ ਫ਼ੈਸਲਾ ਕੀਤਾ ਹੈ। ਇਹ ਫ਼ੈਸਲਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਲਿਆ ਗਿਆ। ਸ. ਬਾਦਲ ਨੇ ਸਿਹਤ ਤੇ ਡਾਕਟਰੀ ਸਿੱਖਿਆ ਵਿਭਾਗ ਨੂੰ ਰਾਜ ਭਰ ਵਿਚ ਕੈਂਪ ਲਾਉਣ ਲਈ ਕਿਹਾ ਹੈ। ਇਹ ਸਕੀਮ 28 ਅਕਤੂਬਰ ਨੂੰ ਬਾਦਲ ਪਿੰਡ ਤੋਂ ਸ਼ੁਰੂ ਹੋਵੇਗੀ।

ਇਹ ਫੈਸਲਾ ਵੀ ਕੀਤਾ ਗਿਆ ਕਿ ਕੈਂਸਰ ਦੇ ਸ਼ੱਕੀ ਮਰੀਜ਼ਾਂ ਦੇ ਮੈਮੋਗ੍ਰਾਫ਼ੀ, ਅਲਟਰਾਸਾਊਂਡ, ਐਕਸਰੇ ਤੇ ਹੋਰ ਖ਼ੂਨ ਟੈਸਟ ਮੁਫ਼ਤ ਕੀਤੇ ਜਾਣਗੇ। ਮੁੱਖ ਮੰਤਰੀ ਨੇ ਸਿਹਤ ਵਿਭਾਗ, ਡਾਕਟਰੀ ਸਿੱਖਿਆ ਤੇ ਆਰ.ਓ.ਕੇ.ਓ. ਕੈਂਸਰ ਟਰੱਸਟ (ਨਵੀਂ ਦਿੱਲੀ ਦੀ ਐਨ.ਜੀ.ਓ.) ਵਿਚਕਾਰ ਤਿੰਨ ਧਿਰੀ ਸਮਝੌਤੇ 'ਤੇ ਹਸਤਾਖਰ ਕਰਨ ਨੂੰ ਵੀ ਪ੍ਰਵਾਨਗੀ ਦਿੱਤੀ ਹੈ। ਸ. ਬਾਦਲ ਨੇ ਆਰ.ਓ.ਕੇ.ਓ. ਦੇ ਸਹਿਯੋਗ ਨਾਲ ਵਿਭਾਗ ਨੂੰ ਮੋਬਾਈਲ ਕੈਂਸਰ ਡਿਟੈਕਸ਼ਨ ਵੈਨਜ਼ ਸ਼ੁਰੂ ਕਰਨ ਦੀਆਂ ਸੰਭਾਵਨਾਵਾਂ ਦਾ ਵੀ ਪਤਾ ਲਾਉਣ ਲਈ ਆਖਿਆ। ਸ. ਬਾਦਲ ਨੇ ਛਾਤੀ ਦੇ ਕੈਂਸਰ ਦੇ ਨਾਲ ਆਮ ਪਾਏ ਜਾਣ ਵਾਲੇ ਸਰਵਾਈਕਲ ਕੈਂਸਰ ਦਾ ਮੁਢਲੇ ਪੜਾਅ ਉਤੇ ਮੋਬਾਈਲ ਵੈਨ ਸਹੂਲਤ ਰਾਹੀਂ ਪਤਾ ਲਾਉਣ ਬਾਰੇ ਵੀ ਸੁਝਾਅ ਦਿੱਤਾ।

# ਕਰੈਡਿਟ ਕਾਰਡ ਘੁਟਾਲੇ ਦੇ ਮੁਲਜ਼ਮਾਂ 'ਚ 13 ਭਾਰਤੀ ਸ਼ਾਮਲ

**ਨਿਊ ਯਾਰਕ:** ਅਮਰੀਕਾ ਦੇ ਇਤਿਹਾਸ ਵਿਚ ਸ਼ਨਾਖਤ ਚੋਰੀ ਦੇ ਸਭ ਤੋਂ ਵੱਡੇ ਘੁਟਾਲੇ ਵਿਚ 111 ਵਿਅਕਤੀਆਂ ਨੂੰ ਕਥਿਤ ਦੋਸ਼ੀ ਪਾਇਆ ਗਿਆ ਹੈ ਜਿਨ੍ਹਾਂ ਵਿਚੋਂ 13 ਭਾਰਤੀ ਮੂਲ ਦੇ ਹਨ। ਇਨ੍ਹਾਂ ਮੁਲਜ਼ਮਾਂ ਨੇ ਹਜ਼ਾਰਾਂ ਗਾਹਕਾਂ ਦੇ ਕਰੈਡਿਟ ਕਾਰਡ ਚੋਰੀ ਕਰ ਕੇ 1.30 ਕਰੋੜ ਅਮਰੀਕੀ ਡਾਲਰ ਤੋਂ ਵੱਧ ਦੀ ਮਹਿੰਗੀ ਖਰੀਦਦਾਰੀ ਕੀਤੀ।

ਇਸ ਘੁਟਾਲੇ ਦੇ ਮੁਲਜ਼ਮਾਂ ਵਿਚ ਬੈਂਕਾਂ, ਸਟੋਰਾਂ ਅਤੇ ਰੈਸਟੋਰੈਂਟਾਂ ਵਿਚ ਕੰਮ ਕਰਦੇ ਮੁਲਾਜ਼ਮ ਸ਼ਾਮਲ ਹਨ। ਮੁਲਜ਼ਮਾਂ 'ਤੇ ਦੋਸ਼ ਹੈ ਕਿ ਇਨ੍ਹਾਂ ਨੇ ਜਾਅਲੀ ਕਰੈਡਿਟ ਕਾਰਡਾਂ ਦੇ ਆਧਾਰ 'ਤੇ ਕਈ ਦੇਸ਼ਾਂ ਵਿਚ ਮਹਿੰਗੇ ਸਾਮਾਨ ਦੀ ਖਰੀਦਦਾਰੀ ਕੀਤੀ, ਪੰਜ ਤਾਰਾ ਹੋਟਲਾਂ ਵਿਚ ਰਹੇ, ਲਗਜ਼ਰੀ ਕਾਰਾਂ ਅਤੇ ਨਿੱਜੀ ਜੈਟ ਕਿਰਾਏ 'ਤੇ ਲਏ। ਇਹ ਸਾਰੇ ਮੁਲਜ਼ਮ ਕੁਈਨਜ਼ ਕਾਊਂਟੀ ਦੇ ਪੰਜ ਜਾਅਲੀ ਕਰੈਡਿਟ ਕਾਰਡ ਤੇ ਸ਼ਨਾਖਤ ਚੋਰ ਗਰੋਹਾਂ ਦੇ ਮੈਂਬਰ ਹਨ ਤੇ ਇਨ੍ਹਾਂ ਦਾ ਨੈਟਵਰਕ ਯੂਰਪ, ਏਸ਼ੀਆ, ਅਫਰੀਕਾ 'ਚ ਫੈਲਿਆ ਹੋਇਆ ਹੈ। ਮੁਲਜ਼ਮਾਂ ਦੀ ਇਸ ਸ਼ਨਾਖਤ ਚੋਰੀ ਨਾਲ ਵਿੱਤੀ ਸੰਸਥਾਵਾਂ ਤੇ ਵਪਾਰੀਆਂ ਨੂੰ 16 ਮਹੀਨਿਆਂ ਵਿਚ ਕਰੀਬ 1.30 ਕਰੋੜ ਅਮਰੀਕੀ ਡਾਲਰ ਤੋਂ ਵੱਧ ਦਾ ਨੁਕਸਾਨ ਹੋਇਆ। ਇਨ੍ਹਾਂ ਗਰੋਹਾਂ ਦੇ ਸਰਗਨਾ ਇਮਰਾਨ ਖ਼ਾਨ, ਅਲੀ ਖੈਵਿਸ, ਐਂਥਨੀ ਮਾਰਟਿਨ, ਸੰਜੇ ਦਿਉਸਰਨ ਤੇ ਅਮਰ ਸਿੰਘ ਹਨ।

ਭਾਰਤੀ ਮੂਲ ਦੇ ਮੁਲਜ਼ਮਾਂ ਵਿਚ ਵਿਸ਼ਨੂੰ ਹਰੀ ਲਾਲ, ਰਵਿੰਦਰ ਸਿੰਘ, ਅਮਰ ਸਿੰਘ, ਨੇਹਾ ਪੰਜਾਬੀ ਸਿੰਘ, ਰਵੀ ਰਾਮਰੂਪ ਤੇ ਕਮਲ ਸੰਸੀ ਸ਼ਾਮਲ ਹਨ। ਸਾਰੇ ਗਰੋਹਾਂ ਦੇ ਕੁੱਲ 86 ਮੈਂਬਰਾਂ ਨੂੰ ਕਾਬੂ ਕਰ ਲਿਆ ਗਿਆ ਹੈ ਜਦਕਿ 25 ਮੁਲਜ਼ਮਾਂ ਦੀ ਭਾਲ ਕੀਤੀ ਜਾ ਰਹੀ ਹੈ। ਇਨ੍ਹਾਂ ਵਿਚੋਂ 24 ਮੁਲਜ਼ਮਾਂ 'ਤੇ ਪਹਿਲਾਂ ਹੀ ਕੁਈਨਜ਼ ਕਾਊਂਟੀ ਵਿਚ ਚੋਰੀਆਂ ਤੇ ਡਾਕੇ ਮਾਰਨ ਦਾ ਦੋਸ਼ ਹੈ। ਮੁਲਜ਼ਮਾਂ ਨੇ ਜਾਅਲੀ ਕਾਰਡਾਂ 'ਤੇ ਐਪਲ ਦੇ ਆਈ ਪੈਡ, ਕੰਪਿਊਟਰ, ਘੜੀਆਂ ਤੇ ਗੂਚੀ, ਲੂਈ ਵਿਟਨ, ਰੋਲੈਕਸ ਤੇ ਬਰੈਟਲਿੰਗ ਵਰਗੇ ਬਰੈਂਡਾਂ ਦੇ ਮਹਿੰਗੇ ਪਰਸ ਤੇ ਹੋਰ ਉਤਪਾਦ ਖਰੀਦੇ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ੍ਰੀ ਹੈਪੀ ਹੀਰ

# ਅਸੀਂ ਵੋਟਰ ਲਿਸਟ ਦੇਣ ਤੋਂ ਇਨਕਾਰੀ ਨਹੀਂ ਹਾਂ-ਭੁਪਿੰਦਰ ਸਿੰਘ ਢਿੱਲੋਂ

**ਸੈਨ ਹੋਜ਼ੇ (ਬਿਊਰੋ):** ਗੁਰਦੁਆਰਾ ਸੈਨ ਹੋਜ਼ੇ ਦੇ ਸਕੱਤਰ ਭਾਈ ਭੁਪਿੰਦਰ ਸਿੰਘ ਢਿੱਲੋਂ ਨੇ ਕਿਹਾ ਹੈ ਕਿ ਅਸੀਂ ਆਉਣ ਵਾਲੀਆਂ ਗੁਰਦੁਆਰਾ ਬੋਰਡ ਚੋਣਾਂ ਲਈ ਉਮੀਦਵਾਰਾਂ ਨੂੰ ਵੋਟਰ ਲਿਸਟਾਂ ਦੇਣ ਤੋਂ ਇਨਕਾਰੀ ਨਹੀਂ ਹਾਂ ਪਰ ਵਿਧਾਨ ਸਾਨੂੰ ਇਸ ਗੱਲ ਦੀ ਇਜਾਜ਼ਤ ਨਹੀਂ ਦਿੰਦਾ। ਇਥੇ ਜਾਰੀ ਇਕ ਬਿਆਨ ਵਿਚ ਭਾਈ ਢਿੱਲੋਂ ਨੇ ਕਿਹਾ ਕਿ ਗੁਰਦੁਆਰਾ ਸੁਧਾਰ ਕਮੇਟੀ ਵਾਲਿਆਂ ਦਾ ਇਹ ਪ੍ਰਚਾਰ ਕਿ ਅਦਾਲਤ ਨੇ ਹੁਕਮ ਸੁਣਾਇਆ ਹੈ ਕਿ ਉਨ੍ਹਾਂ ਨੂੰ ਵੋਟਰ ਲਿਸਟ ਮਿਲੇ, ਗੁਮਰਾਹਕੁਨ ਪ੍ਰਚਾਰ ਹੈ। ਉਨ੍ਹਾਂ ਦੋਸ਼ ਲਾਇਆ ਕਿ ਸੁਧਾਰਕ ਝੂਠ ਬੋਲਦੇ ਹਨ।

ਭਾਈ ਢਿੱਲੋਂ ਨੇ ਆਖਿਆ ਕਿ ਸੱਚ ਇਹ ਹੈ ਕਿ 5 ਅਗਸਤ ਵਾਲੇ ਆਪਣੇ ਫੈਸਲੇ ਵਿਚ ਅਦਾਲਤ ਨੇ ਪਹਿਲਾ ਫੈਸਲਾ ਬਦਲ ਕੇ ਵੋਟਰ ਲਿਸਟ ਨਾ ਦਿੱਤੇ ਜਾਣ ਦੀ ਪੁਸ਼ਟੀ ਕੀਤੀ ਹੋਈ ਹੈ। ਉਨ੍ਹਾਂ ਇਹ ਵੀ ਆਖਿਆ ਕਿ ਉਨ੍ਹਾਂ ਤਾਂ ਖੁਦ ਅਦਾਲਤ ਨੂੰ ਕਿਹਾ ਹੈ ਕਿ ਜੇ ਅਦਾਲਤ ਵਿਰੋਧੀਆਂ ਨੂੰ ਵੋਟਰ ਲਿਸਟਾਂ ਦੇਣ ਦਾ ਹੁਕਮ ਸੁਣਾ ਦੇਵੇ ਤਾਂ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ। ਉਨ੍ਹਾਂ ਸਪਸ਼ਟ ਕੀਤਾ ਕਿ ਅਨੇਕਾਂ ਅਜਿਹੇ ਮੈਂਬਰ ਹਨ ਜੋ ਆਮ ਸਵਾਲ ਕਰਦੇ ਹਨ ਕਿ ਤੁਸੀਂ ਵੋਟ ਬਣਾਉਣ ਸਮੇਂ ਫਿੰਗਰ ਪ੍ਰਿੰਟ ਕਿਉਂ ਲੈਂਦੇ ਹੋ? ਡਰਾਈਵਰ ਲਾਇੰਸੈਂਸ ਦੀ ਕਾਪੀ ਕਿਉਂ ਕਰਦੇ ਹੋ? ਕੁਝ ਮੈਂਬਰ ਪ੍ਰਾਈਵੇਸੀ ਦੇ ਮਾਮਲੇ 'ਤੇ ਬਹੁਤ ਗੰਭੀਰ ਹਨ ਅਤੇ ਅਸੀਂ ਨਹੀਂ ਚਾਹੁੰਦੇ ਕਿ ਕੋਈ ਮੈਂਬਰ ਕਮੇਟੀ ਵਿਰੁਧ ਲਾਅ ਸੂਟ ਕਰੇ ਕਿ ਉਨ੍ਹਾਂ ਦੀ ਜਾਣਕਾਰੀ ਦੇ ਕੇ ਪ੍ਰਬੰਧਕਾਂ ਨੇ ਉਨ੍ਹਾਂ ਦੀ ਪ੍ਰਾਈਵੇਸੀ ਦੀ ਉਲੰਘਣਾ ਕੀਤੀ ਹੈ।

ਆਪਣੀ ਗੱਲ ਜਾਰੀ ਰੱਖਦਿਆਂ ਭਾਈ ਢਿੱਲੋਂ ਨੇ ਆਖਿਆ ਕਿ ਅਸੀਂ ਤਾਂ ਅਦਾਲਤ ਨੂੰ ਬੇਨਤੀ ਕੀਤੀ ਸੀ ਕਿ ਉਹ ਹੀ ਅਜਿਹਾ ਫੈਸਲਾ ਸੁਣਾਵੇ ਜਿਸ ਨਾਲ ਕਮੇਟੀ ਉਪਰ ਕੋਈ ਲਾਅ ਸੂਟ ਹੋਣ ਦਾ ਮੌਕਾ ਹੀ ਪੈਦਾ ਨਾ ਹੋਵੇ। ਉਨ੍ਹਾਂ ਕਿਹਾ ਕਿ ਅੱਜ ਵੀ ਬਹੁਤ ਸਾਰੇ ਪੰਜਾਬੀ ਗਰੋਸਰੀ ਸਟੋਰ ਆਮ ਕਹਿੰਦੇ ਹਨ ਕਿ ਉਨ੍ਹਾਂ ਪਾਸ ਫਰੀਮਾਂਟ ਗੁਰੂ ਘਰ ਦੀ ਵੋਟਰ ਲਿਸਟ ਹੈ। ਬੇਏਰੀਆ ਦਾ ਇਕ ਰੇਡੀਓ ਸਟੇਸ਼ਨ ਵੀ ਫਰੀਮਾਂਟ ਵਾਲੀ ਲਿਸਟ ਵਰਤ ਕੇ ਆਟੋਮੈਟਿਕ ਸੁਨੇਹੇ ਭੇਜ ਕੇ ਆਮ ਸੰਗਤ ਨੂੰ ਪ੍ਰੇਸ਼ਾਨ ਕਰਦਾ ਹੈ। ਅਗਰ ਸੰਗਤ ਚਾਹੁੰਦੀ ਹੈ ਕਿ ਉਨ੍ਹਾਂ ਦੀ ਜਾਣਕਾਰੀ ਹਰ ਬੰਦੇ ਦੇ ਹੱਥ ਵਿਚ ਹੋਵੇ ਤੇ ਜਣਾ ਖਣਾ ਉਨ੍ਹਾਂ ਦਾ ਦਰਵਾਜ਼ਾ ਖੜਕਾਉਂਦਾ ਫਿਰੇ ਤਾਂ ਉਨ੍ਹਾਂ ਨੂੰ ਇਸ 'ਤੇ ਕੋਈ ਪ੍ਰੇਸ਼ਾਨੀ ਨਹੀਂ ਹੈ ਪਰ ਅਸੀਂ ਚਾਹੁੰਦੇ ਹਾਂ ਕਿ ਸੰਗਤ ਦੀ ਜਾਣਕਾਰੀ ਸਿਰਫ ਚੋਣਾਂ ਕਰਵਾਉਣ ਵਾਲੀ ਕੰਪਨੀ ਪਾਸ ਹੀ ਰਹੇ ਅਤੇ ਉਹ ਕੰਪਨੀ ਹਰ ਧਿਰ ਦਾ ਪ੍ਰਚਾਰ ਮਟੀਰੀਅਲ ਸੰਗਤ ਤੱਕ ਪਹੁੰਚਦਾ ਕਰੇ। ਉਨ੍ਹਾਂ ਇਹ ਗੱਲ ਦੋਹਰਾਈ ਕਿ ਹਰ ਮਸਲੇ ਦਾ ਹੱਲ ਦੁਵੱਲੀ ਗੱਲਬਾਤ ਰਾਹੀਂ ਕਰਨ ਦੇ ਹਾਮੀ ਰਹੇ ਹਨ ਅਤੇ ਹੁਣ ਵੀ ਇਸ ਖਾਤਰ ਤਿਆਰ ਹਨ।

## ਬੇਕਰਜ਼ਫੀਲਡ ਵਿਚ ਕਬੱਡੀ ਕੱਪ 15 ਨੂੰ

**ਬੇਕਰਜ਼ਫੀਲਡ (ਬਿਊਰੋ):** ਸਥਾਨਕ ਪੰਜਾਬੀ ਭਾਈਚਾਰੇ ਵਲੋਂ ਸਾਂਝੇ ਤੌਰ 'ਤੇ ਦੂਜਾ ਕਬੱਡੀ ਕੱਪ ਆਉਂਦੀ 15 ਅਕਤੂਬਰ ਸਨਿਚਰਵਾਰ ਨੂੰ ਇਥੇ ਗੁਰਦੁਆਰਾ ਸ੍ਰੀ ਅੰਗਦ ਦਰਬਾਰ (8100 ਸਟਾਈਨ ਰੋਡ) ਦੀਆਂ ਗਰਾਊਂਡਾਂ ਵਿਚ ਸਵੇਰੇ 9 ਵਜੇ ਤੋਂ ਸ਼ਾਮ 6 ਵਜੇ ਤੱਕ ਕਰਵਾਇਆ ਜਾ ਰਿਹਾ ਹੈ।

ਇਸ ਕਬੱਡੀ ਕੱਪ ਮੇਲੇ ਦੌਰਾਨ ਕਬੱਡੀ ਓਪਨ ਦਾ ਪਹਿਲਾ ਇਨਾਮ 5100 ਡਾਲਰ ਅਤੇ ਦੂਜਾ 3100 ਡਾਲਰ ਦਾ ਹੋਵੇਗਾ। ਕਬੱਡੀ ਅੰਡਰ 21 ਲਈ ਪਹਿਲਾ ਇਨਾਮ 2100 ਡਾਲਰ ਅਤੇ ਦੂਜਾ 1100 ਡਾਲਰ ਹੋਵੇਗਾ। ਇਸ ਕਬੱਡੀ ਟੂਰਨਾਮੈਂਟ ਵਿਚ ਕੈਲੀਫੋਰਨੀਆਂ ਦੀਆਂ ਸਾਰੀਆਂ ਨਾਮੀ ਟੀਮਾਂ ਵਲੋਂ ਹਿੱਸਾ ਲਏ ਜਾਣ ਦੀ ਸੰਭਾਵਨਾ ਹੈ। ਇਸ ਮੇਲੇ ਦੌਰਾਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਹੋਰ ਜਾਣਕਾਰੀ ਲਈ ਜੱਸੀ ਗਿੱਲ ਫੋਨ 661-331-6766, ਜੀਤਾ ਮਾਣਕ 661-444-7799 ਜਾਂ ਜੀਤਾ ਢਿੱਲੋਂ ਫੋਨ 661-472-3717 ਨਾਲ ਸੰਪਰਕ ਕੀਤਾ ਜਾ ਸਕਦਾ ਹੈ।




Short Sale Specialist

We Can Sell Your Home in Short Sale at No Cost to You



For Buying & Selling Residential And For Loans

Call: Sohanpreet 'Sam' Chahal

@916-612-5773

Serving from Bay Area to Sacramento

Sohanpreet (Sam) Chahal
CA Lic. 01504071
Realtor/Notary Public
email:samchahal@hotmail.com

Call for free listing of Reo-Bankowned Properties

Multi-Million Dollars Producer-2007, 2008 & 2009

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ, ਕੈਲੀਫੋਰਨੀਆ
ਜੋਰਦਾਰ ਮੰਗ 'ਤੇ ਹੁਣ ਯੂਬਾ ਸਿਟੀ ਲੋਕੇਸ਼ਨ ਵੀ ਸ਼ੁਰੂ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

4585 Pell Dr. Secramento CA, 95838

# ਸ਼੍ਰੋਮਣੀ ਕਮੇਟੀ ਵੱਲੋਂ ਅਮਰੀਕਾ 'ਚ ਪ੍ਰੈਸ ਲਾਉਣ ਦਾ ਮਾਮਲਾ ਲਟਕਿਆ

**ਅੰਮ੍ਰਿਤਸਰ: (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਕਮੇਟੀ ਵੱਲੋਂ ਅਮਰੀਕਾ ਵਿਖੇ ਸਿੱਖ ਮਿਸ਼ਨ ਕੇਂਦਰ ਕਾਇਮ ਕਰਨ ਤੇ ਗੁਰੂ ਗ੍ਰੰਥ ਸਾਹਿਬ ਦੀ ਪ੍ਰਕਾਸ਼ਨਾ ਲਈ ਪ੍ਰਿੰਟਿੰਗ ਪ੍ਰੈਸ ਲਾਉਣ ਦਾ ਮਾਮਲਾ ਫਿਲਹਾਲ ਠੰਡੇ ਬਸਤੇ ਵਿਚ ਪੈ ਗਿਆ ਹੈ। ਇਸ ਮਾਮਲੇ 'ਚ ਸ਼੍ਰੋਮਣੀ ਕਮੇਟੀ ਵਲੋਂ ਲੋੜੀਂਦੀ ਰਕਮ ਦੇ ਤਬਾਦਲੇ ਲਈ ਆਰ.ਬੀ.ਆਈ. (ਰਿਜ਼ਰਵ ਬੈਂਕ ਆਫ ਇੰਡੀਆ) ਕੋਲੋਂ ਪ੍ਰਵਾਨਗੀ ਮੰਗੀ ਗਈ ਸੀ ਜਿਸ ਨੇ ਅਗਾਂਹ ਇਹ ਮਾਮਲਾ ਵਿੱਤ ਮੰਤਰਾਲਾ ਸਮੇਤ ਗ੍ਰਹਿ ਮੰਤਰਾਲੇ ਤੇ ਵਿਦੇਸ਼ ਮੰਤਰਾਲੇ ਕੋਲ ਭੇਜ ਦਿੱਤਾ। ਹੁਣ ਤਕ ਇਸ ਮਾਮਲੇ ਦਾ ਸਬੰਧਤ ਵਿਭਾਗ ਵੱਲੋਂ ਨਾ ਤਾਂ ਕੋਈ ਜਵਾਬ ਆਇਆ ਹੈ ਤੇ ਨਾ ਹੀ ਸ਼੍ਰੋਮਣੀ ਕਮੇਟੀ ਵਲੋਂ ਇਸ ਮਾਮਲੇ ਨੂੰ ਅਗਾਂਹ ਤੋਰਨ ਲਈ ਕੋਈ ਵਿਸ਼ੇਸ਼ ਦਿਲਚਸਪੀ ਦਿਖਾਈ ਗਈ ਹੈ। ਇਸ ਦੇ ਸਿੱਟੇ ਵਜੋਂ ਇਹ ਮਾਮਲਾ ਫਿਲਹਾਲ ਲਟਕ ਗਿਆ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਤਕਰੀਬਨ ਡੇਢ ਸਾਲ ਪਹਿਲਾਂ ਜ਼ੋਰ ਸ਼ੋਰ ਨਾਲ ਐਲਾਨ ਕੀਤਾ ਗਿਆ ਸੀ ਕਿ ਉਹ ਅਮਰੀਕਾ ਸਥਿਤ ਵਾਸ਼ਿੰਗਟਨ ਡੀ.ਸੀ. ਵਿਖੇ ਵਾਈਟ ਹਾਉਸ ਦੇ ਨੇੜੇ ਆਪਣਾ ਸਿੱਖ ਮਿਸ਼ਨ ਕੇਂਦਰ ਕਾਇਮ ਕਰੇਗੀ। ਇਸੇ ਤਰ੍ਹਾਂ ਅਮਰੀਕਾ ਦੇ ਸੂਬੇ ਨਾਰਥ ਕੈਰੋਲੀਨਾ ਵਿਖੇ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਕਾਸ਼ਨਾ ਲਈ ਆਪਣੀ ਪ੍ਰਿੰਟਿੰਗ ਪ੍ਰੈਸ ਲਾਈ ਜਾਵੇਗੀ, ਜਿਥੇ ਪਾਵਨ ਸਰੂਪਾਂ ਦੀ ਪ੍ਰਕਾਸ਼ਨਾ ਹੋਵੇਗੀ ਤੇ ਉਥੋਂ ਹੀ ਹੋਰ ਮੁਲਕਾਂ 'ਚ ਰਹਿੰਦੇ ਸਿੱਖਾਂ ਨੂੰ ਪਾਵਨ ਸਰੂਪ ਭੇਜੇ ਜਾਣਗੇ।

ਇਥੇ ਦੱਸਣਯੋਗ ਹੈ ਕਿ ਵਾਸ਼ਿੰਗਟਨ ਡੀ.ਸੀ. ਵਿਖੇ ਵਾਈਟ ਹਾਊਸ ਨੇੜੇ ਗੁਰਦੁਆਰਾ ਹੈ। ਇਸ ਗੁਰਦੁਆਰੇ ਦੀ ਜਗ੍ਹਾ ਅਮਰੀਕਾ ਵਾਸੀ ਸਿੱਖਾਂ ਵੱਲੋਂ ਖਰੀਦੀ ਗਈ ਸੀ ਤੇ ਇਮਾਰਤ ਦੀ ਉਸਾਰੀ ਲਈ ਕਰਜ਼ਾ ਲਿਆ ਗਿਆ ਸੀ। ਇਹ ਜਗ੍ਹਾ ਅਹਿਮ ਜਗ੍ਹਾ ਹੈ। ਇਸ ਦੇ ਨੇੜੇ ਹੀ ਵਾਈਟ ਹਾਊਸ ਹੈ। ਮੌਜੂਦਾ ਹਾਲਤ ਵਿਚ ਇਸ ਗੁਰਦੁਆਰੇ ਦੇ ਪ੍ਰਬੰਧਕ ਬੈਂਕ ਦਾ ਕਰਜ਼ਾ ਮੋੜਨ ਵਿਚ ਅਸਮਰੱਥ ਮਹਿਸੂਸ ਕਰ ਰਹੇ ਹਨ ਜਿਸ ਦੇ ਸਿੱਟੇ ਵਜੋਂ ਉਨ੍ਹਾਂ ਇਹ ਜਗ੍ਹਾ ਸ਼੍ਰੋਮਣੀ ਕਮੇਟੀ ਨੂੰ ਲੈਣ ਦੀ ਪੇਸ਼ਕਸ਼ ਕੀਤੀ ਸੀ। ਸ਼੍ਰੋਮਣੀ ਕਮੇਟੀ ਨੇ ਕੀਤਾ ਸੀ। ਇਸੇ ਤਰ੍ਹਾਂ ਨਾਰਥ ਕੈਰੋਲੀਨਾ ਵਿਖੇ ਰਹਿੰਦੇ ਸਿੱਖ ਵਿਅਕਤੀ ਨੇ ਆਪਣੀ ਜ਼ਮੀਨ ਸ਼੍ਰੋਮਣੀ ਕਮੇਟੀ ਨੂੰ ਪ੍ਰਿੰਟਿੰਗ ਪ੍ਰੈਸ ਲਾਉਣ ਵਾਸਤੇ ਦਾਨ ਵਜੋਂ ਦੇਣ ਦੀ ਪੇਸ਼ਕਸ਼ ਕੀਤੀ ਸੀ। ਇਨ੍ਹਾਂ ਦੋਵਾਂ ਮਾਮਲਿਆਂ ਦੀ ਜਾਂਚ ਕਰਨ ਤੇ ਅਗਲੇਰੀ ਕਾਰਵਾਈ ਲਈ ਸ਼੍ਰੋਮਣੀ ਕਮੇਟੀ ਵੱਲੋਂ ਦੋ ਵਫਦ ਅਮਰੀਕਾ ਭੇਜੇ ਗਏ ਸਨ। ਇਕ ਵਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ, ਸਕੱਤਰ ਤੇ ਹੋਰ ਅਮਰੀਕਾ ਹੋ ਕੇ ਆਏ ਸਨ ਤੇ ਇਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੁਜੀਤ ਸਿੰਘ ਵਿਰਕ ਤੇ ਸਾਬਕਾ ਸਕੱਤਰ ਜੋਗਿੰਦਰ ਸਿੰਘ ਅਦਲੀਵਾਲ ਨੇ ਦੌਰਾ ਕੀਤਾ ਸੀ। ਇਸ ਤੋਂ ਬਾਅਦ ਹੀ ਸ਼੍ਰੋਮਣੀ ਕਮੇਟੀ ਵੱਲੋਂ ਅਗਲੀ ਚਾਰਾਜੋਈ ਲਈ ਯਤਨ ਆਰੰਭੇ ਗਏ ਸਨ।

ਮਿਲੀ ਜਾਣਕਾਰੀ ਅਨੁਸਾਰ ਸ਼੍ਰੋਮਣੀ ਕਮੇਟੀ ਵੱਲੋਂ ਇਸ ਮਾਮਲੇ ਵਿਚ ਹੁਣ ਤਕ ਢਿੱਲਮੱਠ ਵਾਲਾ ਰੁਖ ਅਖ਼ਤਿਆਰ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਨੇ ਇਸ ਮਾਮਲੇ ਵਿਚ ਕੇਂਦਰ ਸਰਕਾਰ ਦੇ ਸਬੰਧਤ ਮੰਤਰਾਲਿਆਂ ਨਾਲ ਮਾਮਲੇ ਨੂੰ ਰਫ਼ਤਾਰ ਦੇਣ ਲਈ ਅਗਲੀ ਕੋਈ ਕਾਰਵਾਈ ਨਹੀਂ ਕੀਤੀ ਹੈ। ਇਹ ਮਾਮਲਾ ਹੁਣ ਵੀ ਜਿਵੇਂ ਦਾ ਤਿਵੇਂ ਲਟਕਿਆ ਹੋਇਆ ਹੈ। ਦੂਜੇ ਪਾਸੇ ਅਮਰੀਕਾ ਸਥਿਤ ਗੁਰਦੁਆਰੇ ਦੇ ਪ੍ਰਬੰਧਕ ਵੀ ਸ਼੍ਰੋਮਣੀ ਕਮੇਟੀ ਦੇ ਇਸ ਸੁਸਤ ਰਵੱਈਏ ਤੋਂ ਨਿਰਾਸ਼ ਹੋਏ ਹਨ।ਪਰ ਉਹ ਅਜੇ ਵੀ ਸ਼੍ਰੋਮਣੀ ਕਮੇਟੀ ਦੀ ਕਾਰਵਾਈ ਦੀ ਉਡੀਕ ਕਰ ਰਹੇ ਹਨ। ਜੇਕਰ ਸ਼੍ਰੋਮਣੀ ਕਮੇਟੀ ਵਲੋਂ ਸੁਸਤ ਰਵੱਈਆ ਨਾ ਬਦਲਿਆ ਗਿਆ ਤਾਂ ਇਹ ਮੌਕਾ ਖੁੰਝ ਜਾਵੇਗਾ।

ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਸਬੰਧਤ ਰਕਮ ਦੇ ਤਬਾਦਲੇ ਲਈ ਆਰ.ਬੀ.ਆਈ. ਤੋਂ ਪ੍ਰਵਾਨਗੀ ਮੰਗੀ ਸੀ ਤੇ ਆਰ.ਬੀ.ਆਈ. ਨੇ ਇਹ ਮਾਮਲਾ ਅਗਾਂਹ ਗ੍ਰਹਿ ਮੰਤਰਾਲੇ ਤੇ ਵਿਦੇਸ਼ ਮੰਤਰਾਲੇ ਨੂੰ ਭੇਜ ਦਿੱਤਾ ਹੈ। ਉਨ੍ਹਾਂ ਦਸਿਆ ਕਿ ਕੇਂਦਰ ਸਰਕਾਰ ਦੇ ਸਬੰਧਤ ਵਿਭਾਗਾਂ ਨੇ ਹੁਣ ਤਕ ਇਸ ਬਾਰੇ ਕੋਈ ਜੁਆਬ ਨਹੀਂ ਦਿੱਤਾ ਹੈ। ਸਬੰਧਤ ਵਿਭਾਗਾਂ ਵੱਲੋਂ ਜੁਆਬ ਮਿਲਣ ਉਪਰੰਤ ਹੀ ਅਗਲੀ ਕਾਰਵਾਈ ਕੀਤੀ ਜਾਵੇਗੀ।

**ਕੇਂਦਰ ਸਰਕਾਰ ਵੱਲੋਂ ਮੱਠਾ ਹੁੰਗਾਰਾ**



ਇਥੇ ਸਿੱਖ ਮਿਸ਼ਨ ਕੇਂਦਰ ਕਾਇਮ ਕਰਕੇ ਵੱਖ-ਵੱਖ ਮੁਲਕਾਂ ਵਿਚ ਸਿੱਖੀ ਪ੍ਰਚਾਰ ਕਰਨ ਦਾ ਫੈਸਲਾ

# ਕੈਪਟਨ ਸਰਕਾਰ ਨੇ ਵੀ ਦਿੱਤੇ ਸਨ 'ਪੰਜਾਬ ਟੂਡੇ' ਨੂੰ ਗੱਫੇ

**ਚੰਡੀਗੜ੍ਹ:** ਪੰਜਾਬ ਵਿਚ ਕਾਂਗਰਸ ਦੀ ਕੈਪਟਨ ਅਮਰਿੰਦਰ ਸਿੰਘ ਵਾਲੀ ਸਰਕਾਰ ਵੇਲੇ ਪੰਜਾਬੀ ਚੈਨਲ 'ਪੰਜਾਬ ਟੂਡੇ' ਤੇ 'ਬੱਲੇ-ਬੱਲੇ' ਨੂੰ ਵੀ ਇਸ਼ਤਿਹਾਰਬਾਜ਼ੀ ਦੇ ਰੂਪ ਵਿਚ ਮੋਟੇ ਗੱਫੇ ਦਿੱਤੇ ਗਏ ਸਨ। ਹਾਸਲ ਜਾਣਕਾਰੀ ਅਨੁਸਾਰ ਪੰਜਾਬ ਐਗਰੋ ਫੂਡ ਕਾਰਪੋਰੇਸ਼ਨ, ਮਿਲਕਫੈੱਡ, ਮਾਰਕਫੈੱਡ ਤੇ ਡਾਇਰੈਕਟੋਰੇਟ, ਛੋਟੀਆਂ ਬੱਚਤਾਂ ਵੱਲੋਂ ਇਨ੍ਹਾਂ ਚੈਨਲਾਂ ਨੂੰ ਤਕਰੀਬਨ 20 ਕਰੋੜ ਰੁਪਏ ਦੇ ਇਸ਼ਤਿਹਾਰ ਦਿੱਤੇ ਗਏ ਸਨ।

ਪੰਜਾਬ ਕਾਂਗਰਸ ਦੇ ਪ੍ਰਧਾਨ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਆਪਣੇ ਰਾਜ ਦੌਰਾਨ ਨਾ ਤਾਂ ਆਪਣਾ ਕੋਈ ਚੈਨਲ ਚਲਾਇਆ ਸੀ ਤੇ ਨਾ ਹੀ ਕਿਸੇ ਚੈਨਲ 'ਤੇ ਹੁਣ ਵਾਂਗ ਰੋਕ ਹੀ ਲਾਈ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਰਾਜ ਦੌਰਾਨ ਹਰੇਕ ਮੀਡੀਆ ਗਰੁੱਪ ਨੂੰ ਤੈਅ ਨੀਤੀ ਤਹਿਤ ਇਸ਼ਤਿਹਾਰ ਦਿੱਤੇ ਜਾਂਦੇ ਸਨ। ਉਨ੍ਹਾਂ ਦੋਸ਼ ਲਾਇਆ ਕਿ ਹੁਣ ਚੱਲ ਰਹੇ ਪੰਜਾਬੀ ਪੀ.ਟੀ.ਸੀ. ਚੈਨਲ 'ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਮਲਕੀਅਤ ਹੈ ਤੇ ਉਨ੍ਹਾਂ ਨੇ ਬਾਕੀ ਚੈਨਲਾਂ 'ਤੇ ਅਸਿੱਧੇ ਢੰਗ ਨਾਲ ਰੋਕ ਲਾਈ ਹੋਈ ਹੈ।

ਹਾਸਲ ਜਾਣਕਾਰੀ ਅਨੁਸਾਰ ਪੰਜਾਬ ਐਗਰੋ ਵੱਲੋਂ ਇਸ ਚੈਨਲ ਨੂੰ ਪਿਛਲੀ ਸਰਕਾਰ ਵੇਲੇ ਤਕਰੀਬਨ ਅੱਠ ਕਰੋੜ ਰੁਪਏ ਇਸ਼ਤਿਹਾਰਬਾਜ਼ੀ ਦੇ ਇਵਜ਼ ਵਜੋਂ ਅਦਾਇਗੀ ਕੀਤੀ ਗਈ ਸੀ। ਪੰਜਾਬ ਐਗਰੋ ਵੱਲੋਂ ਐਸ.ਟੀ.ਵੀ. ਐਂਟਰਪ੍ਰਾਈਜ਼ਿਜ਼ ਕੰਪਨੀ ਦਿੱਲੀ ਨੂੰ 'ਪੰਜਾਬ ਟੂਡੇ' ਤੇ 'ਬੱਲੇ-ਬੱਲੇ' ਟੀ.ਵੀ. ਚੈਨਲਾਂ ਨੂੰ ਇਸ਼ਤਿਹਾਰ ਦੇਣ ਦੇ ਇਵਜ਼ ਵਜੋਂ ਐਡਵਾਂਸ ਵਿਚ ਪੇਮੈਂਟ ਕਰਨ ਬਾਰੇ ਵੀ ਜਾਣਕਾਰੀ ਮਿਲੀ ਹੈ। ਸੂਤਰਾਂ ਅਨੁਸਾਰ ਇਹ ਇਸ਼ਤਿਹਾਰਬਾਜ਼ੀ 200 ਰੁਪਏ ਪ੍ਰਤੀ ਸਕਿੰਟ ਦੇ ਆਧਾਰ 'ਤੇ ਦਿੱਤੀ ਜਾਂਦੀ ਸੀ। ਹੋਰ ਜਾਣਕਾਰੀ ਅਨੁਸਾਰ ਪੰਜਾਬ ਐਗਰੋ ਵੱਲੋਂ ਐਸ.ਟੀ.ਵੀ. ਐਂਟਰਪ੍ਰਾਈਜ਼ਿਜ਼ ਦਿੱਲੀ ਨੂੰ ਐਡਵਾਂਸ ਵਿਚ ਕੀਤੀਆਂ ਅਦਾਇਗੀਆਂ ਅਨੁਸਾਰ ਇਸ਼ਤਿਹਾਰਬਾਜ਼ੀ ਨਾ ਹੋਣ ਕਾਰਨ ਪਿਛਲੇ ਸਮੇਂ ਤੋਂ ਪੰਜਾਬ ਐਗਰੋ ਫੂਡ ਕਾਰਪੋਰੇਸ਼ਨ ਵੱਲੋਂ ਐਸ.ਟੀ.ਵੀ. ਐਂਟਰਪ੍ਰਾਈਜ਼ਿਜ਼ ਕੰਪਨੀ ਵਿਰੁੱਧ 14 ਅਪਰਾਧਕ ਕੇਸ ਦਰਜ ਕਰਵਾ ਕੇ ਬਕਾਇਆ ਰਹਿੰਦੀ 15 ਲੱਖ ਰੁਪਏ ਦੀ ਰਾਸ਼ੀ ਹਾਸਲ ਕਰਨ ਲਈ ਕਾਨੂੰਨੀ ਚਾਰਜੋਈ ਕੀਤੀ ਜਾ ਰਹੀ ਹੈ। ਇਸ ਅਦਾਰੇ ਵੱਲੋਂ 15 ਲੱਖ ਮੂਲ ਤੇ ਵਿਆਜ ਸਮੇਤ ਕੁੱਲ 76 ਲੱਖ ਰੁਪਏ ਦਾ ਦਾਅਵਾ ਪਾਇਆ ਗਿਆ ਹੈ।

ਇਹ ਮਾਮਲਾ ਫਿਲਹਾਲ ਅਦਾਲਤ ਵਿਚ ਚੱਲ ਰਿਹਾ ਹੈ। ਪੰਜਾਬ ਐਗਰੋ ਵੱਲੋਂ ਇਹ ਇਸ਼ਤਿਹਾਰਬਾਜ਼ੀ ਕੰਟਰੈਕਟ ਫਾਰਮਿੰਗ ਪ੍ਰੋਗਰਾਮ ਦੇ ਪ੍ਰਸਾਰ ਲਈ ਦਿੱਤੀ ਗਈ ਸੀ। ਮਿਲਕਫੈੱਡ ਵੱਲੋਂ ਇਸ ਚੈਨਲ ਨੂੰ ਸਾਲ 2002 ਤੋਂ 2005 ਤੱਕ 69.71 ਲੱਖ ਰੁਪਏ ਦੇ ਇਸ਼ਤਿਹਾਰ ਦਿੱਤੇ ਸਨ। ਚੈਨਲ ਪੰਜਾਬ ਟੂਡੇ ਤੇ ਬੱਲੇ-ਬੱਲੇ ਨੂੰ ਇਸ਼ਤਿਹਾਰ ਦੇਣ ਵਿਚ ਪੰਜਾਬ ਰਾਜ ਸਹਿਕਾਰੀ ਸਪਲਾਈ ਤੇ ਮੰਡੀਕਰਨ ਫੈਡਰੇਸ਼ਨ (ਮਾਰਕਫੈੱਡ) ਵੀ ਪਿੱਛੇ ਨਹੀਂ ਰਿਹਾ।

ਇਸ ਅਦਾਰੇ ਵੱਲੋਂ ਚੈਨਲ ਪੰਜਾਬ ਟੂਡੇ ਨੂੰ 2002 ਤੋਂ 2007 ਤੱਕ 3,86,86,990 ਰੁਪਏ ਦੇ ਇਸ਼ਤਿਹਾਰ ਦਿੱਤੇ ਗਏ ਸਨ। ਇਸ ਸਮੇਂ ਦੌਰਾਨ ਮਾਰਕਫੈੱਡ ਵੱਲੋਂ ਚੈਨਲ ਬੱਲੇ-ਬੱਲੇ ਨੂੰ 3,73,48,240 ਰੁਪਏ ਦੇ ਇਸ਼ਤਿਹਾਰ ਦਿੱਤੇ ਗਏ ਸਨ। ਇਸੇ ਤਰ੍ਹਾਂ ਡਾਇਰੈਕਟਰ ਛੋਟੀਆਂ ਬੱਚਤਾਂ ਪੰਜਾਬ ਵੱਲੋਂ 2002-07 ਦੌਰਾਨ ਐਸ.ਟੀ.ਵੀ. ਐਂਟਰਪ੍ਰਾਈਜ਼ਿਜ਼ (ਪੰਜਾਬ ਟੂਡੇ ਅਤੇ ਬੱਲੇ-ਬੱਲੇ ਚੈਨਲਾਂ) ਨੂੰ ਕਰੀਬ 3.05 ਕਰੋੜ ਰੁਪਏ ਦੇ ਇਸ਼ਤਿਹਾਰ ਦਿੱਤੇ ਗਏ ਸਨ।

ਜ਼ਿਕਰਯੋਗ ਹੈ ਕਿ ਐਗਰੋ ਪੰਜਾਬ ਦੇ ਉਸ ਵੇਲੇ ਦੇ ਮੈਨੇਜਿੰਗ ਡਾਇਰੈਕਟਰ ਨੇ ਸਰਕਾਰੀ ਰਿਕਾਰਡ 'ਤੇ ਕਿਹਾ ਸੀ ਕਿ ਪੰਜਾਬ ਐਗਰੋ ਫੂਡ ਗਰੇਨ ਕਾਰਪੋਰੇਸ਼ਨ ਸਾਲ ਵਿਚ 25-30 ਲੱਖ ਰੁਪਏ ਤੋਂ ਵੱਧ ਦੇ ਇਸ਼ਤਿਹਾਰ ਦੇਣ ਦੀ ਸਮੱਰਥਾ ਨਹੀਂ ਰੱਖਦੀ ਪਰ ਉਚ ਪੱਧਰ 'ਤੇ ਇਸ ਤੱਥ ਨੂੰ ਅੱਖੋਂ ਪਰੋਖੇ ਕਰਕੇ ਚੈਨਲ ਨੂੰ ਵੱਡੇ ਪੱਧਰ 'ਤੇ ਇਸ਼ਤਿਹਾਰ ਦਿੱਤੇ ਗਏ ਸਨ।






# ਐਡਵੋਕੇਟ ਜਨਰਲ ਨੇ ਬਾਦਲ ਸਰਕਾਰ ਨੂੰ ਕਸੂਤਾ ਫਸਾਇਆ

**ਚੰਡੀਗੜ੍ਹ:** ਪੰਜਾਬ ਦੇ ਐਡਵੋਕੇਟ ਜਨਰਲ ਬਲਦੇਵ ਸਿੰਘ ਵੱਲੋਂ ਅਸਤੀਫ਼ਾ ਦੇਣ ਤੋਂ ਬਾਅਦ ਐਡਵੋਕੇਟ ਜਨਰਲ ਦਾ ਦਫ਼ਤਰ ਫਿਰ ਸੁਰਖੀਆਂ ਵਿਚ ਆ ਗਿਆ ਹੈ। ਸ. ਬਲਦੇਵ ਸਿੰਘ ਨੇ ਅਸਤੀਫ਼ਾ ਦੇਣ ਲੱਗਿਆਂ ਸਰਕਾਰ 'ਤੇ ਕਈ ਗੰਭੀਰ ਦੋਸ਼ ਲਾਏ ਹਨ। ਭਾਵੇਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਐਡਵੋਕੇਟ ਜਨਰਲ ਬਲਦੇਵ ਸਿੰਘ ਦੇ ਕੰਮ ਵਿਚ ਉਨ੍ਹਾਂ ਦੀ ਕੋਈ ਦਖ਼ਲਅੰਦਾਜ਼ੀ ਨਹੀਂ ਸੀ ਤੇ ਨਾ ਹੀ ਕੋਈ ਸਿਆਸੀ ਦਬਾਅ ਪਾਇਆ ਗਿਆ ਸੀ ਪਰ ਪੀ.ਪੀ.ਪੀ. ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਇਹ ਅਸਤੀਫਾ ਮੌਜੂਦਾ ਸਰਕਾਰ 'ਤੇ ਵੱਡਾ ਦਾਗ ਹੈ ਤੇ ਇਸ ਨੇ ਇਹ ਵੀ ਸਾਬਤ ਕਰ ਦਿੱਤਾ ਹੈ ਕਿ ਬਾਦਲ ਸੇਵਾ ਨਹੀਂ ਰਾਜ ਕਰਦੇ ਹਨ ਤੇ ਪ੍ਰਸ਼ਾਸਨਿਕ ਅਧਿਕਾਰੀਆਂ 'ਤੇ ਦਬਾਅ ਬਣਾ ਕੇ ਕਾਨੂੰਨ ਨੂੰ ਭੁਲੇਖੇ 'ਚ ਰੱਖਣ ਦੀ ਕੋਸ਼ਿਸ਼ ਕਰਦੇ ਹਨ।

ਇਹ ਗੱਲ ਸਾਹਮਣੇ ਆਈ ਹੈ ਕਿ ਬਿਜਲੀ ਨਿਗਮ ਤੋਂ ਹੁੰਦੀ ਕਮਾਈ ਇਸ ਨਵੇਂ ਵਿਵਾਦ ਦਾ ਆਧਾਰ ਬਣੀ ਹੈ। ਵਧੀਕ ਐਡਵੋਕੇਟ ਜਨਰਲ ਰੁਪਿੰਦਰ ਸਿੰਘ ਖੋਸਲਾ ਜੋ ਕਈ ਮਹੀਨੇ ਕਾਰਜਕਾਰੀ ਐਡਵੋਕੇਟ ਜਨਰਲ ਰਹਿ ਚੁੱਕੇ ਹਨ, ਨੇ ਗੱਲਬਾਤ ਦੌਰਾਨ ਬਿਜਲੀ ਨਿਗਮਾਂ ਦੇ ਅਦਾਲਤੀ ਕੇਸਾਂ ਬਾਰੇ ਸ਼ੱਕੀ ਗੱਲ ਤਾਂ ਕੀਤੀ ਪਰ ਉਨ੍ਹਾਂ ਨੇ ਖੁੱਲ੍ਹ ਕੇ ਕੁਝ ਵੀ ਕਹਿਣ ਤੋਂ ਇਨਕਾਰ ਕਰ ਦਿੱਤਾ।

ਜ਼ਿਕਰਯੋਗ ਹੈ ਕਿ ਸ. ਬਲਦੇਵ ਸਿੰਘ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਮੁੱਖ ਮੰਤਰੀ ਦੇ ਕਾਨੂੰਨੀ ਸਲਾਹਕਾਰ ਨਿਯੁਕਤ ਕੀਤੇ ਹਰਦੇਵ ਸਿੰਘ ਮੱਤੇਵਾਲ ਦੇ ਬਿਮਾਰ ਹੋਣ ਤੋਂ ਬਾਅਦ ਇਹ ਦਫ਼ਤਰ ਕਿਸੇ ਨਾ ਕਿਸੇ ਕਾਰਨ ਚਰਚਾ ਵਿਚ ਹੀ ਰਿਹਾ ਹੈ। ਸ. ਰੁਪਿੰਦਰ ਖੋਸਲਾ ਕਈ ਮਹੀਨੇ ਕਾਰਜਕਾਰੀ ਐਡਵੋਕੇਟ ਜਨਰਲ ਰਹੇ। ਪੰਜਾਬ ਸਰਕਾਰ ਨੇ ਕੁਝ ਮਹੀਨੇ ਪਹਿਲਾਂ ਹੀ ਸ. ਬਲਦੇਵ ਸਿੰਘ ਨੂੰ ਇਹ ਅਹੁਦਾ ਦਿੱਤਾ ਸੀ।ਪੀਪਲਜ਼ ਪਾਰਟੀ ਆਫ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਬਲਦੇਵ ਸਿੰਘ ਵੱਲੋਂ ਦਿੱਤੇ ਅਸਤੀਫੇ ਦਾ ਸਵਾਗਤ ਕੀਤਾ ਹੈ।

ਉਨ੍ਹਾਂ ਕਿਹਾ ਕਿ ਇਹ ਗੱਲ ਦੀ ਖ਼ੁਸ਼ੀ ਹੈ ਕਿ ਬਲਦੇਵ ਸਿੰਘ ਨੇ ਆਪਣੀ ਗੈਰਤ ਤੇ ਇਸ ਅਦਾਰੇ ਦੀ ਮਾਣ-ਮਰਿਆਦਾ ਨੂੰ ਬਰਕਰਾਰ ਰੱਖਦਿਆਂ ਅਹੁਦੇ ਤੋਂ ਅਸਤੀਫਾ ਦਿੱਤਾ ਹੈ। ਸ. ਬਾਦਲ ਨੇ ਕਿਹਾ ਕਿ ਉਹ ਇਸ ਫੈਸਲੇ ਦੀ ਸ਼ਲਾਘਾ ਕਰਦੇ ਹਨ ਕਿਉਂਕਿ ਉਨ੍ਹਾਂ ਦਾ ਇਹ ਫੈਸਲਾ ਹੋਰਾਂ ਲਈ ਵੀ ਜਾਗਰੂਕਤਾ ਦਾ ਕੰਮ ਕਰੇਗਾ ਜੋ ਅੱਜ ਦੀ ਸਰਕਾਰ ਦੇ ਦਬਾਅ ਹੇਠ ਕੰਮ ਕਰ ਰਹੇ ਹਨ।

ਉਨ੍ਹਾਂ ਕਿਹਾ ਕਿ ਐਡਵੋਕੇਟ ਜਨਰਲ ਸੀਨੀਅਰ ਕਾਨੂੰਨੀ ਅਧਿਕਾਰੀ ਹੁੰਦਾ ਹੈ ਜੋ ਹਾਈ ਕੋਰਟ ਸਾਹਮਣੇ ਸਰਕਾਰ ਦੇ ਨੁਮਾਇੰਦੇ ਵਜੋਂ ਪੇਸ਼ ਹੁੰਦਾ ਹੈ। ਸੂਬਾ ਸਰਕਾਰ ਵੱਲੋਂ ਅਜਿਹੇ ਰੁਤਬੇ 'ਤੇ ਬੈਠੇ ਵਿਅਕਤੀ ਪ੍ਰਤੀ ਵਿਖਾਇਆ ਵਤੀਰਾ ਬਹੁਤ ਹੀ ਮੰਦਭਾਗਾ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਸਰਕਾਰ ਦੀ ਵੱਡੀ ਪ੍ਰਸ਼ਾਸਨਿਕ ਕਮਜ਼ੋਰੀ ਜੱਗ-ਜ਼ਾਹਿਰ ਹੋਈ ਹੈ।

**ਅਸਤੀਫ਼ਾ ਦੇਣ ਤੋਂ ਬਾਅਦ ਸਰਕਾਰ 'ਤੇ ਗੰਭੀਰ ਦੋਸ਼ ਲਾਏ**

# ਪੰਜਾਬ ਦੀਆਂ ਜੇਲ੍ਹਾਂ 'ਚ ਕਰੋੜਾਂ ਰੁਪਏ ਦੀਆਂ ਸਿਗਰਟਾਂ ਦੀ ਖਪਤ

**ਚੰਡੀਗੜ੍ਹ:(ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਸਰਕਾਰ ਵੱਲੋਂ ਕੈਦੀਆਂ ਲਈ ਸਿਹਤ ਸਹੂਲਤਾਂ 'ਤੇ ਕਰੋੜਾਂ ਰੁਪਏ ਖਰਚ ਕੀਤੇ ਜਾਂਦੇ ਹਨ ਪਰ ਨਾਲ ਹੀ ਜੇਲ੍ਹਾਂ ਅੰਦਰ ਬੀੜੀ/ਸਿਗਰਟ ਵੀ ਵੇਚੀ ਜਾਂਦੀ ਹੈ ਜੋ ਭਿਆਨਕ ਬਿਮਾਰੀਆਂ ਦਾ ਕਾਰਨ ਬਣਦੀ ਹੈ। ਪੰਜਾਬ ਸਰਕਾਰ ਵੱਲੋਂ ਖੁਦ ਜੇਲ੍ਹਾਂ ਵਿਚ ਕੈਦੀਆਂ ਨੂੰ ਇਸ ਨਸ਼ੇ ਦੀ ਸਹੂਲਤ ਦਿੱਤੀ ਗਈ ਹੈ ਜਿਸ ਕਾਰਨ ਦਿਨ ਰਾਤ ਜੇਲ੍ਹਾਂ ਵਿਚ ਸਿਗਰਟਾਂ ਦਾ ਧੂੰਆਂ ਉਠਦਾ ਹੈ। ਇਹੋ ਧੂੰਆਂ ਜੇਲ੍ਹਾਂ ਦੀ ਕਮਾਈ ਦਾ ਸਾਧਨ ਬਣਦਾ ਹੈ ਤੇ ਜੇਲ੍ਹ ਵਿਭਾਗ ਇਸ ਕਮਾਈ ਨੂੰ ਬੰਦੀਆਂ ਦੀ ਭਲਾਈ ਲਈ ਵਰਤਦਾ ਹੈ।

ਪੰਜਾਬ ਵਿਚ ਸੱਤ ਕੇਂਦਰੀ ਜੇਲ੍ਹਾਂ ਹਨ ਤੇ ਅੱਧੀ ਦਰਜਨ ਜ਼ਿਲ੍ਹਾ ਜੇਲ੍ਹਾਂ ਹਨ। ਇਨ੍ਹਾਂ 'ਚ ਕਰੀਬ 18 ਹਜ਼ਾਰ ਕੈਦੀ ਹਨ। ਕੈਦੀਆਂ ਨੂੰ ਜੇਲ੍ਹਾਂ ਦੀਆਂ ਕੰਟੀਨਾਂ ਤੋਂ ਬੀੜੀ/ਸਿਗਰਟ ਮਿਲਦੀ ਹੈ। ਜੇਲ੍ਹ ਦਾ ਭਲਾਈ ਅਫਸਰ ਜੇਲ੍ਹ ਕੰਟੀਨ ਦਾ ਇੰਚਾਰਜ ਹੁੰਦਾ ਹੈ। ਪੰਜਾਬ ਦੀਆਂ ਨੌਂ ਜੇਲ੍ਹਾਂ ਵਿਚ ਬੀੜੀ/ਸਿਗਰਟ ਵਿਕ ਰਹੀ ਹੈ। ਇਨ੍ਹਾਂ ਜੇਲ੍ਹਾਂ ਵਿਚ 1 ਜਨਵਰੀ 2005 ਤੋਂ ਜੁਲਾਈ 2011 ਤੱਕ ਕਰੀਬ ਇਕ ਕਰੋੜ ਰੁਪਏ ਦੀ ਬੀੜੀ/ਸਿਗਰਟ ਦੀ ਵਿਕਰੀ ਹੋ ਚੁੱਕੀ ਹੈ। ਜੇਲ੍ਹਾਂ ਵਿਚ ਰੋਜ਼ਾਨਾ ਬੰਦੀ ਔਸਤਨ 4200 ਰੁਪਏ ਦੀ ਬੀੜੀ/ਸਿਗਰਟ ਪੀ ਜਾਂਦੇ ਹਨ।

ਪੰਜਾਬ ਦੇ ਜੇਲ੍ਹ ਵਿਭਾਗ ਵੱਲੋਂ ਸੂਚਨਾ ਅਧਿਕਾਰ ਐਕਟ ਤਹਿਤ ਹਾਸਲ ਵੇਰਵਿਆਂ ਅਨੁਸਾਰ ਲੰਘੇ ਸਾਢੇ ਛੇ ਵਰ੍ਹਿਆਂ ਦੌਰਾਨ ਪਟਿਆਲਾ ਜੇਲ੍ਹ 30.04 ਲੱਖ ਰੁਪਏ ਦੀਆਂ ਬੀੜੀਆਂ/ਸਿਗਰਟ ਵੇਚ ਕੇ ਰਾਜ ਭਰ ਦੀਆਂ ਜੇਲ੍ਹਾਂ 'ਚੋਂ ਪਹਿਲੇ ਨੰਬਰ 'ਤੇ ਹੈ। ਇਸ ਸਮੇਂ ਦੌਰਾਨ ਜ਼ਿਲ੍ਹਾ ਜੇਲ੍ਹ ਹੁਸ਼ਿਆਰਪੁਰ ਦੀ ਕੰਟੀਨ ਵਾਸਤੇ ਕੁੱਲ 50.93 ਲੱਖ ਰੁਪਏ ਦਾ ਸਾਮਾਨ ਖਰੀਦਿਆ ਗਿਆ ਜਿਸ 'ਚੋਂ 17.79 ਲੱਖ ਰੁਪਏ ਦੀ ਕੇਵਲ ਬੀੜੀ/ਸਿਗਰਟ ਖਰੀਦ ਕੀਤੀ ਗਈ ਹੈ। ਇਸ ਜੇਲ੍ਹ ਨੇ ਬੀੜੀ/ਸਿਗਰਟ ਵੇਚ ਕੇ 1.77 ਲੱਖ ਰੁਪਏ ਦਾ ਮੁਨਾਫਾ ਕਮਾਇਆ ਹੈ। ਜੇਲ੍ਹ ਵਿਚ 11.52 ਲੱਖ ਰੁਪਏ ਦੀਆਂ ਬੀੜੀਆਂ ਦੀ ਵਿਕਰੀ ਕੀਤੀ ਗਈ ਤੇ 6.26 ਲੱਖ ਰੁਪਏ ਦੀਆਂ ਸਿਗਰਟਾਂ ਵੇਚੀਆਂ ਗਈਆਂ। ਕਪੂਰਥਲਾ ਜੇਲ੍ਹ ਵੱਲੋਂ ਲੰਘੇ ਸਾਢੇ ਛੇ ਵਰ੍ਹਿਆਂ ਵਿੱਚ 15.37 ਲੱਖ ਰੁਪਏ ਦੀਆਂ ਬੀੜੀਆਂ ਤੇ ਸਿਗਰਟਾਂ ਦੀ ਵਿਕਰੀ ਕੀਤੀ ਗਈ ਜਿਸ 'ਚੋਂ ਜੇਲ੍ਹ ਪ੍ਰਬੰਧਕਾਂ ਨੇ 1.53 ਲੱਖ ਰੁਪਏ ਦਾ ਮੁਨਾਫਾ ਕਮਾਇਆ ਹੈ। ਕੇਂਦਰੀ ਜੇਲ੍ਹ ਫਿਰੋਜ਼ਪੁਰ ਵੱਲੋਂ ਇਸ ਸਮੇਂ ਦੌਰਾਨ 9.04 ਲੱਖ ਰੁਪਏ ਦੀ ਬੀੜੀ ਤੇ ਸਿਗਰਟ ਵੇਚੀ ਗਈ ਹੈ ਜਦਕਿ ਸੰਗਰੂਰ ਜੇਲ੍ਹ ਨੇ 6.75 ਲੱਖ ਰੁਪਏ ਦੀ ਬੀੜੀ/ਸਿਗਰਟ ਵੇਚ ਕੇ 69,023 ਰੁਪਏ ਕਮਾਏ ਹਨ। ਕੇਂਦਰੀ ਜੇਲ੍ਹ ਲੁਧਿਆਣਾ ਵੱਲੋਂ 11.39 ਲੱਖ ਰੁਪਏ ਦੀ ਬੀੜੀ/ਸਿਗਰਟ ਵੇਚ ਕੇ 1.16 ਲੱਖ ਰੁਪਏ ਕਮਾਏ ਗਏ।

ਬੋਰਸਟਲ ਜੇਲ੍ਹ ਲੁਧਿਆਣਾ ਵੱਲੋਂ ਵੀ 7.69 ਲੱਖ ਰੁਪਏ ਦੀ ਬੀੜੀ ਤੇ ਸਿਗਰਟ ਵੇਚੀ ਗਈ ਹੈ ਤੇ ਇਸ ਤੋਂ 80,322 ਰੁਪਏ ਕਮਾਏ ਹਨ। ਜੇਲ੍ਹ ਪ੍ਰਬੰਧਕਾਂ ਨੇ ਦੱਸਿਆ ਕਿ ਜੇਲ੍ਹ ਕੰਟੀਨ ਦੀ ਕਮਾਈ ਨੂੰ ਬੰਦੀਆਂ ਦੀ ਭਲਾਈ ਲਈ ਵਰਤਿਆ ਜਾਂਦਾ ਹੈ। ਕੇਂਦਰੀ ਜੇਲ੍ਹ ਬਠਿੰਡਾ ਨੇ ਦਿੱਤੀ ਸੂਚਨਾ ਵਿਚ ਦੱਸਿਆ ਕਿ ਇਸ ਕਮਾਈ ਨੂੰ ਧਾਰਮਿਕ ਤੇ ਸਭਿਆਚਾਰਕ ਸਮਾਗਮ ਕਰਾਉਣ ਲਈ ਵਰਤਿਆ ਜਾਂਦਾ ਹੈ। ਕੇਂਦਰੀ ਜੇਲ੍ਹ ਲੁਧਿਆਣਾ ਵੱਲੋਂ ਬੀੜੀ/ਸਿਗਰਟ ਤੋਂ ਹੋਈ ਆਮਦਨ ਨੂੰ ਬੰਦੀਆਂ ਨੂੰ ਯੋਗਾ ਕਰਾਉਣ ਵਾਸਤੇ ਵਰਤਿਆ ਜਾਂਦਾ ਹੈ ਤਾਂ ਜੋ ਬੰਦੀ ਸਿਹਤ ਪੱਖੋਂ ਤੰਦਰੁਸਤ ਰਹਿਣ। ਬਰਨਾਲਾ ਦੀ ਸਬ ਜੇਲ੍ਹ 'ਚ ਕੰਟੀਨ ਪਹਿਲੀ ਜੂਨ 2011 ਤੋਂ ਸ਼ੁਰੂ ਹੋਈ ਹੈ ਤੇ ਇਸ 'ਚ ਬੀੜੀ/ਸਿਗਰਟ ਦੀ ਵਿਕਰੀ ਸ਼ੁਰੂ ਕਰ ਦਿੱਤੀ ਗਈ ਹੈ। ਰੋਪੜ ਜੇਲ੍ਹ ਵਿਚ ਪ੍ਰਬੰਧਕਾਂ ਵੱਲੋਂ ਬੀੜੀ/ਸਿਗਰਟ ਦੀ ਮਨਾਹੀ ਕੀਤੀ ਹੋਈ ਹੈ ਜਦਕਿ ਫਰੀਦਕੋਟ ਜੇਲ੍ਹ ਦੀ ਕੰਟੀਨ ਤੋਂ ਵੀ ਬੀੜੀ/ਸਿਗਰਟ ਨਹੀਂ ਮਿਲਦੀ ਹੈ। ਜਨਾਨਾ ਜੇਲ੍ਹ ਲੁਧਿਆਣਾ 'ਚ ਇਸ ਦੀ ਮਨਾਹੀ ਕੀਤੀ ਹੋਈ ਹੈ। ਸਬ ਜੇਲ੍ਹ ਮੋਗਾ ਤੇ ਫਾਜ਼ਿਲਕਾ ਵਿੱਚ ਕੰਟੀਨ ਹੀ ਨਹੀਂ ਹੈ।

ਸਰਕਾਰੀ ਸੂਤਰਾਂ ਅਨੁਸਾਰ ਕਈ ਜੇਲ੍ਹਾਂ ਵਿਚ 70 ਫੀਸਦੀ ਬੰਦੀ ਬੀੜੀ/ਸਿਗਰਟ ਪੀਂਦੇ ਹਨ। ਜੇਲ੍ਹ ਸੂਤਰਾਂ ਅਨੁਸਾਰ ਜ਼ਿਆਦਾਤਰ ਬੰਦੀਆਂ ਨੂੰ ਬੀੜੀ/ਸਿਗਰਟ ਦੀ ਲਤ ਜੇਲ੍ਹ ਵਿਚ ਆ ਕੇ ਹੀ ਲੱਗਦੀ ਹੈ। ਬਹੁਤੇ ਬੰਦੀ ਇਕੱਲਤਾ ਕਰਕੇ ਨਸ਼ੇ 'ਤੇ ਲੱਗ ਜਾਂਦੇ ਹਨ। ਜ਼ਿਕਰਯੋਗ ਹੈ ਕਿ ਕੇਂਦਰੀ ਗ੍ਰਹਿ ਮੰਤਰਾਲੇ ਨੇ 23 ਮਾਰਚ 2009 ਨੂੰ ਰਾਜਾਂ ਦੇ ਗ੍ਰਹਿ ਵਿਭਾਗ ਦੇ ਪ੍ਰਮੁੱਖ ਸਕੱਤਰਾਂ ਨੂੰ ਪੱਤਰ ਭੇਜ ਕੇ ਕਿਹਾ ਸੀ ਕਿ ਸੂਬਾ ਸਰਕਾਰਾਂ ਜੇਲ੍ਹਾਂ 'ਚ ਤੰਬਾਕੂ 'ਤੇ ਪਾਬੰਦੀ ਲਾਉਣ ਬਾਰੇ ਫੈਸਲਾ ਲੈਣ ਲਈ ਆਜ਼ਾਦ ਹਨ।

**ਜੇਲ੍ਹਾਂ ਨੇ ਬਣਾਇਆ ਕਮਾਈ ਦਾ ਸਾਧਨ**



# ਮਛਲੀ ਜਾਲ ਨਾ ਜਾਣਿਆ ਸਰ ਖਾਰਾ ਅਸਗਾਹ...

**ਮਛਲੀ ਜਾਲ ਨਾ ਜਾਣਿਆ ਸਰ ਖਾਰਾ ਅਸਗਾਹ॥**
**ਅਤ ਸਿਆਣੀ ਸੋਹਣੀ ਕਿਉਂ ਕੀਤੋ ਵਿਸਾਹ॥**

ਬਾਣੀ ਦੇ ਇਸ ਸ਼ਬਦ ਵਿਚ ਮਛਲੀ ਦੀ ਮਿਸਾਲ ਦਿਤੀ ਗਈ ਹੈ ਕਿ ਉਹ ਸਮੁੰਦਰ ਦੇ ਗਹਿਰੇ ਪਾਣੀ ਵਿਚ ਤਾਰੀਆਂ ਲਾਉਂਦੀ ਭੁੱਲ ਜਾਂਦੀ ਹੈ ਕਿ ਉਸ ਨੂੰ ਫੜਨ ਲਈ ਸ਼ਿਕਾਰੀ ਕਿਤੇ ਆਪਣਾ ਜਾਲ ਲਾਈ ਬੈਠਾ ਹੈ, ਉਹ ਗਹਿਰੇ ਸਮੁੰਦਰ ਵਿਚ ਜਿਥੇ ਵੱਡੇ ਮਗਰਮੱਛਾਂ ਤੋਂ ਆਪਣਾ ਧਿਆਨ ਰੱਖਦੀ ਹੈ, ਸ਼ਿਕਾਰੀ ਦਾ ਵਿਸਾਹ ਕਿਉਂ ਕਰਦੀ ਹੈ? ਇਹੀ ਸਾਡੇ ਇਸ ਲੇਖ ਦਾ ਮੁੱਖ ਮੁੱਦਾ ਹੈ ਜਿਸ ਨੂੰ ਵਿਸਥਾਰ ਨਾਲ ਵਿਚਾਰਨ ਤੋਂ ਪਹਿਲਾਂ ਭਾਈ ਦਲਜੀਤ ਸਿੰਘ ਬਿੱਟੂ ਦੇ ਚੇਲਿਆਂ ਵੱਲੋਂ ਸ਼ੁਰੂ ਕੀਤੀ ਗਈ 'ਵਿਗਾੜ ਚਰਚਾ' ਵਿਚ ਉਠਾਏ ਕੁੱਝ ਸਵਾਲਾਂ ਦੇ ਜਵਾਬ ਵੀ ਨੁਕਤੇ ਮਾਤਰ ਪਾਠਕਾਂ ਅਤੇ ਕੌਮ ਦੇ ਸੰਜ਼ੀਦਾ ਵਰਗ ਨਾਲ ਸਾਂਝੇ ਕਰਨੇ ਚਾਹਾਂਗੇ।



ਹਾਸੋਹੀਣੀ ਗੱਲ ਇਹ ਹੈ ਕਿ ਅਖਬਾਰ ਅੰਮ੍ਰਿਤਸਰ ਟਾਈਮਜ਼ ਵਿਚ ਛਪਦੇ ਹਰ ਲੇਖ ਦੇ ਉਪਰ ਲਿਖਿਆ ਹੁੰਦਾ ਹੈ ਕਿ ਜੇਕਰ ਕੋਈ ਚੰਗੀ ਭਾਸ਼ਾ ਵਿਚ ਆਪਣਾ ਦਿਮਾਗੀ ਤਵਾਜ਼ਨ ਠੀਕ ਰੱਖ ਕੇ ਇਨ੍ਹਾਂ ਗੱਲਾਂ ਦੇ ਜਵਾਬ ਦੇਵੇ ਤਾਂ ਅਸੀਂ ਉਸਦੇ ਵਿਚਾਰਾਂ ਨੂੰ ਆਪਣੀ ਅਖਬਾਰ ਵਿਚ ਜ਼ਰੂਰ ਥਾਂ ਦੇਵਾਂਗੇ। ਇਹ ਗੱਲ ਇਸ ਤਰ੍ਹਾਂ ਹੈ ਜਿਵੇਂ ਚੌਰਾਹੇ ਵਿਚ ਖੜ੍ਹਾ ਕੋਈ ਭਿਖਾਰੀ ਕਿਸੇ ਨੂੰ ਮੱਤ ਦੇ ਰਿਹਾ ਹੋਵੇ ਕਿ ਦਸਾਂ ਨਹੁੰਆਂ ਦੀ ਕਿਰਤ ਕਰਕੇ ਹੀ ਖਾਣਾ ਚਾਹੀਦਾ ਹੈ। ਬਾਣੀ ਦਾ ਫੁਰਮਾਨ ਹੈ, "ਅਵਰ ਉਪਦੇਸੇ ਆਪਿ ਨਾ ਕਰੇ ਆਵਤ ਜਾਵਤ ਜਨਮੇ ਮਰਹਿ॥"

ਮੈਨੂੰ ਯਾਦ ਹੈ, ਅਮਰੀਕਾ ਦੇ ਇਕ ਟੀ.ਵੀ. ਚੈਨਲ ਉਤੇ ਬਹਿਸ ਚੱਲ ਰਹੀ ਸੀ ਜਿਸ ਵਿਚ ਇਕ ਮੈਕਸੀਕਨ ਵਿਆਹੁਤਾ ਜੋੜਾ-ਜੋ ਸਕੇ ਭੈਣ ਭਰਾ ਵੀ ਸਨ, ਨੈਸ਼ਨਲ ਚੈਨਲ ਤੇ ਬਹਿਸ ਕਰ ਰਹੇ ਸਨ ਕਿ ਇਸ ਵਿਚ ਕੀ ਖਰਾਬੀ ਹੈ! ਦੂਜੇ ਪਾਸੇ ਬਹੁਤ ਵੱਡੀ ਭੀੜ ਇਸ ਨੂੰ ਸਮਾਜਿਕ ਰਿਸ਼ਤਿਆਂ ਲਈ ਬਹੁਤ ਵੱਡਾ ਖਤਰਾ ਦੱਸ ਰਹੀ ਸੀ ਤੇ ਇੱਕ ਡਾਕਟਰ ਕਹਿ ਰਿਹਾ ਸੀ ਕਿ ਵਿਗਿਆਨਕ ਤੌਰ 'ਤੇ ਵੀ ਇਹ ਠੀਕ ਨਹੀਂ। ਇਸ ਤਰ੍ਹਾਂ ਦੀ ਹੀ ਘਟਨਾ 35 ਕੁ ਸਾਲ ਪਹਿਲਾਂ ਇੰਡੀਆ ਵਿਚ ਵੀ ਵਾਪਰੀ, ਪਿੰਡ ਦੇ ਕਿਸੇ ਮੁੰਡੇ ਨੇ ਆਪਣੇ ਹੀ ਗਵਾਂਢ ਰਹਿੰਦੀ ਕਿਸੇ ਕੁੜੀ ਨਾਲ ਵਿਆਹ ਕਰਕੇ ਸ਼ਹਿਰ ਵਿਚ ਰਹਿਣਾ ਸ਼ੁਰੂ ਕਰ ਦਿੱਤਾ। ਪਿੰਡ ਵਿਚ ਗੁਰਪੁਰਬ ਦੇ ਮੌਕੇ ਨਗਰ ਕੀਰਤਨ ਵਿਚ ਉਹੀ ਮੁੰਡਾ ਸਾਹਿਬਜ਼ਾਦਿਆਂ ਦੀ ਕਵਿਤਾ ਪੜ੍ਹ ਰਿਹਾ ਸੀ ਤੇ ਪਿੰਡ ਦੇ ਕੁੱਝ ਮੁੰਡਿਆਂ ਨੇ ਫੜ੍ਹ ਕੇ ਉਸ ਦੀ ਛਿੱਤਰ ਪਰੇਡ ਕਰ ਦਿੱਤੀ। ਹੁਣ ਕੀ ਕਿਹਾ ਜਾਵੇ ਕਿ ਇਨ੍ਹਾਂ ਦੋਹਾਂ ਘਟਨਾਵਾਂ ਵਿਚ ਕਿਸ ਦਾ ਦਿਮਾਗੀ ਸੰਤੁਲਨ ਠੀਕ ਹੈ ਅਤੇ ਕਿਸ ਦਾ ਖਰਾਬ?

ਦੋ ਕੁ ਹਫਤੇ ਪਹਿਲਾਂ ਜਸਜੀਤ ਸਿੰਘ ਉਰਫ ਚੇਲਾ ਨੇ ਆਪਣੇ ਲੇਖ ਵਿਚ ਲਿਖਿਆ ਸੀ ਕਿ ਇਸ ਸੰਘਰਸ਼ ਵਿਚ ਮਾਨ ਸਾਹਿਬ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਲੋਕਾਂ ਨੇ ਜੇਲ੍ਹਾਂ ਕੱਟੀਆਂ ਹਨ ਅਤੇ ਫਿਰ ਇਨ੍ਹਾਂ ਵਿਚ ਦਲਜੀਤ ਸਿੰਘ ਬਿੱਟੂ, ਹਰਪਾਲ ਸਿੰਘ ਚੀਮਾ, ਕੁਲਬੀਰ ਸਿੰਘ ਬੜਾ ਪਿੰਡ ਤੇ ਕੁੱਝ ਹੋਰ ਸਿੰਘਾਂ ਦਾ ਜ਼ਿਕਰ ਕੀਤਾ ਸੀ ਕਿ ਉਨ੍ਹਾਂ ਨੇ ਵੀ ਬਹੁਤ ਲੰਮਾ ਸਮਾਂ ਜੇਲ੍ਹਾਂ ਕੱਟੀਆਂ ਹਨ। ਫਿਰ ਸਵਾਲ ਕੀਤਾ ਸੀ, "ਪਰ ਮਾਨ ਸਾਹਿਬ ਦੀ ਗੱਲ ਨੂੰ ਕਿਉਂ ਵਧਾ ਚੜ੍ਹਾ ਕੇ ਕੀਤਾ ਜਾਂਦਾ ਹੈ?" ਮੈਂ ਆਪਣੇ ਤੌਰ 'ਤੇ ਜੇਲ੍ਹਾਂ ਕੱਟ ਚੁਕੇ ਜਾਂ ਕੱਟ ਰਹੇ ਉਨ੍ਹਾਂ ਵੀਰਾਂ ਤੇ ਕੌਮ ਲਈ ਸ਼ਹੀਦੀਆਂ ਦੇਣ ਵਾਲੇ ਯੋਧਿਆਂ ਦੀ ਤੁਲਨਾ ਕਿਸੇ ਨਾਲ ਵੀ ਨਹੀਂ ਕਰਨਾ ਚਾਹੁੰਦਾ ਪਰ ਜਦੋਂ ਜਸਜੀਤ ਸਿੰਘ ਚੇਲਾ ਸਿੰਘਾਂ ਦੀਆਂ ਕੁਰਬਾਨੀਆਂ ਦਾ ਮਾਪਤੋਲ ਕਰਦਾ ਹੈ ਤਾਂ ਉਸ ਵਲੋਂ ਪਾਇਆ ਗਿਆ ਪਾਸਕੂ ਮੈਨੂੰ ਬੋਲਣ ਲਈ ਮਜ਼ਬੂਰ ਕਰ ਦਿੰਦਾ ਹੈ। ਮੈਨੂੰ ਤਾਂ ਚੇਲੇ ਦੀਆਂ ਇਹ ਮਨਘੜਤ ਕਹਾਣੀਆਂ ਪੜ੍ਹ ਕੇ ਉਹ ਸਮਾਂ ਯਾਦ ਆ ਜਾਂਦਾ ਹੈ ਜਦੋਂ ਏਜੰਟਾਂ ਰਾਹੀਂ ਭੇਜੇ ਸਿੱਖ ਨੌਜਵਾਨ ਜੇਲ੍ਹਾਂ ਵਿਚ ਡੱਕ ਦਿੰਦੇ ਜਾਂਦੇ ਸਨ, ਜਦੋਂ ਅਸੀਂ ਉਨ੍ਹਾਂ ਨੂੰ ਐਤਵਾਰ ਮਿਲਣ ਜਾਣਾ ਤਾਂ ਪਹਿਲਾਂ ਅਸੀਂ ਉਨ੍ਹਾਂ ਨਾਲ ਰਲ ਕੇ ਪਾਠ ਕਰਨਾ ਤੇ ਫਿਰ ਗੱਲਾਂਬਾਤਾਂ ਦਾ ਦੌਰ ਸ਼ੁਰੂ ਹੋ ਜਾਣਾ। ਕਿਸੇ ਨੇ ਦੱਸਣਾ ਕਿ ਮੇਰੀ ਦਾਦੀ ਬਹੁਤ ਪਾਠ ਕਰਦੀ ਹੁੰਦੀ ਸੀ, ਕਿਸੇ ਨੇ ਕਹਿਣਾ ਕਿ ਮੇਰੀ ਭੂਆ ਚਾਰ ਵਜੇ ਉਠ ਕੇ ਦੁੱਧ ਰਿੜਕਦੀ ਸੀ ਤੇ ਨਾਲੇ ਪਾਠ ਕਰਦੀ ਸੀ। ਮੈਨੂੰ ਇਉਂ ਲੱਗਿਆ ਕਰਦਾ ਕਿ ਜਿਵੇਂ ਕੋਈ ਯੋਧਿਆਂ ਦੀਆਂ ਗੱਲਾਂ ਕਰਕੇ ਆਪਣੇ ਆਪ ਨੂੰ ਬਹੁਤ ਵੱਡਾ ਯੋਧਾ ਸਾਬਤ ਕਰਨਾ ਚਾਹੁੰਦਾ ਹੋਵੇ।

ਬਾਕੀ ਰਹੀ ਜੇਲ੍ਹਾਂ ਦੀ ਗੱਲ, ਜਿਹੜੇ ਸਾਡੇ ਵੀਰ ਇਸ ਸੰਘਰਸ਼ ਵਿਚੋਂ ਗੁਜ਼ਰੇ ਹਨ, ਉਨ੍ਹਾਂ ਨੂੰ ਇਸ ਗੱਲ ਦਾ ਪਤਾ ਹੈ ਕਿ ਸਾਰੀਆਂ ਜੇਲ੍ਹਾਂ ਇੱਕੋ ਜਿਹੀਆਂ ਨਹੀਂ ਹੁੰਦੀਆਂ। ਨਾਭਾ, ਚੰਡੀਗੜ੍ਹ, ਅੰਮ੍ਰਿਤਸਰ ਅਤੇ ਲੁਧਿਆਣਾ ਆਦਿ ਜੇਲ੍ਹਾਂ ਵਿਚ ਸਾਡੇ ਇਨ੍ਹਾਂ ਵੀਰਾਂ ਨੇ ਦੇਸੀ ਘਿਉ, ਬਾਦਾਮ ਅਤੇ ਹੋਰ ਡ੍ਰਾਈ ਫਰੂਟ ਛਕੇ ਜਾਂ ਇਉਂ ਕਹਿ ਲਵੋ ਕਿ ਚੰਗਾ ਖਾਧਾ ਅਤੇ ਮੰਦਾ ਬੋਲਿਆ, ਪਰ ਉਹ ਵੀ ਲੋਕ ਹਨ ਜਿਨ੍ਹਾਂ ਨੂੰ ਦਾਲ ਨੂੰ ਤੜਕਾ ਲਾਉਣ ਲਈ ਪਿਆਜ਼ ਵੀ ਨਸੀਬ ਨਹੀਂ ਹੋਇਆ ਅਤੇ ਮਸਤਾਨੇ ਹੋਏ ਕਛਹਿਰਿਆਂ ਨਾਲ ਸਿਰੋਂ ਨੰਗੇ ਜ਼ਿੰਦਗੀ ਦੇ ਉਸ ਬੋਝ ਨੂੰ ਢੋਂਦੇ ਰਹੇ, ਸਿਰਫ ਇੱਕ ਆਸ ਨਾਲ ਕਿ ਉਨ੍ਹਾਂ ਦੇ ਇਹ ਲੀਡਰ ਬਾਹਰ ਜਾ ਕੇ ਉਨ੍ਹਾਂ ਦੀ ਸਾਰ ਲੈਣਗੇ! ਜੇਲ੍ਹਾਂ ਵਿਚ ਦੋ ਦੋ ਸੈਲੂਲਰ ਫੋਨ ਰੱਖਣ ਵਾਲੇ-ਉਨ੍ਹਾਂ ਗਰੀਬ ਸਾਥੀਆਂ ਦੇ ਘਰਦਿਆਂ ਦੀ ਮੁਲਾਕਾਤ ਦਾ ਪ੍ਰਬੰਧ ਵੀ ਨਾ ਕਰ ਸਕੇ। ਅੱਜ ਵੀ ਬਹੁਤ ਸਾਰੇ ਸਿੰਘ ਆਰਥਿਕ ਤੰਗੀ ਕਰਕੇ ਆਪਣੀ ਜ਼ਿੰਦਗੀ ਦੇ ਕੀਮਤੀ ਦਿਨ ਜੇਲ੍ਹ ਵਿਚ ਗੁਜ਼ਾਰਨ ਲਈ ਮਜ਼ਬੂਰ ਹਨ।

ਜਦੋਂ ਜਸਜੀਤ ਸਿੰਘ ਚੇਲਾ ਲਿਖਦਾ ਹੈ, "ਸਰਦਾਰ ਸਿਮਰਨਜੀਤ ਸਿੰਘ ਮਾਨ ਕੁਰਸੀ ਦਾ ਭੁੱਖਾ, ਲਾਲਚੀ ਅਤੇ ਖਿੜਕਵੀਂ ਸੋਚ ਵਾਲਾ ਇਨਸਾਨ ਹੈ।" ਉਸ ਦੀ ਇਹ ਗੱਲ ਉਸ ਦੇ ਦਿਮਾਗੀ ਉਲਾਰ ਦੀ ਬਾਤ ਬੜੀ ਚੜ੍ਹ ਕੇ ਪਾਉਂਦੀ ਹੈ। ਹੈਰਾਨੀ ਦੀ ਗੱਲ ਹੈ ਕਿ ਕੇਂਦਰ ਸਰਕਾਰ ਅਤੇ ਸਰਕਾਰੀ ਏਜੰਸੀਆਂ ਪਿਛਲੇ 20 ਸਾਲ ਤੋਂ ਇਸ ਗੱਲ ਲਈ ਪ੍ਰੇਸ਼ਾਨ ਹਨ ਕਿ ਇਹ ਇਨਸਾਨ ਸਿੱਖਾਂ ਦੇ ਆਜ਼ਾਦ ਰਾਜ ਭਾਗ ਖਾਲਿਸਤਾਨ ਦੀ ਗੱਲ ਤੋਂ ਘੱਟ ਕੋਈ ਗੱਲ ਕਰਨ ਨੂੰ ਤਿਆਰ ਨਹੀਂ! ਸ. ਸਿਮਰਨਜੀਤ ਸਿੰਘ ਮਾਨ ਦਾ ਸਿੱਖਾਂ ਦੀ ਆਜ਼ਾਦੀ ਤੇ ਖਾਲਿਸਤਾਨ ਲਈ ਸੰਘਰਸ਼ ਅਮਰੀਕਾ, ਕੈਨੇਡਾ ਅਤੇ ਯੂਰਪ ਦੀਆਂ ਸਰਕਾਰਾਂ ਨੂੰ ਤਾਂ ਸਮਝ ਆ ਰਿਹਾ ਹੈ, ਪਰ ਇਹ ਗੱਲ ਆਪਣੇ ਆਪ ਨੂੰ ਸੀਨੀਅਰ ਪੱਤਰਕਾਰ ਅਤੇ ਅਖਬਾਰ ਦੇ ਮਾਲਕ ਅਖਵਾਉਣ ਵਾਲੇ ਇਨ੍ਹਾਂ ਗੂੰਗੇ-ਬਹਿਰੇ ਚੇਲਿਆਂ ਨੂੰ ਸਮਝ ਨਹੀਂ ਆ ਰਹੀ।

ਐਸ.ਜੀ.ਪੀ.ਸੀ. ਦੀਆਂ ਚੋਣਾਂ ਵਿਚ ਮੈਂ ਛੱਬੀ ਦਿਨ ਪੰਜਾਬ, ਖਾਸ ਕਰ ਦੁਆਬੇ ਅਤੇ ਮਾਲਵੇ ਵਿਚ ਪੂਰੀ ਤਰ੍ਹਾਂ ਘੁੰਮ ਕੇ ਵੇਖਿਆ ਹੈ ਕਿ ਇਸ ਲੜਾਈ ਵਿਚ ਬਾਦਲ ਗਰੁੱਪ ਨੇ ਸਰਨੇ ਨਾਲ ਆਪਣਾ ਵਿਰੋਧ ਜਤਾਉਣ ਲਈ ਪੰਥਕ ਮੋਰਚੇ ਦੀ ਪੂਰੀ ਖਿੱਦੋ ਖਿਲਾਰੀ ਹੈ ਅਤੇ ਪੰਥਕ ਮੋਰਚਾ ਜਾਣੀ ਪਰਮਜੀਤ ਸਿੰਘ ਸਰਨਾ ਤੇ ਸਾਥੀ ਪ੍ਰਕਾਸ਼ ਸਿੰਘ ਬਾਦਲ ਨੂੰ ਆਰ.ਐਸ.ਐਸ. ਦਾ ਗੁਲਾਮ ਕਹਿ ਕੇ ਵਿਰੋਧ ਕਰਦੇ ਰਹੇ, ਪਰ ਸ. ਸਿਮਰਨਜੀਤ ਸਿੰਘ ਮਾਨ ਨੇ ਕਾਂਗਰਸ ਅਤੇ ਬਾਦਲ-ਦੋਨਾਂ ਨੂੰ ਸਿੱਖਾਂ ਲਈ ਇੱਕ ਬਹੁਤ ਵੱਡਾ ਖਤਰਾ ਦੱਸਿਆ।

ਹੈਰਾਨੀ ਇਸ ਗੱਲ ਦੀ ਹੈ ਕਿ ਜਿਹੜੇ ਸਾਬਕਾ ਖਾੜਕੂ ਅਜ ਸਿਮਰਨਜੀਤ ਸਿੰਘ ਮਾਨ ਨੂੰ ਤੀਜੀ ਏਜੰਸੀ ਨਾਲ ਜੋੜ ਰਹੇ ਹਨ, ਉਹ ਸਿਮਰਨਜੀਤ ਸਿੰਘ ਮਾਨ ਦੇ ਨਾਂ 'ਤੇ ਆਪਣੇ ਇਲਾਕਿਆਂ ਵਿਚ ਜਾ ਕੇ ਵੋਟਾਂ ਮੰਗਦੇ ਰਹੇ ਹਨ। ਇਨ੍ਹਾਂ ਵਿਚ ਕੁਲਬੀਰ ਸਿੰਘ ਬੜਾ ਪਿੰਡ ਅਤੇ ਜਗੀਰ ਸਿੰਘ ਵਡਾਲਾ ਦਾ ਨਾਂ ਜ਼ਿਕਰਯੋਗ ਹੈ। ਭਾਵੇਂ ਅੱਜ ਚੋਣਾਂ ਵਿਚ ਬੁਰੀ ਤਰ੍ਹਾਂ ਹਾਰੇ ਹੋਏ ਪੰਥਕ ਮੋਰਚੇ ਦੇ ਉਮੀਦਵਾਰ ਤੇ ਸਾਬਕਾ ਖਾਲਿਸਤਾਨੀ ਆਪਣੀ ਹਾਰ ਦਾ ਭਾਂਡਾ ਵੀ ਸ. ਸਿਮਰਨਜੀਤ ਸਿੰਘ ਮਾਨ ਦੇ ਸਿਰ ਹੀ ਭੰਨ ਰਹੇ ਹਨ। ਅਸਲੀਅਤ ਇਹ ਹੈ ਕਿ ਪਿਛਲੇ 15 ਸਾਲਾਂ ਵਿਚ ਇਹ ਸਿਆਸੀ ਪਿੜ ਵਿਚ ਬੁਰੀ ਤਰ੍ਹਾਂ ਅਸਫਲ ਹੋਏ ਹਨ। ਇਨ੍ਹਾਂ ਸਾਬਕਾ ਖਾਲਿਸਤਾਨੀਆਂ ਜੋ ਆਪਣੇ ਆਪ ਨੂੰ ਖਾੜਕੂ ਲਹਿਰ ਦੇ ਵਾਰਿਸ ਹੋਣ ਦਾ ਦਾਅਵਾ ਕਰਦੇ ਨਹੀਂ ਥੱਕਦੇ, ਲਈ ਸ਼ਰਮ ਦੀ ਗੱਲ ਇਹ ਹੈ ਕਿ ਇੱਕ ਪਾਸੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀਆਂ ਤਸਵੀਰਾਂ ਲਗਾ ਕੇ ਪੰਥਕ ਹੋਣ ਦਾ ਭਰਮ ਪਾਲ ਰਹੇ ਹਨ, ਦੂਜੇ ਪਾਸੇ ਸੰਤ ਭਿੰਡਰਾਂਵਾਲਿਆਂ ਨੂੰ ਗਾਲਾਂ ਕੱਢਣ ਵਾਲੇ ਰਵੀਇੰਦਰ ਸਿੰਘ ਦੇ ਚੋਣ ਨਿਸ਼ਾਨ ਤੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲੜ ਰਹੇ ਹਨ। 'ਐਸ.ਜੀ.ਪੀ.ਸੀ. ਦੀਆਂ ਚੋਣਾਂ ਅਤੇ ਪੰਥਕ ਮੋਰਚਾ' ਮੁੱਦੇ ਉਤੇ ਇਕ ਵੱਖਰਾ ਲੇਖ ਅਸੀਂ ਪਾਠਕਾਂ ਨਾਲ ਆਉਣ ਵਾਲੇ ਸਮੇਂ ਵਿਚ ਸਾਂਝਾ ਕਰਾਂਗੇ। ਪਿਛਲੇ ਕੁਝ ਹਫਤਿਆਂ ਵਿਚ ਛਪੀਆਂ ਸ. ਕਰਮਜੀਤ ਸਿੰਘ ਤੇ ਸ. ਜਸਜੀਤ ਸਿੰਘ ਦੀਆਂ ਲਿਖਤਾਂ ਦਾ ਅਧਿਐਨ ਕਰਨ ਤੋਂ ਬਾਅਦ ਤਿੰਨ ਗੱਲਾਂ ਸਾਹਮਣੇ ਆਈਆਂ ਹਨ:

1) ਇਨ੍ਹਾਂ ਦੀ ਸਾਰੀ ਬਹਿਸ ਦਾ ਮੂਲ ਮੁੱਦਾ ਇਹ ਹੈ ਕਿ 1986 ਤੋਂ 1991 ਤੱਕ ਚੱਲੇ ਹਥਿਆਰਬੰਦ ਸੰਘਰਸ਼ ਵਿਚ ਇਨ੍ਹਾਂ ਦਾ ਕੀ ਰੋਲ ਰਿਹਾ ਹੈ ਅਤੇ ਉਸ ਦਾ ਰਾਜਨੀਤਿਕ ਲਾਹਾ ਭਾਈ ਦਲਜੀਤ ਸਿੰਘ ਬਿੱਟੂ ਨੂੰ ਕਿਉਂ ਨਹੀਂ ਮਿਲਿਆ?

2) ਖਾੜਕੂ ਸੰਘਰਸ਼ ਦੇ ਇਨ੍ਹਾਂ 6 ਸਾਲਾਂ ਵਿਚ ਬਿਨਾ ਵਜ੍ਹਾ ਦੀ ਕਤਲੋਗਾਰਤ, ਲੁੱਟ-ਖਸੁੱਟ, ਫਿਰੌਤੀਆਂ, ਭਾੜੇ ਦੇ ਕਤਲਾਂ ਤੇ ਨਿੱਜੀ ਦੁਸ਼ਮਣੀਆਂ ਨੂੰ ਆਧਾਰ ਬਣਾ ਕੇ ਜੋ ਧਨ ਇਕੱਠਾ ਕੀਤਾ ਗਿਆ, ਉਸ ਦਾ ਜ਼ਿਕਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਵਰਕਰ ਵਾਰ ਵਾਰ ਕਿਉਂ ਕਰਦੇ ਹਨ?

3) ਭਾਈ ਦਲਜੀਤ ਸਿੰਘ ਨੂੰ ਪੰਥ ਪ੍ਰਵਾਣਿਤ ਲੀਡਰ ਬਣਾਉਣ ਦੇ ਰਾਹ ਵਿਚ ਸ. ਸਿਮਰਨਜੀਤ ਸਿੰਘ ਮਾਨ ਇੱਕ ਵੱਡਾ ਅੜਿੱਕਾ ਹਨ।

ਅਸੀਂ ਇਸ ਲੇਖ ਵਿਚ ਇਨ੍ਹਾਂ ਤਿੰਨਾਂ ਗੱਲਾਂ ਨੂੰ ਹੀ ਆਧਾਰ ਬਣਾ ਕੇ ਇਨ੍ਹਾਂ ਵੱਲੋਂ ਕੀਤੇ ਗਏ ਵਿਸਾਹਘਾਤ ਦੀ ਕਹਾਣੀ ਆਪਣੇ ਪਾਠਕਾਂ ਨਾਲ ਸਾਂਝੀ ਕਰਾਂਗੇ।

ਕਹਾਵਤ ਹੈ, "ਗੁਰੂ ਜਿਨ੍ਹਾਂ ਦੇ ਟੱਪਣੇ, ਚੇਲੇ ਜਾਣ ਛੜੱਪ।" ਜਦੋਂ ਅਸੀਂ ਇਨ੍ਹਾਂ ਦੇ ਰਾਜ ਗੁਰੂ ਭਾਈ ਦਲਜੀਤ ਸਿੰਘ ਬਿੱਟੂ ਦਾ ਅਸਲੀ ਚੇਹਰਾ ਸਾਹਮਣੇ ਲਿਆਵਾਂਗੇ ਤਾਂ ਇਨ੍ਹਾਂ ਚੇਲਿਆਂ ਦਾ ਕਿਰਦਾਰ ਆਪਣੇ ਆਪ ਹੀ ਸਾਹਮਣੇ ਆ ਜਾਵੇਗਾ। ਜਦੋਂ ਹਰਪਾਲ ਸਿੰਘ ਚੀਮਾ ਅਮਰੀਕਾ ਤੋਂ ਡਿਪੋਰਟ ਹੋ ਕੇ ਹਿੰਦੁਸਤਾਨ ਗਿਆ ਤਾਂ ਕਾਗਜ਼ੀ ਕਾਰਵਾਈ ਤੋਂ ਬਾਅਦ ਜਲੰਧਰ ਦੇ ਥਾਣਾ ਸਦਰ ਤੋਂ ਮਜਿਸਟ੍ਰੇਟ ਅੱਗੇ ਪੇਸ਼ ਕਰਨ ਤੋਂ ਬਾਅਦ ਉਸ ਨੂੰ ਨਾਭਾ ਜੇਲ੍ਹ ਵਿਚ ਭੇਜ ਦਿੱਤਾ ਗਿਆ ਜਿਥੇ ਦਲਜੀਤ ਸਿੰਘ ਬਿੱਟੂ ਪਹਿਲਾਂ ਤੋਂ ਹੀ ਨਜ਼ਰਬੰਦ ਸੀ। ਇਸ ਵੇਲੇ ਤਕ ਦਲਜੀਤ ਸਿੰਘ ਲੋਕਾਂ ਵਿਚ ਵਿਚਰ ਕੇ ਆਪਣੇ ਖੰਭ ਤੋਲ ਚੁੱਕਾ ਸੀ। ਉਸ ਵੱਲੋਂ ਬਣਾਇਆ ਗਿਆ, ਸ਼੍ਰੋਮਣੀ ਖਾਲਸਾ ਅਕਾਲੀ ਦਲ ਦਾ ਸ਼ੋਅ ਫਲਾਪ ਹੋ ਚੁੱਕਾ ਸੀ। ਉਸ ਦੀ ਰਾਜਨੀਤਿਕ ਸੂਝ-ਬੂਝ ਦਾ ਭਾਂਡਾ ਚੌਰਾਹੇ ਵਿਚ ਭੰਨ ਹੋ ਚੁੱਕਾ ਸੀ। ਉਸ ਨੂੰ ਇਸ ਗੱਲ ਦਾ ਅਹਿਸਾਸ ਹੋ ਚੁੱਕਾ ਸੀ ਕਿ ਸੰਗੀਨਾਂ ਦੀ ਛਾਂ ਹੇਠ ਉਸ ਨੇ ਆਪਣੇ ਜਿੰਨੇ ਮਰਜ਼ੀ ਹੁਕਮ ਮੰਨਵਾਏ ਹੋਣ, ਭਾਵੇਂ ਉਹ ਸਮਾਜ ਸੁਧਾਰ ਦੇ ਨਾਮ ਥੱਲੇ ਠੇਕਿਆਂ ਦੇ ਕਾਰਿੰਦਿਆਂ ਨੂੰ ਮਾਰਨਾ, ਬਰਾਤਾਂ ਨੂੰ ਛੱਪੜਾਂ ਵਿਚ ਖੜੇ ਕਰਕੇ ਜ਼ਲੀਲ ਕਰਨਾ, ਮਰਿਆਂ ਦੀਆਂ ਮਕਾਣਾਂ ਉਤੇ ਪਾਬੰਦੀਆਂ ਲਾਉਣਾ, ਸਕੂਲਾਂ ਵਿਚ ਵਰਦੀਆਂ ਦੇ ਰੰਗ ਅਤੇ ਕੁੜੀਆਂ ਦੇ ਵਸੇਬੇ ਦੇ ਨਾਮ ਥੱਲ੍ਹੇ ਔਰੰਗਜ਼ੇਬੀ ਸੋਚ ਉਨ੍ਹਾਂ ਲੋਕਾਂ 'ਤੇ ਲਾਗੂ ਕਰਨਾ ਜੋ ਪਹਿਲਾਂ ਹੀ ਸਰਕਾਰੀ ਜ਼ੁਲਮ, ਤਸ਼ੱਦਦ ਅਤੇ ਦਹਿਸ਼ਤ ਦੇ ਸਾਏ ਹੇਠ ਮਰੇ ਪਏ ਸਨ, ਉਨ੍ਹਾਂ ਨੂੰ ਆਪਣੇ ਡਰ ਅਤੇ ਭੈਅ ਥੱਲੇ ਜਿਊਣ ਲਈ ਮਜ਼ਬੂਰ ਕਰਨਾ, ਆਪਣੇ ਹੀ ਕੌਮੀ ਪ੍ਰਵਾਨਿਆਂ ਨੂੰ ਜੋ ਆਪਣੀ ਕੌਮ ਨਾਲ ਹੋਏ ਧੱਕੇ ਦਾ ਬਦਲਾ ਲੈਣ ਲਈ ਘਰੋਂ ਬੇਘਰ ਹੋਏ ਚਰ੍ਹੀਆਂ ਅਤੇ ਕਮਾਦਾਂ ਵਿਚ ਰਾਤਾਂ ਕੱਟਣ ਲਈ ਮਜ਼ਬੂਰ ਸਨ, ਨੂੰ ਗੱਦਾਰ ਕਹਿ ਕੇ ਗੋਲੀਆਂ ਮਾਰਨੀਆਂ ਅਤੇ ਉਸ ਨੂੰ "ਘਰ ਦੀ ਸਫਾਈ" ਦਾ ਨਾਮ ਦੇਣਾ, ਆਪਣੀਆਂ ਜੱਥੇਬੰਦੀਆਂ ਵੱਡੀਆਂ ਤੇ ਮਜ਼ਬੂਤ ਕਰਨ ਦੀ ਹੋੜ ਥੱਲੇ ਕੀਤੇ ਗਏ ਵਹਿਸ਼ੀ ਕੰਮਾਂ ਅਤੇ ਰਾਜਨੀਤਿਕ ਸਫਰ ਵਿਚ ਬਹੁਤ ਫਰਕ ਹੈ। ਇਥੇ 1986 ਤੋਂ 1991 ਤੱਕ ਦੇ ਸੰਘਰਸ਼ ਅਤੇ ਉਸ ਨਾਲ ਪੰਜਾਬ ਵਿਚ ਸਰਕਾਰੀ ਕਤਲੇਆਮ ਤੇ ਖਾੜਕੂ ਦਹਿਸ਼ਤ ਵਿਚ ਲੰਘੇ ਉਨ੍ਹਾਂ ਛੇ ਸਾਲਾਂ ਦਾ ਲੇਖਾ ਵੀ ਜਰੂਰ ਕਰਾਂਗੇ, ਜਿਸ ਨੂੰ ਸ. ਕਰਮਜੀਤ ਸਿੰਘ ਖਾੜਕੂਆਂ ਦੇ ਡਰ ਅਤੇ ਭੈਅ ਦੀ ਦੁਕਾਨ ਦੱਸਦਾ ਹੈ, ਪਰ ਪਹਿਲਾਂ ਇਨ੍ਹਾਂ ਦੇ ਰਾਜਨੀਤਿਕ ਜੀਵਨ ਦੀ ਗੱਲ ਕੌਮ ਨਾਲ ਸਾਂਝੀ ਕਰਨੀ ਚਾਹਾਂਗੇ।

ਗੱਲ ਉਸ ਦਿਨ ਤੋਂ ਸ਼ੁਰੂ ਕਰਾਂਗੇ, ਜਿਸ ਦਿਨ ਹਰਪਾਲ ਸਿੰਘ ਚੀਮਾ ਮੈਨੂੰ ਨਾਭੇ ਜੇਲ੍ਹ ਵਿਚੋਂ ਫੋਨ ਕਰਕੇ ਸਰਸਰੀ ਫਤਹਿ ਤੋਂ ਬਾਅਦ ਕਹਿੰਦਾ ਹੈ ਕਿ ਭਾਈ ਦਲਜੀਤ ਸਿੰਘ ਤੁਹਾਡੇ ਨਾਲ ਗੱਲਬਾਤ ਕਰਨੀ ਚਾਹੁੰਦੇ ਹਨ। ਉਸ ਨਾਲ ਲੱਗਭਗ ਢਾਈ ਘੰਟੇ ਜੋ ਗੱਲਬਾਤ ਹੋਈ, ਉਹ ਕੋਈ ਰੂਪੋਸ਼ ਸੰਘਰਸ਼ ਦੀ ਕਹਾਣੀ ਨਹੀਂ ਹੈ, ਉਸ ਵਿਚ ਜੋ ਰਾਜਨੀਤਿਕ ਵਿਚਾਰਾਂ ਹੋਈਆਂ, ਜਿਸ ਤਰ੍ਹਾਂ ਮੇਰੇ ਨਾਲ ਹੀ ਨਹੀਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨਾਲ ਵੀ ਵਿਸਾਹਘਾਤ ਕੀਤਾ ਗਿਆ, ਉਹ ਅਗਲੇ ਹਫਤੇ ਇਸੇ ਸਿਰਲੇਖ "ਕਿਉਂ ਕੀਤੋਹ ਵਿਸਾਹ" ਹੇਠ ਪਾਠਕਾਂ ਨਾਲ ਸਾਂਝਾ ਕਰਾਂਗੇ।

*(ਚੱਲਦਾ)*

## ਰੇਸ਼ਮ ਸਿੰਘ, ਬੇਕਰਜ਼ਫੀਲਡ, ਫੋਨ:661-209-0118

The views expressed in this article published as ad are that of it`s writer. **Paid Advt.**

# ਵਿਰਾਸਤੀ ਪਿੰਡ ਦਾ ਦੂਜੀ ਵਾਰ ਨੀਂਹ ਪੱਥਰ ਰੱਖਿਆ

**ਅੰਮ੍ਰਿਤਸਰ:** ਪੰਜਾਬ ਸਰਕਾਰ ਹੁਣ ਇਕ-ਇਕ ਪ੍ਰਾਜੈਕਟ ਦੇ ਦੋ-ਦੋ ਵਾਰ ਨੀਂਹ ਪੱਥਰ ਰੱਖਣ ਲੱਗੀ ਹੈ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ 7 ਅਕਤੂਬਰ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਕੈਂਪਸ ਵਿਚ ਪੰਜਾਬ ਸਰਕਾਰ ਵੱਲੋਂ ਉਸਾਰੇ ਜਾਣ ਵਾਲੇ ਵਿਰਾਸਤੀ ਪਿੰਡ ਦਾ ਦੂਜੀ ਨੀਂਹ ਪੱਥਰ ਰੱਖਿਆ। ਬਾਰਾਂ ਕਰੋੜ ਰੁਪਏ ਦੀ ਲਾਗਤ ਨਾਲ ਉਸਾਰੇ ਜਾਣ ਵਾਲੇ ਇਸ ਵਿਰਾਸਤੀ ਪਿੰਡ ਦਾ ਨੀਂਹ ਪੱਥਰ ਪਹਿਲਾਂ 2003 ਵਿਚ ਰੱਖਿਆ ਗਿਆ ਸੀ। ਉਸ ਵੇਲੇ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਐਸ.ਪੀ. ਸਿੰਘ ਸਨ ਤੇ ਇਹ ਨੀਂਹ ਪੱਥਰ ਉਨ੍ਹਾਂ ਨੇ 'ਮੇਰਾ ਪਿੰਡ' ਪੁਸਤਕ ਦੇ ਲੇਖਕ ਗਿਆਨੀ ਗੁਰਦਿੱਤ ਸਿੰਘ ਕੋਲੋਂ ਰਖਵਾਇਆ ਸੀ।

ਦੋ ਸਾਲਾਂ ਦੇ ਤੈਅ ਸਮੇਂ ਵਿਚ ਬਣਾਏ ਜਾਣ ਵਾਲੇ ਇਸ ਵਿਰਾਸਤੀ ਪਿੰਡ ਦਾ ਕਾਰਜ ਹੁਣ ਅੱਠ ਸਾਲਾਂ ਵਿਚ ਸਿਰੇ ਨਾ ਚੜ੍ਹਿਆ ਤੇ ਹੁਣ ਦੂਜੀ ਵਾਰ ਇਸ ਦਾ ਨੀਂਹ ਪੱਥਰ ਰੱਖਿਆ ਗਿਆ ਹੈ। ਇਹ ਨੀਂਹ ਪੱਥਰ ਵੀ ਉਸ ਸਮੇਂ ਰੱਖਿਆ ਗਿਆ ਹੈ ਜਦੋਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਸਿਰ 'ਤੇ ਹਨ। ਜੇਕਰ ਨਵੀਂ ਸਰਕਾਰ ਆਉਂਦੀ ਹੈ ਤਾਂ ਇਸ ਯੋਜਨਾ ਦਾ ਭਵਿੱਖ ਮੁੜ ਦੁਚਿਤੀ ਵਾਲਾ ਹੋਵੇਗਾ।



ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਮੁੱਖ ਗੇਟ।

ਹੁਣ ਇਹ ਪ੍ਰਾਜੈਕਟ 2012 ਵਿਚ ਮੁਕੰਮਲ ਹੋਣ ਦੀ ਸੰਭਾਵਨਾ ਹੈ।

ਵਿਰਾਸਤੀ ਪਿੰਡ ਦਾ ਪ੍ਰਾਜੈਕਟ ਡਾ. ਐਸ.ਪੀ. ਸਿੰਘ ਦੀ ਕਲਪਨਾ ਦੀ ਦੇਣ ਸੀ। ਇਸ ਦਾ ਮੰਤਵ 1947 ਤੋਂ ਪਹਿਲਾਂ ਦਾ ਪਿੰਡ ਵਸਾਉਣਾ ਸੀ। ਯੂਨੀਵਰਸਿਟੀ ਵੱਲੋਂ 2004 ਵਿਚ ਛਾਪੇ ਗਏ ਡੈਸਕ ਕੈਲੰਡਰ ਵਿਚ ਵਿਰਾਸਤੀ ਪਿੰਡ ਦਾ ਨਕਸ਼ਾ ਵੀ ਛਾਪਿਆ ਗਿਆ ਸੀ। ਡਾ. ਐਸ.ਪੀ. ਸਿੰਘ ਨੇ ਜਦੋਂ ਵਿਰਾਸਤੀ ਪਿੰਡ ਬਣਾਉਣ ਦਾ ਐਲਾਨ ਕੀਤਾ ਸੀ ਤਾਂ ਉਸ ਵੇਲੇ ਦੇ ਸਿੱਖਿਆ ਮੰਤਰੀ ਸੇਵਾ ਸਿੰਘ ਸੇਖਵਾਂ ਸਨ ਤੇ ਉਨ੍ਹਾਂ ਨੇ ਇਸ ਪ੍ਰਾਜੈਕਟ ਲਈ ਪੰਜਾਬ ਸਰਕਾਰ ਵੱਲੋਂ 20 ਲੱਖ ਰੁਪਏ ਦੇਣ ਦਾ ਐਲਾਨ ਵੀ ਕੀਤਾ ਸੀ। ਉਸ ਵੇਲੇ ਯੂਨੀਵਰਸਿਟੀ ਨੇ ਪੰਜਾਬੀ ਸਭਿਆਚਾਰ ਨਾਲ ਸਬੰਧਤ ਬਹੁਤ ਸਾਰਾ ਸਾਮਾਨ ਵੀ ਖਰੀਦ ਲਿਆ ਸੀ।

ਡਾ. ਐਸ.ਪੀ. ਸਿੰਘ ਦੇ ਸੇਵਾਮੁਕਤ ਹੋਣ ਤੋਂ ਬਾਅਦ ਇਹ ਪ੍ਰਾਜੈਕਟ ਠੰਢੇ ਬਸਤੇ ਵਿਚ ਪੈ ਗਿਆ। ਉਨ੍ਹਾਂ ਤੋਂ ਬਾਅਦ ਉਪ ਕੁਲਪਤੀ ਬਣੇ ਡਾ. ਜੈਰੂਪ ਸਿੰਘ ਨੇ ਇਸ ਪ੍ਰਾਜੈਕਟ ਨੂੰ ਅੱਗੇ ਤੋਰਨ ਦਾ ਮਾੜਾ-ਮੋਟਾ ਉਪਰਾਲਾ ਜ਼ਰੂਰ ਕੀਤਾ ਪਰ ਇਹ ਵੀ ਸਿਰੇ ਨਹੀਂ ਸੀ ਲੱਗਿਆ। 2009 ਵਿਚ ਪੰਜਾਬ ਸਰਕਾਰ ਨੇ ਇਸ ਪ੍ਰਾਜੈਕਟ ਨੂੰ ਆਪਣੇ ਹੱਥ ਵਿਚ ਲੈ ਲਿਆ ਸੀ। ਉਸ ਵੇਲੇ ਯੂਨੀਵਰਸਿਟੀ ਨਾਲ ਇਹ ਸਮਝੌਤਾ ਹੋਇਆ ਸੀ ਕਿ ਪੰਜਾਬ ਸਰਕਾਰ ਯੂਨੀਵਰਸਿਟੀ ਦੇ ਸਹਿਯੋਗ ਨਾਲ ਇਸ ਪ੍ਰਾਜੈਕਟ ਨੂੰ ਮੁਕੰਮਲ ਕਰਕੇ ਇਸ ਦਾ ਪ੍ਰਬੰਧ ਯੂਨੀਵਰਸਿਟੀ ਨੂੰ ਸੌਂਪ ਦੇਵੇਗੀ ਪਰ ਸਮਝੌਤੇ ਤੋਂ ਬਾਅਦ ਹੁਣ ਤੱਕ ਕੋਈ ਅਮਲੀ ਗੱਲ ਦੇਖਣ ਨੂੰ ਨਹੀਂ ਮਿਲੀ।

ਮੁੜ ਨੀਂਹ ਪੱਥਰ ਰੱਖੇ ਜਾਣ 'ਤੇ ਡਾ. ਐਸ.ਪੀ. ਸਿੰਘ ਨੇ ਕਿਹਾ ਕਿ ਇਸ ਵਿਰਾਸਤੀ ਪਿੰਡ ਦਾ ਨੀਂਹ ਪੱਥਰ ਲੋਕ ਧਾਰਾ ਦੇ ਮਹਾਨ ਲੇਖਕ ਗਿਆਨੀ ਗੁਰਦਿੱਤ ਸਿੰਘ ਵੱਲੋਂ ਰੱਖਿਆ ਗਿਆ ਸੀ, ਇਸ ਲਈ ਇਸ ਨੂੰ ਮੁੜ ਨਹੀਂ ਸੀ ਰੱਖਿਆ ਜਾਣਾ ਚਾਹੀਦਾ। ਉਨ੍ਹਾਂ ਕਿਹਾ ਕਿ ਇਸ ਪ੍ਰਾਜੈਕਟ ਨੂੰ ਤਿਆਰ ਕਰਨ ਤੋਂ ਪਹਿਲਾਂ ਯੂਨੀਵਰਸਿਟੀ ਦੇ ਪੰਜਾਬੀ ਸਭਿਆਚਾਰ ਨਾਲ ਜੁੜੇ ਅਧਿਆਪਕਾਂ ਨੇ ਮਨੀਪਾਲ, ਮਦਰਾਸ, ਗੁਜਰਾਤ ਤੇ ਰਾਜਸਥਾਨ ਵਿਚ ਉਸਾਰੇ ਗਏ ਵਿਰਾਸਤੀ ਪਿੰਡਾਂ ਦਾ ਦੌਰਾ ਕੀਤਾ ਸੀ ਤੇ ਉਨ੍ਹਾਂ ਪਿੰਡਾਂ ਦੇ ਸੰਕਲਪ ਦੇ ਆਧਾਰ 'ਤੇ ਪੰਜਾਬੀ ਪਿੰਡ ਉਸਾਰਨ ਲਈ ਬਹੁਤ ਮਿਹਨਤ ਨਾਲ ਪ੍ਰਾਜੈਕਟ ਤਿਆਰ ਕੀਤਾ ਸੀ।

## ਪੰਜਾਬ ਦੇ 20 ਵਿਧਾਇਕ ਖ਼ਤਰਨਾਕ ਅਪਰਾਧੀ!

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ 117 ਵਿਧਾਇਕਾਂ ਵਿਚੋਂ 20 ਵਿਧਾਇਕਾਂ ਖ਼ਿਲਾਫ਼ ਅਪਰਾਧਿਕ ਮਾਮਲੇ ਚੱਲ ਰਹੇ ਹਨ। ਇਨ੍ਹਾਂ 'ਚੋਂ 11 ਵਿਧਾਇਕ ਸ਼੍ਰੋਮਣੀ ਅਕਾਲੀ ਦਲ (ਬ), 7 ਕਾਂਗਰਸ ਤੇ 2 ਭਾਜਪਾ ਨਾਲ ਸਬੰਧਤ ਹਨ। ਐਸੋਸੀਏਸ਼ਨ ਆਫ਼ ਡੈਮੋਕ੍ਰੇਟਿਕ ਰਿਫੋਰਮਸ (ਏ.ਡੀ.ਆਰ.) ਨਾਂ ਦੀ ਗੈਰ ਸਰਕਾਰੀ ਸੰਸਥਾ ਵੱਲੋਂ ਸਰਕਾਰੀ ਦਸਤਾਵੇਜ਼ਾਂ ਦੀ ਛਾਣਬੀਣ ਉਪਰੰਤ ਇਹ ਅੰਕੜੇ ਕੱਢੇ ਗਏ ਹਨ ਕਿ ਇਨ੍ਹਾਂ ਵਿਧਾਇਕਾਂ 'ਚੋਂ 5 ਵਿਧਾਇਕ ਤਾਂ ਅਜਿਹੇ ਹਨ ਜਿਨ੍ਹਾਂ ਖ਼ਿਲਾਫ਼ ਇਰਾਦਾ ਕਤਲ, ਅਗਵਾ, ਘਾਤਕ ਹਮਲਾ ਕਰਨ ਤੇ ਮਰਨ ਲਈ ਮਜਬੂਰ ਕਰਨ ਵਰਗੇ ਦੋਸ਼ਾਂ ਤਹਿਤ ਮਾਮਲੇ ਦਰਜ ਹਨ।

ਇਨ੍ਹਾਂ ਪੰਜ ਵਿਧਾਇਕਾਂ 'ਚੋਂ ਸਭ ਤੋਂ ਉਤੇ ਨਾਂ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਵਿਧਾਇਕ ਕੈਪਟਨ ਬਲਬੀਰ ਸਿੰਘ ਬਾਠ ਦਾ ਹੈ ਜਿਸ 'ਤੇ ਆਈ.ਪੀ.ਸੀ. ਦੀ ਧਾਰਾ 326, 325, 323,324, 427, 148, 149 ਤਹਿਤ ਪਰਚਾ ਦਰਜ ਹੈ। ਦੂਜਾ ਨੰਬਰ ਗੁਰਦਾਸਪੁਰ ਜ਼ਿਲ੍ਹੇ ਦੇ ਹੀ ਫ਼ਤਹਿਗੜ੍ਹ ਹਲਕੇ ਤੋਂ ਵਿਧਾਇਕ ਸ. ਨਿਰਮਲ ਸਿੰਘ ਕਾਹਲੋਂ ਦਾ ਹੈ। ਇਸ ਖ਼ਿਲਾਫ਼ ਆਈ.ਪੀ.ਸੀ. ਦੀਆਂ ਧਾਰਾਵਾਂ 307, 382, 420, 120-ਬੀ, 467, 468, 471, 148, 149, 353 ਤੇ ਹੋਰ ਕਈ ਧਾਰਾਵਾਂ ਤਹਿਤ ਵੱਖ-ਵੱਖ ਥਾਣਿਆਂ ਵਿਚ ਛੇ ਮਾਮਲੇ ਦਰਜ ਹਨ। ਤੀਜਾ ਨੰਬਰ ਮੁਕਤਸਰ ਤੋਂ ਕਾਂਗਰਸੀ ਵਿਧਾਇਕ ਕੰਵਰਜੀਤ ਸਿੰਘ ਬਰਾੜ ਦਾ ਹੈ ਜਿਸ ਖ਼ਿਲਾਫ਼ ਇਰਾਦਾ ਕਤਲ ਦਾ ਮਾਮਲਾ ਦਰਜ ਹੈ। ਚੌਥੇ ਨੰਬਰ 'ਤੇ ਤਰਨਤਾਰਨ ਤੋਂ ਅਕਾਲੀ ਵਿਧਾਇਕ ਰਣਜੀਤ ਸਿੰਘ ਬ੍ਰਹਮਪੁਰਾ ਖ਼ਿਲਾਫ਼ ਵੀ ਇਰਾਦਾ ਕਤਲ ਦਾ ਮਾਮਲਾ ਦਰਜ ਹੈ ਜਦੋਂਕਿ ਅੰਮ੍ਰਿਤਸਰ ਦੇ ਰਾਜਾ ਸਾਂਸੀ ਇਲਾਕੇ ਦੇ ਕਾਂਗਰਸੀ ਵਿਧਾਇਕ ਸੁਖਬਿੰਦਰ ਸਿੰਘ ਸੁਖ ਸਰਕਾਰੀਆ ਖ਼ਿਲਾਫ਼ ਧਾਰਾ 366 ਤਹਿਤ ਔਰਤ ਨੂੰ ਅਗਵਾ ਕਰਨ ਤੇ ਜਬਰੀ ਸ਼ਾਦੀ ਕਰਨ ਦਾ ਮਾਮਲਾ ਦਰਜ ਹੈ।

ਇਸ ਤੋਂ ਇਲਾਵਾ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ, ਭਾਜਪਾ ਮੰਤਰੀ ਸਤਪਾਲ ਗੋਸਾਈਂ, ਅਕਾਲੀ ਮੰਤਰੀ ਅਜੀਤ ਸਿੰਘ ਕੋਹਾੜ ਤੇ ਸੁੱਚਾ ਸਿੰਘ ਲੰਗਾਹ ਦੇ ਖ਼ਿਲਾਫ਼ ਵੀ ਇਕ-ਇਕ ਮਾਮਲਾ ਦਰਜ ਹੈ ਜਦੋਂਕਿ ਕਾਂਗਰਸ ਦੇ ਹੀ ਕੈਪਟਨ ਅਮਰਿੰਦਰ ਸਿੰਘ, ਜੁਗਿੰਦਰ ਸਿੰਘ ਪੰਜਗਰਾਈਂ, ਬੀਬੀ ਰਜਿੰਦਰ ਕੌਰ ਭੱਠਲ, ਮੰਗਤ ਰਾਏ ਬਾਂਸਲ, ਰਿਪਜੀਤ ਸਿੰਘ ਬਰਾੜ ਤੇ ਅਕਾਲੀ ਦਲ ਬਾਦਲ ਦੇ ਸੋਹਣ ਸਿੰਘ ਠੰਡਲ, ਰਮਿੰਦਰ ਸਿੰਘ ਬੁਲਾਰੀਆ, ਦੀਦਾਰ ਸਿੰਘ ਭੱਟੀ ਤੇ ਮਨਜਿੰਦਰ ਸਿੰਘ ਕੰਗ ਤੋਂ ਇਲਾਵਾ ਭਾਜਪਾ ਦੇ ਰਾਜ ਖੁਰਾਨਾ ਤੇ ਪੀਪਲਜ਼ ਪਾਰਟੀ ਆਫ਼ ਪੰਜਾਬ ਦੇ ਮਨਪ੍ਰੀਤ ਸਿੰਘ ਬਾਦਲ ਦੇ ਖ਼ਿਲਾਫ਼ ਵੀ ਅਪਰਾਧਿਕ ਮਾਮਲੇ ਦਰਜ ਹਨ। ਏ.ਆਰ.ਡੀ. ਸੰਸਥਾ ਅਨੁਸਾਰ ਇਹ ਸਰਵੇਖਣ ਇਨ੍ਹਾਂ ਵਿਧਾਇਕਾਂ ਵੱਲੋਂ ਦਾਖ਼ਲ ਨਾਮਾਂਕਣ ਪੱਤਰਾਂ ਨਾਲ ਲਾਏ ਗਏ ਹਲਫ਼ਨਾਮਿਆਂ ਤੇ ਕਾਗਜ਼ਾਤਾਂ ਤੋਂ ਤਿਆਰ ਕੀਤਾ ਗਿਆ ਹੈ।

## ਰਾਜਧਾਨੀ 'ਚ ਮਾਂ ਬੋਲੀ ਅਜੇ ਵੀ ਰਾਣੀ ਨਾ ਬਣ ਸਕੀ

**ਚੰਡੀਗੜ੍ਹ:** ਪੰਜਾਬ ਸਰਕਾਰ ਵਿਧਾਨ ਸਭਾ ਵਿਚ ਮਤਾ ਪਾਸ ਕਰਨ ਦੇ ਬਾਵਜੂਦ ਚੰਡੀਗੜ੍ਹ ਯੂ.ਟੀ. ਪ੍ਰਸ਼ਾਸਨ ਵਿਚ ਪੰਜਾਬੀ ਭਾਸ਼ਾ ਨੂੰ ਸਰਕਾਰੀ ਰੁਤਬਾ ਦਿਵਾਉਣ ਵਿਚ ਕਾਮਯਾਬ ਨਹੀਂ ਰਹੀ। ਹਾਸਲ ਜਾਣਕਾਰੀ ਅਨੁਸਾਰ ਇਸ ਮਾਮਲੇ ਵਿਚ ਪੰਜਾਬ ਸਰਕਾਰ ਦਾ ਕੋਈ ਵੀ ਅਦਾਰਾ ਸਰਗਰਮ ਨਾ ਹੋਣ ਕਾਰਨ ਪੰਜਾਬ ਵਿਧਾਨ ਸਭਾ ਦਾ ਮਤਾ ਵੀ ਯੂ.ਟੀ. ਪ੍ਰਸ਼ਾਸਨ ਵੱਲੋਂ ਨੁਕਰੇ ਲਾ ਦਿੱਤਾ ਹੈ।

ਸੂਚਨਾ ਅਧਿਕਾਰ (ਆਰ.ਟੀ.ਆਈ.) ਤਹਿਤ ਹਾਸਲ ਜਾਣਕਾਰੀ ਅਨੁਸਾਰ ਭਾਸ਼ਾ ਵਿਭਾਗ ਨੇ ਪੰਜਾਬ ਵਿਧਾਨ ਸਭਾ ਵੱਲੋਂ ਯੂ.ਟੀ. ਚੰਡੀਗੜ੍ਹ ਪ੍ਰਸ਼ਾਸਨ ਵਿਚ ਪੰਜਾਬੀ ਭਾਸ਼ਾ ਨੂੰ ਸਰਕਾਰੀ ਰੁਤਬਾ ਦਿਵਾਉਣ ਦੇ ਪਾਸ ਕੀਤੇ ਮਤੇ 'ਤੇ ਅੱਜ ਤੱਕ ਕੁਝ ਵੀ ਨਹੀਂ ਕੀਤਾ। ਜ਼ਿਕਰਯੋਗ ਹੈ ਕਿ ਭਾਸ਼ਾ ਵਿਭਾਗ ਦੇ ਮੰਤਰੀ ਹੁੰਦਿਆਂ ਡਾ. ਉਪਿੰਦਰਜੀਤ ਕੌਰ ਵੱਲੋਂ ਯਤਨ ਕਰਨ ਤੋਂ ਬਾਅਦ ਪੰਜਾਬ ਵਿਧਾਨ ਸਭਾ 'ਚ ਯੂ.ਟੀ. ਪ੍ਰਸ਼ਾਸਨ ਵਿਚ ਪੰਜਾਬੀ ਭਾਸ਼ਾ ਨੂੰ ਸਰਕਾਰੀ ਰੁਤਬਾ ਦੇਣ ਦਾ ਮਤਾ ਪਾਸ ਕਰਵਾਇਆ ਗਿਆ ਸੀ।

ਉਸ ਵੇਲੇ ਡਾ. ਉਪਿੰਦਰਜੀਤ ਕੌਰ ਤੇ ਇਸ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਵੱਲੋਂ ਉਲੀਕੇ ਪ੍ਰੋਗਰਾਮ ਤਹਿਤ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਨਾਮਵਰ ਲੇਖਕਾਂ, ਬੁੱਧੀਜੀਵੀਆਂ ਤੇ ਸਾਹਿਤਕਾਰਾਂ ਦੇ ਕਾਫਲੇ ਸਮੇਤ ਪੰਜਾਬ ਰਾਜ ਭਵਨ ਵਿਖੇ ਪੁੱਜ ਕੇ ਪੰਜਾਬ ਦੇ ਰਾਜਪਾਲ ਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਸ਼ਿਵ ਰਾਜ ਪਾਟਿਲ ਨੂੰ ਇਸ ਮਤੇ ਦੀ ਕਾਪੀ ਸੌਂਪ ਕੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਿਚ ਨੁਕਰੇ ਲਾਈ ਪੰਜਾਬੀ ਭਾਸ਼ਾ ਨੂੰ ਸਰਕਾਰੀ ਰੁਤਬਾ ਦੇਣ ਦੀ ਮੰਗ ਕੀਤੀ ਸੀ।

ਇਸ ਮਹੱਤਵਪੂਰਨ ਮੁੱਦੇ 'ਤੇ ਭਾਸ਼ਾ ਵਿਭਾਗ ਵੱਲੋਂ ਇਕ ਸਤਰ ਵਿਚ ਦਿੱਤੇ ਜਵਾਬ 'ਚ ਕਿਹਾ ਗਿਆ ਹੈ ਕਿ ਪੰਜਾਬ ਵਿਧਾਨ ਸਭਾ ਵੱਲੋਂ ਯੂ.ਟੀ. ਪ੍ਰਸ਼ਾਸਨ ਵਿਚ ਪੰਜਾਬੀ ਨੂੰ ਸਰਕਾਰੀ ਰੁਤਬਾ ਦੇਣ ਦੇ ਮੁੱਦੇ ਉਪਰ ਭਾਸ਼ਾ ਵਿਭਾਗ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ। ਇਸ ਤੋਂ ਇਲਾਵਾ ਵਿਧਾਨ ਸਭਾ ਦਾ ਇਸ ਬਾਬਤ ਮਤਾ ਸ੍ਰੀ ਪਾਟਿਲ ਨੂੰ ਖੁਦ ਦੇ ਕੇ ਆਏ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੀ ਇਸ ਮਤੇ ਨੂੰ ਲਾਗੂ ਕਰਵਾਉਣ ਵਿਚ ਕਾਮਯਾਬ ਨਹੀਂ ਰਹੇ।

ਉਂਜ ਪਿਛਲੇ ਸਮੇਂ ਸ਼੍ਰੋਮਣੀ ਕਮੇਟੀ ਚੋਣਾਂ ਦੌਰਾਨ ਅਕਾਲੀ ਦਲ ਦੀ ਉਮੀਦਵਾਰ ਬੀਬੀ ਹਰਜਿੰਦਰ ਕੌਰ ਲਈ ਚੋਣ ਪ੍ਰਚਾਰ ਕਰਨ ਆਏ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਵੀ ਪੰਜਾਬੀਆਂ ਦੀ ਰਾਜਧਾਨੀ ਵਿਚ ਪੰਜਾਬੀ ਮਾਂ ਬੋਲੀ ਨੂੰ ਸਰਕਾਰੀ ਰੁਤਬਾ ਦਿਵਾਉਣ ਦੇ ਐਲਾਨ ਕੀਤੇ ਸਨ ਪਰ ਹਾਲੇ ਅਜਿਹੀ ਕੋਈ ਸਰਗਰਮੀ ਨਜ਼ਰ ਨਹੀਂ ਆਈ। ਹਰਜਿੰਦਰ ਕੌਰ ਨੇ ਇਹ ਮੁੱਦਾ ਆਪਣੇ ਚੋਣ ਮਨੋਰਥ ਪੱਤਰ ਵਿਚ ਵੀ ਪਾਇਆ ਹੈ। ਚੰਡੀਗੜ੍ਹ ਵਿਚ ਪੰਜਾਬੀ ਲਾਗੂ ਕਰਵਾਉਣ ਲਈ 2009 ਦੀਆਂ ਲੋਕ ਸਭਾ ਚੋਣਾਂ ਦੌਰਾਨ ਕੇਂਦਰੀ ਮੰਤਰੀ ਤੇ ਇਥੋਂ ਦੇ ਸੰਸਦ ਮੈਂਬਰ ਪਵਨ ਕੁਮਾਰ ਬਾਂਸਲ ਨੇ ਵੀ ਚੋਣ ਜਿੱਤਣ ਦੀ ਸੂਰਤ ਵਿਚ ਇੱਕ ਸਾਲ 'ਚ ਇਥੇ ਪੰਜਾਬੀ ਲਾਗੂ ਕਰਵਾਉਣ ਦੇ ਵਾਅਦੇ ਕੀਤੇ ਸਨ ਪਰ 28 ਮਹੀਨਿਆਂ ਦੌਰਾਨ ਉਹ ਵੀ ਆਪਣਾ ਵਾਅਦਾ ਨਹੀਂ ਪੁਗਾ ਸਕੇ।

ਇਸੇ ਤਰ੍ਹਾਂ ਇਕ ਵਾਰ ਸ੍ਰੀ ਆਨੰਦਪੁਰ ਸਾਹਿਬ ਹਲਕੇ ਤੋਂ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਵੀ ਇਸ ਮੁੱਦੇ ਨੂੰ ਲੋਕ ਸਭਾ ਵਿਚ ਉਠਾਉਣ ਦੀ ਗੱਲ ਕਰ ਚੁੱਕੇ ਹਨ।

## ਬੈਲਜੀਅਮ 'ਚ ਕਮਲ ਨਾਥ ਵਿਰੁਧ ਫੌਜਦਾਰੀ ਕੇਸ ਦਾਇਰ ਕਰਨ ਦੀ ਮੰਗ

**ਨਿਊ ਯਾਰਕ:** ਮਨੁੱਖੀ ਅਧਿਕਾਰ ਸੰਸਥਾ ਸਿੱਖਸ ਫਾਰ ਜਸਟਿਸ ਵੱਲੋਂ ਬੈਲਜੀਅਮ ਦੌਰੇ 'ਤੇ ਜਾ ਰਹੇ ਭਾਰਤ ਦੇ ਸ਼ਹਿਰੀ ਵਿਕਾਸ ਮੰਤਰੀ ਕਮਲ ਨਾਥ ਖ਼ਿਲਾਫ਼ ਨਵੰਬਰ 1984 ਦੀ ਸਿੱਖ ਨਸਲਕੁਸ਼ੀ ਦੇ ਮਾਮਲੇ ਵਿਚ ਬੈਲਜੀਅਮ ਸਰਕਾਰ 'ਤੇ ਫੌਜਦਾਰੀ ਮੁਕੱਦਮਾ ਚਲਾਉਣ ਦੀ ਮੰਗ ਕੀਤੀ ਗਈ ਹੈ।

ਮੰਤਰੀ ਕਮਲ ਨਾਥ 13 ਅਕਤੂਬਰ 2011 ਨੂੰ 5ਵੀਂ ਯੂਰੋ ਇੰਡੀਆ ਸਿਖਰ ਵਾਰਤਾ ਵਿਚ ਭਾਗ ਲੈਣ ਲਈ ਬੈਲਜੀਅਮ ਦੇ ਸ਼ਹਿਰ ਲਿਊਵਨ ਜਾਣਗੇ। ਇਹ ਜਾਣਕਾਰੀ ਦਿੰਦਿਆਂ ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂੰ ਨੇ ਦੱਸਿਆ ਕਿ ਬੈਲਜੀਅਮ ਦੇ ਕਾਨੂੰਨ ਅਨੁਸਾਰ ਬੈਲਜੀਅਮ ਤੋਂ ਬਾਹਰ ਮਾਨਵਤਾ ਦੇ ਖ਼ਿਲਾਫ਼ ਅਪਰਾਧ ਅਤੇ ਮਨੁੱਖੀ ਕਤਲੇਆਮ ਕਰਨ ਵਾਲਿਆਂ ਦੇ ਖ਼ਿਲਾਫ਼ ਫੌਜਦਾਰੀ ਕੇਸ ਦਰਜ ਕੀਤਾ ਜਾ ਸਕਦਾ ਹੈ। ਬੈਲਜੀਅਮ ਦਾ "ਵਾਧੂ ਖੇਤਰ ਅਧਿਕਾਰ" ਕਾਨੂੰਨ ਕਿਸੇ ਵੀ ਸਟੇਟ ਦੇ ਮੁਖੀ ਜਾਂ ਮੋਹਤਬਰ ਦਾ ਲਿਹਾਜ਼ ਨਹੀਂ ਕਰਦਾ। ਇਸ ਕਾਨੂੰਨ ਅਧੀਨ ਇਸਰਾਈਲ ਦੇ ਸਾਬਕਾ ਪ੍ਰਧਾਨ ਮੰਤਰੀ ਏਰੀਅਲ ਸ਼ੈਰਨ ਦੇ ਖ਼ਿਲਾਫ਼ 1982 ਵਿਚ ਸਬਰਾ ਸ਼ਤੀਲਾ ਕਤਲੇਆਮ ਵਿਚ ਭਾਗੀਦਾਰ ਹੋਣ ਕਾਰਨ ਫੌਜਦਾਰੀ ਕੇਸ ਚਲਾਇਆ ਜਾ ਚੁਕਾ ਹੈ।

ਅਟਾਰਨੀ ਪੰਨੂੰ ਅਨੁਸਾਰ ਸਿੱਖਸ ਫਾਰ ਜਸਟਿਸ ਨਵੰਬਰ 1984 ਦੀ ਸਿੱਖ ਨਸਲਕੁਸ਼ੀ ਦੇ ਜ਼ਿੰਮੇਵਾਰਾਂ ਦੇ ਖ਼ਿਲਾਫ਼ ਦੀਵਾਨੀ ਅਤੇ ਫੌਜਦਾਰੀ ਮੁਕੱਦਮੇ ਚਲਾਉਣ ਲਈ ਦ੍ਰਿੜ ਹੈ। ਸਿੱਖਸ ਫਾਰ ਜਸਟਿਸ ਵੱਲੋਂ ਅਪਰੈਲ 2010 ਵਿਚ ਕਮਲ ਨਾਥ ਦੇ ਖ਼ਿਲਾਫ਼ ਅਮਰੀਕੀ ਫੈਡਰਲ ਅਦਾਲਤ ਵਿਚ ਕੇਸ ਦਾਇਰ ਕੀਤਾ ਗਿਆ ਸੀ ਜਿਸ ਸਬੰਧੀ ਉਸ ਨੂੰ ਸੰਮਨਾਂ ਦੀ ਤਾਮੀਲ ਹੋ ਚੁੱਕੀ ਹੈ।

ਸੰਸਥਾ ਨੇ ਬੈਲਜੀਅਮ ਦੇ ਪ੍ਰਧਾਨ ਮੰਤਰੀ ਵੇਵਸ ਲੈਟਰੀਮ ਦੇ ਕੋਲ ਕਮਲ ਨਾਥ ਵੱਲੋਂ ਸਿੱਖ ਕਤਲੇਆਮ ਵਿਚ ਨਿਭਾਏ ਗਏ ਰੋਲ ਸਬੰਧੀ ਪਹੁੰਚ ਕੀਤੀ ਹੈ ਤੇ ਉਸ ਦੇ ਬੈਲਜੀਅਮ ਆਉਣ 'ਤੇ ਪਾਬੰਦੀ ਲਗਾਉਣ ਦੀ ਮੰਗ ਕੀਤੀ ਹੈ।

# ਓਨਟਾਰੀਓ ਚੋਣਾਂ ਵਿਚ ਸਿਰਫ਼ ਪੰਜ ਪੰਜਾਬੀ ਜਿੱਤੇ

**ਚੰਡੀਗੜ੍ਹ:** ਕੈਨੇਡਾ ਦੇ ਸੂਬੇ ਓਨਟਾਰੀਓ ਦੇ ਵੋਟਰਾਂ ਨੇ ਅਪਣਾ ਫ਼ਤਵਾ ਦੇ ਕੇ ਲਗਾਤਾਰ ਤੀਜੀ ਵਾਰ ਲਿਬਰਲ ਪਾਰਟੀ ਨੂੰ ਚੁਣ ਲਿਆ ਪਰ ਇਨ੍ਹਾਂ ਚੋਣ ਨਤੀਜਿਆਂ ਵਿਚ ਇਸ ਵਾਰ ਪੰਜਾਬੀ ਉਮੀਦਵਾਰ ਪਛੜ ਗਏ। ਦੂਜੇ ਪਾਸੇ ਡਾਲਟਨ ਮਗੰਟੀ 1959 ਤੋਂ ਬਾਅਦ ਲਗਾਤਾਰ ਤੀਜੀ ਵਾਰ ਸਰਕਾਰ ਬਣਾਉਣ ਵਾਲੇ ਪਹਿਲੇ ਪ੍ਰੀਮੀਅਰ ਬਣ ਗਏ ਹਨ। ਇਸ ਵਾਰ ਤਕਰੀਬਨ ਦੋ ਦਰਜਨ ਪੰਜਾਬੀ ਉਮੀਦਵਾਰਾਂ ਨੇ ਚੋਣ ਲੜੀ ਸੀ ਪਰ ਜਿੱਤ ਪੰਜ ਨੂੰ ਹੀ ਨਸੀਬ ਹੋਈ।

ਭਾਰਤੀ ਮੂਲ ਦੇ ਪਿਛਲੀ ਵਾਰ ਦੇ ਚਾਰ ਜੇਤੂਆਂ ਵਿਚੋਂ ਹਰਿੰਦਰ ਤੱਖੜ, ਵਿੱਕ ਢਿੱਲੋਂ ਤੇ ਅੰਮ੍ਰਿਤ ਮਾਂਗਟ ਬਹੁਤ ਆਸਾਨੀ ਨਾਲ ਚੋਣ ਜਿੱਤ ਗਏ ਹਨ ਜਦਕਿ ਇਕ ਵੱਡੇ ਉਲਟ ਫੇਰ ਵਿਚ ਬਰੈਮਲੀ-ਗੋਰ-ਮਾਲਟਨ ਤੋਂ ਡਾ. ਕੁਲਦੀਪ ਕੁਲਾਰ ਚੋਣ ਹਾਰ ਗਏ ਹਨ ਜਿਨ੍ਹਾਂ ਨੂੰ ਪਿਛਲੀ ਵਾਰ ਫੈਡਰਲ ਚੋਣਾਂ ਵਿਚ ਸਿਰਫ਼ 600 ਵੋਟਾਂ ਦੇ ਥੋੜੇ ਜਿਹੇ ਫਰਕ ਨਾਲ ਚੋਣ ਹਾਰਨ ਵਾਲੇ ਐਨ.ਡੀ.ਪੀ. ਉਮੀਦਵਾਰ ਜਗਮੀਤ ਸਿੰਘ ਨੇ ਸਖ਼ਤ ਮੁਕਾਬਲੇ ਵਿਚ ਹਰਾ ਦਿਤਾ ਹੈ। ਪੀ.ਸੀ. ਪਾਰਟੀ ਦੇ ਸੰਜੀਵ ਮੈਂਗੀ ਇਥੇ ਬਹੁਤ ਕਮਜ਼ੋਰ ਸਾਬਤ ਹੋਏ ਤੇ ਤੀਜੇ ਨੰਬਰ 'ਤੇ ਰਹੇ।

ਹਾਸਲ ਨਤੀਜਿਆਂ ਵਿਚ 107 ਸੀਟਾਂ ਵਾਲੀ ਵਿਧਾਨ ਸਭਾ ਵਿਚ ਲਿਬਰਲ ਪਾਰਟੀ ਨੂੰ ਬਹੁਮਤ ਲਈ ਲੋੜੀਂਦੀਆਂ 54 ਸੀਟਾਂ ਨਹੀਂ ਮਿਲੀਆਂ ਤੇ ਉਹ ਸਿਰਫ਼ ਇਕ ਸੀਟ ਤੋਂ ਬਹੁਮਤ ਹਾਸਲ ਕਰਨ ਤੋਂ ਰਹਿ ਗਈ ਹੈ।

ਲਿਬਰਲ ਦੇ ਹਿੱਸੇ 107 ਵਿਚੋਂ 53 ਸੀਟਾਂ ਆਈਆਂ ਜਦਕਿ ਪੀ.ਸੀ. ਪਾਰਟੀ ਨੂੰ 37 ਸੀਟਾਂ ਤੇ ਐਨ.ਡੀ.ਪੀ. ਨੂੰ ਸਿਰਫ਼ 17 ਸੀਟਾਂ ਹੀ ਮਿਲੀਆਂ। ਗਰੀਨ ਪਾਰਟੀ ਆਪਣਾ ਖਾਤਾ ਵੀ ਨਾ ਖੋਲ੍ਹ ਸਕੀ। ਜੇ ਵੋਟਾਂ ਦੀ ਫ਼ੀਸਦੀ ਦਰ ਨੂੰ ਦੇਖਿਆ ਜਾਵੇ ਤਾਂ ਲਿਬਰਲ ਪਾਰਟੀ ਨੂੰ ਭਾਵੇਂ 37 ਫ਼ੀਸਦੀ ਵੋਟਾਂ ਹੀ ਮਿਲੀਆਂ ਪਰ ਫਿਰ ਵੀ ਉਹ 53 ਸੀਟਾਂ ਜਿੱਤਣ ਵਿਚ ਕਾਮਯਾਬ ਰਹੀ ਜਦਕਿ 35 ਫ਼ੀਸਦੀ ਵੋਟਾਂ ਹਾਸਲ ਕਰਨ ਦੇ ਬਾਵਜੂਦ ਪੀ.ਸੀ. ਪਾਰਟੀ ਸਿਰਫ਼ 37 ਸੀਟਾਂ ਹੀ ਜਿੱਤ ਸਕੀ।

ਭਾਵੇਂ ਕਿ ਇਸ ਦੀਆਂ ਸੀਟਾਂ ਵਿਚ ਪਿਛਲੀ ਵਾਰ ਨਾਲੋਂ 12 ਦਾ ਵਾਧਾ ਹੋਇਆ ਹੈ ਤੇ ਇਸ ਨੂੰ ਪਿਛਲੀ ਵਾਰ ਨਾਲੋਂ 3.5 ਫ਼ੀਸਦੀ ਵੱਧ ਵੋਟਾਂ ਮਿਲੀਆਂ ਹਨ। 17 ਸੀਟਾਂ ਜਿੱਤਣ ਵਾਲੀ ਐਨ.ਡੀ.ਪੀ. ਨੂੰ 23 ਫ਼ੀਸਦੀ ਵੋਟਾਂ ਹਾਸਲ ਹੋਈਆਂ ਹਨ। ਗਰੀਨ ਪਾਰਟੀ ਨੂੰ 3 ਫ਼ੀਸਦੀ ਵੋਟਾਂ ਮਿਲੀਆਂ ਤੇ ਉਹ ਕੋਈ ਵੀ ਸੀਟ ਨਹੀਂ ਜਿੱਤ ਸਕੀ। ਜ਼ਿਕਰਯੋਗ ਹੈ ਕਿ ਪਿਛਲੀ ਵਿਧਾਨ ਸਭਾ ਵਿਚ ਲਿਬਰਲ ਪਾਰਟੀ ਦੀਆਂ 72 ਸੀਟਾਂ ਸਨ। ਇੰਜ ਲਿਬਰਲ ਪਾਰਟੀ ਨੇ ਜਿਹੜੀਆਂ 19 ਸੀਟਾਂ ਗਵਾਈਆਂ ਹਨ, ਉਨ੍ਹਾਂ ਵਿਚੋਂ 12 ਪੀ.ਸੀ. ਤੇ 7 ਐਨ.ਡੀ.ਪੀ. ਦੇ ਹਿੱਸੇ ਆਈਆਂ।

## ਕੈਨੇਡੀਅਨ ਵੋਟਰਾਂ ਦਾ ਸਿਆਸਤ ਤੋਂ ਮੋਹ-ਭੰਗ

**ਟੋਰਾਂਟੋ:** ਕੈਨੇਡਾ ਦੇ ਓਂਟਾਰੀਓ ਸੂਬੇ ਦੀਆਂ ਚੋਣਾਂ ਦੌਰਾਨ ਬਕਸਿਆਂ ਵਿਚੋਂ ਹੁਣ ਤੱਕ ਦੀਆਂ ਸਭ ਤੋਂ ਘੱਟ ਵੋਟਾਂ ਨਿਕਲਣਾ ਸਿਆਸੀ ਵਿਸ਼ਲੇਸ਼ਕਾਂ ਤੇ ਲੋਕਾਂ ਨੂੰ ਹਜ਼ਮ ਨਹੀਂ ਹੋ ਰਿਹਾ। ਸੂਤਰਾਂ ਮੁਤਾਬਕ 1.3 ਕਰੋੜ ਦੀ ਆਬਾਦੀ ਵਾਲੇ ਸੂਬੇ ਦੇ ਕੋਈ 85 ਲੱਖ ਯੋਗ ਵੋਟਰਾਂ 'ਚੋਂ ਅੱਧਿਓਂ ਘੱਟ ਲੋਕਾਂ ਨੇ ਹੀ ਬੈਲਟ ਪੇਪਰਾਂ 'ਤੇ ਨਿਸ਼ਾਨੀ ਲਾਈ।

ਇਸ ਬਾਰੇ ਥਾਨਕ ਯੂਨੀਵਰਸਿਟੀ ਦੇ ਸਿਆਸੀ ਵਿਵਹਾਰ ਖੋਜ ਗਰੁੱਪ ਦੀ ਡਾਇਰੈਕਟਰ ਲੌਰਾ ਸਟੀਫਨਸਨ ਕਹਿਣਾ ਹੈ ਕਿ ਲੀਡਰ ਆਪੋ ਆਪਣੇ ਪਾਰਟੀ ਚੋਣ-ਮਨੋਰਥਾਂ ਬਾਰੇ ਲੋਕਾਂ ਤੱਕ ਰਸਾਈ ਨਹੀਂ ਕਰ ਸਕੇ। ਵੱਡਿਆਂ ਨੂੰ ਛੱਡ ਕੇ ਨੌਜਵਾਨਾਂ ਵਿਚ ਵੀ ਸਿਆਸਤ ਵਿਚ ਬਹੁਤੀ ਦਿਲਚਸਪੀ ਨਹੀਂ ਹੈ। ਕੈਨੇਡਾ ਦੇ ਦੂਜੇ ਸੂਬਿਆਂ ਮੈਨੀਟੋਬਾ ਵਿਚ 57 ਫੀਸਦੀ ਤੇ ਨਾਰਥਵੈਸਟ ਟੈਰੀਟਰੀ ਵਿਚ 35 ਫੀਸਦੀ ਵੋਟਿੰਗ ਹੋਈ। ਕੇਂਦਰੀ ਚੋਣਾਂ ਵਿਚ ਵੀ 61 ਫੀਸਦੀ ਵੋਟ ਪਈ ਸੀ। ਲੋਕਾਂ ਨੂੰ ਕੋਈ ਢੁਕਵਾਂ ਸਿਆਸੀ ਬਦਲ ਨਹੀਂ ਲੱਭ ਰਿਹਾ। ਸ਼ਾਇਦ ਇਸੇ ਕਰਕੇ ਉਨ੍ਹਾਂ ਦੀ ਸਿਆਸਤ ਵਿਚ ਕੋਈ ਖਾਸ ਦਿਲਚਸਪੀ ਨਹੀਂ ਰਹੀ।

ਪਿਛਲੇ ਇਕ ਦਹਾਕੇ ਤੋਂ ਇਹ ਗਰਾਫ ਲਗਾਤਾਰ ਡਿੱਗ ਰਿਹਾ ਹੈ। ਓਂਟਾਰੀਓ ਵਿਚ 1999 ਦੌਰਾਨ ਐਨ.ਡੀ.ਪੀ. ਦੀ ਸਰਕਾਰ ਬਣਨ ਵੇਲੇ 64 ਫੀਸਦੀ ਵੋਟ ਪਈ ਸੀ ਤੇ 2003 ਵਿਚ ਇਹ ਘਟ ਕੇ 56.8ਫੀਸਦੀ 'ਤੇ ਆ ਗਈ। 2007 ਵਿਚ 52.1 ਫੀਸਦੀ ਵੋਟਰ ਭੁਗਤੇ ਸਨ। 2007 ਵਿਚ ਕੋਈ ਸਵਾ ਛੇ ਲੱਖ ਵੋਟਰਾਂ ਨੇ ਅਗਾਊਂ ਵੋਟ (ਅਡਵਾਂਸ ਪੋਲਿੰਗ) ਪਾਈ ਸੀ ਜਦਕਿ 13 ਦਿਨ ਦਿੱਤੇ ਗਏ ਸਨ।ਪਰ ਇਸ ਵਾਰ ਚੋਣ ਮਹਿਕਮੇ ਨੇ ਵੋਟਰਾਂ ਨੂੰ ਅਗਾਊਂ ਵੋਟ ਲਈ 10 ਦਿਨ ਤੇ ਡਾਕ ਰਾਹੀਂ ਵੋਟਿੰਗ ਲਈ 23 ਦਿਨ ਦਿੱਤੇ ਸਨ ਫਿਰ ਵੀ ਬਕਸਿਆਂ 'ਚੋਂ ਘੱਟ ਵੋਟਾਂ ਨਿਕਲਣਾ ਹੈਰਾਨੀਜਨਕ ਹੈ।

**SUPER TRAVEL**

847-676-9090, 773-465-5566

*E-mail: supertravel2003@yahoo.com*

*Lowest Fares With Excellent Service*

AMERICAN AIR, CONTINENTAL AIR



JET AIRWAYS DELTA, AIR INDIA, KLM, LUFTHANSA.

*For Emergency Call anytime at 847-673-3825*

EARLY BIRD SALE!!!!

India $545
London $250


# ਗਾਇਕ ਜਗਜੀਤ ਸਿੰਘ ਦੇ ਚਲਾਣੇ ਉਤੇ ਦੁੱਖ ਦਾ ਪ੍ਰਗਟਾਵਾ

**ਫਰੀਮਾਂਟ (ਬਿਊਰੋ):** ਸੈਂਟਰ ਆਫ ਇੰਡੋ-ਯੂ ਐਸ ਡਾਇਲਾਗ ਅਤੇ ਪੰਜਾਬੀ ਗੀਤਕਾਰ ਮੰਚ ਨੇ ਗਜ਼ਲ ਸਮਰਾਟ ਜਗਜੀਤ ਸਿੰਘ ਦੇ ਦਿਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਹੈ ਕਿ ਭਾਰਤੀ ਸੰਗੀਤ ਪ੍ਰੇਮੀਆਂ ਕੋਲੋਂ ਇਕ ਮਹਾਨ ਫਨਕਾਰ ਗੁੰਮ ਗਿਆ ਹੈ। ਇਨ੍ਹਾਂ ਸੰਸਥਾਵਾਂ ਦੇ ਆਗੂਆਂ ਕੁਲਦੀਪ ਧਾਲੀਵਾਲ, ਹਰਮਿੰਦਰ ਗਿੱਲ, ਪ੍ਰੋ. ਲਾਲੀ ਧਨੋਆ, ਗੁਲਿੰਦਰ ਗਿੱਲ, ਮੱਖਣ ਲੁਹਾਰ, ਬਿੱਕਰ ਸਿੰਘ ਕੰਮੇਆਣਾ, ਕੁਲਜੀਤ ਮਾਨ ਅਤੇ ਐਸ ਅਸ਼ੋਕ ਭੌਰਾ ਵਲੋਂ ਜਾਰੀ ਕੀਤੇ ਗਏ ਇਕ ਸਾਂਝੇ ਬਿਆਨ ਵਿਚ ਕਿਹਾ ਗਿਆ ਹੈ ਕਿ ਜਗਜੀਤ ਸਿੰਘ ਦੀਆਂ ਗਜ਼ਲਾਂ ਮਨੁੱਖੀ ਜਜ਼ਬਾਤ ਦੀ ਤਰਜਮਾਨੀ ਕਰਦੀਆਂ ਸਨ ਅਤੇ ਉਨ੍ਹਾਂ ਵਿਚ ਇੰਨਾ ਦਮ ਸੀ ਕਿ ਵੱਡੇ ਵੱਡੇ ਫਨਕਾਰਾਂ ਦਾ ਵੀ ਉਨ੍ਹਾਂ ਅੱਗੇ ਸਿਰ ਝੁਕ ਜਾਂਦਾ ਸੀ। ਬੇਸ਼ਕ ਉਹ ਇਸ ਸੰਸਾਰ ਵਿਚ ਸਰੀਰਕ ਤੌਰ 'ਤੇ ਨਹੀਂ ਰਹੇ ਪਰ ਉਨ੍ਹਾਂ ਦੀ ਗਾਇਕੀ ਹਮੇਸ਼ਾ ਸਾਡੇ ਕੰਨਾਂ ਵਿਚ ਗੂੰਜਦੀ ਰਹੇਗੀ।

## Matrimonials

### ਵਰ ਦੀ ਲੋੜ ਹੈ

Parents seek Jatt Sikh boy in Medical or IT profession for Jatt Sikh, 27, 5'-7" MBBS girl preparing for USMLE, 1st step cleared. Cont.:Ph. 510-304-9292 or e-mail: jassi@jassigill.com

ਸੁੰਦਰ ਸੈਣੀ ਲੜਕੇ 24 ਸਾਲ, ਬੀ. ਐਸ. ਸੀ. ਨਰਸਿੰਗ ਵਾਸਤੇ ਯੋਗ ਸੁਸ਼ੀਲ ਜੀਵਨ ਸਾਥਣ ਦੀ ਜਰੂਰਤ ਹੈ। ਅਮਰੀਕਾ ਕੈਨੇਡਾ ਨੂੰ ਤਰਜੀਹ। ਜਾਤ ਗੋਤ ਕੋਈ ਵਿਚਾਰ ਨਹੀਂ। ਫੋਨ ਨੰਬਰ 408-518-2031 ਜਾਂ email: gsaini125@gmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਜੱਟ ਸਿੱਖ ਸੁੰਦਰ ਤੇ ਸਾਊ ਲੜਕੀ, 24 ਸਾਲ, ਕੱਦ 5.0', ਬੀ ਐਸ ਨਰਸਿੰਗ ਲਈ ਯੋਗ ਜੱਟ ਸਿੱਖ ਵਰ ਦੀ ਲੋੜ ਹੈ। ਅਮਰੀਕਾ/ਕੈਨੇਡਾ ਦੇ ਸਿਟੀਜ਼ਨ, ਗਰੀਨ ਕਾਰਡ, ਜਾਂ ਪੀ ਆਰ ਹੋਲਡਰ 510-300-7682 ਜਾਂ 91-99155-50180 'ਤੇ ਸੰਪਰਕ ਕਰਨ।

ਬੀ.ਕਾਮ ਤੇ ਬਿਜਨਸ ਮੈਨੇਜਮੈਂਟ ਵਿਚ ਡਿਪਲੋਮਾ ਪ੍ਰਾਪਤ ਅਤੇ ਦਿੱਲੀ ਦੀ ਇਕ ਚੰਗੀ ਕਾਰੋਬਾਰੀ ਕੰਪਨੀ ਵਿਚ ਚੰਗੀ ਜਾਬ ਕਰਦੀ 28 ਸਾਲਾ, 5'6" ਖੂਬਸੂਰਤ ਰਵੀਦਾਸੀਆ ਲੜਕੀ ਲਈ ਕੈਨੇਡਾ ਜਾਂ ਅਮਰੀਕਾ ਦੇ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਦਾ ਪਿਤਾ ਅਸ਼ੋਕਾ ਹੋਟਲ, ਨਵੀਂ ਦਿੱਲੀ ਦੇ ਗਜਟਿਡ ਅਹੁਦੇ ਤੋਂ ਸੇਵਾਮੁਕਤ ਅਤੇ ਮਾਮਾ ਅਮਰੀਕਾ ਵਿਚ। ਸੰਪਰਕ ਕਰੋ 559-495-9871 ਜਾਂ ਈਮੇਲ ਕਰੋ: kashmirkaur67@gmail.com

### ਕੰਨਿਆ ਦੀ ਲੋੜ ਹੈ

Suitable match for 29/5'-9" cleanshaven, slim, Ramgarhia Sikh boy, Software Engineer well settled in US.Caste no bar. Call: 425- 307-1050: Email:biodata/photo: psingh03850@gmail.com

Jatt Gursikh, 28 years old 5'11" US Citizen, doing Networking Eng. seeks educated Jatt Sikh girl atleast 5'5". Preference to Medical profession. Contact: 209-835-8767 or email laadi@sbcglobal.net

US/Canadian girl sought for Canadian citizen Kamboj Sikh cleanshave boy 27, 5' 7", Chem. engg., working with SNC Lavalin. No bars. Pl. contact: e-mail at: ravhanda@hotmail.com


# ਰੇਡੀਓ ਚੜ੍ਹਦੀ ਕਲਾ ਸੁਣੋ

RADIO CHARDI KALA

ਹੁਣ ਦੁਨੀਆਂ ਭਰ ਵਿਚ www.radiock.com 'ਤੇ

ਬੇਏਰੀਆ ਅਤੇ ਯੂਬਾ ਸਿਟੀ ਹਫਤੇ ਦੇ ਸੱਤੇ ਦਿਨ, 24 ਘੰਟੇ

ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ

ਹੁਣ $40 ਵਾਲਾ ਵੱਡਾ ਰੇਡੀਓ ਸਿਰਫ $30 ਵਿਚ ਖਰੀਦੋ ਬਹੁਤ ਹੀ ਵਧੀਆ ਕੁਆਲਿਟੀ

- > Royal Bazar, San Jose
- > Preet Fabric, Fremont
- > Sidhartha International, Fremont
- > Roshni, Union City
- > Kash Fabrics, Hayward
- > Maya Fashion, Newark
- > LA Merchandise, Yuba City

DESI WORLD RADIO Pure Desi Entertainment

*ਰੇਡੀਓ ਚੜ੍ਹਦੀ ਕਲਾ ਚੈਨਲ 1 'ਤੇ ਸੁਣੋ*

*ਹੋਰ ਜਾਣਕਾਰੀ ਲਈ ਕਾਲ ਕਰੋ*

ਗੁਰਚਰਨ ਸਿੰਘ ਮਾਨ ਫੋਨ 510-557-0061

ਲਖਬੀਰ ਸਿੰਘ ਫੋਨ 510-760-9882

*ਹੋਰ ਜਾਣਕਾਰੀ ਲਈ ਸਾਡੀ ਵੈਬਸਾਈਟ 'ਤੇ ਜਾਓ www.radiock.com*

***Radio CK, PO Box 296, Fremont, CA 94537***



# ਟਰੱਕ ਵਾਸ਼ ਵਿਕਾਊ ਹੈ

ਕੈਲੀਫੋਰਨੀਆ ਦੇ ਨਾਲ ਲੱਗਦੀ ਸਟੇਟ ਐਰੀਜ਼ੋਨਾ ਵਿਚ ਬਹੁਤ ਹੀ ਬਿਜ਼ੀ ਲੋਕੇਸ਼ਨ

TA Truck Stop ਦੇ ਸਾਹਮਣੇ

ਆਈ-10, ਐਗਜ਼ਿਟ 340

Willcox, AZ

**ਕੀਮਤ: $455,000**

ਸੰਪਰਕ ਕਰੋ:

**ਫੋਨ:917-535-1615**



*To Advertise with us call: 847-359-0746*



**MRP TRAVEL**

*Lowest International and Domestic Fares*

ARC FLY ANY AIRLINE OF YOUR CHOICE IATA

*Providing the lowest Airfare, Cruise and Travel Packages to Asia, Africa, Europe, the Middle East and North America*

**408-929-8005**

E-mail:mrptravel@gmail.com

2123 Port Way, San Jose, CA 95133

*CST: 2097308-40*



*Passport & Visa services also available*

Asiana Airlines, Emirates, SINGAPORE AIRLINES, CATHAY PACIFIC, Lufthansa, KOREAN AIR, CHINA AIRLINES






## Business Opportunity

International Company looking for serious people to work from home-part time or full time. Great earning potential, full training and support provided. To attend training in your area.

For more info. call:

**Sukhpreet Kaur Indiana**

**Ph:317-884-3557**

**Sharanjeet Kaur**

**Ph:317-332-1387**

*spkaurus@yahoo.co.in - www.shopherbalife.com/skaur*



FARMERS INSURANCE GROUP Symbol of Superior Service

**FARMERS**

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ

***Auto *Home *Life *Umbrella *Business Work Comp.**

**Duabba Insurance Agency**

2450 Peralta Blvd Suite 120, Fremont CA 94536

**Phone: 510-797-7989 Fax: 510-794-7398**

visit us@ farmers.com



**Gurcharan Singh Mann**
**Insurance Agent**
License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਦੁਬਈ ਨਜ਼ਰਬੰਦ ਪੰਜਾਬੀਆਂ ਦਾ ਕੇਸ ਸੁਪਰੀਮ ਕੋਰਟ ਕੋਲ ਪੁੱਜਾ

**ਜਲੰਧਰ:** ਦੁਬਈ ਦੀ ਜੇਲ੍ਹ ਵਿਚ ਬੰਦ 17 ਪੰਜਾਬੀਆਂ ਦੀ ਰਿਹਾਈ ਬਾਰੇ ਫੈਸਲਾ ਹੁਣ ਉਥੋਂ ਦੀ ਸੁਪਰੀਮ ਕੋਰਟ ਕਰੇਗੀ ਕਿਉਂਕਿ ਘਟਨਾ ਵਿਚ ਜ਼ਖ਼ਮੀ ਹੋਏ ਦੋ ਵਿਅਕਤੀਆਂ ਨੇ ਕੇਸ ਕਰ ਦਿੱਤਾ ਹੈ। ਹਾਲੇ ਤੱਕ ਦੁਬਈ ਦੀ ਸੁਪਰੀਮ ਕੋਰਟ ਵੱਲੋਂ ਮਾਮਲੇ ਦੀ ਸੁਣਵਾਈ ਬਾਰੇ ਕੋਈ ਤਾਰੀਖ ਤੈਅ ਨਹੀਂ ਕੀਤੀ ਗਈ।



ਦੁਬਈ ਦੀ ਜੇਲ੍ਹ ਵਿਚ ਬੰਦ ਪੰਜਾਬੀਆਂ ਨੂੰ ਰਿਹਾਅ ਕਰਵਾਉਣ ਦੇ ਯਤਨਾਂ ਵਿਚ ਲੱਗੇ ਐਸ.ਪੀ. ਉਬਰਾਏ ਨੇ ਜੇਲ੍ਹ ’ਚ ਬੰਦ ਪੰਜਾਬੀ ਨੌਜਵਾਨਾਂ ਦੇ ਮਾਪਿਆਂ ਨਾਲ ਮੁਲਾਕਾਤ ਕੀਤੀ ਤੇ ਉਨ੍ਹਾਂ ਨੂੰ ਉਨ੍ਹਾਂ ਦੇ ਪੁੱਤਰਾਂ ਤੇ ਨਜ਼ਦੀਕੀ ਰਿਸ਼ਤੇਦਾਰਾਂ ਦੀ ਛੇਤੀ ਰਿਹਾਈ ਹੋਣ ਦੀ ਆਸ ਬੰਨ੍ਹਾਈ। ਉਨ੍ਹਾਂ ਦੱਸਿਆ ਕਿ ਹਾਈ ਕੋਰਟ ਵਿਚ ਫਾਂਸੀ ਦੀ ਸਜ਼ਾ ਮੁਆਫ ਕਰਵਾਉਣ ਬਦਲੇ 12 ਸਤੰਬਰ ਨੂੰ ਬਲੱਡ ਮਨੀ ਦਿੱਤੀ ਗਈ ਸੀ ਤੇ 25 ਸਤੰਬਰ ਤੱਕ ਇਨ੍ਹਾਂ ਮੁੰਡਿਆਂ ਦੀ ਪੰਜਾਬ ਵਾਪਸੀ ਦੇ ਪ੍ਰਬੰਧ ਕੀਤੇ ਗਏ ਸਨ। ਸ. ਉਬਰਾਏ ਨੇ ਦੱਸਿਆ ਕਿ ਉਹ 17 ਪੰਜਾਬੀਆਂ ਦੀ ਰਿਹਾਈ ਨੂੰ ਅੰਤਿਮ ਛੋਹਾਂ ਦੇ ਰਹੇ ਸਨ ਪਰ ਐਨ ਮੌਕੇ ਪਏ ਅੜਿੱਕੇ ਕਾਰਨ ਸਾਰੇ ਹੈਰਾਨ ਹਨ।

ਇਸ ਘਟਨਾ ਵਿਚ ਜ਼ਖਮੀ ਹੋਏ ਦੋ ਵਿਅਕਤੀਆਂ ਨੇ ਐਨ ਮੌਕੇ 22 ਸਤੰਬਰ ਨੂੰ ਅਦਾਲਤ ’ਚ ਪਹੁੰਚ ਕਰ ਲਈ ਕਿ ਇਸ ਕੇਸ ਵਿਚ ਉਨ੍ਹਾਂ ਨਾਲ ਵੀ ਇਨਸਾਫ਼ ਕੀਤਾ ਜਾਵੇ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਦੀ ਦੋ ਸਾਲ ਸੁਣਵਾਈ ਚੱਲਦੀ ਰਹੀ, ਉਦੋਂ ਇਨ੍ਹਾਂ ਜ਼ਖ਼ਮੀਆਂ ਨੇ ਪੰਜਾਬੀ ਮੁੰਡਿਆਂ ਨੂੰ ਪਛਾਣਨ ਤੋਂ ਵੀ ਇਨਕਾਰ ਕਰ ਦਿੱਤਾ ਸੀ। ਉਨ੍ਹਾਂ ਦੱਸਿਆ ਕਿ ਜ਼ਖ਼ਮੀਆਂ ’ਚੋਂ ਮੁਸ਼ਤਾਕ ਅਹਿਮਦ ਤੇ ਸਾਹਿਦ ਇਕਬਾਲ ਨੇ ਨਵੇਂ ਸਿਰੇ ਤੋਂ ਕੇਸ ਦਾਖਲ ਕਰਕੇ ਇਨ੍ਹਾਂ ਪੰਜਾਬੀ ਮੁੰਡਿਆਂ ਦੀ ਰਿਹਾਈ ਰੁਕਵਾ ਦਿੱਤੀ ਹੈ। ਜ਼ਖ਼ਮੀਆਂ ਵੱਲੋਂ ਦਾਇਰ ਕੀਤੇ ਗਏ ਕੇਸ ਨੂੰ ਘੋਖਣ ਲਈ ਜੱਜ ਸ਼ੇਖ ਅਬਦੁਲ ਰਸ਼ਦ ਹਾਸ਼ਮੀ ਦੀ ਅਗਵਾਈ ਹੇਠ ਤਿੰਨ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ।

ਉਧਰ ਭਾਰਤੀ ਨੌਜਵਾਨਾਂ ਨੇ ਮਿਸ਼ਰੀ ਖਾਨ ਕਤਲ ਕਾਂਡ ਵੇਲੇ ਜ਼ਖ਼ਮੀ ਹੋਏ ਦੋ ਪਾਕਿਸਤਾਨੀ ਲੜਕਿਆਂ ਦੇ ਮੁਆਵਜ਼ੇ ਦੀ ਮੰਗ ਰੱਦ ਕਰ ਦਿੱਤੀ ਹੈ। ਇਨ੍ਹਾਂ ਦੋਵੇਂ ਲੜਕਿਆਂ ਨੇ ਸ਼ਾਰਜਾਹ ਕਮੇਟੀ ਕੋਲ ਪਟੀਸ਼ਨ ਪਾ ਕੇ ਮਿਸ਼ਰੀ ਖ਼ਾਨ ਦੇ ਪਰਿਵਾਰ ਨੂੰ ਅਦਾ ਕੀਤੇ 'ਦੀਆ' ਦੀ ਰਕਮ ਦੀ ਤਰਜ਼ ’ਤੇ ਹੀ ਮੁਆਵਜ਼ੇ ਦੀ ਮੰਗ ਕੀਤੀ ਸੀ। ਭਾਰਤੀ ਨੌਜਵਾਨਾਂ ਵੱਲੋਂ ਪੇਸ਼ ਹੋਈ ਬਚਾਓ ਟੀਮ ਨੇ ਮੁਸ਼ਤਾਕ ਅਹਿਮਦ ਤੇ ਉਸ ਦੇ ਚਚੇਰੇ ਭਰਾ ਸ਼ੋਏਬ ਵੱਲੋਂ ਮੁਆਵਜ਼ੇ ਦਾ ਦਾਅਵਾ ਇਹ ਕਹਿ ਕੇ ਠੁਕਰਾ ਦਿੱਤਾ ਕਿ ਇਸ ਕੇਸ ਵਿਚ ਇਨ੍ਹਾਂ ਨੂੰ ਦਖ਼ਲਅੰਦਾਜ਼ੀ ਦਾ ਕੋਈ ਅਧਿਕਾਰ ਨਹੀਂ ਕਿਉਂਕਿ ਅਪੀਲ ਕੋਰਟ ਵਿਚ ਇਨ੍ਹਾਂ ਦੋਵਾਂ ਵੱਲੋਂ ਦਿੱਤੇ ਬਿਆਨ ਮੁਆਵਜ਼ੇ ਦੀ ਅਪੀਲ ਤੋਂ ਉਲਟ ਹਨ।

ਅਪੀਲ ਕੋਰਟ ਵਿਚ ਕੇਸ ਦੀ ਸੁਣਵਾਈ ਦੌਰਾਨ ਮੁਸ਼ਤਾਕ ਨੇ ਬਿਆਨ ਦਿੱਤਾ ਸੀ ਕਿ ਉਹ ਇਸ ਹਿੰਸਕ ਝੜਪ ਵਿਚ ਸ਼ਾਮਲ 17 ਭਾਰਤੀ ਨੌਜਵਾਨਾਂ ’ਚੋਂ ਕਿਸੇ ਨੂੰ ਵੀ ਨਹੀਂ ਪਛਾਣਦਾ। ਬਚਾਓ ਟੀਮ ਨੇ ਸਿਵਲ ਕਮੇਟੀ ਸਾਹਮਣੇ ਪਟੀਸ਼ਨ ’ਤੇ ਸੁਣਵਾਈ ਦੌਰਾਨ ਦਲੀਲ ਦਿੱਤੀ ਹੈ ਕਿ ਉਸ ਨੇ ਆਪਣੇ ਕਿਸੇ ਵੀ ਹਮਲਾਵਰ ਨੂੰ ਪਛਾਣਨ ਤੋਂ ਇਨਕਾਰ ਕੀਤਾ ਸੀ। ਹੁਣ ਉਹ ਕਿਹੜੇ ਆਧਾਰ ’ਤੇ ਇਨ੍ਹਾਂ ਲੜਕਿਆਂ ਤੋਂ ਮੁਆਵਜ਼ੇ ਦੀ ਮੰਗ ਕਰ ਸਕਦਾ ਹੈ। ਉਂਜ ਬਚਾਓ ਟੀਮ ਨੇ ਆਖਿਆ ਹੈ ਕਿ ਮੁਸ਼ਤਾਕ ਤੇ ਸ਼ੋਏਬ ਮਿਸ਼ਰੀ ਖਾਨ ਦੇ ਪਰਿਵਾਰ ਨੂੰ ਅਦਾ ਕੀਤੀ ਦੀਆ ਦੀ ਰਕਮ ’ਚੋਂ ਕੁਝ ਹਿੱਸੇ ਦੀ ਮੰਗ ਕਰ ਸਕਦੇ ਹਨ। ਦਰਅਸਲ ਮੁਸ਼ਤਾਕ ਤੇ ਸ਼ੋਏਬ ਦੀ ਮਿਸ਼ਰੀ ਖ਼ਾਨ ਦੇ ਪਰਿਵਾਰ ਨਾਲ ਰਿਸ਼ਤੇਦਾਰੀ ਪੈਂਦੀ ਹੈ। ਕਮੇਟੀ ਨੇ ਪਟੀਸ਼ਨ ’ਤੇ ਅਗਲੀ ਸੁਣਵਾਈ ਲਈ 18 ਅਕਤੂਬਰ ਦੀ ਤਾਰੀਖ ਨਿਸ਼ਚਿਤ ਕੀਤੀ ਹੈ।

# ਪੰਜਾਬ ’ਚ ਔਰਤਾਂ ਨਾਲ ਜਬਰ ਜਨਾਹ ਦੇ ਕੇਸ ਵਧੇ

**ਚੰਡੀਗੜ੍ਹ:** ਪੰਜਾਬ ਵਿਚ ਔਸਤਨ ਦੋ ਦਿਨਾਂ ਦੌਰਾਨ ਤਿੰਨ ਬਲਾਤਕਾਰ ਹੁੰਦੇ ਹਨ ਤੇ ਇਹ ਅਪਰਾਧ 98 ਫੀਸਦੀ ਜਾਣਕਾਰ ਹੀ ਕਰਦੇ ਹਨ। ਬਲਾਤਕਾਰੀ ਜ਼ਿਆਦਾਤਰ ਨਾਬਾਲਗ ਕੁੜੀਆਂ ਨੂੰ ਆਪਣਾ ਸ਼ਿਕਾਰ ਬਣਾਉਂਦੇ ਹਨ ਤੇ ਇਸ ਅਪਰਾਧ ਵਿਚ ਵੱਡੇ ਪੱਧਰ ’ਤੇ ਗੁਆਂਢੀ ਸ਼ਾਮਲ ਹਨ।

### ਆਪਣੇ ਹੀ ਢਾਹ ਰਹੇ ਨੇ ਜ਼ੁਲਮ



ਪੰਜਾਬ ਪੁਲਿਸ ਦੇ ਹੈਡਕੁਆਰਟਰ ਤੋਂ ਹਾਸਲ ਅੰਕੜਿਆਂ ਅਨੁਸਾਰ ਪਿਛਲੇ ਇਕ ਦਹਾਕੇ ਦੌਰਾਨ ਰਾਜ ਵਿਚ ਬਲਾਤਕਾਰਾਂ ਵਿਚ 63.5 ਫੀਸਦ ਦਾ ਵਾਧਾ ਹੋਇਆ ਹੈ। ਪਿਛਲੇ ਵਰ੍ਹੇ ਰਾਜ ਵਿਚ ਕੁੱਲ 547 ਬਲਾਤਕਾਰ ਕਰਨ ਦੀਆਂ ਘਟਨਾਵਾਂ ਹੋਈਆਂ ਹਨ ਜੋ ਸਾਲ 2009 ਨਾਲੋਂ 6.8 ਫੀਸਦੀ ਵੱਧ ਹਨ। ਕੁੱਲ 547 ਬਲਾਤਕਾਰ ਦੀਆਂ ਘਟਨਾਵਾਂ ਦੌਰਾਨ 27 ਫੀਸਦ ਨਾਬਾਲਗ ਕੁੜੀਆਂ ਸ਼ਿਕਾਰ ਬਣੀਆਂ ਹਨ। ਬਲਾਤਕਾਰੀਆਂ ਨੇ 19 ਤੋਂ 30 ਸਾਲ ਤੱਕ ਉਮਰ ਦੀਆਂ 63 ਫੀਸਦ ਲੜਕੀਆਂ/ਔਰਤਾਂ ਨੂੰ ਆਪਣਾ ਸ਼ਿਕਾਰ ਬਣਾਇਆ ਹੈ ਜਦਕਿ 30 ਤੋਂ 50 ਸਾਲ ਉਮਰ ਦੀਆਂ 10 ਫੀਸਦ ਔਰਤਾਂ ਸ਼ਿਕਾਰ ਬਣੀਆਂ। ਬਲਾਤਕਾਰੀਆਂ ਨੇ 50 ਸਾਲ ਤੋਂ ਵੱਧ ਉਮਰ ਦੀ ਇਕ ਔਰਤ ਨੂੰ ਵੀ ਆਪਣਾ ਸ਼ਿਕਾਰ ਬਣਾਇਆ ਹੈ।

ਅੰਕੜਿਆਂ ਅਨੁਸਾਰ ਬਲਾਤਕਾਰ ਕਰਨ ਦੇ ਮਾਮਲਿਆਂ ਵਿਚ 98 ਫੀਸਦੀ ਪੀੜਤਾਂ ਦੇ ਜਾਣਕਾਰ ਹੀ ਨਿਕਲੇ ਹਨ। ਪਿਛਲੇ ਵਰ੍ਹੇ ਹੋਏ ਬਲਾਤਕਾਰ ਦੇ ਮਾਮਲਿਆਂ ਦੀ ਪੜਤਾਲ ਤੋਂ ਬਾਅਦ 40 ਫੀਸਦੀ ਮੁਲਜ਼ਮ ਪੀੜਤ ਲੜਕੀਆਂ/ਔਰਤਾਂ ਦੇ ਗੁਆਂਢੀ ਹਨ ਜਦਕਿ 6 ਫੀਸਦੀ ਬਲਾਤਕਾਰੀ ਪੀੜਤਾਂ ਦੇ ਰਿਸ਼ਤੇਦਾਰ ਹਨ। ਇਸ ਤੋਂ ਇਲਾਵਾ 3 ਫੀਸਦੀ ਮੁਲਜ਼ਮ ਪੀੜਤਾਂ ਦੇ ਮਾਪਿਆਂ ਦੇ ਜਾਣਕਾਰ ਹਨ। ਸਾਲ 2009 ਦੌਰਾਨ ਬਲਾਤਕਾਰ ਦੀਆਂ 511 ਘਟਨਾਵਾਂ ਵਿਚ ਵੀ 433 ਮੁਲਜ਼ਮ ਪੀੜਤ ਲੜਕੀਆਂ ਦੇ ਜਾਣਕਾਰ ਹੀ ਸਨ ਤੇ ਬਲਾਤਕਾਰੀਆਂ ਦਾ ਸ਼ਿਕਾਰ ਹੋਣ ਵਾਲੀਆਂ 107 ਲੜਕੀਆਂ ਦੀ ਉਮਰ 15 ਸਾਲ ਤੇ 185 ਦੀ ਉਮਰ 15 ਤੋਂ 18 ਸਾਲ ਸੀ।

ਪਿਛਲੇ ਵਰ੍ਹੇ ਸਭ ਤੋਂ ਵੱਧ ਜ਼ਿਲ੍ਹਾ ਲੁਧਿਆਣਾ ਵਿਖੇ 55 ਬਲਾਤਕਾਰ ਹੋਏ ਹਨ। ਇਨ੍ਹਾਂ ਵਿਚ 25 ਨਾਬਾਲਗ ਲੜਕੀਆਂ ਸ਼ਾਮਲ ਹਨ। ਇਨ੍ਹਾਂ 55 ਬਲਾਤਕਾਰੀਆਂ ਵਿਚ 30 ਗੁਆਂਢੀ ਤੇ 5 ਰਿਸ਼ਤੇਦਾਰ ਹਨ। ਇਸ ਜ਼ਿਲ੍ਹੇ ਵਿਚ 10 ਸਾਲ ਤੱਕ ਦੀਆਂ 5 ਤੇ 18 ਸਾਲ ਤੱਕ ਉਮਰ ਦੀਆਂ 20 ਲੜਕੀਆਂ ਬਲਾਤਕਾਰੀਆਂ ਦੀਆਂ ਸ਼ਿਕਾਰ ਬਣੀਆਂ ਹਨ। ਸਾਲ 2009 ਦੌਰਾਨ ਵੀ ਇਸੇ ਜ਼ਿਲ੍ਹੇ ਵਿਚ ਸਭ ਤੋਂ ਵੱਧ 52 ਅਜਿਹੀਆਂ ਘਟਨਾਵਾਂ ਵਾਪਰੀਆਂ ਸਨ।

ਇਸ ਤੋਂ ਇਲਾਵਾ ਜਲੰਧਰ (ਦਿਹਾਤੀ) ਤੇ ਫਿਰੋਜ਼ਪੁਰ ਜ਼ਿਲ੍ਹਿਆਂ ਵਿਚ 39-39, ਗੁਰਦਾਸਪੁਰ ਤੇ ਬਠਿੰਡਾ ਵਿਖੇ ਕ੍ਰਮਵਾਰ 30 ਤੇ 29 ਬਲਾਤਕਾਰਾਂ ਦੀਆਂ ਘਟਨਾਵਾਂ ਹੋਈਆਂ ਹਨ। ਗੁਰਦਾਸਪੁਰ ਵਿਚ ਇਹ ਕੁਕਰਮ ਕਰਨ ਵਾਲੇ ਕੁੱਲ 30 ਮੁਲਜ਼ਮਾਂ ਵਿਚੋਂ 24 ਗੁਆਂਢੀ ਤੇ ਛੇ ਰਿਸ਼ਤੇਦਾਰ ਹਨ। ਇਸੇ ਤਰ੍ਹਾਂ ਫਿਰੋਜ਼ਪੁਰ ਵਿਚ ਵੀ 39 ਮੁਲਜ਼ਮਾਂ ਵਿਚੋਂ 20 ਗੁਆਂਢੀ ਤੇ ਪੰਜ ਰਿਸ਼ਤੇਦਾਰ ਨਿਕਲੇ। ਪਿਛਲੇ ਵਰ੍ਹੇ ਔਰਤਾਂ ਨਾਲ ਛੇੜਛਾੜ ਦੇ 349 ਅਤੇ ਜਿਨਸੀ ਤੌਰ ’ਤੇ ਪ੍ਰੇਸ਼ਾਨ ਕਰਨ ਦੇ 38 ਮਾਮਲੇ ਸਾਹਮਣੇ ਆਏ ਹਨ ਜੋ ਸਾਲ 2009 ਨਾਲੋਂ ਕ੍ਰਮਵਾਰ 9.4 ਫੀਸਦ ਤੇ 15.2 ਫੀਸਦੀ ਵੱਧ ਹਨ।

ਪੰਜਾਬ ਵਿਚ ਔਰਤਾਂ ਨੂੰ ਅਗਵਾ ਕਰਨ ਦੀਆਂ ਔਸਤਨ ਦੋ ਦਿਨਾਂ ਵਿਚ ਤਿੰਨ ਘਟਨਾਵਾਂ ਹੋਈਆਂ ਹਨ। ਪਿਛਲੇ ਵਰ੍ਹੇ ਪੰਜਾਬ ਵਿਚ ਔਰਤਾਂ ਨੂੰ ਅਗਵਾ ਕਰਨ ਦੀਆਂ 576 ਘਟਨਾਵਾਂ ਹੋਈਆਂ ਹਨ ਤੇ ਅਜਿਹੀਆਂ ਘਟਨਾਵਾਂ ਵਿਚ ਪਿਛਲੇ ਇਕ ਦਹਾਕੇ ਦੌਰਾਨ 97 ਫੀਸਦੀ ਵਾਧਾ ਹੋਇਆ ਹੈ।

# ਹੋਂਦ ਚਿੱਲੜ ਕਾਂਡ ਦੀ ਜਾਂਚ ਨੂੰ ਬਰੇਕਾਂ, ਸੱਤ ਮਹੀਨਿਆਂ ਬਾਅਦ ਵੀ ਕਮਿਸ਼ਨ ਖਾਮੋਸ਼

**ਚੰਡੀਗੜ੍ਹ:** ਹਰਿਆਣਾ ਦੇ ਜ਼ਿਲ੍ਹੇ ਰਿਵਾੜੀ ਦੇ ਪਿੰਡ ਹੋਦ-ਚਿੱਲੜ ਵਿਖੇ ਨਵੰਬਰ 1984 ਵਿਚ ਵਾਪਰੇ ਸਿੱਖ ਕਤਲੇਆਮ ਦੀ ਜਾਂਚ ਦਾ ਮਾਮਲਾ ਠੰਢੇ ਬਸਤੇ ਵਿਚ ਪੈ ਗਿਆ ਹੈ। ਇਸ ਕਾਂਡ ਦੀ ਜਾਂਚ ਲਈ ਕਾਇਮ ਕੀਤੇ ਜਾਂਚ ਕਮਿਸ਼ਨ ਨੇ ਛੇ ਮਹੀਨਿਆਂ ਦਾ ਤੈਅ ਸਮਾਂ ਲੰਘ ਜਾਣ ਤੱਕ ਵੀ ਕੋਈ ਜਾਂਚ ਨਹੀਂ ਕੀਤੀ। ਸਿੱਖ ਜਥੇਬੰਦੀ ਦਲ ਖਾਲਸਾ ਨੇ ਪੀੜਤ ਪਰਿਵਾਰਾਂ ਦੇ ਜੀਆਂ ਨਾਲ ਸੰਪਰਕ ਕਰਨ ਤੇ ਹਰਿਆਣਾ ਸਰਕਾਰ ਵਿਚਲੇ ਸੂਤਰਾਂ ਤੋਂ ਪਤਾ ਲਾਉਣ ਤੋਂ ਬਾਅਦ ਇਹ ਤੱਥ ਸਾਹਮਣੇ ਆਏ ਹਨ।

ਹੋਦ ਚਿੱਲੜ ਕਾਂਡ ਦੀ ਨਿਆਂਇਕ ਜਾਂਚ ਲਈ ਹਰਿਆਣਾ ਸਰਕਾਰ ਵੱਲੋਂ 5 ਮਾਰਚ ਨੂੰ ਸਾਬਕਾ ਜੱਜ ਟੀ.ਪੀ. ਗਰਗ ਦੀ ਅਗਵਾਈ ਹੇਠ ਇਕ ਮੈਂਬਰੀ ਕਮਿਸ਼ਨ ਦਾ ਗਠਨ ਕੀਤਾ ਸੀ ਜਿਸ ਨੇ ਛੇ ਮਹੀਨਿਆਂ ਵਿਚ ਇਸ ਮਾਮਲੇ ਦੀ ਜਾਂਚ ਕਰਕੇ ਸਰਕਾਰ ਨੂੰ ਰਿਪੋਰਟ ਪੇਸ਼ ਕਰਨੀ ਸੀ। ਇਸ ਘਟਨਾ ਵਿਚ ਹੋਦ ਚਿੱਲੜ ਪਿੰਡ ਦੇ ਤਿੰਨ ਪਰਿਵਾਰਾਂ ਦੇ 32 ਜੀਆਂ ਦਾ ਇਕੋ ਸਮੇਂ ਕਤਲ ਕਰ ਦਿੱਤਾ ਗਿਆ ਸੀ, ਉਨ੍ਹਾਂ ਦੇ ਘਰ ਸਾੜ ਦਿੱਤੇ ਗਏ ਤੇ ਮਾਲ ਅਸਬਾਬ ਲੁੱਟ ਲਿਆ ਗਿਆ ਸੀ। ਮਾਰੇ ਗਏ ਸਿੱਖਾਂ ਨਮਿਤ ਅੰਤਿਮ ਅਰਦਾਸ 26 ਵਰ੍ਹਿਆਂ ਬਾਅਦ ਇਸ ਸਾਲ ਮਾਰਚ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਕੀਤੀ ਗਈ ਸੀ।

ਦਲ ਖਾਲਸਾ ਦੇ ਸਾਬਕਾ ਪ੍ਰਧਾਨ ਸਤਨਾਮ ਸਿੰਘ ਪਾਉਂਟਾ ਸਾਹਿਬ ਤੇ ਬੁਲਾਰੇ ਕੰਵਰਪਾਲ ਸਿੰਘ ਨੇ ਦੱਸਿਆ ਕਿ ਜਾਂਚ ਕਮਿਸ਼ਨ ਨੂੰ ਕਾਇਮ ਕੀਤਿਆਂ ਸੱਤ ਮਹੀਨੇ ਬੀਤ ਚੁੱਕੇ ਹਨ ਪਰ ਹਾਲੇ ਤੱਕ ਕਮਿਸ਼ਨ ਦੀ ਇਸ ਬਾਰੇ ਕਾਰਵਾਈ ਦਾ ਕੋਈ ਅਤਾ ਪਤਾ ਨਹੀਂ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਸ ਜਾਂਚ ਕਮਿਸ਼ਨ ਨੇ ਆਪਣਾ ਕੰਮ ਸ਼ੁਰੂ ਹੀ ਨਹੀਂ ਕੀਤਾ। ਇਹ ਕਮਿਸ਼ਨ ਉਸ ਵੇਲੇ ਸਿੱਖ ਜਥੇਬੰਦੀਆਂ ਵੱਲੋਂ ਜਾਂਚ ਬਾਰੇ ਪਾਏ ਦਬਾਅ ਕਾਰਨ ਹੀ ਹਰਿਆਣਾ ਸਰਕਾਰ ਵੱਲੋਂ ਕਾਇਮ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਹੋਦ ਚਿੱਲੜ ਕਾਂਡ ਵਿਚ ਮਾਰੇ ਗਏ ਪਰਿਵਾਰਾਂ ਦੇ ਬਚੇ ਜੀਆਂ ਨਾਲ ਸੰਪਰਕ ਕਰਕੇ ਜਾਂਚ ਬਾਰੇ ਪਤਾ ਲਾਇਆ ਗਿਆ ਹੈ।

ਉਨ੍ਹਾਂ ਲੁਧਿਆਣਾ ਵਿਚ ਰਹਿੰਦੇ ਪੀੜਤ ਪਰਿਵਾਰਾਂ ਨਾਲ ਗੱਲਬਾਤ ਕੀਤੀ ਹੈ ਤੇ ਉਨ੍ਹਾਂ ਨੂੰ ਜਾਂਚ ਬਾਰੇ ਕਿਸੇ ਅਧਿਕਾਰੀ ਵੱਲੋਂ ਪੁੱਛ ਪੜਤਾਲ ਕਰਨ ਜਾਂ ਬਿਆਨ ਕਲਮਬੰਦ ਕਰਨ ਬਾਰੇ ਪੁੱਛਿਆ ਗਿਆ ਹੈ। ਪਰਿਵਾਰਾਂ ਨੇ ਦੱਸਿਆ ਕਿ ਹੁਣ ਤੱਕ ਇਸ ਬਾਰੇ ਨਾ ਹੀ ਕੋਈ ਬਿਆਨ ਲੈਣ ਆਇਆ ਹੈ ਤੇ ਨਾ ਹੀ ਕਿਸੇ ਨੇ ਸੰਪਰਕ ਕੀਤਾ ਹੈ। ਉਨ੍ਹਾਂ ਦੱਸਿਆ ਕਿ ਹਰਿਆਣਾ ਸਰਕਾਰ ਵਿਚਲੇ ਕੁਝ ਸੂਤਰਾਂ ਤੋਂ ਵੀ ਇਸ ਬਾਰੇ ਜਾਣਕਾਰੀ ਇਕੱਤਰ ਕੀਤੀ ਗਈ ਹੈ ਤੇ ਪਤਾ ਲੱਗਾ ਹੈ ਕਿ ਹੁਣ ਤੱਕ ਸਰਕਾਰ ਕੋਲ ਕੋਈ ਰਿਪੋਰਟ ਨਹੀਂ ਪੁੱਜੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਇਸ ਮਾਮਲੇ ਵਿਚ ਵਰਤੀ ਗਈ ਢਿੱਲ ਤੋਂ ਸਾਬਤ ਹੋ ਗਿਆ ਹੈ ਕਿ ਸਿੱਖਾਂ ਨੂੰ ਨਿਆਂ ਨਹੀਂ ਮਿਲੇਗਾ।

# ਮਾਲੀ ਸੰਕਟ:ਪੀ.ਆਰ.ਟੀ.ਸੀ. ਦੀ ਗੱਡੀ ਲੀਹੋਂ ਲੱਥੀ

### ਬੱਸ ਅੱਡੇ ਵੀ ਗਹਿਣੇ ਰੱਖੇ, 50 ਫੀਸਦੀ ਬੱਸਾਂ ਕੰਡਮ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪ੍ਰਾਈਵੇਟ ਅਪਰੇਟਰਾਂ ਨੂੰ ਲਾਹਾ ਦੇਣ ਵਾਲੀ ਸਰਕਾਰੀ ਨੀਤੀ ਨੇ ਪੀ.ਆਰ.ਟੀ.ਸੀ. ਨੂੰ ਲੀਹੋਂ ਲਾਹ ਦਿੱਤਾ ਹੈ ਤੇ ਮੁਲਾਜ਼ਮਾਂ ਦੇ ਤਕਰੀਬਨ 175 ਕਰੋੜ ਰੁਪਏ ਦੇ ਬਕਾਏ ਫਸ ਗਏ ਹਨ ਤੇ 50 ਫੀਸਦੀ ਬੱਸਾਂ ਆਪਣੀ ਮਿਆਦ ਲੰਘਾ ਚੁੱਕੀਆਂ ਹਨ। ਪੀ.ਆਰ.ਟੀ.ਸੀ. ਦਾ ਮਾਲੀ ਸੰਕਟ ਏਨਾ ਡੂੰਘਾ ਹੋ ਗਿਆ ਹੈ ਕਿ ਬੱਸ ਅੱਡੇ ਗਹਿਣੇ ਰੱਖਣੇ ਪੈ ਗਏ ਹਨ। ਅਦਾਰੇ ਕੋਲ ਹੋਰ ਕੋਈ ਬਹੁਤੀ ਸੰਪਤੀ ਨਹੀਂ ਬਚੀ ਹੈ ਜਿਸ ’ਤੇ ਬੈਂਕਾਂ ਤੋਂ ਵੱਡੇ ਕਰਜ਼ੇ ਚੁੱਕੇ ਜਾ ਸਕਣ। ਕਾਰਪੋਰੇਸ਼ਨ ਨੇ ਸਟੇਟ ਬੈਂਕ ਆਫ ਪਟਿਆਲਾ ਕੋਲ ਇਹ ਬੱਸ ਅੱਡੇ ਗਹਿਣੇ ਰੱਖ ਕੇ ਤਕਰੀਬਨ ਇਕ ਸੌ ਕਰੋੜ ਰੁਪਏ ਦਾ ਕਰਜ਼ਾ ਚੁੱਕਿਆ ਹੈ। ਕਾਰਪੋਰੇਸ਼ਨ ਨੇ ਜੋ ਕਰਜ਼ੇ ਬੱਸਾਂ ਖਰੀਦਣ ਵਾਸਤੇ ਚੁੱਕੇ ਸਨ, ਉਨ੍ਹਾਂ ’ਚੋਂ ਕਰੋੜਾਂ ਰੁਪਏ ਤਨਖਾਹਾਂ ਤੇ ਬਕਾਏ ਦੇਣ ’ਤੇ ਖਰਚ ਕਰ ਦਿੱਤੇ ਗਏ ਹਨ।

ਪੀ.ਆਰ.ਟੀ.ਸੀ. ਤੋਂ ਸੂਚਨਾ ਦੇ ਅਧਿਕਾਰ ਕਾਨੂੰਨ ਤਹਿਤ ਹਾਸਲ ਵੇਰਵਿਆਂ ਅਨੁਸਾਰ ਕਾਰਪੋਰੇਸ਼ਨ ਨੇ ਸਟੇਟ ਬੈਂਕ ਆਫ ਪਟਿਆਲਾ ਤੋਂ ਅੱਠ ਵਾਰ ਕਰਜ਼ਾ ਚੁੱਕਿਆ ਹੈ ਜਿਸ ਦੀ ਰਾਸ਼ੀ 79.28 ਕਰੋੜ ਰੁਪਏ ਬਣਦੀ ਹੈ। ਇਸ ’ਚੋਂ ਹਾਲੇ ਤੱਕ ਕਾਰਪੋਰੇਸ਼ਨ 38.36 ਕਰੋੜ ਰੁਪਏ ਦਾ ਕਰਜ਼ਾ ਮੋੜ ਨਹੀਂ ਸਕੀ ਹੈ। ਬਠਿੰਡਾ ਦੇ ਮੁੱਖ ਬੱਸ ਅੱਡੇ ਦੀ ਤਕਰੀਬਨ ਸਵਾ ਛੇ ਏਕੜ ਜ਼ਮੀਨ ਜਿਸ ਦੀ ਕੀਮਤ 56.86 ਕਰੋੜ ਰੁਪਏ ਦੱਸੀ ਗਈ ਹੈ, ਸਟੇਟ ਬੈਂਕ ਆਫ ਪਟਿਆਲਾ ਕੋਲ ਗਹਿਣੇ ਕਰ ਦਿੱਤੀ ਗਈ ਹੈ। ਬਠਿੰਡਾ ਡਿਪੂ ਦੀ ਵਰਕਸ਼ਾਪ ਵਾਲੀ ਤਕਰੀਬਨ ਪੰਜ ਏਕੜ ਜ਼ਮੀਨ ਜਿਸ ਦੀ ਕੀਮਤ 25.84 ਕਰੋੜ ਰੁਪਏ ਬਣਦੀ ਹੈ, ਵੀ ਇਸੇ ਬੈਂਕ ਕੋਲ ਗਹਿਣੇ ਹੈ। ਬਠਿੰਡਾ ਦੇ ਬੱਸ ਅੱਡੇ ਦੀ ਇਮਾਰਤ ਵਾਲੀ ਤਕਰੀਬਨ 3 ਏਕੜ ਜਗ੍ਹਾ ਵੀ ਗਹਿਣੇ ਕਰ ਦਿੱਤੀ ਗਈ ਹੈ ਜਿਸ ਦੀ ਕੀਮਤ 18.12 ਕਰੋੜ ਰੁਪਏ ਬਣਦੀ ਸੀ। ਇਨ੍ਹਾਂ ਥਾਵਾਂ ਦੀ ਕੀਮਤ ਮੈਸਰਜ਼ ਗਰਗ ਐਂਡ ਐਸੋਸੀਏਟਸ ਵੱਲੋਂ 24 ਮਾਰਚ 2008 ਨੂੰ ਪਾਈ ਗਈ ਸੀ। ਇਸੇ ਤਰ੍ਹਾਂ ਫਗਵਾੜਾ ਬੱਸ ਅੱਡੇ ਦੀ ਤਕਰੀਬਨ ਇਕ ਏਕੜ ਜਗ੍ਹਾ ਗਹਿਣੇ ਕਰਕੇ ਇਸ ’ਤੇ 1.91 ਕਰੋੜ ਰੁਪਏ ਦਾ ਕਰਜ਼ਾ ਲਿਆ ਗਿਆ ਹੈ। ਸਟੇਟ ਬੈਂਕ ਆਫ ਪਟਿਆਲਾ ਵੱਲੋਂ ਸੰਗਰੂਰ ਜ਼ਿਲ੍ਹੇ ਵਿਚ ਪੈਂਦੇ ਮੂਨਕ ਦੇ ਬੱਸ ਅੱਡੇ ਦੀ 31 ਕਨਾਲਾਂ 5 ਮਰਲੇ ਜਾਇਦਾਦ ਨੂੰ ਮੁਢਲੀ ਸਕਿਉਰਿਟੀ ਵਜੋਂ ਰੱਖਿਆ ਗਿਆ ਹੈ।

ਕਾਰਪੋਰੇਸ਼ਨ ਦੇ ਬੋਰਡ ਆਫ ਡਾਇਰੈਕਟਰਜ਼ ਦੀ ਮਾਰਚ 2011 ਦੀ ਮੀਟਿੰਗ ਵਿਚ ਬੈਂਕ ਤੋਂ ਲਏ 20 ਕਰੋੜ ਦੇ ਕਰਜ਼ੇ ’ਚੋਂ ਮੁਲਾਜ਼ਮਾਂ ਨੂੰ ਤਨਖਾਹਾਂ ਤੇ ਬਕਾਏ ਦੇਣ ਵਾਸਤੇ 6.37 ਕਰੋੜ ਰੁਪਏ ਵਰਤਣ ਦੀ ਪ੍ਰਵਾਨਗੀ ਲਈ ਗਈ ਸੀ। ਏਜੰਡਾ ਨੰਬਰ 211.19 ਅਨੁਸਾਰ ਕਾਰਪੋਰੇਸ਼ਨ ਦੀਆਂ ਕੁੱਲ 1100 ਬੱਸਾਂ ’ਚੋਂ 560 ਬੱਸਾਂ ਆਪਣੀ ਮਿਆਦ ਪੂਰੀ ਕਰ ਚੁੱਕੀਆਂ ਹਨ।ਤੇ ਬਦਲਣਯੋਗ ਹਨ ਪਰ ਇਨ੍ਹਾਂ ਲਈ ਕਾਰਪੋਰੇਸ਼ਨ ਕੋਲ ਪੈਸਾ ਨਹੀਂ ਹੈ। ਇਸ ਕੰਮ ਲਈ ਬੈਂਕਾਂ ਤੋਂ ਹੋਰ 18.75 ਕਰੋੜ ਰੁਪਏ ਦਾ ਕਰਜ਼ਾ ਚੁੱਕਣ ਦੀ ਤਜਵੀਜ਼ ਤਿਆਰ ਕੀਤੀ ਗਈ ਹੈ।

ਕਾਰਪੋਰੇਸ਼ਨ ਨੇ ਪੰਜਾਬ ਸਰਕਾਰ ਤੋਂ ਆਪਣੇ ਮੁਲਾਜ਼ਮਾਂ ਦੇ ਬਕਾਏ ਤਾਰਨ ਵਾਸਤੇ 20 ਕਰੋੜ ਰੁਪਏ ਸਾਲਾਨਾ ਗ੍ਰਾਂਟ ਦੀ ਮੰਗ ਕੀਤੀ ਸੀ ਜੋ ਸਰਕਾਰ ਨੇ ਨਹੀਂ ਦਿੱਤੀ। ਕਿਲੋਮੀਟਰ ਸਕੀਮ ਵਾਲੀਆਂ ਬੱਸਾਂ ਦੇ ਮਾਲਕਾਂ ਦੀ ਵੀ ਕਰੀਬ ਪੰਜ ਕਰੋੜ ਰੁਪਏ ਦੀ ਰਾਸ਼ੀ ਕਾਰਪੋਰੇਸ਼ਨ ਨਹੀਂ ਦੇ ਸਕੀ ਹੈ। ਕਾਰਪੋਰੇਸ਼ਨ ਕੋਲ 9 ਡਿਪੂ ਹਨ ਤੇ 5500 ਮੁਲਾਜ਼ਮ ਕੰਮ ਕਰਦੇ ਹਨ ਜਿਨ੍ਹਾਂ ਨੂੰ ਡੇਢ ਵਰ੍ਹੇ ਤੋਂ ਸਮੇਂ ਸਿਰ ਤਨਖਾਹ ਵੀ ਨਹੀਂ ਮਿਲ ਰਹੀ ਹੈ। ਸੇਵਾ ਮੁਕਤ ਮੁਲਾਜ਼ਮਾਂ ਨੂੰ ਹਾਲੇ ਤੱਕ ਅਗਸਤ ਮਹੀਨੇ ਦੀ ਪੈਨਸ਼ਨ ਨਹੀਂ ਮਿਲੀ ਹੈ।

ਕਾਰਪੋਰੇਸ਼ਨ ਨੇ ਮੁਲਾਜ਼ਮਾਂ ਦੇ ਪੀ.ਐਫ. ’ਚੋਂ 60 ਕਰੋੜ ਰੁਪਏ ਕਢਵਾ ਲਏ ਹਨ ਤੇ ਪੇ ਕਮਿਸ਼ਨ ਦੀ ਰਿਪੋਰਟ ਮਗਰੋਂ 65 ਕਰੋੜ ਦੇ ਬਕਾਏ ਹਾਲੇ ਤੱਕ ਨਹੀਂ ਦਿੱਤੇ ਗਏ ਹਨ। ਮੁਲਾਜ਼ਮਾਂ ਦੇ ਬਕਾਏ ਦੇ 30 ਕਰੋੜ ਰੁਪਏ ਹੋਰ ਫਸੇ ਹੋਏ ਹਨ ਤੇ ਓਵਰਟਾਈਮ ਤੇ ਮੈਡੀਕਲ ਭੱਤਿਆਂ ਦੇ 20 ਕਰੋੜ ਰੁਪਏ ਨਹੀਂ ਦਿੱਤੇ ਨਹੀਂ ਗਏ।

## ਜੀ ਪੰਜਾਬ ਤੇ ਡੇਅ ਐਂਡ ਨਾਈਟ ਚੈਨਲ ਦਾ ਤੋੜ-ਵਿਛੋੜਾ

**ਚੰਡੀਗੜ੍ਹ (ਬਿਊਰੋ):** ਚੰਡੀਗੜ੍ਹ ਤੋਂ ਨਸ਼ਰ ਹੁੰਦੇ ਟੀਵੀ ਚੈਨਲ ‘ਡੇਅ ਐਂਡ ਨਾਈਟ’ ਨੇ ਕੈਨੇਡਾ ਆਧਾਰਤ ਡਿਸ਼ ਨੈਟਵਰਕ ਦੇ ਚੈਨਲ 621 ‘ਤੇ ਆਉਂਦੇ ‘ਜੀ ਪੰਜਾਬ’ ਚੈਨਲ ਨਾਲ ਆਪਣਾ ਮੁਆਇਦਾ ਰੱਦ ਕਰ ਦਿਤਾ ਹੈ। ਸੂਤਰਾਂ ਅਨੁਸਾਰ ਡੇਅ ਐਂਡ ਨਾਈਟ ਚੈਨਲ ਦੇ ਮੁਖ ਕਾਰਜਕਾਰੀ ਤੇ ਸੀਨੀਅਰ ਪੱਤਰਕਾਰ ਕੰਵਰ ਸੰਧੂ ਨੇ ਭਾਈਵਾਲੀ ਤੋੜਨ ਦਾ ਕਾਰਨ ਜੀ ਪੰਜਾਬ ਚੈਨਲ ਵਾਲਿਆਂ ਵਿਚ ਪੇਸ਼ੇਵਰ ਪਹੁੰਚ ਦੀ ਅਣਹੋਂਦ ਨੂੰ ਦੱਸਿਆ ਹੈ।

ਦੂਜੇ ਪਾਸੇ ਜੀ ਪੰਜਾਬ ਚੈਨਲ ਦੇ ਨੇੜਲੇ ਸੂਤਰਾਂ ਦਾ ਕਹਿਣਾ ਹੈ ਕਿ ਡੇਅ ਐਂਡ ਨਾਈਟ ਚੈਨਲ ਵਾਲਿਆਂ ਨੇ ਉਹ ਸੇਵਾਵਾਂ ਮੁਹੱਈਆ ਨਹੀਂ ਕੀਤੀਆਂ ਜਿਨ੍ਹਾਂ ਦਾ ਕਿ ਵਪਾਰਕ ਮੁਆਇਦੇ ਵਿਚ ਵਾਇਦਾ ਕੀਤਾ ਗਿਆ ਸੀ। ਇਥੇ ਜ਼ਿਕਰਯੋਗ ਹੈ ਕਿ ਜੀ ਪੰਜਾਬ ਦਾ ਪਹਿਲਾਂ ਸਾਡਾ ਚੈਨਲ ਵਾਲਿਆਂ ਨਾਲ ਪ੍ਰਸਾਰਨ ਮੁਆਇਦਾ ਸੀ ਜੋ ਕੁਝ ਮਹੀਨੇ ਪਹਿਲਾਂ ਟੁਟ ਗਿਆ ਸੀ।

# ਸਿੱਖ ਇੰਜੀਨੀਅਰ ਵੱਲੋਂ ਸੰਸਾਰ ਦਾ ਸਭ ਤੋਂ ਸਸਤਾ ਕੰਪਿਊਟਰ ਤਿਆਰ

**ਨਵੀਂ ਦਿੱਲੀ:** "ਲੁਧਿਆਣਾ ਦੇ ਜੰਮਪਲ ਇਸ 43 ਸਾਲਾ ਸਿੱਖ ਉਦਮੀ ਸੁਨੀਤ ਸਿੰਘ ਤੁਲੀ ਨੇ ਸਿਰਫ 45 ਡਾਲਰ 'ਚ ਦੁਨੀਆਂ ਦਾ ਸਭ ਤੋਂ ਸਸਤਾ ਪਰਸਨਲ ਕੰਪਿਊਟਰ ਟੈਬਲੈਟ ਬਣਾਇਆ ਜਿਸ 'ਤੇ ਇੰਟਰਨੈੱਟ ਦੀ ਸੁਵਿਧਾ ਵੀ ਦਿੱਤੀ ਹੋਈ ਹੈ। ਸ. ਤੁਲੀ ਨੇ ਕਿਹਾ ਅੱਜ ਹਰ ਚੀਜ਼ ਮੁਮਕਿਨ ਹੈ। ਜੇ ਭਾਰਤ 'ਚ ਮੋਬਾਈਲ ਕ੍ਰਾਂਤੀ ਆ ਸਕਦੀ ਹੈ ਤਾਂ ਇੰਟਰਨੈੱਟ ਕ੍ਰਾਂਤੀ ਕਿਉਂ ਨਹੀਂ ਲਿਆਂਦੀ ਜਾ ਸਕਦੀ। ਜਿਹੜੇ ਰਿਕਸ਼ਾ ਚਾਲਕ ਕੋਲ ਅੱਜ ਮੋਬਾਈਲ ਸੈੱਟ ਹੈ, ਭਲਕੇ ਉਸ ਕੋਲ ਕੰਪਿਊਟਰ ਵੀ ਆ ਸਕਦਾ ਹੈ। ਸਾਡੇ ਗਾਹਕ ਉਹ ਨਹੀਂ ਜੋ ਆਈਫੋਨ ਖਰੀਦਣ ਦੀ ਸਮਰੱਥਾ ਰੱਖਦੇ ਹਨ। ਸਾਡਾ ਗਾਹਕ ਤਾਂ ਉਹ ਆਮ ਆਦਮੀ ਹੈ ਜੋ ਅਜੇ ਕੰਪਿਊਟਰ ਦੀ ਚਾਹਤ ਰੱਖਦਾ ਹੈ। ਅਸੀਂ ਇਕ ਖਿਡੌਣੇ ਜਿਹਾ ਸਰਲ ਡਿਵਾਈਸ ਬਣਾ ਕੇ ਇਹ ਤ੍ਰਿਸ਼ਨਾ ਪੂਰੀ ਕਰ ਦੇਣਾ ਲੋਚਦੇ ਸੀ। ਸੁਨੀਤ ਨੇ ਆਪਣੇ ਭਰਾ ਰਾਜਾ ਤੁਲੀ ਨਾਲ ਮਿਲ ਕੇ ਅਜਿਹਾ ਹੀ ਬੇਮਿਸਾਲ ਯੰਤਰ ਭਾਰਤੀਆਂ ਦੀ ਨਜ਼ਰ ਕੀਤਾ ਹੈ।



ਸਰਕਾਰ ਨੂੰ 35 ਡਾਲਰ ਦੀ ਬੋਲੀ ਦੀ ਉਡੀਕ ਸੀ ਪਰ ਸ੍ਰੀ ਤੁਲੀ ਦੀ 49.98 ਡਾਲਰ ਦੀ ਬੋਲੀ ਇਸ ਦੀ ਸਭ ਤੋਂ ਨੇੜਲੀ ਬੋਲੀ ਹੋਣ ਕਰਕੇ ਇਹ ਕੰਪਿਊਟਰ ਬਣਾਉਣ ਦਾ ਠੇਕਾ ਉਸ ਨੂੰ ਮਿਲਿਆ। ਸ. ਤੁਲੀ ਨੇ ਦੱਸਿਆ, "ਮੈਨੂੰ ਉਹ ਦਿਨ ਅੱਜ ਵੀ ਯਾਦ ਹੈ। ਮੈਂ ਆਈ. ਆਈ.ਟੀ. ਜੋਧਪੁਰ (ਰਾਜਸਥਾਨ) ਦੀ ਲਾਊਂਜ ਵਿਚ ਨਤੀਜੇ ਦੀ ਉਡੀਕ ਕਰ ਰਿਹਾ ਸਾਂ। ਦੂਜੇ ਬੋਲੀਕਾਰ ਮੈਨੂੰ ਛੇੜ ਰਹੇ ਸਨ ਕਿ ਕੀ ਮੈਂ ਸਹੀ ਹਿਸਾਬ ਵੀ ਲਾਇਆ ਹੈ। ਮੇਰਾ ਮਨ ਟਿਕ ਨਹੀਂ ਰਿਹਾ ਸੀ ਤੇ ਮੈਂ ਉੱਤਰੀ ਅਲਬਰਟਾ 'ਚ ਆਪਣੇ ਭਰਾ ਨੂੰ ਫੋਨ ਕਰਕੇ ਠੇਕੇ ਬਾਰੇ ਮੁੜ ਪਤਾ ਲਾਉਣ ਲਈ ਕਿਹਾ। ਚੰਗੇ ਭਾਗੀਂ ਸਭ ਕੁਝ ਠੀਕ-ਠਾਕ ਹੀ ਸੀ।

ਤੁਲੀ ਪਰਿਵਾਰ 1976 ਵਿਚ ਇਰਾਨ ਪਰਵਾਸ ਕਰ ਗਿਆ ਸੀ ਪਰ 1979 ਦੀ ਇਰਾਨੀ ਕ੍ਰਾਂਤੀ ਵੇਲੇ ਪਰਿਵਾਰ ਨੇ ਆਪਣਾ ਉਸਾਰੀ ਕਾਰੋਬਾਰ ਕੈਨੇਡਾ ਤਬਦੀਲ ਕਰ ਲਿਆ। ਦੋਵੇਂ ਭਰਾ ਇਥੇ ਹੀ ਪੜ੍ਹੇ। ਸੁਨੀਤ ਨੇ ਸਿਵਲ ਇੰਜੀਨੀਅਰਿੰਗ 'ਚ ਡਿਗਰੀ ਹਾਸਲ ਕੀਤੀ, ਜਦਕਿ ਰਾਜਾ ਨੇ ਕੰਪਿਊਟਰ ਇੰਜੀਨੀਅਰਿੰਗ ਦਾ ਰਾਹ ਚੁਣਿਆ। ਸ਼ੁਰੂ 'ਚ ਕੰਪਿਊਟਰ ਤਕਨਾਲੋਜੀ ਨਾਲ ਸ਼ੌਕੀਆ ਪ੍ਰਯੋਗ ਮਗਰੋਂ ਕਾਰੋਬਾਰ 'ਚ ਬਦਲ ਗਏ।

ਉਨ੍ਹਾਂ ਸਭ ਤੋਂ ਪਹਿਲਾਂ ਇਕ ਵੱਡੀ ਫੈਕਸ ਮਸ਼ੀਨ ਤਿਆਰ ਕੀਤੀ ਜੋ 1992 ਦੀ ਗਿਨੀਜ਼ ਬੁੱਕ ਆਫ ਰਿਕਾਰਡਜ਼ ਵਿਚ ਦਰਜ ਹੈ। ਅਮਰੀਕਾ 'ਚ ਤੁਲੀ ਭਰਾਵਾਂ ਕੋਲ ਕੰਪਿਊਟਰ ਤਕਨਾਲੋਜੀ ਦੇ 18 ਪੇਟੈਂਟ ਹਨ ਜੋ ਇੰਟਰਨੈੱਟ 'ਤੇ ਡਾਊਨਲੋਡਿੰਗ ਦੀ ਰਫਤਾਰ ਵਧਾਉਣ ਵਿਚ ਸਹਾਈ ਹੋ ਸਕਦੇ ਹਨ ਪਰ ਤਾਂ ਵੀ ਉਨ੍ਹਾਂ ਨੂੰ ਪਰਸਨਲ ਕੰਪਿਊਟਰ ਟੈਬਲੈੱਟ 'ਆਕਾਸ਼' ਦੀ ਸਫਲਤਾ ਬਾਰੇ ਯਕੀਨ ਨਹੀਂ ਸੀ।

ਅੰਮ੍ਰਿਤਸਰ ਨੂੰ ਆਪਣਾ ਘਰ ਦੱਸਣ ਵਾਲੇ ਸ. ਤੁਲੀ ਤੋਂ ਜਦੋਂ ਮਨੁੱਖੀ ਸਰੋਤ ਵਿਕਾਸ ਮੰਤਰੀ ਕਪਿਲ ਸਿੱਬਲ ਦੇ 10 ਡਾਲਰ ਦੇ ਪੀ.ਸੀ. ਟੈਬਲੈਟ ਦਾ ਸੁਪਨਾ ਸੱਚ ਹੋਣ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਮੈਂ ਪਹਿਲਾਂ ਮਕਿਨਤੋਸ਼ ਕੰਪਿਊਟਰ 5000 ਡਾਲਰ 'ਚ ਖਰੀਦਿਆ ਸੀ। ਅੱਜ ਮੈਂ 45 ਡਾਲਰ 'ਚ 'ਆਕਾਸ਼' ਘਰ ਲਿਜਾ ਸਕਦਾ ਹਾਂ। ਭਲਕ ਨੂੰ ਇਹ 10 ਡਾਲਰ 'ਚ ਵੀ ਮਿਲ ਸਕਦਾ ਹੈ। ਸਟੀਵ ਜੌਬਸ ਨੇ ਵੀ ਆਖਰੀ ਦਮ ਤੱਕ ਸੁਪਨੇ ਲੈਣੇ ਬੰਦ ਨਹੀਂ ਕੀਤੇ ਸਨ।

## ਸਮੀਰ ਟਾਰਗੇ ਜ਼ੀ ਅਮੈਰਿਕਾ ਦੇ ਜਨਰਲ ਮੈਨੇਜਰ ਬਣੇ

**ਨਿਊ ਯਾਰਕ (ਬਿਊਰੋ):** ਅਮਰੀਕਾ ਵਿਚ ਅੱਵਲ ਨੰਬਰ ਗਿਣੇ ਜਾਂਦੇ ਦੱਖਣ ਏਸ਼ੀਆਈ ਟੀ ਵੀ ਨੈਟਵਰਕ ਜ਼ੀ ਅਮੈਰਿਕਾ ਨੇ ਸ੍ਰੀ ਸਮੀਰ ਟਾਰਗੇ ਨੂੰ ਆਪਣੀ ਦੱਖਣ ਏਸ਼ੀਆਈ ਬਿਜਨਸ ਯੂਨਿਟ ਦਾ ਜਨਰਲ ਮੈਨੇਜਰ ਬਣਾਇਆ ਹੈ। ਆਪਣੀ ਨਵੀਂ ਭੂਮਿਕਾ ਵਿਚ ਉਹ ਮਾਰਕੀਟਿੰਗ, ਇਸ਼ਤਿਹਾਰਾਂ ਦੀ ਵਿਕਰੀ, ਪ੍ਰੋਗਰਾਮਿੰਗ ਅਤੇ ਡਿਸਟ੍ਰੀਬਿਊਸ਼ਨ ਦੇ ਇੰਚਾਰਜ ਹੋਣਗੇ।

ਸ੍ਰੀ ਸਮੀਰ ਪਿਛਲੇ 11 ਸਾਲ ਤੋਂ ਜ਼ੀ ਨਾਲ ਇਸ ਦੇ ਸੇਲਜ਼ ਅਤੇ ਮਾਰਕੀਟਿੰਗ ਵਿਭਾਗ ਵਿਚ ਕੰਮ ਕਰ ਰਹੇ ਹਨ। ਉਨ੍ਹਾਂ 2000 ਤੋਂ 2003 ਤੱਕ ਇੰਡੀਆ ਵਿਚ ਜ਼ੀ ਲਈ ਕੰਮ ਕੀਤਾ ਅਤੇ ਫਿਰ ਉਹ ਐਮ ਬੀ ਏ ਕਰਨ ਲਈ ਕੈਨੇਡਾ ਆ ਗਏ। 2006 ਤੋਂ ਉਹ ਅਮਰੀਕਾ ਵਿਚ ਜ਼ੀ ਦੀ ਸੇਲਜ਼ ਟੀਮ ਵਿਚ ਕੰਮ ਕਰਦੇ ਆ ਰਹੇ ਹਨ।


Indian Oven

11000, I-40 East, Amarillo Texas – 79118
(Exit 77, Right Hand Side)
Ph: 1-806-335-3600

ਪੰਜਾਬੀ ਵੈਸ਼ਨੂ ਅਤੇ ਗੈਰ ਵੈਸ਼ਨੂ
ਤਾਜ਼ੀ ਰੋਟੀ, ਪਰਾਂਠੇ ਅਤੇ ਨਾਨ



Breakfast, Lunch & Dinner (Buffet 11 to 3, Every Day)

Easy Truck Parking
Special Deals For Truckers

ਆਈ-40 ਵੈਸਟ ਵਾਲੇ ਪਾਸਿਓਂ ਖੱਬੇ ਹੱਥ
ਆਈ-40 ਈਸਟ ਵਾਲੇ ਪਾਸਿਓਂ ਸੱਜੇ ਹੱਥ

www.punjabtimesusa.com



FARMERS INSURANCE GROUP Symbol of Superior Service
FARMERS®

Now at new location: 2774 Aborn Road , San Jose, CA 95121

ਆਪਣੀ ਕਾਰ ਜਾਂ ਆਪਣੇ ਘਰ ਦੀ ਇੰਸ਼ੋਰੈਂਸ ਕਵਰੇਜ ਬਾਰੇ ਤੁਹਾਡੇ ਮਨ ਵਿਚ ਕੋਈ ਸਵਾਲ ਹੈ? ਬਿਨਾਂ ਝਿਜਕ ਸਾਨੂੰ ਕਾਲ ਕਰੋ।

*"Call for a review of any of your insurance policies or to get a quote"*
*Totally Free and No Obligation to buy from us!!*



Satwant Singh
Insurance Agent
License # OH11256

*Auto *Home *Life *Business
*Workers Compensation

Call for consultation
Ph: 408-771-2438
*408-580-6063, 408-687-7566*
Fax: 408-273-6001
*SSINGH6@FARMERSAGENT.COM*

*ਪਾਲਿਸੀ (ਅਤੇ ਪ੍ਰਾਸਪੈਕਟਸ, ਜਿਥੇ ਲਾਗੂ ਹੋਵੇ) ਸਿਰਫ ਅੰਗ੍ਰੇਜ਼ੀ ਵਿਚ ਉਪਲਬਧ ਹੈ। ਝਗੜੇ ਦੀ ਸੂਰਤ ਵਿਚ ਇਹੀ ਰੂਪ ਸਹੀ ਮੰਨਿਆ ਜਾਏਗਾ।*

*Call us to know about special discounts for nurses, teachers, engineers, pharmacists, doctors and more professionals to get low prices.**

*"Discounts apply to selected property and casualty coverages, perils, and policy types only and may vary by state and eligibility. To the extent permitted by law, applicants are individually underwritten; not all applicants may qualify."



Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

ਜੇ ਤੁਸੀਂ ਆਪਣਾ ਘਰ ਸ਼ਾਰਟਸੇਲ 'ਤੇ ਵੇਚਣਾ ਚਾਹੁੰਦੇ ਹੋ

**If you want to sell your house in shortsale, first call 209-815-1869**
***We are certified Home Afordable Foreclosure Alternative (HAFA) specilist in shortsale of homes.***



Gurbans Singh Gill
Realtor
13 Years Experiance in Real Estate
e-mail: gurbans@gotracy.com
Fax: 209-836-0706
www.gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD® Millennium

Gurbans Gill 209-815-1869

ਪੰਜਾਬ ਟਾਈਮਜ਼

*ਸਨਿਚਰਵਾਰ, 15 ਅਕਤੂਬਰ 2011*

## ਪ੍ਰਸ਼ਾਸਨ, ਸਰਕਾਰ ਤੇ ਸਿਆਸਤ

ਪੰਜਾਬ ਦੇ ਐਡਵੋਕੇਟ ਜਨਰਲ ਬਲਦੇਵ ਸਿੰਘ ਦੇ ਅਸਤੀਫੇ ਨੇ ਸਿਆਸਤ ਦੇ ਖੇਤਰ ਦੀਆਂ ਚੋਰ-ਮੋਰੀਆਂ ਬਾਰੇ ਚਰਚਾ ਇਕ ਵਾਰ ਫਿਰ ਭਖਾ ਦਿੱਤੀ ਹੈ। ਇਸ ਨਾਲ ਪ੍ਰਸ਼ਾਸਨ, ਸਰਕਾਰ ਅਤੇ ਸਿਆਸੀ ਆਗੂਆਂ ਦੇ ਰਿਸ਼ਤੇ ਦੀ ਚੁਗਲੀ ਵੀ ਹੋ ਗਈ ਹੈ। ਅਫਸਰਾਂ, ਮੁਲਾਜ਼ਮਾਂ ਜਾਂ ਸੰਸਥਾਵਾਂ ਦੇ ਕੰਮਾਂ-ਕਾਰਾਂ ਵਿਚ ਸਿਆਸੀ ਦਖਲਅੰਦਾਜ਼ੀ ਦਾ ਮਾਮਲਾ ਕੋਈ ਨਵਾਂ ਨਹੀਂ ਹੈ। ਸ. ਬਲਦੇਵ ਸਿੰਘ ਨੂੰ ਕੁਝ ਸਮਾਂ ਪਹਿਲਾਂ ਸ. ਹਰਦੇਵ ਸਿੰਘ ਮੱਤੇਵਾਲ ਦੇ 'ਬਿਮਾਰ' ਹੋਣ ਕਾਰਨ ਉਨ੍ਹਾਂ ਦੀ ਗੈਰ-ਹਾਜ਼ਰੀ ਵਿਚ ਕੰਮ ਕਰ ਰਹੀ 4 ਮੈਂਬਰੀ ਕਮੇਟੀ ਦੀ ਥਾਂ ਸੂਬੇ ਦਾ ਐਡਵੋਕੇਟ ਜਨਰਲ ਲਾਇਆ ਗਿਆ ਸੀ। ਸਰਕਾਰੀ ਤੌਰ 'ਤੇ ਭਾਵੇਂ ਉਨ੍ਹਾਂ ਦੇ ਅਸਤੀਫੇ ਦਾ ਕੋਈ ਕਾਰਨ ਨਹੀਂ ਦਿੱਤਾ ਗਿਆ ਪਰ ਪਿਛਲੇ ਕੁਝ ਮਹੀਨਿਆਂ ਤੋਂ ਐਡਵੋਕੇਟ ਜਨਰਲ ਦਫ਼ਤਰ ਵਿਚ ਚੱਲ ਰਹੀ ਖਹਿਬਾਜ਼ੀ ਅਤੇ ਸਿਆਸਤ ਤੋਂ ਸਾਫ ਜ਼ਾਹਿਰ ਹੈ ਕਿ ਮਾਮਲਾ ਟੇਢਾ ਜ਼ਰੂਰ ਹੈ। ਅਸਲ ਵਿਚ ਐਡਵੋਕੇਟ ਜਨਰਲ ਨੇ ਦਫਤਰ ਦੇ ਕੁਝ ਅਧਿਕਾਰੀਆਂ ਦੀ ਕਾਰਗੁਜ਼ਾਰੀ ਤੋਂ ਨਾਖੁਸ਼ ਹੋ ਕੇ ਕਾਨੂੰਨੀ ਅਫਸਰਾਂ ਦੀ ਚੋਖੀ ਝਾੜ-ਝੰਬ ਕੀਤੀ ਸੀ। ਇਨ੍ਹਾਂ ਐਡੀਸ਼ਨਲ ਐਡਵੋਕੇਟ ਜਨਰਲਾਂ ਵਿਚੋਂ 2-3 ਤਾਂ ਭਾਜਪਾ ਕੋਟੇ ਵਿਚੋਂ ਲਾਏ ਹੋਏ ਸਨ। ਇਕ ਸਾਬਕਾ ਕੇਂਦਰੀ ਕਾਨੂੰਨ ਮੰਤਰੀ ਅਰੁਣ ਜੇਤਲੀ ਦੇ ਵੀ ਨਜ਼ਦੀਕ ਹੈ। ਇਸ ਮਾਮਲੇ ਬਾਰੇ ਅਰੁਣ ਜੇਤਲੀ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਵੀ ਉਚੇਚੀ ਮੁਲਾਕਾਤ ਕੀਤੀ ਸੀ ਅਤੇ ਮੁੱਖ ਮੰਤਰੀ ਨਾਲ ਉਕਤ ਕਾਨੂੰਨੀ ਅਧਿਕਾਰੀਆਂ ਦਾ ਮੁੱਦਾ ਵੀ ਜ਼ੋਰ-ਸ਼ੋਰ ਨਾਲ ਉਠਾਇਆ ਸੀ। ਜ਼ਾਹਿਰ ਹੈ ਕਿ ਐਡਵੋਕੇਟ ਜਨਰਲ ਬਲਦੇਵ ਸਿੰਘ ਨੇ ਆਪਣੇ ਦਫ਼ਤਰ ਵਿਚਲੀ ਅਨੁਸ਼ਾਸਨਹੀਣਤਾ ਅਤੇ ਸਿਆਸੀ ਦਬਾਅ ਤੋਂ ਤੰਗ ਆ ਕੇ ਅਸਤੀਫਾ ਦਿੱਤਾ ਹੈ। ਮੁੱਖ ਮੰਤਰੀ ਆਮ ਵਾਂਗ ਇਸ ਮਾਮਲੇ 'ਤੇ ਵੀ ਘੇਸਲ ਮਾਰ ਗਏ ਹਨ। ਪਹਿਲਾਂ ਵਾਂਗ ਉਨ੍ਹਾਂ ਕੋਲ ਇਸ ਮਸਲੇ ਲਈ ਵੀ ਇਹੀ ਨੁਸਖਾ ਹੈ ਕਿ ਕੁਝ ਦਿਨਾਂ ਬਾਅਦ ਮਾਮਲਾ ਆਪੇ ਠੰਢਾ ਪੈ ਜਾਣਾ ਹੈ, ਇਸ ਬਾਰੇ ਕੋਈ ਬਹੁਤੀਆਂ ਸਫਾਈਆਂ ਦੇਣ ਦੀ ਕੋਈ ਲੋੜ ਨਹੀਂ ਹੈ।

ਉਂਜ ਸਿਆਸੀ ਦਬਾਅ ਦਾ ਇਹ ਕੋਈ ਇਕੱਲਾ-ਇਕਹਿਰਾ ਮਾਮਲਾ ਨਹੀਂ ਹੈ। ਅਜਿਹੀਆਂ ਮਿਸਾਲਾਂ ਅਣਗਿਣਤ ਹਨ ਪਰ ਇਸ ਤੰਦ-ਤਾਣੇ ਨੂੰ ਸਮਝਣ ਲਈ ਸੂਬੇ ਵਿਚ ਪਿਛਲੇ ਕੁਝ ਸਮੇਂ ਤੋਂ ਸਾਹਮਣੇ ਆਈਆਂ ਸਰਗਰਮੀਆਂ ਅਤੇ ਗੁਜਰਾਤ ਦੇ ਘਟਨਾਕ੍ਰਮ ਉਤੇ ਨਜ਼ਰ ਮਾਰਨੀ ਪਵੇਗੀ। ਪੰਜਾਬ ਪੁਲਿਸ ਦੇ ਮੁਖੀ ਪਰਮਦੀਪ ਸਿੰਘ ਗਿੱਲ ਸੇਵਾ ਮੁਕਤੀ ਤੋਂ ਬਾਅਦ ਹੁਣ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਟੀਮ ਵਿਚ ਸ਼ਾਮਲ ਹੋ ਗਏ ਹਨ। ਉਨ੍ਹਾਂ ਦੇ ਵਿਧਾਨ ਸਭਾ ਚੋਣ ਲੜਨ ਬਾਰੇ ਚਰਚਾ ਤਾਂ ਬਹੁਤ ਸਮਾਂ ਪਹਿਲਾਂ ਸ਼ੁਰੂ ਹੋ ਗਈ ਸੀ ਅਤੇ ਉਹ ਆਪਣੇ ਇਲਾਕੇ ਵਿਚ ਪੁਲਿਸ ਅਫਸਰ ਵਜੋਂ ਘੱਟ, ਕਿਸੇ ਸਿਆਸੀ ਆਗੂ ਵਜੋਂ ਵੱਧ ਗੇੜੇ ਮਾਰਦੇ ਰਹੇ ਹਨ। ਆਪਣੀ ਇਸ ਸਰਗਰਮੀ ਲਈ ਉਹ ਪੁਲਿਸ ਪ੍ਰਸ਼ਾਸਨ ਨੂੰ ਵੀ ਬੇਕਿਰਕੀ ਨਾਲ ਵਰਤਦੇ ਰਹੇ ਹਨ। ਇਸ ਮਾਮਲੇ 'ਤੇ ਚੋਣ ਕਮਿਸ਼ਨ ਨੇ ਉਨ੍ਹਾਂ ਦੀ ਖਿਚਾਈ ਵੀ ਕੀਤੀ ਸੀ। ਇਕ ਹੋਰ ਉਚ ਅਫਸਰ ਡੀ.ਐਸ. ਗੁਰੂ ਬਾਰੇ ਵੀ ਅਜਿਹੀਆਂ ਕਿਆਸ-ਅਰਾਈਆਂ ਚੱਲ ਰਹੀਆਂ ਹਨ। ਉਹ ਵੀ ਸਿਆਸਤ ਦੇ ਪਿੜ ਵਿਚ ਡਟ ਕੇ ਸਰਗਰਮੀ ਕਰ ਰਹੇ ਹਨ ਅਤੇ ਆਪਣੇ ਇਲਾਕੇ ਵਿਚ ਗੇੜੇ ਕੱਢ ਰਹੇ ਹਨ। ਕੈਪਟਨ ਅਮਰਿੰਦਰ ਸਿੰਘ ਦੇ ਰਾਜ ਵੇਲੇ ਪੁਲਿਸ ਅਫਸਰ ਐਸ.ਐਸ. ਵਿਰਕ ਨੂੰ ਜਿਸ ਢੰਗ ਨਾਲ ਪੁਲਿਸ ਮੁਖੀ ਬਣਾਇਆ ਗਿਆ ਸੀ ਅਤੇ ਬਾਅਦ ਵਿਚ ਉਸ ਨੇ ਆਪਣੇ ਸਿਆਸੀ ਸਰਪ੍ਰਸਤਾਂ ਨਾਲ ਰਲ ਕੇ ਜੋ ਕਮਾਈਆਂ ਕੀਤੀਆਂ ਸਨ, ਉਹ ਵੀ ਜੱਗ ਜ਼ਾਹਿਰ ਹਨ। ਉਦੋਂ ਪੰਜਾਬ ਦੇ 8 ਸੀਨੀਅਰ ਪੁਲਿਸ ਅਫਸਰਾਂ ਨੂੰ ਛੱਡ ਕੇ ਵਿਰਕ ਨੂੰ ਪੁਲਿਸ ਮੁਖੀ ਲਾਇਆ ਗਿਆ ਸੀ। ਇਸ ਲਈ, ਇਹ ਨਿਰਾ ਸਿਆਸੀ ਦਖਲ ਦਾ ਮਾਮਲਾ ਨਹੀਂ ਹੈ। ਇਸ ਦੀ ਤਹਿ ਦੇ ਥੱਲੇ ਸਿਆਸੀ-ਪ੍ਰਸ਼ਾਸਕੀ ਗਠਜੋੜ ਦੇ ਤਾਣੇ-ਬਾਣੇ ਦੀ ਕਨਸੋਅ ਮਿਲਦੀ ਹੈ ਜਿੱਥੇ ਲੋਕ-ਹਿਤਾਂ ਨੂੰ ਦਰਕਿਨਾਰ ਕਰਕੇ ਆਪਸੀ ਫਾਇਦਿਆਂ ਦਾ ਨੁਕਤਾ ਮੁਖ ਬਣ ਜਾਂਦਾ ਹੈ। ਪਰਮਦੀਪ ਸਿੰਘ ਗਿੱਲ ਹੀ ਉਹ ਪੁਲਿਸ ਮੁਖੀ ਹਨ ਜੋ ਵੇਲੇ-ਕੁਵੇਲੇ ਅਤਿਵਾਦ ਬਾਰੇ ਬਿਆਨ ਦਾਗ ਦਾਗ ਕੇ ਬਾਦਲਾਂ ਦੀ ਸਿਆਸਤ ਨੂੰ ਮਘਾਉਂਦੇ ਰਹੇ ਹਨ। ਸੂਬੇ ਵਿਚ ਨਕਸਲਵਾਦ ਦੇ ਸਿਰ ਚੁੱਕਣ ਬਾਰੇ ਵੀ ਸਭ ਤੋਂ ਵੱਧ ਰੌਲਾ ਇਸ ਪੁਲਿਸ ਅਫਸਰ ਨੇ ਹੀ ਪਾਇਆ ਸੀ।

ਗੁਜਰਾਤ ਦੇ ਪੁਲਿਸ ਅਫਸਰ ਸੰਜੀਵ ਭੱਟ ਦਾ ਮਾਮਲਾ ਤਾਂ ਹੋਰ ਵੀ ਗੰਭੀਰ ਹੈ। ਉਸ ਨੇ 2002 ਵਿਚ ਗੋਧਰਾ ਕਾਂਡ ਤੋਂ ਬਾਅਦ ਮੁਸਲਮਾਨਾਂ ਦੇ ਹੋਏ ਕਤਲੇਆਮ ਬਾਰੇ ਮੁੱਖ ਮੰਤਰੀ ਨਰਿੰਦਰ ਮੋਦੀ ਵੱਲ ਸਿੱਧੀ ਉਂਗਲੀ ਕੀਤੀ ਹੈ, ਤੇ ਇਸ ਵੇਲੇ ਇਹ ਪੁਲਿਸ ਅਫਸਰ ਕਈ ਸਾਲ ਪੁਰਾਣੇ ਕਿਸੇ ਸਾਧਾਰਨ ਜਿਹੇ ਕੇਸ ਕਾਰਨ ਜੇਲ੍ਹ ਵਿਚ ਹੈ। ਇਹੀ ਨਹੀਂ, ਜੇਲ੍ਹ ਅੰਦਰ ਉਸ ਨਾਲ ਅਤਿਵਾਦੀਆਂ ਵਾਲਾ ਵਿਹਾਰ ਕੀਤਾ ਜਾ ਰਿਹਾ ਹੈ। ਉਸ ਦੀ ਪਤਨੀ ਵੱਖ ਵੱਖ ਥਾਈਂ ਚਿੱਠੀਆਂ ਲਿਖ ਲਿਖ ਹਾਰ ਗਈ ਹੈ ਪਰ ਕਿਤੇ ਕੋਈ ਸੁਣਵਾਈ ਨਹੀਂ ਹੋ ਰਹੀ ਹੈ। ਹੁਣ ਤਾਂ ਦੇਸ਼ ਦੀ ਸੁਪਰੀਮ ਕੋਰਟ ਨੇ ਵੀ ਉਸ ਦੇ ਮਾਮਲੇ ਵਿਚ ਦਖਲ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਇਕੱਲੇ ਪੰਜਾਬ ਜਾਂ ਗੁਜਰਾਤ ਵਿਚ ਹੀ ਨਹੀਂ, ਹਰ ਸੂਬੇ ਵਿਚ ਇਹੀ ਵਰਤਾਰਾ ਚੱਲ ਰਿਹਾ ਹੈ। ਸਿਆਸੀ ਆਗੂਆਂ ਦੀ ਸੇਵਾ ਵਿਚ ਰਹਿਣ ਵਾਲਿਆਂ ਨੂੰ ਅਹੁਦਿਆਂ ਅਤੇ ਹੋਰ ਲਾਭਾਂ ਨਾਲ ਨਿਵਾਜਿਆ ਜਾ ਰਿਹਾ ਹੈ ਅਤੇ ਵੱਖਰਾ ਤੇ ਲੋਕ ਹਿਤ ਵਾਲਾ ਰਾਹ ਅਪਨਾਉਣ ਵਾਲਿਆਂ ਨੂੰ ਤੰਗ-ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਲੋਕ ਹਿਤਾਂ ਨਾਲ ਜੁੜੀਆਂ ਅਜਿਹੀਆਂ ਸੰਸਥਾਵਾਂ ਦਾ ਇਹ ਸਿਆਸੀਕਰਨ ਅਸਲ ਵਿਚ ਦੇਸ਼ ਦੇ ਨਿੱਘਰੇ ਹੋਏ ਢਾਂਚੇ ਦੀ ਹੀ ਦੱਸ ਪਾਉਂਦਾ ਹੈ ਜਿਸ ਵਿਚ ਆਮ ਬੰਦਾ ਲਗਾਤਾਰ ਹਾਸ਼ੀਏ ਉਤੇ ਜਾ ਰਿਹਾ ਹੈ, ਬਲਕਿ ਉਸ ਨੂੰ ਹਾਸ਼ੀਏ ਉਤੇ ਧੱਕਿਆ ਜਾ ਰਿਹਾ ਹੈ। ਨਿੱਜੀ ਮੁਫਾਦ ਲਈ ਆਮ ਬੰਦੇ, ਇੱਥੋਂ ਤੱਕ ਕਿ ਅਫਸਰ ਨੂੰ ਵੀ ਅਤਿਵਾਦੀ ਕਰਾਰ ਦੇ ਦਿੱਤਾ ਜਾਂਦਾ ਹੈ। ਅਜਿਹਾ ਕਰਦਿਆਂ ਕਿਸੇ ਨਾਲ ਧਰਮ, ਜਾਤ, ਨਸਲ, ਭਾਈਚਾਰੇ ਜਾਂ ਇਲਾਕੇ ਦਾ ਕਦੀ ਕੋਈ ਵਿਤਕਰਾ ਨਹੀਂ ਕੀਤਾ ਜਾਂਦਾ। ਸਿਰਫ ਇਕ ਹੀ ਮੀਟਰ ਲਾਇਆ ਜਾਂਦਾ ਹੈ ਕਿ ਤੁਸੀਂ ਸਿਆਸੀ ਪ੍ਰਭੂਆਂ ਨਾਲ ਸਹਿਮਤ ਹੋ ਜਾਂ ਨਹੀਂ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਮਨ ਹੋਰ ਮੁੱਖ ਹੋਰ?*

ਬੋਤਲ ਚਾੜ੍ਹ ਕੇ ਸ਼ਾਇਰ ਨੇ ਗਜ਼ਲ ਆਖੀ, ਨਸ਼ਾ ਖੋਰੀ ਦਾ ਫਸਤਾ ਵੱਢੀਏ ਜੀ।
ਅਣ-ਜੰਮੀਆਂ ਧੀਆਂ ਨੂੰ ਮਾਰ ਕਹਿੰਦੇ, ਕੁੜੀ-ਮੁੰਡੇ ਦੇ ਫਰਕ ਨੂੰ ਛੱਡੀਏ ਜੀ।
ਮੂੰਹ ਮੰਗਿਆ ਦਾਨ ਲੈ ਕਰਨ ਗੱਲਾਂ, ਲੈਣ-ਦੇਣ ਲਈ ਹੱਥ ਨਾ ਅੱਡੀਏ ਜੀ।
ਬੇ-ਹਯਾਈ ਦੇ ਗੀਤ ਗਾ ਕਹੇ ਗਾਇਕ, ਝੰਡੇ ਸਭਿਆਚਾਰ ਦੇ ਗੱਡੀਏ ਜੀ।
ਗਲੇ ਵੱਢ ਕਸਾਈ ਵੀ ਕਹੀ ਜਾਵੇ, ਰਹਿਮ ਜੀਆਂ 'ਤੇ ਕਰੋ ਹਮੇਸ਼ ਯਾਰੋ।
ਭ੍ਰਿਸ਼ਟਾਚਾਰ ਨਾਲ ਆਫਰੇ ਕਹਿਣ ਆਗੂ, ਬੇਈਮਾਨੀ ਨੇ ਡੋਬ 'ਤਾ ਦੇਸ਼ ਯਾਰੋ!

# ਔਰਤਾਂ ਦੇ ਮੁੱਦੇ ਅਤੇ ਔਰਤ ਫ਼ਿਲਮਸਾਜ਼

*ਇਸ ਲੇਖ ਵਿਚ ਕੁਲਦੀਪ ਕੌਰ ਨੇ ਭਾਰਤੀ ਫਿਲਮਾਂ ਦੇ ਬਹਾਨੇ ਔਰਤਾਂ ਅਤੇ ਇਨ੍ਹਾਂ ਨਾਲ ਸਬੰਧਤ ਮੁੱਦਿਆਂ ਬਾਰੇ ਬੇਹੱਦ ਅਹਿਮ ਸਵਾਲ ਉਠਾਏ ਹਨ। ਇਹ ਉਹ ਸਵਾਲ ਹਨ ਜਿਨ੍ਹਾਂ ਬਾਰੇ ਗੱਲ ਅਗਾਂਹ ਤੋਰਨੀ ਤਾਂ ਇਕ ਪਾਸੇ, ਇਨ੍ਹਾਂ ਬਾਰੇ ਕੋਈ ਗੱਲ ਹੀ ਨਹੀਂ ਕੀਤੀ ਜਾ ਰਹੀ। ਮੂੰਹਜ਼ੋਰ ਮੁੱਖਧਾਰਾ ਵਿਚ ਇਹ ਸਵਾਲ ਅਣਗੌਲੇ ਹੀ ਰਹਿ ਗਏ ਹਨ। ਉਂਜ ਵੀ ਇਨ੍ਹਾਂ ਫਿਲਮਾਂ ਵਿਚ ਔਰਤ ਨੂੰ ਬਹੁਤ ਹੀਣੀ ਜਿਹੀ ਬਣਾ ਕੇ ਪੇਸ਼ ਕੀਤਾ ਗਿਆ ਹੈ। ਕੁਝ ਫਿਲਮਸਾਜ਼ ਔਰਤਾਂ ਨੇ ਔਰਤ ਦੀ ਬਾਤ ਧੜੱਲੇ ਨਾਲ ਪਾਈ ਹੈ ਜਿਸ ਤੋਂ ਔਰਤ ਦੀ ਸਮਰੱਥਾ ਵੀ ਸਾਕਾਰ ਹੋਈ ਹੈ। ਇਸ ਲੇਖ ਇਨ੍ਹਾਂ ਇਨ੍ਹਾਂ ਫਿਲਮਸਾਜ਼ ਔਰਤਾਂ ਦੇ ਨਾਲ ਨਾਲ ਔਰਤਾਂ ਦੇ ਮੁਦਿਆਂ ਬਾਰੇ ਗੱਲਾਂ ਕੀਤੀ ਗਈਆਂ ਹਨ।-ਸੰਪਾਦਕ*

■ ਕੁਲਦੀਪ ਕੌਰ*

ਭਾਰਤੀ ਫ਼ਿਲਮ ਸਨਅਤ ਨੂੰ ਦੁਨੀਆਂ ਦੀ ਸਭ ਤੋਂ ਵੱਡੀ ਮਨੋਰੰਜਨ ਫੈਕਟਰੀ ਮੰਨਿਆ ਜਾਂਦਾ ਹੈ। ਕਰੋੜਾਂ ਰੁਪਏ ਦੇ ਕਾਲੇ ਪੈਸੇ ਦੇ ਕਾਰੋਬਾਰ ਅਤੇ ਕੁਝ ਘਰਾਣਿਆਂ ਦੀ ਇਜਾਰੇਦਾਰੀ 'ਤੇ ਖੜ੍ਹੀ ਇਸ ਫੈਕਟਰੀ ਦਾ ਉਤਪਾਦਨ ਮੁਨਾਫ਼ੇ ਅਤੇ ਹਰ ਹਾਲਤ ਵਿਚ ਸਫ਼ਲਤਾ ਦੇ ਮੂਲ ਮੰਤਰ ਨਾਲ ਕੀਤਾ ਜਾਂਦਾ ਹੈ। ਸੰਨ 1990 ਤੋਂ ਬਾਅਦ ਤੀਜੀ ਦੁਨੀਆਂ ਦੇ ਹੋਰ ਮੁਲਕਾਂ ਵਾਂਗ ਭਾਰਤੀ ਫ਼ਿਲਮ ਸਨਅਤ ਨੂੰ ਵੀ ਖੁੱਲ੍ਹੀ ਮੰਡੀ, ਉਦਾਰਵਾਦ ਅਤੇ ਪੱਛਮ-ਮੁਖੀ ਵਿਕਾਸ ਢਾਂਚੇ ਦੀ ਨੀਤੀਆਂ ਨੇ ਵੱਡੇ ਪੱਧਰ ਤੇ ਪ੍ਰਭਾਵਿਤ ਕੀਤਾ ਹੈ। ਹੁਣ ਫ਼ਿਲਮ ਚਕਾਚੌਂਧ ਕਰ ਦੇਣ ਵਾਲੇ ਇਸ਼ਿਤਹਾਰ ਵਾਂਗ ਹੈ ਜਿਸ ਨੂੰ ਦਰਸ਼ਕ ਸਾਹੋ-ਸਾਹ ਹੋਇਆ ਦੇਖਦਾ ਹੈ।



ਭਾਰਤੀ ਰਾਜਨੀਤੀ ਵਾਂਗ ਭਾਰਤੀ ਫ਼ਿਲਮ ਸਨਅਤ ਹਾਸ਼ੀਏ 'ਤੇ ਪਏ ਵਰਗਾਂ ਦੀ ਨਿਸ਼ਾਨਦੇਹੀ ਤਾਂ ਕਰਦੀ ਹੈ ਪਰ ਉਨ੍ਹਾਂ ਦਿਆਂ ਮੁੱਦਿਆਂ ਬਾਰੇ ਕੋਈ ਸਾਰਥਿਕ ਕਦਮ ਚੁੱਕਣ ਜਾਂ ਸੰਵਾਦ ਤੋਰਨ ਦਾ ਹੀਆ ਨਹੀਂ ਕਰਦੀ। ਭਾਰਤੀ ਫ਼ਿਲਮਾਂ ਦੀ ਖਰੀਦ-ਵੇਚ ਦਾ ਮੁੱਖ ਨੁਕਤਾ ਔਰਤ ਦਾ ਸਰੀਰ ਰਿਹਾ ਹੈ। ਦਿਲਚਸਪ ਗੱਲ ਹੈ ਕਿ ਭਾਰਤੀ ਸਮਾਜ ਵੀ ਨੈਤਿਕਤਾ, ਇੱਜ਼ਤ, ਮਾਣ-ਮਰਿਆਦਾ ਅਤੇ ਭੋਗ ਵਿਲਾਸ ਦਾ ਤਾਣਾ-ਬਾਣਾ ਔਰਤ ਦੇ ਸਰੀਰ ਦੁਆਲੇ ਬੁਣਦਾ ਹੈ। ਇਸ ਦੀ ਹਰ ਤੰਦ ਉਸ ਨੂੰ ਨਾ ਸਿਰਫ਼ ਕੁੱਖ ਦੇ ਤੌਰ 'ਤੇ ਮਹਿਦੂਦ ਕਰਦੀ ਹੈ ਬਲਿਕ ਉਸ ਦੀ ਸੋਚਣ-ਸਮਝਣ ਦੀ ਸਮਰੱਥਾ ਨੂੰ ਵੀ ਰੱਦ ਕਰਦੀ ਹੈ। ਜੇ ਇਸ ਨੂੰ ਸਿਰਫ਼ ਮਰਦ ਫ਼ਿਲਮਸਾਜ਼ਾਂ ਵਿਚ ਸੰਵੇਦਨਸ਼ੀਲਤਾ ਦੀ ਘਾਟ ਦਾ ਮੁੱਦਾ ਮੰਨਿਆ ਜਾਵੇ ਤਾਂ ਸਵਾਲ ਇਹ ਬਣਦਾ ਹੈ ਕਿ, ਕੀ ਔਰਤ ਫ਼ਿਲਮ ਨਿਰਦੇਸ਼ਕਾਵਾਂ ਕੁਝ ਅਜਿਹਾ ਸਿਰਜ ਸਕੀਆਂ ਹਨ ਜੋ ਮਰਦ ਤੱਕਣੀ ਤੇ ਮੁਨਾਫ਼ਾ-ਧਾਰਨਾ ਤੋਂ ਹੱਟ ਕੇ ਹੈ? ਅੱਜ ਦੀਆਂ ਦੋ ਫ਼ਿਲਮ ਨਿਰਦੇਸ਼ਕਾਵਾਂ ਫਰਾਹ ਖ਼ਾਨ ਅਤੇ ਏਕਤਾ ਕਪੂਰ ਨੇ ਇਸ ਸਬੰਧੀ ਨਿਰਾਸ਼ ਹੀ ਨਹੀਂ ਕੀਤਾ ਸਗੋਂ ਫਰਾਹ ਖ਼ਾਨ ਨੇ ਤਾਂ ਪਹਿਲੀ ਵਾਰ ਮਰਦ ਸਰੀਰ ਦਾ ਵਪਾਰੀਕਰਨ ਕਰਨ ਦੀ ਕੋਸ਼ਿਸ਼ ਵੀ ਕੀਤੀ ਹੈ (ਮਿਸਾਲ ਵਜੋਂ ਫ਼ਿਲਮ 'ਓਮ ਸ਼ਾਂਤੀ ਓਮ' ਦਾ ਗਾਣਾ-'ਦਿਲ ਮੇਂ ਮੇਰੇ ਹੈ ਦਰਦੇ-ਡਿਸਕੋ' ਵਿਚ ਸ਼ਾਹਰੁਖ ਦਾ ਸਰੀਰ)। ਔਰਤ ਸਰੀਰ ਨੂੰ 'ਸ਼ੀਲਾ ਕੀ ਜਵਾਨੀ' ਵਰਗੇ ਕੁਚੱਜੇ ਤਰੀਕੇ ਨਾਲ ਪੇਸ਼ ਕਰਨਾ ਉਸ ਨੂੰ ਸੁਹਜ ਅਤੇ ਕਲਾ ਤੋਂ ਕੋਰੀ ਫ਼ਿਲਮਸਾਜ਼ ਸਾਬਤ ਕਰਦਾ ਹੈ ਜੋ ਉਨ੍ਹਾਂ ਔਰਤਾਂ ਦੇ ਸੰਘਰਸ਼ 'ਤੇ ਸਿੱਧਾ ਵਾਰ ਕਰਦੀ ਹੈ ਜੋ ਨਿੱਤ ਦਿਨ ਜ਼ਿੰਦਗੀ ਤਰਾਸ਼ਣ ਦੇ ਤਰਦੱਦ ਵਿਚ ਹਨ। ਏਕਤਾ ਕਪੂਰ ਇਸ ਤੋਂ ਵੀ ਇਕ ਕਦਮ ਅਗਾਂਹ ਜਾਂਦੀ ਹੈ ਅਤੇ ਸਮਾਜ ਵਿਚ ਔਰਤਾਂ ਵਿਰੁੱਧ ਵਧ ਰਹੀ ਹਿੰਸਾ ਨੂੰ ਮੁਨਾਫ਼ਾ ਕਮਾਉਣ ਵਾਲੀ ਫ਼ਿਲਮ (ਰਾਗਿਨੀ ਐਮ.ਐਮ.ਐਸ.) ਬਣਾਉਣ ਲਈ ਵਰਤਦੀ ਹੈ। ਦੋਵੇਂ, ਔਰਤ ਨਾਲ ਹੁੰਦੀ ਕਲਾ-ਹਿੰਸਾ ਦੇ ਵਰਤਾਰੇ ਦੀਆਂ ਪ੍ਰਤੱਖ ਮਿਸਾਲਾਂ ਹਨ। ਦੋਵੇ ਇਹ ਵੀ ਸਾਬਿਤ ਕਰਦੀਆਂ ਹਨ ਕਿ ਸਿਆਸੀ ਬੁਰਛਾਗਰਦੀ, ਗ਼ਰੀਬੀ, ਬੇਕਾਰੀ ਤੇ ਸਮਾਜਿਕ ਅਸਰੁੱਖਿਆ ਦਾ ਸ਼ਿਕਾਰ ਲੋਕਾਂ ਦੀ ਬਾਤ ਪਾਉਣ ਦੇ ਸਮਿਆਂ ਵਿਚ ਕਲਾ ਤੇ ਸਿਰਜਣਾ ਨੂੰ ਕਿਵੇਂ ਮੰਡੀ ਵਿਚ ਵੇਚਿਆ ਜਾਂਦਾ ਹੈ।

ਬੰਗਾਲੀ ਫ਼ਿਲਮਸਾਜ਼ ਅਪਰਣਾ ਸੇਨ ਮੁੱਖ ਧਾਰਾ ਦੀਆਂ ਇਨ੍ਹਾਂ ਵਿਚਾਰਧਾਰਾਹੀਣ ਫ਼ਿਲਮਾਂ ਨੂੰ ਵੱਢ ਮਾਰਦੀ ਹੈ। ਉਹਦੀਆਂ ਫ਼ਿਲਮਾਂ ਉਸ ਦਰਦ ਅਤੇ ਇਕੱਲੇਪਣ ਦਾ ਸੰਜੀਵ ਚਿੱਤਰ ਖਿੱਚਦੀਆਂ ਹਨ ਜੋ ਔਰਤ ਦੇ ਸਰੀਰ ਵਿਚ ਪੈਦਾ ਹੋਏ ਇਨਸਾਨ ਦੀ ਹੋਣੀ ਸਮਝਿਆ ਜਾਂਦਾ ਹੈ। ਉਹ ਕਹਿੰਦੀ ਹੈ, "ਮੇਰੀਆਂ ਫ਼ਿਲਮਾਂ ਦਰਦ ਅਤੇ ਇਕੱਲ ਦੀਆਂ ਫ਼ਿਲਮਾਂ ਹਨ ਜੋ ਅਸੀਂ ਰੋਜ਼ ਹੰਢਾਉਂਦੇ ਹਾਂ।" ਉਸ ਇਕੱਲ ਨੂੰ ਭਰਨ ਲਈ ਉਹ ਖ਼ਪਤਵਾਦੀ ਕਦਰਾਂ-ਕੀਮਤਾਂ, ਮੰਡੀ ਵੱਲੋਂ ਤੈਅ ਕੀਤੀ ਨੈਤਿਕਤਾ ਅਤੇ ਬਾਜ਼ਾਰੀ ਮਾਪਦੰਡਾਂ ਦਾ ਸਹਾਰਾ ਨਹੀ ਲੈਂਦੀ। ਇਸ ਬਾਰੇ ਉਹਦੀ ਫ਼ਿਲਮ '15 ਪਾਰਕ ਐਵਿਨਊ' ਦਾ ਜ਼ਿਕਰ ਜ਼ਰੂਰੀ ਹੈ। ਫ਼ਿਲਮ ਪੱਤਰਕਾਰ ਲੜਕੀ ਦੁਆਲੇ ਘੁੰਮਦੀ ਹੈ ਜੋ ਹੌਲੀ ਹੌਲੀ ਸਕਿਜ਼ੋਫ਼ਰੇਨੀਆ ਵੱਲ ਵਧ ਰਹੀ ਹੈ। ਉਹਦੀ ਵੱਡੀ ਭੈਣ ਭੌਤਿਕ ਵਿਗਿਆਨ ਦੀ ਪ੍ਰੋਫ਼ੈਸਰ ਹੈ ਪਰ ਉਹਦੀ ਜ਼ਿੰਦਗੀ ਘਰ ਵਿਚ ਇਕ ਮਾਨਸਿਕ ਰੋਗੀ, ਬੁੱਢੀ ਮਾਂ ਅਤੇ ਅੰਧਵਿਸ਼ਵਾਸੀ ਨੌਕਰਾਣੀ ਕਾਰਨ ਦੁਬਿਧਾ ਵਿਚ ਘਿਰੀ ਰਹਿੰਦੀ ਹੈ। ਫ਼ਿਲਮ ਵਿਚ ਮਿਤਾਲੀ (ਕੋਂਕਣਾ ਸੇਨ ਵੱਲੋਂ ਖ਼ੂਬਸੂਰਤੀ ਨਾਲ ਨਿਭਾਇਆ ਕਿਰਦਾਰ) ਚੋਣ-ਪ੍ਰਚਾਰ ਦੀ ਕਵਰੇਜ ਦੌਰਾਨ ਬਲਾਤਕਾਰ ਦਾ ਸ਼ਿਕਾਰ ਹੋ ਜਾਂਦੀ ਹੈ ਜਿਸ ਕਾਰਨ ਉਸ ਦੀ ਸਕਿਜ਼ੋਫ਼ਰੇਨੀਆ ਦੀ ਬਿਮਾਰੀ ਕਈ ਗੁਣਾਂ ਵਧ ਜਾਂਦੀ ਹੈ। ਪਰਿਵਾਰ 'ਤੇ ਮਾਨਸਿਕ ਬਿਮਾਰੀ ਦੇ ਪਏ ਅਸਰਾਂ ਦਾ ਵਿਸਥਾਰ ਕਰਦਿਆਂ ਫ਼ਿਲਮਸਾਜ਼ ਸਵਾਲ ਖੜ੍ਹਾ ਕਰਦੀ ਹੈ ਕਿ ਕੌਣ ਹੈ ਜੋ ਸਦਮਿਆਂ, ਕਲਪਨਾਵਾਂ, ਖੁਦ ਸਿਰਜੇ ਭਰਮਾਂ ਤੋਂ ਮੁਕਤ ਹੈ? ਆਖ਼ਰ ਸਮਰੱਥ ਤੇ ਅਸਮਰੱਥ ਬੰਦੇ ਵਿਚਲਾ ਫਰਕ ਕੌਣ ਤੈਅ ਕਰਦਾ ਹੈ? ਵਿਚਾਰ ਨੂੰ ਸਪਸ਼ਟ ਕਰਨ ਲਈ ਉਹ ਮਿਤਾਲੀ ਦੀ ਵੱਡੀ ਭੈਣ ਅੰਜਲੀ (ਸ਼ਬਾਨਾ ਆਜ਼ਮੀ ਦਾ ਯਾਦਗਾਰੀ ਕਿਰਦਾਰ) ਦਾ ਪਾਤਰ ਘੜਦੀ ਹੈ ਜੋ ਮਿੱਤਾਲੀ ਦੀ '15 ਪਾਰਕ ਐਵਿਨਊ' ਦੀ ਖੋਜ ਨੂੰ ਸਹੀ ਮੰਨਦੀ ਹੈ। ਉਹ ਇਸ ਨੂੰ ਪਾਗਲਪਣ ਮੰਨਣ ਦੀ ਬਿਜਾਏ ਪੁੱਛਦੀ ਹੈ ਕਿ ਕੀ ਅਸੀਂ ਸਾਰੇ ਉਸੇ ਤਲਾਸ਼ ਵਿਚ ਤਾਂ ਨਹੀ ਹਾਂ? ਫ਼ਿਲਮ ਬਹੁਤ ਖ਼ੂਬਸੂਰਤੀ ਨਾਲ ਜੋਜੋ ਨਾਂ ਦੇ ਆਦਮੀ ਦੀਆ ਗੁੰਝਲਦਾਰ ਤਕਲੀਫ਼ਾਂ ਨੂੰ ਚਿਤਰਦੀ ਹੈ ਜੋ ਮਿਤਾਲੀ ਨੂੰ ਪਿਆਰ ਤਾਂ ਕਰਦਾ ਹੈ ਪਰ ਬਿਮਾਰੀ ਅਤੇ ਬਲਾਤਕਾਰ ਤੋਂ ਘਬਰਾ ਕੇ ਉਮਰ ਭਰ ਗਿਲਾਨੀ ਵਿਚ ਜਿਉਂਦਾ ਹੈ। ਕੀ ਮਿਤਾਲੀ ਵੀ ਉਸ ਨਾਲ ਇੰਜ ਹੀ ਵਰਤਦੀ? ਫ਼ਿਲਮ ਦੇ ਪਾਤਰ ਉੱਚ ਵਰਗ ਨਾਲ ਸਬੰਧਿਤ ਹਨ ਪਰ ਫ਼ਿਲਮ ਸਪਸ਼ਟ ਕਰਦੀ ਹੈ ਕਿ ਜਦੋਂ ਸਧਾਰਨ ਪਰਿਵਾਰਾਂ ਵਿਚ ਔਰਤਾਂ ਦੇ ਸਰੀਰ ਅਤੇ ਮਨ ਨਾਲ ਕੁੱਝ ਅਣਚਾਹਿਆ ਹੁੰਦਾ ਹੈ ਤਾਂ ਤ੍ਰਾਸਦੀ ਕਿੰਨੇ ਗੁਣਾਂ ਵੱਧ ਭਿਆਨਕ ਹੁੰਦੀ ਹੈ।

ਅਪਰਣਾ ਸੇਨ ਦੀ ਇਕ ਹੋਰ ਫ਼ਿਲਮ 'ਮਿਸਟਰ ਐਂਡ ਮਿਸਜ਼ ਆਇਅਰ' ਦੀ ਕਹਾਣੀ ਭਾਰਤ ਦੀ ਧਰਮ-ਨਿਰਪੱਖਤਾ, ਜਾਤ-ਪਾਤ ਨਾਲ ਸਬੰਧਤ ਸਿਆਸਤ ਅਤੇ ਮਨੁੱਖੀ ਹਮਦਰਦੀ ਦੀਆਂ ਸੰਭਾਵਨਾਵਾਂ ਦੀ ਚੀਰ-ਫਾੜ ਕਰਦੀ ਹੈ। ਫ਼ਿਲਮ ਦੀ ਸ਼ੁਰੂਆਤ ਵਿਚ ਅਪਰਣਾ ਦਰਸ਼ਕਾਂ ਅੱਗੇ 11 ਸਤੰਬਰ ਦੇ ਹਮਲਿਆਂ, ਪੱਤਰਕਾਰ ਡੇਨੀਅਲ ਪਰਲ ਦੇ ਕਤਲ, ਇਰਾਕ ਦੀ ਜੰਗ ਅਤੇ 2002 ਦੇ ਗੁਜਰਾਤ ਦੰਗਿਆਂ ਨਾਲ ਸਬੰਧਤ ਖਬਰਾਂ ਦਾ ਸਵਾਲ ਪਾਉਂਦੀ ਹੈ। ਦਰਸ਼ਕ ਦੇ ਦਿਮਾਗ ਵਿਚ ਫ਼ਿਲਮ ਤਰਥੱਲੀ ਮਚਾ ਦਿੰਦੀ ਹੈ। ਉਹ ਇਸ ਫ਼ਿਲਮ ਨੂੰ ਪਾਪਕਾਰਨ ਖਾਂਦੇ ਹੋਏ ਜਾਂ ਪੈਪਸੀ-ਕੋਕ ਦੇ ਘੁੱਟ ਭਰਦਿਆਂ ਨਹੀਂ ਦੇਖ ਸਕਦਾ। ਫ਼ਿਲਮ ਵਿਚ ਮੀਨਾਕਸ਼ੀ ਪ੍ਰੰਪਰਾਗਤ ਤਮਿਲ ਬ੍ਰਾਹਮਣ ਹੈ ਜੋ ਆਪਣੇ ਇਕ ਸਾਲ ਦੇ ਬੱਚੇ ਨਾਲ ਬੱਸ ਰਾਹੀਂ ਪਤੀ ਕੋਲ ਰਹਿਣ ਜਾ ਰਹੀ ਹੈ। ਬੱਸ ਵਿਚ ਉਸ ਦੀ ਮੁਲਾਕਾਤ ਰਾਜਾ ਨਾਮ ਦੇ ਫੋਟੋ-ਪੱਤਰਕਾਰ ਨਾਲ ਹੁੰਦੀ ਹੈ। ਬੱਚੇ ਦੀ ਸੰਭਾਲ ਵਿਚ ਰਾਜਾ ਦੀ ਮਦਦ ਨਾਲ ਕਈ ਬਰੀਕ ਤੰਦਾਂ ਉਸਰਦੀਆਂ ਹਨ ਜੋ ਰਾਜਾ ਦੇ ਮੁਸਲਿਮ ਹੋਣ ਦਾ ਪਤਾ ਲੱਗਦਿਆਂ ਹੀ ਮੀਨਾਕਸ਼ੀ ਝਟਕੇ ਨਾਲ ਤੋੜ ਦਿੰਦੀ ਹੈ। ਮਨੁੱਖੀ ਮਮਤਾ ਨੂੰ ਬਹੁਤੀ ਵਾਰ ਧਰਮਾਂ ਦੇ ਲਬਾਦੇ ਦੀ ਜ਼ਰੂਰਤ ਨਹੀਂ ਹੁੰਦੀ, ਇਸੇ ਨੂੰ ਸਾਬਿਤ ਕਰਦਿਆਂ ਜਦੋਂ ਹਿੰਦੂ ਫਿਰਕਾਪ੍ਰਸਤ ਬੱਸ ਵਿਚੋਂ ਮੁਸਲਿਮ ਸਵਾਰੀਆਂ ਨੂੰ ਕੱਢ ਕੇ ਮਾਰਨਾ ਸ਼ੁਰੂ ਕਰਦੇ ਹਨ ਤਾਂ ਮੀਨਾਕਸ਼ੀ ਆਪਣਾ ਪਤੀ ਹੋਣ ਦੀ ਝੂਠੀ ਪਛਾਣ ਦੇ ਕੇ ਰਾਜਾ ਨੂੰ ਬਚਾ ਲੈਂਦੀ ਹੈ। ਉਸੇ ਬੱਸ ਵਿਚ ਸਫ਼ਰ ਕਰ ਰਹੇ ਬੁੱਢੇ ਮੁਸਲਿਮ ਜੋੜੇ ਦੇ ਕਤਲ ਦਾ ਚਿਤਰਨ ਸਾਡੀ ਨਿਸ਼ਾਨਦੇਹੀ ਉਨ੍ਹਾਂ ਕੌਮਾਂ ਵਜੋਂ ਕਰਦਾ ਹੈ ਜੋ ਇਮਾਰਤਾਂ ਦੀ ਰਾਖੀ ਲਈ ਇਨਸਾਨਾਂ ਦਾ ਕਤਲ ਕਰਦੀਆਂ ਹਨ। ਅਜਿਹੇ ਹਾਦਸੇ ਮੌਜੂਦਾ ਦੌਰ ਵਿਚ ਜਾਰੀ ਹਨ। ਕੀ ਇਨਸਾਨ ਸਭ ਤੋਂ ਵੱਡੀ ਵਿਰਾਸਤ ਨਹੀਂ ਹੁੰਦਾ? ਫ਼ਿਲਮ ਦੀ ਸਾਰਥਿਕਤਾ ਉਸ ਖ਼ੂਬਸੂਰਤੀ ਨੂੰ ਸਾਕਾਰ ਕਰਨਾ ਹੈ ਜਦ ਇਨਸਾਨ ਧਰਮਾਂ, ਜਾਤਾਂ ਅਤੇ ਲਿੰਗ ਸਬੰਧਤ ਬੇੜੀਆਂ ਸਿਰਾਂ ਤੋਂ ਉਤਾਰ ਕੇ ਖੜ੍ਹਾ ਹੁੰਦਾ ਹੈ। ਸ਼ਾਇਦ ਮੁਕਤੀ ਦਾ ਇਹੋ ਰਾਹ ਹੈ। ਇਹ ਸ਼ੰਵੇਦਨਸ਼ੀਲ ਫ਼ਿਲਮਸਾਜ਼ ਦਾ ਸਮਾਜ ਲਈ ਸਿਰਜਿਆ ਸੁਫਨਾ ਹੈ।

*ਭਾਰਤੀ ਰਾਜਨੀਤੀ ਵਾਂਗ ਭਾਰਤੀ ਫ਼ਿਲਮ ਸਨਅਤ ਹਾਸ਼ੀਏ 'ਤੇ ਪਏ ਵਰਗਾਂ ਦੀ ਨਿਸ਼ਾਨਦੇਹੀ ਤਾਂ ਕਰਦੀ ਹੈ ਪਰ ਉਨ੍ਹਾਂ ਦਿਆਂ ਮੁੱਦਿਆਂ ਬਾਰੇ ਕੋਈ ਸਾਰਥਿਕ ਕਦਮ ਚੁੱਕਣ ਜਾਂ ਸੰਵਾਦ ਤੋਰਨ ਦਾ ਹੀਆ ਨਹੀਂ ਕਰਦੀ। ਭਾਰਤੀ ਫ਼ਿਲਮਾਂ ਦੀ ਖਰੀਦ-ਵੇਚ ਦਾ ਮੁੱਖ ਨੁਕਤਾ ਔਰਤ ਦਾ ਸਰੀਰ ਰਿਹਾ ਹੈ। ਦਿਲਚਸਪ ਗੱਲ ਹੈ ਕਿ ਭਾਰਤੀ ਸਮਾਜ ਵੀ ਨੈਤਿਕਤਾ, ਇੱਜ਼ਤ, ਮਾਣ-ਮਰਿਆਦਾ ਅਤੇ ਭੋਗ ਵਿਲਾਸ ਦਾ ਤਾਣਾ-ਬਾਣਾ ਔਰਤ ਦੇ ਸਰੀਰ ਦੁਆਲੇ ਬੁਣਦਾ ਹੈ। ਇਸ ਦੀ ਹਰ ਤੰਦ ਉਸ ਨੂੰ ਨਾ ਸਿਰਫ਼ ਕੁੱਖ ਦੇ ਤੌਰ 'ਤੇ ਮਹਿਦੂਦ ਕਰਦੀ ਹੈ ਬਲਿਕ ਉਸ ਦੀ ਸੋਚਣ-ਸਮਝਣ ਦੀ ਸਮਰੱਥਾ ਨੂੰ ਵੀ ਰੱਦ ਕਰਦੀ ਹੈ।*

ਉਪਰੋਕਤ ਫ਼ਿਲਮਾਂ ਵਾਂਗ ਅਪਰਣਾ ਸੇਨ ਦੀਆਂ ਬਾਕੀ ਫ਼ਿਲਮਾਂ ਜਿਵੇਂ 'ਪਰੋਮਿੱਤਰ ਕਾ ਏਕ ਦਿਨ' ਬੰਗਾਲ ਦੇ ਮੌਜੂਦਾ ਸਮਾਜਿਕ ਤਣਾਵਾਂ ਦੀ ਨਾ ਸਿਰਫ਼ ਨਿਸ਼ਾਨਦੇਹੀ ਕਰਦੀਆਂ ਹਨ ਸਗੋਂ ਦਰਸ਼ਕ ਨੂੰ ਆਪਣੇ ਆਸ-ਪਾਸ ਨਾਲ ਜੋੜਨ ਦਾ ਕੰਮ ਵੀ ਕਰਦੀਆਂ ਹਨ। 'ਪਰੋਮਿੱਤਰ ਕਾ ਏਕ ਦਿਨ' ਪਿਤਾ-ਪੁਰਖੀ ਸਮਾਜ ਵਿਚ ਵਿਆਹ ਕੇ ਲਿਆਂਦੀਆਂ ਦੋ ਔਰਤਾਂ ਦੀ ਬਾਤ ਪਾਉਂਦੀ ਹੈ। ਦੋਵੇਂ ਘੁਟ ਘੁਟ ਕੇ ਜਿਉਣ ਲਈ ਮਜਬੂਰ ਹਨ ਪਰ ਦੋਵਾਂ ਨੇ ਸਾਂਝਾ ਹੱਲ ਲੱਭ ਲਿਆ ਹੈ-ਦੋਸਤੀ ਦਾ। ਫ਼ਿਲਮ ਔਰਤ ਹੀ ਔਰਤ ਦੀ ਦੁਸ਼ਮਣ ਰੂਪੀ ਧਾਰਨਾ ਨੂੰ ਮੁੱਢੋਂ ਰੱਦ ਕਰਕੇ ਸੱਸ-ਨੂੰਹ ਦਾ ਵੱਖਰਾ ਸੰਸਾਰ ਸਿਰਜਦੀ ਹੈ ਜਿਥੇ ਦੋਵੇਂ ਇਕ-ਦੂਜੇ ਨੂੰ ਕਵਿਤਾਵਾਂ ਸੁਣਾ ਸਕਦੀਆਂ ਹਨ, ਇਕੱਠੀਆਂ ਘੁੰਮ ਸਕਦੀਆਂ ਹਨ ਤੇ ਇਕਸੁਰ ਵਿਚ ਆਪਣੀ ਜ਼ਿੰਦਗੀ ਦਾ ਗੀਤ ਗਾ ਸਕਦੀਆਂ ਹਨ। ਇਹ ਬੇਗਰਜ਼ ਦੋਸਤੀ ਹੈ ਜੋ ਉਮਰਾਂ, ਪੜ੍ਹਾਈ, ਕਿੱਤੇ ਅਤੇ ਰਿਸ਼ਤਿਆਂ ਦੇ ਘੇਰਿਆਂ ਵਿਚ ਬੰਦੀ ਹੋ ਕੇ ਨਹੀਂ ਉਗਮਦੀ।

ਅਪਰਣਾ ਸੇਨ ਦੀਆਂ ਫ਼ਿਲਮਾਂ ਉਨ੍ਹਾਂ ਫ਼ਿਲਮਸਾਜ਼ਾਂ ਨੂੰ ਵੰਗਾਰ ਹਨ ਜੋ ਨਾਇਕਾਵਾਂ ਨੂੰ ਖੇਤਾਂ ਦੇ ਬੰਨਿਆਂ 'ਤੇ ਅੱਗ ਲਾਉਣ ਲਈ ਰਾਖਵੀਂ ਰੱਖ ਛੱਡਦੇ ਹਨ ਜਾਂ ਸਾਰੀ ਫ਼ਿਲਮ ਵਿਚ ਨਾਇਕ ਨਾਲ ਵਿਆਹ ਲਈ ਤਿਆਰ ਕਰਦਿਆਂ, ਉਹਨੂੰ ਮੂਰਤੀ ਬਣਾ ਧਰਦੇ ਹਨ। ਉਹ ਨਾ ਸੋਚ ਸਕਦੀ ਹੈ ਤੇ ਨਾ ਉਸ ਨੂੰ ਵਿਆਹ ਤੋਂ ਬਿਨਾਂ ਜ਼ਿੰਦਗੀ ਵਿਚ ਕੋਈ ਹੋਰ ਦਿਲਚਸਪੀ ਹੈ। ਇਹ ਉਸੇ ਮਨੁੱਖ-ਵਿਰੋਧੀ ਸੋਚ ਦੀ ਲੜੀ ਸਾਬਿਤ ਹੁੰਦੀ ਹੈ ਜਿੱਥੇ ਦਲਿਤ ਹੋਣ ਦਾ ਮਤਲਬ ਦਿਮਾਗ ਘੱਟ ਹੋਣਾ, ਕਾਲੀ ਨਸਲ ਦਾ ਖ਼ਾਸਾ, ਜੁਰਮ ਨੂੰ ਖੇਡ ਸਮਝਣਾ, ਘੱਟਗਿਣਤੀ ਹੋਣਾ, ਆਦਿ ਦੀ ਪਛਾਣ ਅਤਿਵਾਦ ਹੈ।

*(ਬਾਕੀ ਸਫਾ 36 'ਤੇ)*

# ਗੁਰਸ਼ਰਨ:ਕਰੂਰ ਸਮਿਆਂ ਦੀ ਖਾਲਸ ਅਵਾਮੀ ਆਵਾਜ਼

ਸਵਾਲ ਸੰਵਾਦ

ਦਲਜੀਤ ਅਮੀ
ਫੋਨ:+91-97811-21873


*ਸਮਾਗਮ ਨੂੰ ਸੰਬੋਧਨ ਕਰ ਰਹੇ ਗੁਰਸ਼ਰਨ ਸਿੰਘ (ਫੋਟੋਆਂ : ਦਲਜੀਤ ਅਮੀ)*

ਬਾਰਾਂ ਸਾਲ ਦੀ ਉਮਰ ਵਿਚ ਆਪਣੇ ਜਮਾਤੀ ਨੂੰ ਸਕੂਲ ਛੱਡ ਕੇ ਝਾੜੂ ਮਾਰਦਿਆਂ ਦੇਖਣਾ ਗੁਰਸ਼ਰਨ ਸਿੰਘ ਲਈ ਬਹੁਤ ਵੱਡਾ ਸਦਮਾ ਸੀ ਜਿਸ ਦਾ ਅਸਰ ਤਾਉਮਰ ਉਨ੍ਹਾਂ ਉੱਤੇ ਰਿਹਾ। ਆਪਣੇ ਜਮਾਤੀਆਂ ਵਿਚ ਸਭ ਤੋਂ ਖ਼ੂਬਸੂਰਤ ਲਿਖਾਈ ਲਿਖਣ ਵਾਲੇ ਸ਼ਿੰਗਾਰੇ ਦੀ ਹਾਲਤ ਦੇਖ ਕੇ ਗੁਰਸ਼ਰਨ ਸਿੰਘ ਦੀਆਂ ਅੱਖਾਂ ਵਿਚ ਅੱਥਰੂ ਵਹਿ ਤੁਰੇ। ਇਹ ਅੱਥਰੂ ਸਾਰੀ ਉਮਰ ਉਸੇ ਤਰ੍ਹਾਂ ਵਹਿੰਦੇ ਰਹੇ। ਗੁਰਸ਼ਰਨ ਸਿੰਘ ਜਦੋਂ ਵੀ ਸ਼ਿੰਗਾਰੇ ਦੀ ਗੱਲ ਕਰਦੇ ਸਨ ਤਾਂ ਅੱਥਰੂ ਆਪ ਮੁਹਾਰੇ ਵਹਿ ਤੁਰਦੇ ਸਨ। ਬਿਆਸੀ ਸਾਲ ਦੀ ਸਰਗਰਮ ਅਤੇ ਚੇਤਨ ਜ਼ਿੰਦਗੀ ਜਿਉਣ ਤੋਂ ਬਾਅਦ 27 ਸਤੰਬਰ 2011 ਨੂੰ ਉਨ੍ਹਾਂ ਨੇ ਆਖ਼ਰੀ ਸਾਹ ਲਿਆ। ਆਪਣੇ ਜਮਾਤੀ ਨਾਲ ਕੀਤੇ ਅਕਹਿ ਵਾਅਦੇ ਗੁਰਸ਼ਰਨ ਸਿੰਘ ਨੇ ਤਾਉਮਰ ਨਿਭਾਏ ਅਤੇ ਹਰ ਤਰ੍ਹਾਂ ਦੀ ਨਾਇਨਸਾਫ਼ੀ ਖ਼ਿਲਾਫ਼ ਜ਼ੋਰਦਾਰ ਆਵਾਜ਼ ਬੁਲੰਦ ਕੀਤੀ। ਇਸ ਆਵਾਜ਼ ਲਈ ਨਾਟਕ ਮੰਚ ਬਣਿਆ ਜਿੱਥੋਂ ਉਨ੍ਹਾਂ ਨੇ ਗਰਜਵੀਂ ਆਵਾਜ਼ ਵਿਚ ਲੁੱਟ ਅਤੇ ਨਾਬਰਾਬਰੀ ਦੀ ਹਰ ਵੰਨਗੀ ਨੂੰ ਲਲਕਾਰਿਆ। ਦਲੀਲ ਅਤੇ ਭਾਵਨਾ ਨਾਲ ਲਬਰੇਜ ਆਵਾਜ਼ ਸਾਹਮਣੇ ਜੁੜੀ ਸੰਗਤ ਵਿਚ ਬੇਇੰਤਹਾ ਊਰਜਾ ਭਰਦੀ ਰਹੀ। ਕੋਈ ਬੰਦਾ ਸਾਰੀ ਉਮਰ ਇੰਨੀ ਸ਼ਿੱਦਤ ਅਤੇ ਊਰਜਾ ਭਲਾ ਕਿਵੇਂ ਕਾਇਮ ਰੱਖ ਸਕਦਾ ਹੈ? ਗੁਰਸ਼ਰਨ ਸਿੰਘ ਦੀ ਛੋਟੀ ਧੀ ਡਾ. ਅਰੀਤ ਉਨ੍ਹਾਂ ਦੇ ਸ਼ਰਧਾਜਲੀ ਸਮਾਗਮ ਉੱਤੇ ਕਹਿ ਰਹੀ ਸੀ ਕਿ ਉਹ ਬਿਨਾ ਰੋਏ ਕਦੇ ਵੀ ਸ਼ਿੰਗਾਰੇ ਬਾਬਤ ਗੱਲ ਨਹੀਂ ਕਰ ਸਕੇ। ਜੋ ਅੱਥਰੂ 12 ਸਾਲ ਦੀ ਉਮਰ ਵਿਚ ਵਗਣੇ ਸ਼ੁਰੂ ਹੋਏ, ਉਹ ਬਿਆਸੀ ਸਾਲ ਦੀ ਉਮਰ ਵਿਚ ਵੀ ਰੁਕਦੇ ਨਹੀਂ ਸਨ।

ਗੁਰਸ਼ਰਨ ਸਿੰਘ ਦਾ ਜਨਮ 16 ਸਤੰਬਰ, 1929 ਨੂੰ ਮੁਲਤਾਨ ਵਿਚ ਹੋਇਆ। ਵੰਡ ਵੇਲੇ ਹਿਜਰਤ ਕਰਨ ਲਈ ਮਜਬੂਰ ਲੋਕਾਂ ਵਿਚ ਉਨ੍ਹਾਂ ਦਾ ਪਰਿਵਾਰ ਵੀ ਸ਼ਾਮਿਲ ਸੀ। ਵਿਦਿਆਰਥੀ ਕਾਰਕੁਨ ਵਜੋਂ ਉਨ੍ਹਾਂ ਨੇ ਬੁਨਿਆਦਪ੍ਰਸਤੀ ਦਾ ਵਿਰੋਧ ਕੀਤਾ ਅਤੇ ਪਨਾਹਗੀਰਾਂ ਦੀ ਮੱਦਦ ਲਈ ਉਪਰਾਲੇ ਜੁਟਾਏ। ਉਸ ਵੇਲੇ ਤਕਰੀਬਨ ਗਿਆਰਾਂ ਲੱਖ ਲੋਕ ਕਤਲ ਕਰ ਦਿੱਤੇ ਗਏ ਅਤੇ ਬੇਘਰ ਹੋਣ ਵਾਲਿਆਂ ਦਾ ਕੋਈ ਹਿਸਾਬ ਨਾ ਰਿਹਾ। ਬੇਇੱਜ਼ਤ, ਵੱਢੀ-ਟੁੱਕੀ ਅਤੇ ਲੁੱਟੀ ਲੋਕਾਈ ਦਾ ਬੇਵਿਸਾਹੀ ਦੀ ਬੇਕਿਰਕ ਮਾਰ ਨਾਲ ਟਾਕਰਾ ਗੁਰਸ਼ਰਨ ਸਿੰਘ ਦੇ ਚੇਤਿਆਂ ਵਿਚ ਸਦਾ ਸੱਜਰਾ ਰਿਹਾ। ਇਹ ਗੱਲ ਉਹ ਤਾਉਮਰ ਕਹਿੰਦੇ ਰਹੇ ਕਿ 1947 ਦਾ ਖ਼ੂਨ-ਖ਼ਰਾਬਾ ਦੇਖਣ ਤੋਂ ਬਾਅਦ ਉਹ ਖੁੱਲ੍ਹ ਕੇ ਕਦੇ ਹੱਸ ਨਹੀਂ ਸਕੇ। ਉਹ ਬੁਨਿਆਦਪ੍ਰਸਤੀ ਖ਼ਿਲਾਫ਼ ਹਰ ਖ਼ਤਰਾ ਸਹੇੜ ਕੇ ਲੜੇ। ਵੰਡ ਵਾਲੇ ਮਾਹੌਲ ਦੀ ਮੁੜ-ਉਸਾਰੀ ਦੀ ਹਰ ਸੰਭਾਵਨਾ ਨੂੰ ਖ਼ਤਮ ਕਰਨ ਲਈ ਗੁਰਸ਼ਰਨ ਸਿੰਘ ਕਦੇ ਪਿੱਛੇ ਨਹੀਂ ਰਹੇ।

ਅੰਗਰੇਜ਼ਾਂ ਦੇ ਜਾਣ ਤੋਂ ਬਾਅਦ ਪੰਜਾਬ ਦੀਆਂ ਪਲੇਠੀਆਂ ਵਿਧਾਨ ਸਭਾ ਚੋਣਾਂ ਦੌਰਾਨ ਗੁਰਸ਼ਰਨ ਸਿੰਘ ਨੇ ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਲਈ ਸਾਈਕਲ ਉੱਤੇ ਪਿੰਡ-ਪਿੰਡ ਪ੍ਰਚਾਰ ਕੀਤਾ। ਬਾਬਾ ਜੀ ਅੰਗਰੇਜ਼ਾਂ ਦੇ ਵੇਲੇ ਦੇ ਕਿਸੇ ਨੌਕਰਸ਼ਾਹ ਨੂੰ ਚੋਣ ਹਾਰ ਗਏ। ਬਾਬਾ ਜੀ ਨੇ ਨਿਰਾਸ਼ ਗੁਰਸ਼ਰਨ ਸਿੰਘ ਨੂੰ ਦਿਲਾਸਾ ਦਿੰਦਿਆਂ ਤਜਰਬਾ ਸਾਂਝਾ ਕੀਤਾ ਕਿ ਰਾਜ ਬਦਲਿਆ ਹੈ ਪਰ ਇਸ ਦਾ ਪੁਰਾਣਾ ਖ਼ਾਸਾ ਕਾਇਮ ਹੈ। ਕੌਮੀ ਮੁਕਤੀ ਲਈ ਲੜਾਈ ਹਾਲੇ ਲੜੀ ਜਾਣੀ ਹੈ। ਇਹ ਸਲਾਹੁਣੀ ਗੁਰਸ਼ਰਨ ਸਿੰਘ ਦੇ ਦਿਲ-ਦਿਮਾਗ ਵਿਚ ਕਦੇ ਨਹੀਂ ਵਿਸਰੀ।

ਗੁਰਸ਼ਰਨ ਸਿੰਘ ਦੀ ਸ਼ਖ਼ਸੀਅਤ ਦੇ ਬਹੁਤ ਪਸਾਰ ਸਨ ਪਰ ਉਹ ਮਕਬੂਲ ਹੋਏ ਨਾਟ ਕਲਾਕਾਰ ਵਜੋਂ। ਉਨ੍ਹਾਂ ਦਾ ਰਸਮੀ ਸਿੱਖਿਆ ਸੀਮਿੰਟ ਤਕਨਾਲੋਜੀ ਦੇ ਇੰਜੀਨੀਅਰ ਵਜੋਂ ਮੁਕੰਮਲ ਹੋਈ। ਉਹ ਭਾਖੜਾ ਬੰਨ੍ਹ ਦੀ ਉਸਾਰੀ ਕਰਨ ਵਾਲੇ ਬਾਨੀ ਇੰਜਨੀਅਰਾਂ ਵਿਚ ਸ਼ੁਮਾਰ ਸਨ। ਸਮਕਾਲੀ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਭਾਖੜਾ ਬੰਨ੍ਹ ਨੂੰ 'ਉਸਰਦੇ ਭਾਰਤ ਦਾ ਨਵਾਂ ਧਾਮ' ਕਰਾਰ ਦਿੱਤਾ ਸੀ। ਭਾਖੜਾ ਬੰਨ੍ਹ ਉੱਤੇ ਕੰਮ ਕਰਦਿਆਂ ਗੁਰਸ਼ਰਨ ਸਿੰਘ ਨੂੰ ਅਹਿਸਾਸ ਹੋਇਆ ਕਿ ਜੇ ਮਨੁੱਖੀ ਤਾਕਤ ਨਦੀਆਂ ਦੇ ਵਹਿਣ ਮੋੜ ਸਕਦੀ ਹੈ ਤਾਂ ਲੋਕਾਂ ਦੇ ਜ਼ਿੰਦਗੀ ਦਾ ਵਹਿਣ ਵੀ ਖ਼ੁਸ਼ਗਵਾਰੀ ਵੱਲ ਮੋੜਿਆ ਜਾ ਸਕਦਾ ਹੈ। ਉਨ੍ਹਾਂ ਨੇ ਇਸ ਸਵਾਲ ਦਾ ਜਵਾਬ ਲੱਭਣ ਸਮਾਜਿਕ ਤਬਦੀਲੀ ਦੀ ਲੜਾਈ ਆਖ਼ਰੀ ਸਾਹ ਤੱਕ ਲੜੀ। ਭਾਖੜਾ ਬੰਨ੍ਹ ਦੇ ਉਦਘਾਟਨ ਮੌਕੇ ਭਾਰਤ ਦੇ ਸਮਕਾਲੀ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਅਤੇ ਸੋਵੀਅਤ ਯੂਨੀਅਨ ਦੇ ਆਗੂ ਖ਼ੂਰੂਸ਼ਚੋਵ ਨੇ ਕੀਤਾ। ਖ਼ੂਰੂਸ਼ਚੋਵ ਸਾਹਮਣੇ ਸਭਿਆਚਾਰਕ ਸਮਾਗਮ ਪੇਸ਼ ਕਰਨ ਵਾਲੀ ਟੋਲੀ ਦੇ ਆਗੂ ਗੁਰਸ਼ਰਨ ਸਿੰਘ ਸਨ। ਕਾਮਿਆਂ ਨੂੰ ਇਸ ਸਮਾਗਮ ਵਿਚ ਸ਼ੁਮਾਰ ਹੋਣ ਦੀ ਇਜਾਜ਼ਤ ਨਹੀਂ ਸੀ। ਇਸ ਫ਼ੈਸਲੇ ਪਿੱਛੇ ਦਲੀਲ ਇਹ ਸੀ ਕਿ ਕਾਮਿਆਂ ਨੂੰ ਕਲਾ ਦੀ ਸੂਝ ਨਹੀਂ ਹੁੰਦੀ। ਗੁਰਸ਼ਰਨ ਸਿੰਘ ਨੇ ਕਲਾਕਾਰਾਂ ਨੂੰ ਇਕ ਦਿਨ ਹੋਰ ਰੁਕ ਕੇ ਕਾਮਿਆਂ ਸਾਹਮਣੇ ਪੇਸ਼ਕਾਰੀ ਦੀ ਬੇਨਤੀ ਕੀਤੀ ਤਾਂ ਆਸਾ ਸਿੰਘ ਮਸਤਾਨਾ ਅਤੇ ਯਮਲਾ ਜੱਟ ਵਰਗਿਆਂ ਨੇ ਹਾਮੀ ਭਰ ਦਿੱਤੀ। ਕਾਮਿਆਂ ਦਾ ਕਲਾਕਾਰਾਂ ਨੂੰ ਹੁੰਗਾਰਾ ਗੁਰਸ਼ਰਨ ਸਿੰਘ ਦੀ ਯਾਦਦਾਸ਼ਤ ਵਿਚ ਸਦਾ ਸੱਜਰਾ ਰਿਹਾ। ਇਸੇ ਤਜਰਬੇ ਵਿਚੋਂ ਉਨ੍ਹਾਂ ਅੰਦਰ ਕਲਾ ਨਾਲ ਕਾਮਿਆਂ ਦੇ ਰਿਸ਼ਤਿਆਂ ਬਾਬਤ ਸਮਝ ਦੀ ਉਸਾਰੀ ਦਾ ਬੀਜ ਪੁੰਗਰਿਆ। ਗੁਰਸ਼ਰਨ ਸਿੰਘ ਨੂੰ ਨਾਟਕ ਦੀ ਸੰਗਤ ਤੱਕ ਪਹੁੰਚ ਦਾ ਅੰਦਾਜ਼ਾ ਲੱਗ ਗਿਆ। ਨਤੀਜੇ ਵਜੋਂ ਨਾਟਕ ਅਤੇ ਗੁਰਸ਼ਰਨ ਸਿੰਘ ਸਮਾਨਅਰਥੀ ਹੋ ਨਿਬੜੇ।



*ਗੁਰਸ਼ਰਨ ਨੇ ਹਰ ਤਰ੍ਹਾਂ ਦੀ ਨਾਇਨਸਾਫ਼ੀ ਖ਼ਿਲਾਫ਼ ਜ਼ੋਰਦਾਰ ਆਵਾਜ਼ ਬੁਲੰਦ ਕੀਤੀ। ਇਸ ਆਵਾਜ਼ ਲਈ ਨਾਟਕ ਮੰਚ ਬਣਿਆ ਜਿੱਥੋਂ ਉਨ੍ਹਾਂ ਨੇ ਗਰਜਵੀਂ ਆਵਾਜ਼ ਵਿਚ ਲੁੱਟ ਅਤੇ ਨਾਬਰਾਬਰੀ ਦੀ ਹਰ ਵੰਨਗੀ ਨੂੰ ਲਲਕਾਰਿਆ। ਦਲੀਲ ਅਤੇ ਭਾਵਨਾ ਨਾਲ ਲਬਰੇਜ ਆਵਾਜ਼ ਸਾਹਮਣੇ ਜੁੜੀ ਸੰਗਤ ਵਿਚ ਬੇਇੰਤਹਾ ਊਰਜਾ ਭਰਦੀ ਰਹੀ। ਕੋਈ ਬੰਦਾ ਸਾਰੀ ਉਮਰ ਇੰਨੀ ਸ਼ਿੱਦਤ ਅਤੇ ਊਰਜਾ ਭਲਾ ਕਿਵੇਂ ਕਾਇਮ ਰੱਖ ਸਕਦਾ ਹੈ? ਗੁਰਸ਼ਰਨ ਸਿੰਘ ਦੀ ਛੋਟੀ ਧੀ ਡਾ. ਅਰੀਤ ਉਨ੍ਹਾਂ ਦੇ ਸ਼ਰਧਾਂਜਲੀ ਸਮਾਗਮ ਉੱਤੇ ਕਹਿ ਰਹੀ ਸੀ ਕਿ ਉਹ ਬਿਨਾ ਰੋਏ ਕਦੇ ਵੀ ਸ਼ਿੰਗਾਰੇ ਬਾਬਤ ਗੱਲ ਨਹੀਂ ਕਰ ਸਕੇ। ਜੋ ਅੱਥਰੂ 12 ਸਾਲ ਦੀ ਉਮਰ ਵਿਚ ਵਗਣੇ ਸ਼ੁਰੂ ਹੋਏ, ਉਹ 82 ਸਾਲ ਦੀ ਉਮਰ ਵਿਚ ਵੀ ਰੁਕਦੇ ਨਹੀਂ ਸਨ।*

ਸ਼ਿੰਗਾਰੇ, ਵੰਡ ਦੇ ਦੁਖਾਂਤ, ਬਾਬਾ ਭਕਨਾ ਅਤੇ ਭਾਖੜਾ ਬੰਨ੍ਹ ਦੀਆਂ ਗੱਲਾਂ ਗੁਰਸ਼ਰਨ ਸਿੰਘ ਕਿਸੇ ਵੀ ਵੇਲੇ ਕਿਸੇ ਵੀ ਬੰਦੇ ਜਾਂ ਇੱਕਠ ਨਾਲ ਕਰਦੇ ਸਨ। ਇਨ੍ਹਾਂ ਗੱਲਾਂ ਨੂੰ ਵਾਰ-ਵਾਰ ਕਰਦਿਆਂ ਕਦੇ ਉਨ੍ਹਾਂ ਦੀ ਸ਼ਿੱਦਤ ਢਿੱਲੀ ਨਹੀਂ ਪਈ। ਮਾਰਕਸੀ ਸਮਝ ਨਾਲ ਉਨ੍ਹਾਂ ਨੂੰ ਇਨ੍ਹਾਂ ਕਹਾਣੀਆਂ ਜੁੜਦੀਆਂ ਤੰਦਾਂ ਸਮਝ ਆਈਆਂ ਤਾਂ ਉਹ ਤਮਾਮ ਕਿਸਮ ਦੇ ਗ਼ਲਬਿਆਂ ਖ਼ਿਲਾਫ਼ ਨਿਡਰ ਆਵਾਜ਼ ਬਣ ਗਏ। ਜਦੋਂ ਇੰਦਰਾ ਗਾਂਧੀ ਨੇ 1975 ਵਿਚ ਐਮਰਜੈਂਸੀ ਲਾਗੂ ਕੀਤੀ ਤਾਂ ਗੁਰਸ਼ਰਨ ਸਿੰਘ ਨਜ਼ਮ ਹੁਸੈਨ ਸੱਯਦ ਦਾ ਲਿਖਿਆ ਨਾਟਕ ਤਖ਼ਤ 'ਲਾਹੌਰ' ਖੇਡਿਆ। ਪਾਕਿਸਤਾਨ ਵਿਚ ਅਯੂਬ-ਸ਼ਾਹੀ ਖ਼ਿਲਾਫ਼ ਲਿਖਿਆ ਨਾਟਕ ਭਾਰਤ ਵਿਚ ਇੰਦਰਾ-ਸ਼ਾਹੀ ਦੀ ਨਾਰਾਜ਼ਗੀ ਸਹੇੜਨ ਲਈ ਬਹੁਤ ਸੀ। ਗੁਰਸ਼ਰਨ ਸਿੰਘ ਨੂੰ ਨੌਕਰੀ ਤੋਂ ਮੁਅੱਤਲ ਕੀਤਾ ਗਿਆ ਅਤੇ ਹਿਰਾਸਤ ਵਿਚ ਰੱਖਿਆ ਗਿਆ। ਐਮਰਜੈਂਸੀ ਤੋਂ ਭਾਰਤ ਦੇ ਹਜ਼ਾਰਾਂ ਲੋਕਾਂ ਵਾਂਗ ਗੁਰਸ਼ਰਨ ਸਿੰਘ ਨੂੰ ਮਨੁੱਖੀ ਹਕੂਕ ਦੀ ਅਹਿਮੀਅਤ ਸਮਝ ਆ ਗਈ। ਇਸ ਤੋਂ ਬਾਅਦ ਉਹ ਮਨੁੱਖੀ ਹਕੂਕ ਦੀਆਂ ਜਥੇਬੰਦੀਆਂ ਅਤੇ ਹੋਰ ਸਰਗਰਮੀਆਂ ਨਾਲ ਜੁੜੇ ਰਹੇ। ਜਮਹੂਰੀ ਅਧਿਕਾਰ ਸਭਾ ਪੰਜਾਬ, ਪੀਪਲਜ਼ ਯੂਨੀਅਨ ਫਾਰ ਡੈਮੋਕਰੈਟਿਕ ਰਾਈਟਸ (ਪੀ.ਯੂ.ਡੀ.ਆਰ.), ਪੀਪਲਜ਼ ਯੂਨੀਅਨ ਫਾਰ ਸਿਵਲ ਲਿਵਰਟੀਜ਼ (ਪੀ.ਯੂ.ਸੀ.ਐਲ.) ਅਤੇ ਜਸਵੰਤ ਸਿੰਘ ਖਾਲੜਾ ਰਾਹੀਂ ਉਹ ਇਨ੍ਹਾਂ ਮਸਲਿਆਂ ਨਾਲ ਜੁੜੇ ਰਹੇ।

ਜਦੋਂ ਪੰਜਾਬ ਵਿਚ ਖਾੜਕੂਵਾਦ ਦਾ ਉਭਾਰ ਹੋਇਆ ਤਾਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ 'ਹਿੱਟ ਲਿਸਟ' ਅਵਾਮ ਨੂੰ ਖ਼ੌਫ਼ਜ਼ਦਾ ਕਰਨ ਲੱਗੀ। ਉਸ ਵੇਲੇ ਗੁਰਸ਼ਰਨ ਸਿੰਘ ਨੇ ਆਪਣੇ ਰਸਾਲੇ ਸਮਤਾ ਵਿਚ 'ਹਿੱਟ ਲਿਸਟ' ਨਾਮ ਦੀ ਕਹਾਣੀ ਛਾਪੀ। ਇਹ ਕਹਾਣੀ ਐਲਾਨ ਕਰਦੀ ਸੀ ਕਿ ਲੋਕਾਂ ਨੂੰ ਮਾਰਨ ਵਾਲੀ 'ਹਿੱਟ ਲਿਸਟ' ਜਾਰੀ ਕਰਨ ਵਾਲਾ ਹੁਣ ਅਵਾਮ ਦੀ 'ਹਿੱਟ ਲਿਸਟ' ਉੱਤੇ ਹੈ। ਉਨ੍ਹਾਂ ਖ਼ੌਫ਼ਨਾਕ ਸਮਿਆਂ ਵਿਚ ਗੁਰਸ਼ਰਨ ਸਿੰਘ ਪੰਜਾਬੀ ਜ਼ਮੀਰ ਦੀ ਸਭ ਤੋਂ ਉੱਚੀ ਆਵਾਜ਼ ਬਣ ਕੇ ਉਭਰਿਆ। ਉਨ੍ਹਾਂ ਨੇ ਸਰਕਾਰੀ ਤਸ਼ੱਦਦ ਅਤੇ ਖਾੜਕੂਆਂ ਦੀ ਦਹਿਸ਼ਤ ਦਾ ਇਕੋ ਸੁਰ ਵਿਚ ਵਿਰੋਧ ਕੀਤਾ। ਪੰਜਾਬੀ ਯੂਨੀਵਰਸਿਟੀ ਵਿਚ ਪੱਤਰਕਾਰੀ ਦੇ ਪ੍ਰੋਫੈਸਰ ਨਵਜੀਤ ਸਿੰਘ ਜੌਹਲ ਨੇ ਸ਼ਰਧਾਜਲੀ ਲੇਖ ਵਿਚ 1989 ਦਾ ਤਜਰਬਾ ਸਾਂਝਾ ਕੀਤਾ ਹੈ। ਨਵਜੀਤ ਨੂੰ 1989 ਵਿਚ ਜਲੰਧਰ ਤੋਂ ਚੰਡੀਗੜ੍ਹ ਨੂੰ ਆਉਂਦੀ ਆਖ਼ਰੀ ਬੱਸ ਵਿਚ ਗੁਰਸ਼ਰਨ ਸਿੰਘ ਨਾਲ ਸਫ਼ਰ ਕਰਨ ਦਾ ਮੌਕਾ ਮਿਲਿਆ। ਬੱਸ ਚਾਹ-ਪਾਣੀ ਲਈ ਨਵਾਂ ਸ਼ਹਿਰ ਦੇ ਬੱਸ ਅੱਡੇ ਉੱਤੇ ਰੁਕੀ ਤਾਂ ਨਵਜੀਤ ਨੇ ਗੁਰਸ਼ਰਨ ਸਿੰਘ ਤੋਂ ਹਾਲਾਤ ਬਾਬਤ ਪੁੱਛ ਲਿਆ। ਜਵਾਬ ਵਿਚ ਹਾਲਾਤ ਦੀ ਪੇਚੀਦਗੀ ਦਾ ਖੁਲਾਸਾ ਹਨੇਰੀ ਰਾਤ ਵਿਚ ਖ਼ੌਫ਼ਜ਼ਦਾ ਮੁਸਾਫ਼ਰਾਂ ਦੇ ਸਾਹਮਣੇ ਹੋ ਲੱਗਿਆ। ਉਨ੍ਹਾਂ ਦੀ ਆਵਾਜ਼ ਉੱਚੀ ਤੋਂ ਉੱਚੀ ਹੁੰਦੀ ਗਈ। ਸਰੋਤਿਆਂ ਦੀ ਗਿਣਤੀ ਵਧਦੀ ਗਈ ਜਿਨ੍ਹਾਂ ਵਿਚ ਚਾਹ ਦੇ ਖੋਖਿਆਂ ਉੱਤੇ ਕੰਮ ਕਰਨ ਵਾਲੇ ਅਤੇ ਪੁਲੀਸ ਗਾਰਦ ਵੀ ਸ਼ਾਮਿਲ ਹੋ ਗਈ। ਚੰਡੀਗੜ੍ਹ ਤੋਂ ਜਲੰਧਰ ਬੱਸ ਵੀ ਉੱਥੇ ਆ ਕੇ ਰੁਕ ਗਈ। ਦੂਜੀ ਬੱਸ ਦੇ ਮੁਸਾਫ਼ਰ ਵੀ ਸਰੋਤਿਆਂ ਵਿਚ ਜੁੜ ਗਏ। ਗੁਰਸ਼ਰਨ ਸਿੰਘ ਤਕਰੀਬਨ ਇਕ ਘੰਟਾ ਬੋਲੇ। ਨਵਜੀਤ ਇਸ ਨੂੰ ਅਵਾਮੀ ਨਾਟਕ ਅਤੇ ਨਿਡਰਤਾ ਦਾ ਮਿਸਾਲ ਕਰਾਰ ਦਿੰਦੇ ਹਨ। ਇਸ ਲੇਖ ਨੂੰ ਪੜ੍ਹ ਕੇ ਮਨ ਵਿਚ ਸਵਾਲ ਆਉਂਦਾ ਹੈ ਕਿ ਜਿਸ ਦੇ ਸਾਥੀਆਂ ਨੂੰ ਬੰਦੂਕਾਂ ਬੇਕਿਰਕੀ ਨਾਲ ਚਰ ਰਹੀਆਂ ਹੋਣ, ਉਹ ਅਵਾਮ ਨੂੰ ਬੇਖ਼ੌਫ਼ ਕਰਨ ਲਈ ਕਿਸ ਹੱਦ ਤਾਂ ਜਾ ਸਕਦਾ ਹੈ? ਇਹ ਬੇਖੁਦੀ ਗੁਰਸ਼ਰਨ ਸਿੰਘ ਕੋਲ ਕਿੱਥੋਂ ਆਈ? ਉਸ ਹਨੇਰੀ ਰਾਤ ਵਿਚ ਮਜਬੂਰੀਬਸ ਸਫ਼ਰ ਕਰ ਰਹੇ ਮੁਸਾਫ਼ਰ ਗੁਰਸ਼ਰਨ ਸਿੰਘ ਨੂੰ ਸੁਣਨ ਤੋਂ ਬਾਅਦ ਮੁੜ ਕੇ ਪਹਿਲਾਂ ਵਰਗੇ ਤਾਂ ਨਹੀਂ ਹੋ ਸਕਦੇ! ਉਸ ਵੇਲੇ ਗੁਰਸ਼ਰਨ ਸਿੰਘ ਦੀ ਪਹਿਲਕਦਮੀ ਨਾਲ ਇਨਕਲਾਬੀ ਏਕਤਾ ਕੇਂਦਰ ਦੀ ਉਸਾਰੀ ਹੋਈ ਅਤੇ ਦੋ ਅਹਿਮ ਨਾਅਰੇ ਪੰਜਾਬ ਦੇ ਫ਼ਿਜ਼ਾ ਵਿਚ ਗੂੰਜੇ। ਨਾ ਹਿੰਦੂ ਰਾਜ, ਨਾ ਖਾਲਿਸਤਾਨ; ਰਾਜ ਕਰੇਗਾ ਮਜ਼ਦੂਰ ਕਿਸਾਨ। ਗੋਬਿੰਦ, ਬੱਬਰ, ਭਗਤ, ਸਰਾਭਾ; ਸਭਿਆਚਾਰਕ ਵਿਰਸਾ ਸਾਡਾ। ਜਦੋਂ ਦਹਿਸ਼ਤ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਵਾਲੇ ਬਦਲਦੇਵ ਮਾਨ, ਜੈਮਲ ਪੱਡਾ, ਪਾਸ਼, ਗਿਆਨ ਸਿੰਘ ਸੰਘਾ, ਭਾਗ ਸਿੰਘ ਕਨੇਡੀਅਨ ਅਤੇ ਹੋਰਾਂ ਨੂੰ ਸ਼ਹੀਦ ਕੀਤਾ ਜਾ ਰਿਹਾ ਸੀ ਤਾਂ ਗੁਰਸ਼ਰਨ ਸਿੰਘ ਦੇ ਨਾਟਕਾਂ ਵਿਚ ਉਨ੍ਹਾਂ ਦੀਆਂ ਦੋਵੇਂ ਧੀਆਂ (ਨਵਸ਼ਰਨ ਅਤੇ ਅਰੀਤ) ਅਤੇ ਜੀਵਨ ਸਾਥੀ ਕੈਲਾਸ਼ ਕੌਰ ਵੀ ਸ਼ਾਮਿਲ ਹਨ। ਸਿੱਖ ਇਤਿਹਾਸ, ਗੁਰੂਆਂ ਦੇ ਆਦਰਸ਼ਾਂ ਅਤੇ ਪੰਜਾਬ ਦੀ ਨਾਬਰ ਰੀਤ ਦੇ ਹਵਾਲੇ ਨਾਲ ਨਾਬਰੀ ਦੇ ਇਤਿਹਾਸ ਵਿਚ ਨਵਾਂ ਪੰਨਾ ਜੋੜਨ ਲਈ ਪੰਜਾਬੀਆਂ ਨੇ ਬਹੁਤ ਕੁਰਬਾਨੀਆਂ ਦਿੱਤੀਆਂ।

ਗੁਰਸ਼ਰਨ ਸਿੰਘ ਦਾ ਨਾਟਕ ਮੰਚ ਤੋਂ ਸ਼ੁਰੂ ਹੋਇਆ ਅਤੇ ਜਲਦੀ ਹੀ ਨੁੱਕੜ ਵਿਚ ਵਗਣ ਲੱਗਿਆ। ਜਦੋਂ ਨਾਟਕ ਦੀ ਪਹੁੰਚ ਹੋਰ ਮੋਕਲੀ ਕਰਨ ਦਾ ਸਵਾਲ ਆਇਆ ਤਾਂ ਇਸ ਨੇ ਥੜ੍ਹੇ ਦਾ ਰੂਪ ਧਾਰ ਲਿਆ। ਉਹ ਕਿਸੇ ਵੀ ਥਾਂ ਤੋਂ ਘੱਟੋ-ਘੱਟ ਕਲਾਕਾਰਾਂ ਨਾਲ ਨਾਟਕ ਕਰ ਸਕਦੇ ਸਨ। ਉਹ ਸਾਹਮਣੇ ਜੁੜੀ ਸੰਗਤ ਨਾਲ ਸਿੱਧੀ ਗੱਲ ਕਰਦੇ ਸਨ। ਜਿਉਂ-ਜਿਉਂ ਉਨ੍ਹਾਂ ਦੇ ਨਾਟਕ ਦਾ ਰੂਪ ਸਾਦਗੀ ਵੱਲ ਵਧਿਆ, ਤਿਉਂ ਤਿਉਂ ਉਨ੍ਹਾਂ ਦੇ ਵਿਸ਼ਿਆਂ ਦੀ ਸ਼ਨਾਖ਼ਤ ਉਘੜਵੀ ਹੁੰਦੀ ਗਈ। ਉਨ੍ਹਾਂ ਦੇ ਕਿਰਦਾਰਾਂ ਅਖ਼ਬਾਰਾਂ ਦੀ ਸੁਰਖ਼ੀਆਂ ਨੂੰ ਸੰਵਾਦ ਬਣਾ ਕੇ ਪੇਸ਼ ਕਰ ਰਹੇ ਸਨ। ਉਹ ਇਨ੍ਹਾਂ ਉੱਤੇ ਟਿੱਪਣੀ ਕਰ ਰਹੇ ਸਨ। ਉਹ ਕਿਸੇ ਵੀ ਘਪਲੇ ਬਾਬਤ ਗੱਲ ਕਰਦੇ ਹੋਏ ਇਹ ਦੱਸ ਸਕਦੇ ਸਨ ਕਿ ਕਿੰਨੇ ਭਾਖੜਾ ਬੰਨ੍ਹ ਕੌਣ ਨਿਗਲ ਗਿਆ ਹੈ। ਉਸ ਵੇਲੇ 'ਇੰਡੀਅਨ ਐਕਸਪ੍ਰੈਸ' ਦੇ ਪੱਤਰਕਾਰ ਐਸ.ਪੀ. ਸਿੰਘ ਦੀਆਂ ਖ਼ਬਰਾਂ ਗੁਰਸ਼ਰਨ ਸਿੰਘ ਦੇ ਨਾਟਕ ਵਿਚ ਬੋਲੀਆਂ ਜਦੋਂ ਇਕ ਪਾਸੇ ਰਵੀ ਸਿੱਧੂ ਵਾਲਾ ਭਰਤੀ ਘਪਲਾ ਅਤੇ ਦੂਜੇ ਪਾਸੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਉਪ ਕੁਲਪਤੀ ਜਸਬੀਰ ਸਿੰਘ ਆਹਲੂਵਾਲੀਆ ਦੀ ਇਕ ਵਿਦਿਆਰਥਣ ਨਾਲ ਬਦਸਲੂਕੀ ਦਾ ਮਸਲਾ ਭਖਿਆ ਹੋਇਆ ਸੀ। ਜਵਾਬ ਵਿਚ ਗੁਰਸ਼ਰਨ ਸਿੰਘ ਦਾ ਨਾਟਕ ਖ਼ਬਰਾਂ ਦਾ ਸਿਰਲੇਖ ਬਣਿਆ। ਬੰਤ ਸਿੰਘ ਝੱਬਰ ਉੱਤੇ ਹੋਏ ਜ਼ੁਲਮ ਦੇ ਖ਼ਿਲਾਫ਼ ਨਾਟਕ ਵਿਚ ਜਸਵੀਰ ਸਮਰ ਅਤੇ ਦੇਸਰਾਜ ਕਾਲੀ ਦੇ ਲੇਖ ਸੂਤਰਧਾਰ ਦੇ ਮੂੰਹੋਂ ਨਿਕਲ ਕੇ ਸਮਾਜਿਕ ਗ਼ਲਬਿਆਂ ਨੂੰ ਵੰਗਾਰ ਰਹੇ ਸਨ। 'ਇਕ ਕੁਰਸੀ ਇਕ ਮੋਰਚਾ ਅਤੇ ਹਵਾ ਵਿਚ ਲਟਕਦੇ ਲੋਕ' ਨਵੇਂ ਰੂਪ ਵਿਚ 'ਭੰਡ ਮਟਕਾ ਚੌਕ ਗਏ' ਬਣ ਗਿਆ। 'ਬੁੱਤ ਜਾਗ ਪਿਆ' ਨੇ ਸਰਕਾਰੀ ਬੁਰਛਾਗਰਦੀ ਖ਼ਿਲਾਫ਼ ਟਿੱਪਣੀ ਕਰਨ ਲਈ ਅਖ਼ਬਾਰਾਂ ਅਤੇ ਟੈਲੀਵਿਜ਼ਨ ਤੋਂ ਜ਼ਿਆਦਾ ਚੁਸਤੀ ਦਿਖਾਈ।

ਸਮੇਂ ਦੇ ਨਾਲ ਗੁਰਸ਼ਰਨ ਸਿੰਘ ਦੇ ਨਾਟਕਾਂ ਦੇ ਵਿਸ਼ੇ ਕੰਨੀਆਂ ਉੱਤੇ ਵਸਦੇ ਮੇਲ ਵੱਲ ਵਧਦੇ ਗਏ। ਨਾਟਕ ਬੇਜ਼ਮੀਨੇ ਪੇਂਡੂ ਤਬਕੇ, ਮਸਾਜਿਕ ਦਾਬੇ ਅਤੇ ਬੀਬੀਆਂ ਦੀ ਮਾਣ-ਮਰਿਆਦਾ ਦੇ ਸਵਾਲ ਪੁੱਛਣ ਲੱਗਿਆ। ਇਸ ਤਰ੍ਹਾਂ ਗੁਰਸ਼ਰਨ ਸਿੰਘ ਆਪਣੇ ਸਮਿਆਂ ਦੀ ਸਮਾਜਿਕ ਵਾਰਤਕ ਨੂੰ ਮੰਚ ਉੱਤੋਂ ਪੇਸ਼ ਕਰ ਰਿਹਾ ਸੀ ਅਤੇ ਬਿਨਾਂ ਕਿਸੇ ਲੱਗ-ਲਪੇਟ ਤੋਂ ਸਰਕਾਰ ਨੂੰ ਸੱਚ ਸੁਣਾ ਰਿਹਾ ਸੀ। ਉਨ੍ਹਾਂ ਦੀ ਨਾਟਕ ਨਾਲ ਜੁੜੇ ਰਵਾਇਤੀ ਸੁਹਜ ਨੂੰ ਨਜ਼ਰਅੰਦਾਜ਼ ਕਰਨ ਲਈ ਤਿੱਖੀ ਆਲੋਚਨਾ ਹੋਈ। ਇਸ ਆਲੋਚਨਾ ਤੋਂ ਅਣਭਿੱਜ ਰਹਿਣ ਵਾਲਾ ਗੁਰਸ਼ਰਨ ਸਿੰਘ ਆਪਣੀ ਮਹਿਰੂਮੀਅਤ ਹੰਢਾਅ ਰਹੀ ਸੰਗਤ ਤੱਕ ਪਹੁੰਚ ਕਰਨ ਵਿਚ ਰੁੱਝਿਆ ਹੋਇਆ ਸੀ। ਉਸ ਲਈ ਸੁਨੇਹਾ ਅਹਿਮ ਸੀ। ਇਸ ਤੋਂ ਵੀ ਅੱਗੇ ਉਹ ਸੁਨੇਹੇ ਨੂੰ ਸਾਫ਼ ਰੱਖਣ ਉੱਤੇ ਜ਼ੋਰ ਦੇ ਰਹੇ ਸਨ। ਵਿਗਿਆਨੀ ਅਤੇ ਲੇਖਕ ਲਾਲਟੂ ਨੇ ਇਕ ਸ਼ਰਧਾਜਲੀ ਲੇਖ ਵਿਚ ਆਪਣਾ ਤਜਰਬਾ ਸਾਂਝਾ ਕੀਤਾ ਹੈ। ਲਾਲਟੂ ਆਪਣੇ ਸਾਇੰਸ ਅਤੇ ਟੈਕਨਾਲੋਜੀ ਅਵੈਅਰਨੈੱਸ ਗਰੁੱਪ (ਸਟੈਗ) ਦੇ ਸਾਥੀਆਂ ਸਮੇਤ ਸਲਾਈਡ ਸ਼ੋਅ ਲੈ ਕੇ ਗੁਰਸ਼ਰਨ ਸਿੰਘ ਕੋਲ ਗਿਆ। ਇਹ ਸਲਾਈਡ ਸ਼ੋਅ 1998 ਦੇ ਪੋਖ਼ਰਾਨ ਧਮਾਕਿਆਂ ਤੋਂ ਬਾਅਦ ਕਈ ਭਾਰਤੀ ਵਿਗਿਆਨੀਆਂ ਨੇ ਮਿਲ ਕੇ ਬਣਾਇਆ ਸੀ ਤਾਂ ਜੋ ਪ੍ਰਮਾਣੂ ਦੁਖਾਂਤ ਦੇ ਹਵਾਲੇ ਨਾਲ ਦੱਖਣੀ ਏਸ਼ੀਆ ਵਿਚ ਵਧ ਰਹੇ ਖ਼ਦਸ਼ਿਆਂ ਦੀ ਗੱਲ ਕੀਤੇ ਜਾ ਸਕੇ। ਗੁਰਸ਼ਰਨ ਸਿੰਘ ਨੇ ਇਸ ਸਲਾਈਡ ਸ਼ੋਅ ਦਾ ਨਾਟਕ ਬਣਾ ਦਿੱਤਾ ਅਤੇ ਸਮੁੱਚੀ ਪੇਚੀਦਗੀ ਨੂੰ ਬਿਨਾਂ ਕਿਸੇ ਭੰਨ੍ਹ-ਤੋੜ ਤੋਂ ਸਾਦੀ ਪੰਜਾਬੀ ਵਿਚ ਸੜਕਾਂ ਉੱਤੇ ਖੇਡ ਦਿੱਤਾ। ਇਸ ਤਰ੍ਹਾਂ ਨਾਟਕਕਾਰ ਵਿਗਿਆਨੀਆਂ ਨਾਲ ਮਿਲ ਕੇ ਪੇਚੀਦਾ ਧਾਰਨਾਵਾਂ ਦੀ ਸਾਦੀ ਵਾਰਤਕ ਪੇਸ਼ ਕਰ ਰਿਹਾ ਸੀ।

ਗੁਰਸ਼ਰਨ ਸਿੰਘ ਨੂੰ ਆਮ ਤੌਰ ਉੱਤੇ ਨਾਟਕ, ਪੰਜਾਬ ਅਤੇ ਇਨਕਲਾਬੀ ਸਿਆਸਤ ਤੱਕ ਮਹਿਦੂਦ ਕੀਤਾ ਜਾਂਦਾ ਹੈ। ਆਪਣੀ ਜ਼ਿੰਦਗੀ ਵਿਚ ਉਹ ਇਨ੍ਹਾਂ ਘੇਰਿਆਂ ਤੱਕ ਮਹਿਦੂਦ ਨਹੀਂ ਰਹੇ। ਉਨ੍ਹਾਂ ਨੇ ਪ੍ਰਕਾਸ਼ਕ ਵਜੋਂ ਪੰਜਾਬ ਦੇ ਨਵੇਂ ਲੇਖਕਾਂ ਨੂੰ ਮੌਕੇ ਦਿੱਤੇ। ਪੰਜਾਬੀ ਪ੍ਰਕਾਸ਼ਨ ਦੇ ਇਤਿਹਾਸ ਵਿਚ ਬਲਰਾਜ ਸਾਹਨੀ ਪ੍ਰਕਾਸ਼ਨ ਦਾ ਅਹਿਮ ਥਾਂ ਹੈ। ਇਸ ਪ੍ਰਕਾਸ਼ਨ ਨੇ ਲੋਕਾਂ ਤੱਕ ਪਹੁੰਚ ਦਾ ਉਪਰਾਲਾ ਕੀਤਾ ਅਤੇ ਸਸਤੀਆਂ ਕਿਤਾਬਾਂ ਪਿੰਡਾਂ ਤੱਕ ਪਹੁੰਚਦੀਆਂ ਕੀਤੀਆਂ। ਗੁਰਸ਼ਰਨ ਸਿੰਘ ਦੇ ਨਾਟਕਾਂ ਦੇ ਦੁਆਲੇ ਕਿਤਾਬਾਂ ਨੂੰ ਬਹੁਤ ਅਹਿਮੀਅਤ ਮਿਲੀ ਹੈ। ਬਲਰਾਜ ਸਾਹਨੀ ਪ੍ਰਕਾਸ਼ਨ ਦੇ ਬੰਦ ਹੋਣ ਤੋਂ ਬਾਅਦ ਪੰਜਾਬੀ ਪ੍ਰਕਾਸ਼ਨ ਦਾ ਖ਼ਾਸਾ ਬਦਲ ਗਿਆ ਹੈ। ਹੁਣ ਪ੍ਰਕਾਸ਼ਨ ਨਾਮੀ ਲੇਖਕਾਂ, ਯੂਨੀਵਰਸਿਟੀਆਂ, ਮੁਫ਼ਤ ਮਿਲੀਆਂ ਕਿਤਾਬਾਂ ਅਤੇ ਪੈਸੇ ਖ਼ਰਚ ਕੇ ਕਿਤਾਬ ਛਪਵਾ ਸਕਣ ਵਾਲੇ ਲੇਖਕਾਂ ਦੁਆਲੇ ਘੁੰਮਦਾ ਹੈ। ਨਵੇਂ ਲੇਖਕਾਂ ਲਈ ਮੌਕਾ ਨਹੀਂ ਅਤੇ ਅਵਾਮ ਤੱਕ ਪਹੁੰਚ ਦਾ ਉਪਰਾਲਾ ਨਹੀਂ। ਗੁਰਸ਼ਰਨ ਸਿੰਘ ਦੇ ਦੋ ਸਭਿਆਚਾਰਕ ਰਸਾਲਿਆਂ ਦੀ ਸੰਪਾਦਨਾ ਕੀਤਾ। 'ਸਮਤਾ' ਅਤੇ 'ਸਰਦਲ' ਵਿਚ ਸਿਰਜਣਾਤਮਕ ਲਿਖਤਾਂ ਅਤੇ ਆਲੋਚਨਾ ਲਈ ਮੋਕਲੀ ਥਾਂ ਸੀ। ਖੱਬੇ ਪੱਖੀ ਸਿਆਸਤ ਦੀ ਵੰਨ-ਸਵੰਨਤਾ ਅਤੇ ਸਾਹਿਤਕ-ਸੱਭਿਆਚਾਰਕ ਰੁਝਾਨ ਨਾਲ ਇਨ੍ਹਾਂ ਰਸਾਲਿਆਂ ਦਾ ਸੁਹਿਰਦ ਸੰਵਾਦ ਚੱਲਿਆ ਹੈ। ਇਨਕਲਾਬੀ ਤਬਦੀਲੀ ਲਈ ਉਪਰਾਲੇ ਕਰਦਿਆਂ ਗੁਰਸ਼ਰਨ ਸਿੰਘ ਦਾ ਧਿਆਨ ਸੁਧਾਰਾਂ ਤੋਂ ਨਹੀਂ ਹਟਿਆ। ਉਸ ਨੇ ਬੱਚਿਆਂ ਬਾਬਤ ਗੱਲਬਾਤ ਵਿਚੋਂ ਨਜ਼ਰਅੰਦਾਜ਼ ਮਾਵਾਂ ਦਾ ਸਵਾਲ ਜ਼ੋਰ ਨਾਲ ਉਭਾਰਿਆ। ਉਨ੍ਹਾਂ ਦੀ ਮੁਹਿੰਮ ਦੇ ਨਤੀਜੇ ਵਜੋਂ ਪੰਜਾਬ ਸਕੂਲ ਸਿੱਖਿਆ ਬੋਰਡ ਨੇ ਪ੍ਰਮਾਣ ਪੱਤਰਾਂ ਵਿਚ ਬਾਪ ਦੇ ਨਾਲ ਮਾਂ ਦਾ ਨਾਮ ਦਰਜ ਕਰਨ ਦਾ ਫ਼ੈਸਲਾ ਕੀਤਾ। ਗੁਰਸ਼ਰਨ ਸਿੰਘ ਇਸ ਨੂੰ ਅਹਿਮ ਪ੍ਰਾਪਤੀ ਮੰਨਦੇ ਸਨ ਅਤੇ ਇਸ ਬਾਬਤ ਮਾਣ ਨਾਲ ਗੱਲ ਕਰਦੇ ਸਨ। ਉਨ੍ਹਾਂ ਨੇ ਮਰਦਾਂ ਦੀ ਬੋਲਚਾਲ ਵਿਚ ਕੱਢੀਆਂ ਜਾਂਦੀਆਂ ਗਾਲ਼ਾਂ ਦਾ ਡਟ ਕੇ ਵਿਰੋਧ ਕੀਤਾ। ਔਰਤਾਂ ਬਾਬਤ ਉਨ੍ਹਾਂ ਦੀ ਸੰਵੇਦਨਾ ਦਾ ਝਲਕਾਰਾ ਉਨ੍ਹਾਂ ਦੇ ਨਾਟਕਾਂ, ਤਕਰੀਰਾਂ ਅਤੇ ਲਿਖਤਾਂ ਵਿਚੋਂ ਪੈਂਦਾ ਹੈ। ਉਹ ਕਈ ਮਾਮਲਿਆਂ ਵਿਚ ਸ਼ੁੱਧਤਾਵਾਦੀ ਸਨ। ਉਨ੍ਹਾਂ ਦਾ ਦਾਅਵਾ ਸੀ ਕਿ ਉਨ੍ਹਾਂ ਨੇ ਕਦੇ ਨਸ਼ਾ ਨਹੀਂ ਕੀਤਾ, ਕਦੇ ਬੇਈਮਾਨੀ ਨਹੀਂ ਕੀਤੀ ਅਤੇ ਕਦੇ ਇਖਲਾਕੀ ਗਿਰਾਵਟ ਦਾ ਸ਼ਿਕਾਰ ਨਹੀਂ ਹੋਏ। ਇਨ੍ਹਾਂ ਦਾਅਵਿਆਂ ਉੱਤੇ ਗੁਰਸ਼ਰਨ ਸਿੰਘ ਦੇ ਵਿਰੋਧੀ ਜਾਂ ਖਾਰ ਖਾਣ ਵਾਲੇ ਵੀ ਸਵਾਲ ਨਹੀਂ ਕਰਦੇ। ਨਤੀਜੇ ਵਜੋਂ ਗੁਰਸ਼ਰਨ ਸਿੰਘ ਦਾ ਦੂਜਾ ਨਾਮ 'ਭਾਅ ਜੀ' ਹੈ। ਪੰਜਾਬ ਵਿਚ 'ਭਾਅ ਜੀ ਨਹੀਂ ਰਹੇ' ਦੀ ਖ਼ਬਰ ਨੂੰ ਕਿਸੇ ਵਿਆਖਿਆ ਦੀ ਦਰਕਾਰ ਨਹੀਂ ਹੋਈ।

ਗੁਰਸ਼ਰਨ ਸਿੰਘ ਮੁੱਢਲੇ ਜੀਵਨ ਦਾ ਤਜਰਬਾ ਇੰਡੀਅਨ ਪੀਪਲਜ਼ ਥੀਏਟਰ ਐਸੋਸੀਏਸ਼ਨ (ਇਪਟਾ) ਨਾਲ ਰਿਹਾ। ਉਨ੍ਹਾਂ ਨੇ ਇਪਟਾ ਦੀ ਜੋਤ ਹਰ ਦੌਰ ਵਿਚ ਜਗਦੀ ਰੱਖੀ। ਉਹ 'ਪਲਸ ਮੰਚ' ਦੇ ਬਾਨੀ ਪ੍ਰਧਾਨ ਸਨ ਜਿਸ ਨੇ ਪੰਜਾਬ ਭਰ ਦੀਆਂ ਸਭਿਆਚਾਰਕ ਟੋਲੀਆਂ ਦੀ ਸਰਪ੍ਰਸਤੀ ਕੀਤੀ। ਪੰਜਾਬ ਦੀ ਮੌਜੂਦਾ ਸਭਿਆਚਾਰਕ ਜੰਤਰੀ ਵਿਚ 'ਪਲਸ ਮੰਚ' ਦੀ ਸਰਗਰਮੀ ਨੂੰ ਅਹਿਮ ਥਾਂ ਹਾਸਲ ਹੈ। ਗੁਰਸ਼ਰਨ ਸਿੰਘ ਨੂੰ ਸਮੁੱਚੇ ਮੁਲਕ ਤੋਂ ਸਭਿਆਚਾਰਕ ਸਰਗਰਮੀ ਵਿਚ ਸ਼ੁਮਾਰ ਹੋਣ ਲਈ ਸੱਦੇ ਆਉਂਦੇ ਸਨ। 'ਆਲ ਇੰਡੀਆ ਲੀਗ ਫੌਰ ਰੈਵੋਲਿਉਸ਼ਨਰੀ ਕਲਚਰ' (ਏ.ਆਈ.ਸੀ.

(ਬਾਕੀ ਸਫਾ 16 'ਤੇ)

# ਪੰਥਪ੍ਰਸਤ ਪਤੀਆਂ ਦੀਆਂ ਪਤਨੀਆਂ ਦੀ ਪ੍ਰੇਸ਼ਾਨੀ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ:408-903-9952

ਸਿੱਖੀ ਦੇ ਜੜ੍ਹੀਂ ਤੇਲ ਦੇਣ ਦੀਆਂ ਸਾਜ਼ਿਸ਼ੀ ਸਕੀਮਾਂ ਨੇਪਰੇ ਚੜ੍ਹ ਗਈਆਂ ਹਨ, ਜਿਨ੍ਹਾਂ ਦੀ ਜੇਬ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਅਤਿ ਜ਼ਰੂਰੀ' ਪੈਣੀ ਚਾਹੀਦੀ ਸੀ, ਉਹ ਪੈ ਗਈ ਜਾਂ 'ਪਾ ਦਿੱਤੀ' ਗਈ। ਹੁਣ ਭਾਈ ਦਲਜੀਤ ਸਿੰਘ ਬਿੱਟੂ ਨੂੰ ਜੇਲ੍ਹ ਵਿਚ ਬਿਠਾਈ ਰੱਖਣਾ ਫਜ਼ੂਲ ਸੀ। ਸੋ, ਉਨ੍ਹਾਂ ਨੂੰ ਇਸੇ ਸਤੰਬਰ ਦੇ ਅਖੀਰਲੇ ਦਿਨ ਰਿਹਾ ਕਰ ਦਿੱਤਾ ਗਿਆ। ਭਾਈ ਸਾਹਿਬ ਦੀ ਰਿਹਾਈ ਮੌਕੇ ਵਾਲੀ ਇਕ ਫੋਟੋ ਰੋਜ਼ਾਨਾ ਸਪੋਕਸਮੈਨ ਦੇ ਪਹਿਲੇ ਸਫੇ 'ਤੇ ਛਪੀ ਹੈ। ਇਸੇ ਫੋਟੋ ਦਾ ਆਪਣੇ ਨਜ਼ਰੀਏ ਅਨੁਸਾਰ ਵਿਸ਼ਲੇਸ਼ਣ ਕਰਨ ਵਾਸਤੇ ਕੁਝ ਸਤਰਾਂ ਲਿਖ ਰਿਹਾ ਹਾਂ।

ਭਾਈ ਬਿੱਟੂ ਨੇ ਆਪਣੀ ਆਦਤ ਮੂਜਬ ਗੁੱਟ ਨੂੰ ਲੱਗੀਆਂ ਹੱਥਕੜੀਆਂ ਦੇ ਸੰਗਲ ਉਸੇ ਹੱਥ ਦੀ ਹਥੇਲੀ 'ਚ ਫੜੇ ਹੋਏ ਨੇ। ਬਿਲਕੁਲ ਉਸੇ ਦਿਨ ਵਾਂਗ ਜਦੋਂ ਅੱਠ ਸਾਲ ਪਹਿਲਾਂ ਮੈਂ ਉਨ੍ਹਾਂ ਨੂੰ ਲੁਧਿਆਣੇ ਦੀਆਂ ਕਚਹਿਰੀਆਂ ਵਿਚ ਪਹਿਲੀ ਵਾਰ ਮਿਲਿਆ ਸਾਂ। ਉਸ ਦਿਨ ਕਚਹਿਰੀਆਂ ਦੇ ਮੁੱਖ ਗੇਟ ਉਪਰ ਬਾਦਲ ਦਲੀਏ ਵਰਕਰਾਂ ਦਾ ਹਜ਼ੂਮ 'ਕੱਠਾ ਹੋਇਆ ਹੋਇਆ ਸੀ। ਉਹ ਉਨ੍ਹਾਂ ਹਵਾਲਾਤੀਆਂ ਦਾ ਸਵਾਗਤ ਕਰਨ ਲਈ ਪਹੁੰਚੇ ਹੋਏ ਸਨ ਜਿਨਾਂ ਨੂੰ ਮਹਾਰਾਜਾ ਪਟਿਆਲਾ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਇਸ ਕਾਰਨ 'ਅੰਦਰ ਦਿੱਤਾ' ਹੋਇਆ ਸੀ ਕਿਉਂਕਿ ਉਨ੍ਹਾਂ ਨੇ ਬਾਦਲ ਪਿਓ-ਪੁੱਤਰ ਨੂੰ ਜੇਲ੍ਹ ਭੇਜਣ ਦਾ ਵਿਰੋਧ ਕਰਦਿਆਂ ਸਰਕਾਰੀ ਜਾਇਦਾਦ ਨੂੰ ਨਿਸ਼ਾਨਾ ਬਣਾਇਆ ਸੀ। ਪੁਲਿਸ ਦੀਆਂ ਬੱਸਾਂ ਵਿਚੋਂ ਉਤਰ ਰਹੇ ਇਨ੍ਹਾਂ ਯੋਧਿਆਂ ਲਈ ਸਥਾਨਕ ਵਰਕਰ, ਭਾਂਤ-ਸੁਭਾਂਤੀਆਂ ਮਠਿਆਈਆਂ ਅਤੇ ਫਲ-ਫਰੂਟ ਦੇ ਟੋਕਰੇ ਲੈ ਕੇ ਖੜ੍ਹੇ ਸਨ। ਜ਼ਿੰਦਾਬਾਦ-ਮੁਰਦਾਬਾਦ ਦੀਆਂ ਸੰਘ ਪਾੜਵੀਆਂ ਆਵਾਜ਼ਾਂ ਦੀ ਗੂੰਜ ਪੈ ਰਹੀ ਸੀ। ਕਚਹਿਰੀਆਂ ਦੇ ਇਕ ਖੂੰਜੇ ਭਾਈ ਬਿੱਟੂ ਦੀ ਬਿਰਧ ਮਾਂ ਹੱਥੀਂ ਬਣਾਏ ਅਤੇ ਘਰੋਂ ਡੱਬਿਆਂ ਵਿਚ ਪੈਕ ਕਰਕੇ ਲਿਆਂਦੇ ਰੁੱਖੇ-ਮਿੱਸੇ ਪ੍ਰਸ਼ਾਦੇ ਆਪਣੇ ਪੁੱਤ ਦੇ ਨਾਲ-ਨਾਲ ਸਾਨੂੰ ਅਤੇ ਪੁਲਿਸ ਵਾਲਿਆਂ ਨੂੰ ਵੀ ਛਕਾ ਰਹੀ ਸੀ। ਹੁਣ ਦੀ ਰਿਹਾਈ ਵਾਲੀ ਫੋਟੋ ਵਾਂਗ ਉਦੋਂ ਵੀ ਭਾਈ ਬਿੱਟੂ ਨੇ ਹੱਥਕੜੀਆਂ ਦੀਆਂ ਸੰਗਲੀਆਂ, ਹਥੇਲੀ ਵਿਚ ਹੀ ਫੜੀਆਂ ਹੋਈਆਂ ਸਨ। ਉਨ੍ਹਾਂ ਦੇ ਨਾਲ ਹੀ ਪੇਸ਼ੀ 'ਤੇ ਆਏ ਹੋਏ ਇਕ ਸਿੰਘ (ਨਾਂ ਸ਼ਾਇਦ ਗੁਰਨਾਮ ਸਿੰਘ) ਨੇ ਸਾਹਮਣੇ ਬਾਦਲ ਦਲੀਆਂ ਦੇ ਝੁਰਮਟ ਵੱਲ ਇਸ਼ਾਰਾ ਕਰਦਿਆਂ ਮੈਨੂੰ ਮਖੌਲ ਵੀ ਕੀਤਾ ਸੀ, "ਵੀਰ ਜੀ, ਬਾਦਲ ਦਲ ਦੇ ਸ਼੍ਰੋਮਣੀ ਕਮੇਟੀ ਮੈਂਬਰ ਹੁੰਦਿਆਂ ਤੁਸੀਂ 'ਉਧਰ' ਕਿਉਂ ਨਹੀਂ ਗਏ...ਦੇਖਿਓ ਕਿਤੇ ਤਹਾਡੀ 'ਪੇਸ਼ੀ' ਨਾ ਹੋ ਜਾਏ?"

ਕਚਹਿਰੀਆਂ ਦੀ ਪਾਰਕਿੰਗ ਵਾਲੇ ਗਰਾਊਂਡ ਵਿਚ ਖੜ੍ਹੇ ਭਾਈ ਬਿੱਟੂ ਹੁਰਾਂ ਨਾਲ ਤਾਂ ਅਸੀਂ ਮਸਾਂ ਦਸ ਕੁ ਜਣੇ ਹੀ ਹੋਵਾਂਗੇ, ਲੇਕਿਨ ਬਾਦਲ ਹਮਾਇਤੀਆਂ ਵੱਲ ਪੂਰੀ ਤਰ੍ਹਾਂ 'ਲਾ-ਲਾ-ਲਾ-ਲਾ' ਹੋਈ ਪਈ ਸੀ। ਆਪਣੀ ਕੌਮ ਦੀ ਇਸ ਅਜੀਬ ਫਿਤਰਤ ਬਾਰੇ ਉਦੋਂ ਮੈਂ ਲੇਖ ਵੀ ਲਿਖਿਆ ਸੀ ਜੋ 29 ਦਸੰਬਰ 2003 ਦੀ 'ਪੰਜਾਬੀ ਟ੍ਰਿਬਿਊਨ' ਦੇ ਸੰਪਾਦਕੀ ਪੰਨੇ ਦੀ ਵਿਸ਼ੇਸ਼ ਥਾਂ 'ਤੇ 'ਮਿਡਲ' ਦੇ ਰੂਪ ਵਿਚ ਛਪਿਆ ਸੀ। ਮੈਂ ਲੇਖ ਦਾ ਸਿਰਲੇਖ ਰੱਖਿਆ ਸੀ, 'ਸਿੱਖਾਂ ਵਰਗਾ ਭੋਲਾ ਹੋਰ ਕੋਈ ਨਹੀਂ ਹੋਣਾ' ਲੇਕਿਨ ਅਖ਼ਬਾਰ ਵਾਲਿਆਂ ਨੇ ਇਹ ਸਿਰਲੇਖ ਬਦਲ ਦਿੱਤਾ ਸੀ ਪਰ ਮੇਰੇ ਲੇਖ ਦੀ ਹੋਰ ਕਾਂਟ-ਛਾਂਟ ਕੋਈ ਨਹੀਂ ਸੀ ਕੀਤੀ।

ਇਸ ਪ੍ਰਕਰਨ ਵਿਚ ਚਰਚਾ ਤਾਂ ਇਸ ਨੁਕਤੇ ਦੀ ਵੀ ਕੀਤੀ ਜਾਣੀ ਬਣਦੀ ਹੈ ਕਿ ਅੱਠ ਸਾਲ ਪਹਿਲਾਂ ਜਦੋਂ ਪੰਜਾਬ ਵਿਚ ਕਾਂਗਰਸ ਪਾਰਟੀ ਦੀ ਹਕੂਮਤ ਸੀ, ਉਦੋਂ ਵੀ ਭਾਈ ਦਲਜੀਤ ਸਿੰਘ ਬਿੱਟੂ ਦੇ ਹੱਥੀਂ ਹਥਕੜੀਆਂ ਸਨ। ਹੁਣ ਜਦੋਂ ਪੰਥਕ ਸਰਕਾਰ ਰਾਜ ਭਾਗ ਚਲਾ ਰਹੀ ਹੈ ਤਾਂ ਵੀ ਬਿੱਟੂ ਜੇਲ੍ਹ ਵਿਚ। ਲੇਕਿਨ ਇਸ ਵਿਸ਼ੇ ਨੂੰ 'ਕਿਤੇ ਫੇਰ ਸਹੀ' ਵਾਲੇ ਖਾਤੇ ਪਾ ਕੇ ਭਾਈ ਬਿੱਟੂ ਦੀ ਰਿਹਾਈ ਵਾਲੀ ਅਖਬਾਰੀ ਫੋਟੋ ਦੀ ਹੀ ਚਰਚਾ ਕਰਦੇ ਹਾਂ।

ਇਸ ਫੋਟੋ ਵਿਚ ਦਿਖਾਈ ਦੇ ਰਹੀਆਂ ਦੋ ਸ਼ਖ਼ਸੀਅਤਾਂ ਦੀ ਹਾਜ਼ਰੀ ਨੇ ਮੈਨੂੰ ਹਥਲੀ ਲਿਖਤ ਲਿਖਣ ਲਈ ਮਜਬੂਰ ਕਰ ਦਿੱਤਾ। ਪਹਿਲੇ, ਰਣਜੀਤ ਸਿੰਘ 'ਕੁੱਕੀ' ਜੋ ਭਾਈ ਬਿੱਟੂ ਦੇ ਬਿਲਕੁਲ ਨਾਲ ਖੜ੍ਹੇ ਹਨ। ਭਾਈ ਕੁੱਕੀ ਨੂੰ ਇਸ ਮੌਕੇ ਪਹੁੰਚਿਆ ਦੇਖ ਕੇ ਹੈਰਾਨੀ ਇਸ ਗੱਲ ਦੀ ਹੋਈ ਕਿ ਅਜੋਕੇ ਹਾਲਾਤ ਵਿਚ ਜਦੋਂ ਮੋਹਰਲੀਆਂ ਸਫਾਂ 'ਚ ਵਿਚਰਦੇ ਰਹੇ 'ਖਾੜਕੂ ਸਿੰਘ' ਚੜ੍ਹਦੇ ਸੂਰਜ ਨੂੰ ਸਲਾਮਾਂ ਕਰਦੇ ਹੋਏ ਬਾਦਲੀ ਛਤਰੀ 'ਤੇ ਬਹਿ ਕੇ 'ਗੁਟਕੂੰ ਗੁਟਕੂੰ' ਕਰ ਰਹੇ ਹਨ ਤਾਂ ਇਹ ਭਾਈ ਉਸ ਸੁਨਹਿਰੀ ਛਤਰੀ ਦੀ ਖਿੱਚ ਤੋਂ ਕਿਵੇਂ ਬਚਿਆ ਰਹਿ ਗਿਆ ਹੋਵੇਗਾ? ਅਹੁਦਿਆਂ ਦੀ ਚਮਕੀਲੀ ਲਿਸ਼ਕੋਰ ਨੇ ਇਹਦੀਆਂ ਅੱਖਾਂ ਨਹੀਂ ਚੁੰਧਿਆਈਆਂ ਹੋਣਗੀਆਂ? ਇਹਨੇ ਹਾਲੇ ਤੱਕ ਵੀ ਆਪਣੇ ਆਪ ਨੂੰ ਮੈਂਬਰੀਆਂ ਅਤੇ ਚੇਅਰਮੈਨੀਆਂ ਦੀ ਲਾਲਸਾ ਤੋਂ ਮੁਕਤ ਰੱਖਿਆ ਹੋਇਐ? ਇਕ ਵੇਲੇ ਦੇ ਚੋਟੀ ਦੇ ਖਾੜਕੂ ਸਮੇਂ ਦੀ ਤਬਦੀਲੀ ਦਾ 'ਲਾਭ' ਉਠਾਉਂਦਿਆਂ ਹੋਇਆਂ 'ਜਲੇ ਹਰਨਾਕਸ਼-ਥਲੇ ਹਰਨਾਕਸ਼' ਦਾ ਮੰਤਰ ਰਟ ਕੇ ਤਰੱਕੀਆਂ ਕਰ ਗਏ ਹਨ ਪਰ ਇਹ 'ਜਲੇ ਤੂੰ ਹੀ-ਥਲੇ ਤੂੰ ਹੀ' ਦੇ ਆਸਰੇ 'ਤੇ ਹੀ ਜ਼ਿੰਦਗੀ ਬਤੀਤ ਕਰ ਰਿਹਾ ਹੈ। ਭਾਈ ਕੁੱਕੀ ਦੇ ਸਿਦਕ ਨੂੰ ਵੀ ਆਦੇਸ਼ ਕਹਿਣਾ ਚਾਹੀਦਾ ਹੈ।

ਫੋਟੋ ਵਾਲੀ ਦੂਸਰੀ ਸ਼ਖ਼ਸੀਅਤ ਬਾਰੇ ਕੁਝ ਕਹਿਣ ਤੋਂ ਪਹਿਲਾਂ ਅਸੰਬਲੀ ਚੋਣਾਂ ਵਿਚ ਐਮ.ਐਲ.ਏ. ਬਣੇ ਇਕ ਆਗੂ ਦੇ ਸਨਮਾਨ ਸਮਾਰੋਹ ਦਾ ਕਿੱਸਾ ਵਰਣਨ ਕਰਦਾ ਹਾਂ। ਢਿੱਲੋਂ ਸਾਹਿਬ ਦੇ ਵਿਧਾਨਕਾਰ ਬਣਨ 'ਤੇ ਉਨ੍ਹਾਂ ਦੇ ਪਿੰਡ ਵਾਸੀਆਂ ਨੇ ਵੱਡੇ ਪੱਧਰ 'ਤੇ ਸਮਾਗਮ ਕੀਤਾ। ਵੱਡੇ ਛੋਟੇ ਸਾਰੇ ਲੀਡਰ ਪਹੁੰਚੇ ਹੋਏ ਸਨ। ਹਰ ਬੁਲਾਰਾ ਸਟੇਜ 'ਤੇ ਆ ਕੇ ਐਮ.ਐਲ.ਏ. ਦੇ ਸੋਹਲੇ ਗਾਈ ਜਾਵੇ, 'ਢਿੱਲੋਂ ਸਾਹਿਬ ਗਰੀਬਾਂ ਦੇ ਮਸੀਹਾ ਹਨ। ਹਰ ਇਕ ਦੇ ਕੰਮ ਆਉਂਦੇ ਨੇ। ਕਿਸੇ ਨੂੰ ਵੀ ਮੱਥੇ ਵੱਟ ਨਹੀਂ ਪਾਉਂਦੇ।' ਗੱਲ ਕੀ ਹਰ ਕੋਈ ਸ੍ਰੀ ਢਿੱਲੋਂ ਦੇ ਹੀ ਪੜੁੱਲ ਬੰਨ੍ਹੀ ਜਾ ਰਿਹਾ ਸੀ।

ਇਕ ਪ੍ਰੋਫੈਸਰ ਮਾਈਕ 'ਤੇ ਆਉਂਦਿਆਂ ਹੀ ਕਹਿੰਦਾ, 'ਓ ਯਾਰੋ, ਮੈਂ ਢਿੱਲੋਂ ਸਾਹਿਬ ਦੀਆਂ ਸਿਫਤਾਂ ਦੇ ਰਿਕਾਰਡ ਤੋਂ ਸੂਈ ਚੁੱਕ ਕੇ ਨਵਾਂ ਰਿਕਾਰਡ ਚਲਾਉਣ ਲੱਗਾ ਜੇ, ਜਿਹੜਾ ਅੱਜ ਦੀ ਸਭਾ ਵਿਚ ਜ਼ਰੂਰੀ ਵੱਜਣਾ ਚਾਹੀਦਾ ਏ। ਢਿੱਲੋਂ ਜੀ ਬਾਂਹ ਖੜ੍ਹੀ ਕਰਕੇ ਦੱਸਣ, ਜੇ ਉਹ ਕਿਸੇ ਦਿਨ ਅੱਧੀ ਰਾਤ ਤੋਂ ਪਹਿਲਾਂ ਘਰੇ ਵਾਪਸ ਮੁੜੇ ਹੋਣ। ਆਹ ਜਿਹੜੇ ਬੀਬੀ ਢਿੱਲੋਂ (ਐਮ.ਐਲ.ਏ. ਦੀ ਪਤਨੀ ਵੱਲ ਇਸ਼ਾਰਾ ਕਰਕੇ) ਬੈਠੇ ਨੇ, ਇਨ੍ਹਾਂ ਦੀ ਕੋਈ ਸਿਫ਼ਤ ਨਹੀਂ ਕਰਨੀ ਬਣਦੀ?...ਜਿਹੜੇ ਰੋਜ਼ਾਨਾ ਹੀ ਆਪਣੇ ਬੱਚਿਆਂ ਨੂੰ ਪਿਓ ਦਾ ਪਿਆਰ ਦੇਣ ਦੇ ਨਾਲ-ਨਾਲ ਘਰ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਨੇ...ਨੀਂਦ ਦਾ ਤਿਆਗ ਕਰਕੇ ਢਿੱਲੋਂ ਸਾਹਿਬ ਨੂੰ ਗਈ ਰਾਤ ਪ੍ਰਸ਼ਾਦੇ ਬਣਾ-ਬਣਾ ਛਕਾਉਂਦੇ ਨੇ।...ਤੁਸੀਂ ਸਿਆਸਤਦਾਨ ਢਿੱਲੋਂ ਦੀ ਸ਼ੋਭਾ ਕਰਦਿਆਂ ਸ੍ਰੀਮਤੀ ਢਿੱਲੋਂ ਦੀ ਅਥਾਹ ਕੁਰਬਾਨੀ ਨੂੰ ਕਿਉਂ ਛੁਟਿਆਉਣ ਡਹੇ ਓਂ?"

ਭਾਈ ਬਿੱਟੂ ਦੀ ਰਿਹਾਈ ਵਾਲੀ ਜਿਸ ਫੋਟੋ ਦਾ ਜ਼ਿਕਰ ਹੋ ਰਿਹਾ ਹੈ, ਉਸ ਵਿਚ ਪੰਚ ਪ੍ਰਧਾਨੀ ਹਮਾਇਤੀਆਂ ਨੇ ਆਪਣੇ ਮੁਖੀਏ ਦੁਆਲੇ ਘੇਰਾ ਪਾਇਆ ਹੋਇਐ ਅਤੇ ਬੀਬੀ ਅੰਮ੍ਰਿਤ ਕੌਰ (ਭਾਈ ਬਿੱਟੂ ਦੀ ਪਤਨੀ) ਕਿਸੇ ਅਣਪਛਾਤੀ ਓਪਰੀ ਕੁੜੀ ਵਾਂਗ ਦੂਰ ਜਾ ਕੇ ਅੱਠਵੇਂ-ਨੌਵੇਂ ਥਾਂ ਖੜ੍ਹੀ ਹੈ। ਫੋਟੋ ਤੋਂ ਹੀ ਸਾਫ ਦਿਖਾਈ ਦਿੰਦਾ ਹੈ ਕਿ ਕਿਵੇਂ ਵਿਚਾਰੀ ਨੇ ਭਾਵਨਾਵਾਂ ਨੂੰ ਸਬਰਾਂ ਦਾ ਬੰਨ੍ਹ ਮਾਰਿਆ ਹੋਇਐ। ਦੂਰ ਹਟਵੀਂ ਕਸੀਸ ਵੱਟੀ, ਜੇਲ੍ਹੋਂ ਆਏ ਪਤੀ ਵੱਲ ਤੱਕ ਰਹੀ ਹੈ। ਜੇ ਖ਼ੁਸ਼ੀ ਮਾਪਣ ਵਾਲਾ ਕੋਈ ਥਰਮਾਮੀਟਰ ਜਿਹਾ ਯੰਤਰ ਹੋਵੇ ਤਾਂ ਸਾਰੇ ਜਣਿਆਂ ਦੀ ਖ਼ੁਸ਼ੀ ਚੈਕ ਕਰਿਆਂ ਪਤਾ ਲੱਗੇ ਕਿ ਸਭ ਤੋਂ ਵੱਧ ਨੰਬਰ ਬੀਬੀ ਅੰਮ੍ਰਿਤ ਕੌਰ ਦੇ ਹੀ ਹੋਣਗੇ ਪਰ ਬੀਬੀ ਰਾਣੀ ਨੂੰ ਜਗ੍ਹਾ ਮਿਲੀ ਸਭ ਤੋਂ ਪਿੱਛੇ!

ਸਵਰਗੀ ਢਾਡੀ ਦਿਲਬਰ ਜੀ ਅੰਗਰੇਜ਼ਾਂ ਨਾਲ ਟੱਕਰ ਲੈਣ ਵਾਲੇ ਬੱਬਰ ਅਕਾਲੀਆਂ ਦੇ ਜੁਝਾਰੂ ਪ੍ਰਸੰਗ ਪੇਸ਼ ਕਰਦਿਆਂ ਦਿਲਚਸਪ ਵਾਰਤਾ ਵਿਅੰਗਮਈ ਲਹਿਜ਼ੇ 'ਚ ਸੁਣਾਇਆ ਕਰਦੇ ਸਨ। ਕਹਿੰਦੇ, ਕਿਸੇ ਪਿੰਡ ਦੀ ਗਲੀ ਵਿਚ ਦੋ ਗੁਆਂਢਣਾਂ ਲੜਦੀਆਂ ਹੋਈਆਂ ਇਕ ਦੂਜੀ ਨੂੰ ਤਾਅਨੇ-ਮਿਹਣੇ ਮਾਰ ਰਹੀਆਂ ਸਨ, 'ਤੇਰਾ ਆਹ ਹੋ ਜਾਏ, ਤੇਰਾ ਔਹ ਹੋ ਜਾਏ।' ਇਕ ਬੋਲੀ, "ਨੀ ਤੂੰ ਰੰਡੀ ਹੋ ਜਾਏਂ।" ਮੋਹਰਿਓਂ ਦੂਜੀ ਸੜ-ਭੁੱਜ ਕੇ ਕਹਿੰਦੀ, "ਤੇਰੇ ਘਰਵਾਲਾ ਅਕਾਲੀ ਬਣ ਜਾਏ।" ਇਹ 'ਅਨੋਖੀ ਗਾਲ' ਸੁਣਦਿਆਂ ਸਾਰ ਪਹਿਲੀ ਜਨਾਨੀ ਧਾਹਾਂ ਮਾਰਦੀ ਹੋਈ ਦੂਜੀ ਅੱਗੇ ਹੱਥ ਜੋੜਨ ਲੱਗੀ, "ਨੀ ਭੈਣੇ ਮੇਰੀਏ, ਹੋਰ ਜੋ ਮਰਜ਼ੀ ਕਹਿ ਲੈ ਪਰ ਮੈਨੂੰ ਆਹ ਦੁਰਾਸੀਸ ਨਾ ਦੇਹ।"

ਬੀਬੀਆਂ ਦਾ ਇਹ ਕਾਟੋ-ਕਲੇਸ਼ ਦੇਖ ਰਿਹਾ ਕੋਈ ਓਪਰਾ ਬੰਦਾ ਬੜਾ ਹੈਰਾਨ ਹੋਇਆ ਕਿ ਹੁਣ ਤੱਕ ਤਾਂ 'ਰੰਡੀ ਹੋਣ' ਵਾਲੀ ਗਾਲ ਹੀ ਸਭ ਤੋਂ ਵੱਧ ਭੈੜੀ ਸੁਣਦੇ ਆ ਰਹੇ ਹਾਂ ਪਰ ਇੱਥੇ ਤਾਂ 'ਪਤੀ ਦੇ ਅਕਾਲੀ ਹੋ ਜਾਣ' ਨੂੰ ਇਸ ਤੋਂ ਵੀ ਬੁਰੀ ਸਮਝਿਆ ਜਾਂਦਾ ਹੈ। ਇਹ ਕੀ ਮਾਜਰਾ ਹੋਇਆ? ਪੁੱਛਣ 'ਤੇ ਕਿਸੇ ਗੁਆਂਢੀ ਬਜ਼ੁਰਗ ਨੇ ਘੁੰਡੀ ਖੋਲ੍ਹਦਿਆਂ ਸਮਝਾਇਆ, "ਭਰਾ ਜੀ, ਵਿਧਵਾ ਹੋ ਜਾਣ ਵਾਲੀ ਨਿਭਾਗੀ ਜਨਾਨੀ ਕੋਲ ਰਹਿੰਦੀ ਜ਼ਿੰਦਗੀ ਗੁਜ਼ਾਰਨ ਲਈ ਦੋ ਰਾਹ ਹੁੰਦੇ ਨੇ; ਜਾਂ ਉਹ ਸਬਰ ਸੰਤੋਖ਼ ਨਾਲ ਦਿਨ-ਕਟੀ ਕਰ ਲਏ ਜਾਂ ਦੂਜੇ ਵਿਆਹ ਬਾਰੇ ਸੋਚ ਲਵੇ ਪਰ ਜਿਸ ਬੀਬੀ ਦਾ ਘਰ ਵਾਲਾ ਅਕਾਲੀ ਬਣ ਜਾਏ, ਉਹ ਕਰਮਾਂ ਮਾਰੀ ਨਾ ਸੁਹਾਗਣ, ਨਾ ਵਿਧਵਾ ਕਿਉਂਕਿ ਹਕੂਮਤ ਨੇ ਅਕਾਲੀ ਨੂੰ ਘਰੇ ਤਾਂ ਟਿਕਣ ਨਹੀਂ ਦੇਣਾ; ਜਾਂ ਘਰੋਂ ਫਰਾਰ ਰਹੂ ਜਾਂ ਫਿਰ ਜੇਲ੍ਹ ਵਿਚ। ਸੋ, ਅਕਾਲੀ ਪਤੀ ਦੀ ਪਤਨੀ ਹੋਣਾ ਇਸ ਪੱਖੋਂ ਵਿਧਵਾ ਹੋ ਜਾਣ ਤੋਂ ਵੀ ਕਿਤੇ ਵੱਧ ਭੈੜਾ ਗਿਣਿਆ ਜਾਂਦੈ।"

ਆਪਣੇ ਸਮਾਜ, ਦੇਸ਼ ਜਾਂ ਧਰਮ ਕੌਮ ਵਾਸਤੇ ਹਾਕਮਾਂ ਨਾਲ ਮੱਥਾ ਲਾ ਕੇ ਹਥਕੜੀਆਂ ਦੇ ਗਹਿਣੇ ਪਹਿਨਣ ਵਾਲਿਆਂ ਦੀਆਂ ਅਰਧਾਂਗਣੀਆਂ ਦੀ ਇਹ ਮੁੱਢ-ਕਦੀਮੀ ਤ੍ਰਾਸਦੀ ਰਹੀ ਹੈ। ਹੁਣ ਇਹੋ ਜਿਹੀ ਤ੍ਰਾਸਦੀ ਹੀ ਬੀਬੀ ਅੰਮ੍ਰਿਤ ਕੌਰ ਭੋਗ ਰਹੀ ਹੈ!

ਪੰਥ ਨਿਹਾਰੈ ਕਾਮਨੀ
ਲੋਚਨ ਭਰੀ ਲੇ ਉਸਾਸਾ॥

# ਗੁਰਸ਼ਰਨ:ਕਰੂਰ ਸਮਿਆਂ ਦੀ ਖਾਲਸ ਅਵਾਮੀ ਆਵਾਜ਼

*(ਸਫਾ 15 ਦੀ ਬਾਕੀ)*

ਆਰ.ਸੀ), ਸਫ਼ਦਰ ਹਾਸ਼ਮੀ ਯਾਦਗਾਰੀ ਟਰਸਟ (ਸਹਿਮਤ), ਜਨ ਸੰਸਕ੍ਰਿਤੀ ਮੰਚ ਅਤੇ ਦੇਸ਼ ਭਗਤ ਯਾਦਗਾਰੀ ਹਾਲ ਨਾਲ ਉਨ੍ਹਾਂ ਦਾ ਰਾਬਤਾ ਲਗਾਤਾਰ ਕਾਇਮ ਰਿਹਾ। ਇਉਂ ਉਹ ਅਜਿਹੀ ਇਨਕਲਾਬੀ ਸ਼ਖ਼ਸੀਅਤ ਵਜੋਂ ਉਭਰਦੇ ਹਨ ਜਿਨ੍ਹਾਂ ਦਾ ਘੇਰਾ ਪੰਜਾਬ ਤੱਕ ਮਹਿਦੂਦ ਨਹੀਂ ਸੀ। ਉਨ੍ਹਾਂ ਨੇ ਜਲੰਧਰ ਦੂਰਦਰਸ਼ਨ ਦੇ ਬਹੁਤ ਮਕਬੂਲ ਲੜੀਵਾਰ 'ਭਾਈ ਮੰਨਾ ਸਿੰਘ' ਵਿਚ ਮੁੱਖ ਕਿਰਦਾਰ ਅਦਾ ਕੀਤਾ। ਭਾਈ ਮੰਨਾ ਸਿੰਘ ਦਾ ਕਿਰਦਾਰ ਗੁਰਸ਼ਰਨ ਸਿੰਘ ਦੀ ਪਛਾਣ ਦਾ ਅਹਿਮ ਹਿੱਸਾ ਹੋ ਨਿਬੜਿਆ। ਅਜਿਹਾ ਬੰਦਾ ਜੋ ਰਾਜਤੰਤਰ ਦੇ ਭ੍ਰਿਸ਼ਟਾਚਾਰ ਖ਼ਿਲਾਫ਼ ਅਤੇ ਅਫ਼ਸਰਸ਼ਾਹੀ ਦੀ ਜਵਾਬਤਲਬੀ ਲਈ ਆਵਾਜ਼ ਬੁਲੰਦ ਕਰਦਾ ਹੈ।

ਗੁਰਸ਼ਰਨ ਸਿੰਘ ਨੂੰ ਸਾਹਿਤ ਅਕਾਡਮੀ ਐਵਾਰਡ, ਕਾਲੀਦਾਸ ਐਵਾਰਡ ਅਤੇ ਸੰਗੀਤ ਨਾਟਕ ਰਤਨ ਵਰਗੇ ਸਨਮਾਨਾਂ ਨਾਲ ਨਿਵਾਜਿਆ ਗਿਆ। ਸ਼ਾਇਦ ਉਨ੍ਹਾਂ ਦੀ ਜ਼ਿੰਦਗੀ ਦਾ ਸਭ ਤੋਂ ਯਾਦਗਾਰ ਪਲ 2006 ਦਾ ਕੁੱਸਾ ਪਿੰਡ ਵਿਚ ਹੋਇਆ ਸਨਮਾਨ ਸਮਾਗਮ ਹੋਵੇਗਾ। ਗੁਰਸ਼ਰਨ ਸਿੰਘ ਨੂੰ ਉਮਰ ਭਰ ਦੀ ਘਾਲਣਾ ਲਈ ਸਨਮਾਨਿਤ ਕਰਨ ਲਈ ਜੁੜੇ ਹਜ਼ਾਰਾਂ ਲੋਕਾਂ ਨੇ ਉਨ੍ਹਾਂ ਦੇ ਕੰਮ ਨੂੰ ਜਾਰੀ ਰੱਖਣ ਦਾ ਅਹਿਦ ਲਿਆ। ਪੰਜਾਬੀ ਕਹਾਣੀਕਾਰ ਵਰਿਆਮ ਸੰਧੂ ਨੇ ਉਸ ਮੌਕੇ ਦੀ ਆਪਣੀ ਤਕਰੀਰ ਵਿਚ ਕਿਹਾ ਸੀ, "ਗੁਰਸ਼ਰਨ ਸਿੰਘ ਤਾਉਮਰ ਸੰਗਤ ਵੱਲ ਮੂੰਹ ਕਰ ਕੇ ਤੁਰਿਆ ਹੈ। ਉਸ ਨੇ ਸਦਾ ਕਿਹਾ ਹੈ ਕਿ ਮੈਂ ਸੰਗਤ ਦਾ ਹਾਂ। ਅੱਜ ਸੰਗਤ ਨੇ ਗੁਰਸ਼ਰਨ ਸਿੰਘ ਨੂੰ ਕਿਹਾ ਹੈ ਕਿ ਗੁਰਸ਼ਰਨ ਸਿੰਘ ਤੂੰ ਸਾਡਾ ਹੈਂ ਅਤੇ ਅਸੀਂ ਤੇਰੇ ਹਾਂ।" ਸੰਗਤ ਨੇ ਉਸ ਵੇਲੇ 'ਗੁਰਸ਼ਰਨ ਭਾਅ ਜੀ ਯੁੱਗ ਯੁੱਗ ਜੀਵੇ' ਦੇ ਨਾਅਰਿਆਂ ਨਾਲ ਹੁੰਗਾਰਾ ਭਰਿਆ ਸੀ।

ਅਮਰੀਕਾ ਵਿਚ ਸਤੰਬਰ 2001 ਦੇ ਅਤਿਵਾਦੀ ਹਮਲਿਆਂ ਤੋਂ ਬਾਅਦ ਬਹੁਤ ਕੁਝ ਬਦਲ ਗਿਆ ਹੈ। ਗੁਜਰਾਤ ਦੇ ਕਤਲੇਆਮ ਅਤੇ ਭਾਰਤ ਦੀ ਸੰਸਦ ਉੱਤੇ ਹੋਏ ਹਮਲੇ ਤੋਂ ਬਾਅਦ ਸਰਕਾਰ ਦੇ ਬੇਦਲੀਲੇ ਹੁੰਗਾਰੇ ਅਤੇ ਬੁਨਿਆਦਪ੍ਰਸਤੀ ਦੇ ਉਭਾਰ ਨਾਲ ਅਵਾਮ ਉੱਤੇ ਤਸ਼ੱਦਦ ਵਿਚ ਵਾਧਾ ਹੋਇਆ। ਗੁਰਸ਼ਰਨ ਸਿੰਘ ਨੇ ਬੁਨਿਆਦਪ੍ਰਸਤੀ ਦੀ ਸਿਆਸਤ ਦਾ ਵਿਰੋਧ ਕੀਤਾ ਅਤੇ 'ਨਿਰਪੱਖ ਅਦਾਲਤੀ ਕਾਰਵਾਈ' ਨਾਲ ਜੁੜੀ ਮੁਹਿੰਮ ਵਿਚ ਸ਼ੁਮਾਰ ਹੋਏ। ਦਿੱਲੀ ਯੂਨੀਵਰਸਿਟੀ ਦੇ ਅਧਿਆਪਕ ਐਸ.ਏ.ਆਰ. ਗਿਲਾਨੀ ਦੀ ਰਾਹਤ ਲਈ ਬਣੀ 'ਆਲ ਇੰਡੀਆ ਡਿਫੈਂਸ ਕਮੇਟੀ ਫਾਰ ਐਸ.ਏ.ਆਰ.ਗਿਲਾਨੀ' ਦੇ ਹਮਾਇਤੀਆਂ ਵਿਚ ਗੁਰਸ਼ਰਨ ਸਿੰਘ ਸ਼ਾਮਿਲ ਸਨ। ਐਸ.ਏ.ਆਰ. ਗਿਲਾਨੀ ਨੇ ਹਾਈ ਕੋਰਟ ਤੋਂ ਬਰੀ ਹੋਣ ਤੋਂ ਬਾਅਦ ਜੇਲ੍ਹਾਂ ਵਿਚ ਗ਼ੈਰ-ਮਨੁੱਖੀ ਹਾਲਾਤ ਵਿਚ ਰਹਿ ਰਹੇ ਸਿਆਸੀ ਕੈਦੀਆਂ ਦਾ ਮਸਲਾ ਉਭਾਰਿਆ। ਜਦੋਂ ਸਿਆਸੀ ਕੈਦੀਆਂ ਅਤੇ ਹਿਰਾਸਤੀਆਂ ਦੀ ਰਾਹਤ ਲਈ 'ਸੁਸਾਇਟੀ ਫਾਰ ਦਾ ਪ੍ਰੋਟੈਕਸ਼ਨ ਆਫ਼ ਡੈਟਨੀਜ਼ ਅਤੇ ਪਰਿਜ਼ਨਰਜ਼ ਰਾਈਟਸ' (ਐਸ.ਪੀ.ਡੀ.ਪੀ.ਆਰ.) ਬਣੀ ਤਾਂ ਗੁਰਸ਼ਰਨ ਸਿੰਘ ਨੂੰ ਪ੍ਰਧਾਨ ਬਣਾਇਆ ਗਿਆ। ਸਿਆਸੀ ਕੈਦੀਆਂ ਦੀ ਵੰਨ-ਸਵੰਨਤਾ ਨਾਲ ਜੁੜੇ ਸਵਾਲਾਂ ਕਾਰਨ ਕਮੇਟੀ ਨੂੰ ਮੋਕਲਾ ਰੂਪ ਦਿੱਤਾ ਗਿਆ। 'ਕਮੇਟੀ ਫਾਰ ਦਾ ਰਲੀਜ਼ ਆਫ਼ ਪੋਲੀਟੀਕਲ ਪਰਿਜ਼ਨਰਜ਼' (ਸੀ.ਆਰ.ਪੀ.ਪੀ) ਦਾ ਬਾਨੀ ਪ੍ਰਧਾਨ ਵੀ ਗੁਰਸ਼ਰਨ ਸਿੰਘ ਨੂੰ ਬਣਾਇਆ ਗਿਆ। ਇਸ ਵਿਚ ਵੰਨ-ਸਵੰਨੀਆਂ ਤਬਦੀਲੀਪਸੰਦ ਸਿਆਸੀ ਲਹਿਰਾਂ ਦੇ ਲੋਕ ਸ਼ਾਮਿਲ ਕੀਤੇ ਗਏ। ਇਸੇ ਹਵਾਲੇ ਨਾਲ ਸੀ.ਆਰ.ਪੀ.ਪੀ ਦੇ ਕਾਰਜਕਾਰੀ ਪ੍ਰਧਾਨ ਐਸ.ਏ.ਆਰ.ਗਿਲਾਨੀ ਦਾ ਕਹਿਣਾ ਹੈ, "ਗੁਰਸ਼ਰਨ ਸਿੰਘ ਨੂੰ ਇਲਾਕੇ ਦੀਆਂ ਹੱਦਾਂ ਜਾਂ ਨਾਟ ਕਲਾਕਾਰ ਤੱਕ ਮਹਿਦੂਦ ਨਹੀਂ ਕੀਤਾ ਜਾ ਸਕਦਾ। ਉਹ ਪੂਰੀ ਦੁਨੀਆਂ ਵਿਚ ਸਰਕਾਰੀ ਤਸ਼ੱਦਦ ਦਾ ਸ਼ਿਕਾਰ ਅਵਾਮੀ ਲਹਿਰਾਂ ਦੇ ਹਮਦਰਦ ਸਨ। ਉਨ੍ਹਾਂ ਨੂੰ ਮਨੁੱਖੀ ਦਰਦਮੰਦੀ ਦੇ ਨਿਧੜਕ ਬੁਲਾਰੇ ਅਤੇ ਇਨਕਲਾਬੀ ਜ਼ੋਸ਼ ਲਈ ਯਾਦ ਕੀਤਾ ਜਾਵੇਗਾ।" ਗੁਰਸ਼ਰਨ ਸਿੰਘ ਕਸ਼ਮੀਰ ਦੀ ਖੁਦਮੁਖ਼ਤਾਰੀ ਦੇ ਨਿਧੜਕ ਅਲੰਬਰਦਾਰ ਸਨ। ਇਸੇ ਕਲੀ ਗਿਲਾਨੀ ਅੱਗੇ ਕਹਿੰਦਾ ਹੈ, "ਗੁਰਸ਼ਰਨ ਸਿੰਘ ਦੇ ਰੂਪ ਵਿਚ ਕਸ਼ਮੀਰ ਦਾ ਅਹਿਮ ਸਾਥੀ ਸਾਥੋਂ ਵਿਛੜ ਗਿਆ ਹੈ।" ਪੰਜਾਬ ਵਿਚ ਕੇਂਦਰੀ ਭਾਰਤ ਵਿਚ ਮਾਓਵਾਦੀ ਲਹਿਰ ਖ਼ਿਲਾਫ਼ ਚਲਦੇ ਅਪਰੇਸ਼ਨ ਗ੍ਰੀਨ ਹੰਟ ਦੇ ਵਿਰੋਧ ਵਿਚ ਬਣੀ ਕਮੇਟੀ ਦੇ ਕਨਵੀਨਰ ਗੁਰਸ਼ਰਨ ਸਿੰਘ ਸਨ।

ਗੁਰਸ਼ਰਨ ਸਿੰਘ ਆਪਣੇ ਵਿਰੋਧੀਆਂ ਅਤੇ ਲੋੜ ਪੈਣ ਉੱਤੇ ਆਪਣੇ ਸਾਥੀਆਂ ਦਾ ਵਿਰੋਧ ਕਰਨ ਦਾ ਜੇਰਾ ਸੀ। ਉਹ ਇਨਕਲਾਬੀ ਲਹਿਰਾਂ ਦੀਆਂ ਕਮਜ਼ੋਰੀਆਂ ਬਾਬਤ ਗੱਲਬਾਤ ਕਰਨ ਤੋਂ ਕਦੇ ਨਹੀਂ ਝਿਜਕੇ। ਨਿਧੜਕ ਬੁਲਾਰਾ ਹੋਣ ਦੇ ਨਾਲ ਉਹ ਸੁਹਿਰਦ ਸਰੋਤਾ ਸਨ ਜੋ ਆਪਣੀ ਆਲੋਚਨਾ ਸੁਣ ਸਕਦਾ ਸੀ ਅਤੇ ਇਨਕਲਾਬੀਆਂ ਦੀ ਏਕਤਾ ਚਾਹੁੰਦਾ ਸੀ। ਗੁਰਸ਼ਰਨ ਸਿੰਘ ਸਾਡੇ ਸਮਿਆਂ ਦੀ ਉਹ ਵਾਰਤਕ ਹੈ ਜੋ ਬੇਇਨਸਾਫ਼ੀ, ਨਾਬਰਾਬਰੀ ਅਤੇ ਵਿਤਕਰੇ ਦੇ ਗਲਪ ਨੂੰ ਸਿੱਧਾ ਸਵਾਲ ਕਰਦਾ ਹੈ। ਉਹ ਸੁਹਜ ਭਰਪੂਰ ਅਤੇ ਮਾਣ ਭਰੀ ਜ਼ਿੰਦਗੀ ਦਾ ਆਸ਼ਕ ਸੀ। ਇਸ ਸੁਫ਼ਨੇ ਦੀ ਪੂਰਤੀ ਲਈ ਚਲਦੇ ਉਪਰਾਲੇ ਵਿਚ ਹੀ ਗੁਰਸ਼ਰਨ ਸਿੰਘ ਦੇ ਨਾਟਕਾਂ ਦਾ ਸੁਹਜ ਨਿਹਤ ਹੈ। ਗੁਰਸ਼ਰਨ ਸਿੰਘ ਦੇ ਪਿਛੋਕੜ ਵਿਚ ਕੀ ਰੀਤ ਕੰਮ ਕਰਦੀ ਹੈ ਅਤੇ ਉਹ ਕਿਹੋ ਜਿਹੀ ਵਿਰਾਸਤ ਛੱਡ ਗਏ ਹਨ? ਇਹ ਸਵਾਲ ਆਉਂਦੇ ਸਮੇਂ ਵਿਚ ਸਾਡੀ ਦਿਲਚਸਪੀ ਦਾ ਸਬੱਬ ਬਣਦੇ ਰਹਿਣਗੇ। ਇਹ ਤੈਅ ਹੈ ਕਿ ਗੁਰਸ਼ਰਨ ਸਿੰਘ ਨੂੰ ਸ਼ਹੀਦ ਭਗਤ ਸਿੰਘ ਵਾਂਗ ਹੀ ਸੰਘਰਸ਼ਾਂ ਦੇ ਪਿੜ ਵਿਚ ਉਦੋਂ ਤੱਕ ਯਾਦ ਕੀਤਾ ਜਾਵੇਗਾ ਜਦੋਂ ਤੱਕ 'ਮਨੁੱਖ ਹੱਥੋਂ ਮਨੁੱਖ ਦੀ ਲੁੱਟਖਸੁੱਟ ਜਾਰੀ ਹੈ।' ਕੰਪਿਊਟਰ ਦੀ ਸਿਰਜੀ 'ਵਰਚੁਅਲ ਰਿਐਲਟੀ' ਅਤੇ ਦਰਬਾਨ ਪੱਤਰਕਾਰਾਂ ਦੀ ਉਸਾਰੀ 'ਸਹਿਮਤੀ' ਦੇ ਦੌਰ ਵਿਚ ਗੁਰਸ਼ਰਨ ਸਿੰਘ ਅਵਾਮੀ ਵਾਰਤਕ ਦਾ ਬੇਜੋੜ ਨਮੂਨਾ ਹੈ। ਆਉਣ ਵਾਲੇ ਸਮੇਂ ਵਿਚ ਇਹ ਮੰਨਵਾਉਣਾ ਔਖਾ ਹੋਏਗਾ ਕਿ 'ਅਜਿਹਾ ਮਨੁੱਖ ਵੀ ਹੋਇਆ ਸੀ।'

# ਕੀਨੀ ਦਇਆ ਗੋਪਾਲ ਗੁਸਾਈ॥

## ਗੁਰਬਾਣੀ ਗਿਆਨ

ੴ ਸਤਿਗੁਰ ਪ੍ਰਸਾਦਿ॥
ਮਾਝ ਮਹਲਾ 5
ਕੀਨੀ ਦਇਆ ਗੋਪਾਲ ਗੁਸਾਈ॥
ਗੁਰ ਕੇ ਚਰਣ ਵਸੇ ਮਨ ਮਾਹੀ॥
ਅੰਗੀਕਾਰੁ ਕੀਆ ਤਿਨਿ ਕਰਤੈ
ਦੁਖ ਕਾ ਡੇਰਾ ਢਾਹਿਆ ਜੀਉ॥
ਮਨਿ ਤਨਿ ਵਸਿਆ ਸਚਾ ਸੋਈ॥
ਬਿਖੜਾ ਥਾਨੁ ਨ ਦਿਸੈ ਕੋਈ॥
ਦੂਤ ਦੁਸਮਣ ਸਭਿ ਸਜਣ ਹੋਏ
ਏਕੋ ਸੁਆਮੀ ਆਹਿਆ ਜੀਉ॥
ਜੋ ਕਿਛੁ ਕਰੇ ਸੁ ਆਪੇ ਆਪੈ॥
ਬੁਧਿ ਸਿਆਣਪ ਕਿਛੂ ਨ ਜਾਪੈ॥
ਆਪਣਿਆ ਸੰਤਾ ਨੋ ਆਪਿ ਸਹਾਈ
ਪ੍ਰਭਿ ਭਰਮ ਭੁਲਾਵਾ ਲਾਹਿਆ ਜੀਉ॥
ਚਰਣ ਕਮਲ ਜਨ ਕਾ ਆਧਾਰੋ॥
ਆਠ ਪਹਰ ਰਾਮ ਨਾਮੁ ਵਾਪਾਰੋ॥
ਸਹਜ ਅਨੰਦ ਗਾਵਹਿ ਗੁਣ ਗੋਵਿੰਦ
ਪ੍ਰਭ ਨਾਨਕ ਸਰਬ ਸਮਾਹਿਆ ਜੀਉ॥

ਇਸ ਸ਼ਬਦ ਅੰਦਰ ਗੁਰਦੇਵ ਫੁਰਮਾਉਂਦੇ ਹਨ ਕਿ ਹੇ ਭਾਈ! ਇਸ ਜਗਤ ਦੇ ਪਾਲਣਹਾਰ ਮਾਲਿਕ ਨੇ ਜਿਨ੍ਹਾਂ ਜੀਵਾਂ 'ਤੇ ਆਪਣੀ ਕਿਰਪਾ ਕਰ ਦਿੱਤੀ, ਉਨ੍ਹਾਂ ਜੀਵਾਂ ਦੇ ਹਿਰਦੇ ਵਿਚ ਗੁਰੂ ਦੇ ਚਰਨਾਂ ਦਾ ਨਿਵਾਸ ਭੀ ਹੋ ਗਿਆ ਅਤੇ ਉਨ੍ਹਾਂ ਨੂੰ ਅੰਗੀਕਾਰ, ਭਾਵ ਕਰਤਾ ਪੁਰਖ ਪ੍ਰਭੂ ਨੇ ਪ੍ਰਵਾਨ ਭੀ ਕਰ ਲਿਆ ਅਤੇ ਪ੍ਰਭੂ ਨੇ ਜਿਨ੍ਹਾਂ ਜੀਵਾਂ ਨੂੰ ਅਪਨਾ ਲਿਆ, ਉਨ੍ਹਾਂ ਦੇ ਸਾਰੇ ਹੀ ਦੁੱਖਾਂ ਦਾ ਖਾਤਮਾ ਕਰ ਦਿੱਤਾ।

ਮਨਿ ਤਨਿ ਵਸਿਆ ਸਚਾ ਸੋਈ॥
ਬਿਖੜਾ ਥਾਨੁ ਨ ਦਿਸੈ ਕੋਈ॥
ਦੂਤ ਦੁਸਮਣ ਸਭਿ ਸਜਣ ਹੋਏ
ਏਕੋ ਸੁਆਮੀ ਆਹਿਆ ਜੀਉ॥

ਹੇ ਭਾਈ! ਜਿਨ੍ਹਾਂ ਜੀਵਾਂ ਦੇ ਮਨ ਅਤੇ ਤਨ, ਭਾਵ ਸਰੀਰ ਵਿਚ ਭੀ ਉਹ ਸੱਚਾ ਪਿਤਾ ਪ੍ਰਮੇਸ਼ਰ ਜਦੋਂ ਨਿਵਾਸ ਕਰ ਲੈਂਦਾ ਹੈ ਤਾਂ ਬਿਖੜਾ ਥਾਨ ਭਾਵ ਫਿਰ ਇਸ ਸੰਸਾਰਕ ਜੀਵਨ ਦੇ ਸਫ਼ਰ ਵਿਚ ਕੋਈ ਥਾਂ ਔਖਾ ਜਾਂ ਮੁਸ਼ਕਿਲ ਦਿਖਾਈ ਨਹੀਂ ਦਿੰਦਾ ਅਤੇ ਹੇ ਭਾਈ! ਜਦੋਂ ਜੀਵਾਂ ਦਾ ਪਿਆਰ ਉਸ ਪ੍ਰਭੂ ਪ੍ਰਮੇਸ਼ਵਰ ਦੇ ਚਰਨਾਂ ਨਾਲ ਬਣ ਜਾਵੇ ਤਾਂ ਪ੍ਰਭੂ ਦੀ ਕ੍ਰਿਪਾ ਨਾਲ ਸਾਰੇ ਹੀ ਆਤਮਿਕ ਅਤੇ ਸੰਸਾਰਕ ਦੋਖੀ ਅਤੇ ਦੁਸ਼ਮਣ ਵੀ ਸੱਜਣ ਬਣ ਜਾਂਦੇ ਹਨ।

ਜੋ ਕਿਛੁ ਕਰੇ ਸੁ ਆਪੇ ਆਪੈ॥
ਬੁਧਿ ਸਿਆਣਪ ਕਿਛੂ ਨ ਜਾਪੈ॥
ਆਪਣਿਆ ਸੰਤਾ ਨੋ ਆਪਿ ਸਹਾਈ
ਪ੍ਰਭਿ ਭਰਮ ਭੁਲਾਵਾ ਲਾਹਿਆ ਜੀਉ॥

ਹੇ ਭਾਈ! ਉਹ ਮਿਹਰਬਾਨ ਪ੍ਰਭੂ ਜਦੋਂ ਜੀਵਾਂ ਦੇ ਅੰਦਰੋਂ ਭਰਮ ਅਤੇ ਭੁਲੇਖੇ ਦੂਰ ਕਰ ਦਿੰਦਾ ਹੈ ਤਾਂ ਨਾਮ ਸਿਮਰਨ ਸਦਕਾ ਜੀਵਾਂ ਦੇ ਅੰਦਰ ਇਹ ਨਿਸ਼ਚਾ ਹੀ ਬਣ ਜਾਂਦਾ ਹੈ ਕਿ ਉਹ ਪ੍ਰਮੇਸ਼ਰ ਜੋ ਭੀ ਕਰਦਾ ਹੈ, ਆਪ ਅਤੇ ਆਪਣੇ ਆਪ ਤੋਂ ਹੀ ਕਰਦਾ ਹੈ। ਉਸ ਦੇ ਅੱਗੇ ਕਿਸੇ ਵੀ ਜੀਵ ਦੀ ਸਿਆਣਪ, ਬੁੱਧੀ ਕੰਮ ਨਹੀਂ ਕਰ ਸਕਦੀ ਅਤੇ ਉਹ ਸਾਰੇ ਹੀ ਸੰਸਾਰ ਦਾ ਰਚਨਹਾਰ ਪਿਤਾ ਪ੍ਰਭੂ ਆਪਣੇ ਸੰਤਾਂ ਅਤੇ ਭਗਤਾਂ, ਭਾਵ ਆਪਣੇ ਸੇਵਕਾਂ ਦੀ ਸਦਾ ਆਪ ਹੀ ਸਹਾਇਤਾ ਭੀ ਕਰਦਾ ਹੈ; ਤਾਂ ਤੇ ਹੇ ਭਾਈ! ਉਸ ਪਾਲਣਹਾਰ ਪ੍ਰਭੂ ਦਾ ਸਿਮਰਨ ਸਦਾ ਹੀ ਕਰਨਾ ਚਾਹੀਏ।

ਚਰਣ ਕਮਲ ਜਨ ਕਾ ਆਧਾਰੋ॥
ਆਠ ਪਹਰ ਰਾਮ ਨਾਮੁ ਵਾਪਾਰੋ॥
ਸਹਜ ਅਨੰਦ ਗਾਵਹਿ ਗੁਣ ਗੋਵਿੰਦ
ਪ੍ਰਭ ਨਾਨਕ ਸਰਬ ਸਮਾਹਿਆ ਜੀਉ॥

ਸ਼ਬਦ ਦੇ ਅੰਤ ਵਿਚ ਸਤਿਗੁਰੂ ਆਖਦੇ ਹਨ ਕਿ ਹੇ ਭਾਈ! ਉਸ ਪ੍ਰਭੂ ਦੇ ਚਰਨਾਂ ਦਾ ਜੋ ਜੀਵ ਧਿਆਨ ਧਰਦੇ ਹਨ ਤਾਂ ਪ੍ਰਭੂ ਦੇ ਚਰਨ ਹੀ ਉਨ੍ਹਾਂ ਜੀਵਾਂ ਦਾ ਆਧਾਰ, ਭਾਵ ਆਸਰਾ ਬਣ ਜਾਂਦੇ ਹਨ ਅਤੇ ਪ੍ਰਭੂ ਦੇ ਪਿਆਰੇ ਅੱਠੇ ਪਹਿਰ ਹੀ ਪ੍ਰਭੂ ਦੇ ਨਾਮ ਦਾ ਵਪਾਰ, ਭਾਵ ਸਿਮਰਨ ਕਰਕੇ ਲਾਹਾ ਲੈਂਦੇ ਹਨ। ਹੇ ਨਾਨਕ! ਜੋ ਜੀਵ ਸਹਿਜ ਅਵਸਥਾ ਵਿਚ ਰਹਿ ਕੇ, ਭਾਵ ਅਡੋਲ ਰਹਿ ਕੇ ਉਸ ਗੋਵਿੰਦ, ਭਾਵ ਪ੍ਰਭੂ ਦੇ ਗੁਣਾਂ ਦਾ ਗਾਇਨ ਕਰਦੇ ਹਨ, ਉਹ ਪ੍ਰਭੂ ਦੀ ਬਖਸ਼ਿਸ਼ ਦੇ ਪਾਤਰ ਬਣ ਜਾਂਦੇ ਹਨ ਜੋ ਸਾਰੇ ਹੀ ਜੀਵਾਂ ਦੇ ਅੰਦਰ ਸਮਾ ਰਿਹਾ ਹੈ, ਭਾਵ ਵੱਸਦਾ ਹੈ।

ਸਾਧ ਸੰਗਤ ਜੀ! ਦੇਹਧਾਰੀ ਗੁਰੂਆਂ ਨੂੰ ਤੱਜ ਕੇ ਸ਼ਬਦ ਗੁਰੂ ਨਾਲ ਜੁੜੀਏ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***
***ਫੋਨ:916-687-3536***

# ਇੰਨੀ ਛੇਤੀ ਹਾਰ ਨਹੀਂ ਮੰਨਦਾ ਰਾਵਣ

## ਸਿਆਸਤ ਦਾ ਪਿੜ



ਜਤਿੰਦਰ ਪਨੂੰ

***ਅਸੀਂ ਨਿੱਜੀ ਤੌਰ 'ਤੇ ਰਾਵਣ ਨੂੰ ਦੈਂਤ ਨਹੀਂ ਮੰਨਦੇ ਸਗੋਂ ਆਰੀਆ ਅਤੇ ਦਰਾਵਿੜਾਂ ਦੀ ਲੜਾਈ ਵਿਚ ਹਾਰ ਗਈ ਧਿਰ ਦਾ ਆਗੂ ਮੰਨਦੇ ਹਾਂ ਜਿਸ ਨੂੰ ਪਿੱਛੋਂ ਬਦਨਾਮ ਕੀਤਾ ਗਿਆ ਸੀ ਪਰ ਉਹਨੂੰ ਸਚਮੁੱਚ ਇਤਿਹਾਸ ਦਾ ਪਾਤਰ ਮੰਨਦੇ ਲੋਕਾਂ ਨੂੰ ਵੀ ਮੰਨ ਲੈਣਾ ਚਾਹੀਦਾ ਹੈ ਕਿ ਉਹ ਜੇ ਬੁਰਾ ਸੀ ਤਾਂ ਬੁਰਾ ਸੀ, ਇੰਨਾ ਸੌਖਾ ਮਰਨ ਨੂੰ ਤਿਆਰ ਨਹੀਂ ਹੈ। ਜੇ ਰਾਵਣ ਮਾੜਾ ਸੀ ਤਾਂ ਉਸ ਨੂੰ ਹਰ ਸਾਲ ਮਾਰਨ ਵਾਲੇ ਕਿਹੜੇ ਰਾਮ ਵਾਲੇ ਕਿਰਦਾਰ ਦੇ ਸਵਾਮੀ ਹਨ? ਛੱਤੀ ਕਿਸਮ ਦੇ ਦੋਸ਼ਾਂ ਦੀ ਲਪੇਟ ਵਿਚ ਆਏ ਹੋਏ ਲੀਡਰ ਉਸ ਨੂੰ ਅੱਗ ਲਾ ਕੇ ਬਦੀ ਉੱਤੇ ਨੇਕੀ ਦੀ ਜਿੱਤ ਦਾ ਐਲਾਨ ਕਰਦੇ ਹਨ। ਪੰਜਾਬੀ ਦਾ ਮੁਹਾਵਰਾ ਹੈ ਕਿ 'ਜਿਹੋ ਜਿਹੇ ਮਰਨ ਵਾਲੇ, ਓਹੋ ਜਿਹੇ ਫੂਕਣ ਵਾਲੇ।' ਰਾਵਣ ਦੇ ਮਾਮਲੇ ਵਿਚ ਜਦੋਂ ਇਸ ਪਿੱਛੇ ਛੁਪੇ ਕੌੜੇ ਸੱਚ ਬਾਰੇ ਸਭ ਨੂੰ ਪਤਾ ਹੈ ਕਿ ਅੱਗ ਲਾਉਣ ਵਾਲੇ ਵੀ ਉਸੇ ਵਰਗੇ ਹਨ ਤਾਂ ਅੰਨਾ ਹਜ਼ਾਰੇ ਜਾਂ ਕੋਈ ਹੋਰ ਇਹ ਆਸ ਹੀ ਕਿਉਂ ਕਰੇ ਕਿ ਰਾਵਣ ਇੰਨੀ ਸੌਖੀ ਤਰ੍ਹਾਂ ਮਰਨ ਨੂੰ ਤਿਆਰ ਹੋ ਜਾਵੇਗਾ?***

ਭ੍ਰਿਸ਼ਟਾਚਾਰ ਇਸ ਵਕਤ ਭਾਰਤ ਦੀ ਰਾਜਨੀਤੀ ਦਾ ਏਜੰਡਾ ਨੰਬਰ ਇਕ ਬਣ ਗਿਆ ਨਜ਼ਰ ਆਉਂਦਾ ਹੈ। ਕਿਸੇ ਵੀ ਪਾਰਟੀ ਦੇ ਕਿਸੇ ਵੀ ਆਗੂ ਨੂੰ ਸੁਣ ਲਓ, ਉਹ ਇਸ ਦੀ ਚਰਚਾ ਕਰਨਾ ਆਪਣੇ ਭਾਸ਼ਣ ਲਈ ਭੂਮਿਕਾ ਵੀ ਸਮਝਦਾ ਹੈ ਤੇ ਸਮਾਪਤੀ ਦੇ ਸ਼ਬਦ ਵੀ। ਜਿਨ੍ਹਾਂ ਆਗੂਆਂ ਦੀ ਚਰਚਾ ਭ੍ਰਿਸ਼ਟਾਚਾਰ ਦੇ ਕੇਸਾਂ ਵਿਚ ਜ਼ਿਆਦਾ ਹੁੰਦੀ ਹੈ, ਉਹ ਜਦੋਂ ਹੋਰ ਲੋਕਾਂ ਨਾਲੋਂ ਵੀ ਵੱਧ ਇਸ ਦੀ ਚਰਚਾ ਕਰਦੇ ਹਨ ਤਾਂ ਆਮ ਆਦਮੀ ਹੈਰਾਨ ਹੋ ਕੇ ਇਹ ਸੋਚਣ ਲੱਗ ਪੈਂਦਾ ਹੈ ਕਿ ਫਿਰ ਭ੍ਰਿਸ਼ਟਾਚਾਰ ਕਰ ਕੌਣ ਰਿਹਾ ਹੈ? ਕਿਧਰੇ ਇਹ ਸਾਰੇ ਆਗੂ ਅੰਤ ਨੂੰ ਆਪਣੇ ਆਪ ਨੂੰ ਦੁੱਧ ਧੋਤਾ ਕਹਿਣ ਵਾਸਤੇ ਦੇਸ਼ ਦੇ ਆਮ ਆਦਮੀ ਨੂੰ ਹੀ ਭ੍ਰਿਸ਼ਟਾਚਾਰ ਦਾ ਦੋਸ਼ੀ ਗਰਦਾਨ ਕੇ ਫਾਂਸੀ ਤਾਂ ਨਹੀਂ ਚਾੜ੍ਹ ਦੇਣਗੇ?

ਸਾਡੇ ਕੋਲ ਪਿਛਲੇ ਦਿਨਾਂ ਵਿਚ ਭ੍ਰਿਸ਼ਟਾਚਾਰ ਵਿਰੋਧੀ ਜਿਹੜੀ ਲਹਿਰ ਸਭ ਤੋਂ ਵੱਧ ਚਰਚਿਤ ਹੋਈ ਸੀ, ਉਸ ਦੀ ਅਗਵਾਈ ਕਰਨ ਵਾਲੇ ਅੰਨਾ ਹਜ਼ਾਰੇ ਦਾ ਸਤਿਕਾਰ ਅਸੀਂ ਕਿਸੇ ਵੀ ਹੋਰ ਤੋਂ ਘੱਟ ਨਹੀਂ ਕਰਦੇ। ਉਹ ਸੇਵਾ-ਭਾਵੀ ਬੰਦਾ ਹੈ ਜਿਸ ਨੇ ਫੌਜ ਦੀ ਨੌਕਰੀ ਛੱਡਣ ਮਗਰੋਂ ਆਪਣੀ ਸਾਰੀ ਬੱਚਤ ਲੋਕ ਭਲਾਈ ਦੇ ਕਾਰਜਾਂ ਲਈ ਦਾਨ ਦੇ ਦਿੱਤੀ ਅਤੇ ਫਿਰ ਸਾਂਝੇ ਸਮਾਜੀ ਫਰਜ਼ਾਂ ਦੀ ਪੂਰਤੀ ਲਈ ਨਿਕਲ ਤੁਰਿਆ। ਇੰਨਾ ਜ਼ਿਆਦਾ ਸਤਿਕਾਰ ਅਸੀਂ ਜਿਸ ਬੰਦੇ ਲਈ ਪੇਸ਼ ਕਰ ਰਹੇ ਹਾਂ, ਉਸ ਨੂੰ ਜਦੋਂ ਉਹਦੇ ਪਿੰਡ ਵਿਚ ਲੱਗੀ ਕਈ ਪਿੰਡਾਂ ਦੀ ਪੰਚਾਇਤ ਵਿਚ ਸਰਬ ਸੰਮਤੀ ਨਾਲ ਮਤਾ ਪਾਸ ਕਰ ਕੇ 'ਮਹਾਤਮਾ' ਦਾ ਦਰਜਾ ਦਿੱਤਾ ਗਿਆ ਤਾਂ ਉਹਨੇ ਲੈਣ ਤੋਂ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ 'ਮਹਾਤਮਾ' ਬਣਨ ਨਾਲ ਉਹ ਆਮ ਲੋਕਾਂ ਤੋਂ ਦੂਰ ਹੋ ਜਾਵੇਗਾ। ਬਹੁਤ ਚੰਗੀ ਗੱਲ ਹੈ ਕਿ ਉਹ ਆਮ ਆਦਮੀ ਰਹਿਣਾ ਚਾਹੁੰਦਾ ਹੈ ਅਤੇ ਆਪਣੇ ਆਪ ਨੂੰ ਮਹਾਤਮਾ ਨਹੀਂ ਕਹਾਉਣਾ ਚਾਹੁੰਦਾ ਪਰ ਸਾਨੂੰ ਇਹ ਗੱਲ ਚੰਗੀ ਨਹੀਂ ਲੱਗੀ ਕਿ ਇੰਨਾ ਨੇਕ ਬੰਦਾ ਕੇਂਦਰੀ ਮੰਤਰੀ ਵਿਲਾਸ ਰਾਓ ਦੇਸ਼ਮੁਖ ਨਾਲ ਨੇੜਤਾ ਨੂੰ ਆਪਣੇ ਲਈ ਬੜੇ ਮਾਣ ਦੀ ਗੱਲ ਸਮਝਦਾ ਤੇ ਬਿਨਾਂ ਝਿਜਕ ਸਭ ਦੇ ਸਾਹਮਣੇ ਵਾਰ-ਵਾਰ ਐਲਾਨ ਵੀ ਕਰੀ ਜਾਂਦਾ ਹੈ।

ਅੰਨਾ ਬਾਬਾ ਆਖਦਾ ਹੈ ਕਿ ਦਿੱਲੀ ਦੇ ਰਾਮ ਲੀਲ੍ਹਾ ਮੈਦਾਨ ਵਿਚ ਉਹਦੇ ਵਰਤ ਮੌਕੇ ਦੋ ਕੇਂਦਰੀ ਮੰਤਰੀਆਂ ਅਤੇ ਉਹਦੀ ਟੀਮ ਦੇ ਦੋ ਮੈਂਬਰਾਂ ਵਿਚ ਜਦੋਂ ਗੱਲ ਫਸ ਗਈ ਤਾਂ ਵਿਲਾਸ ਰਾਓ ਦੇਸ਼ਮੁਖ ਅੱਗੇ ਆਇਆ ਸੀ ਜਿਸ ਨਾਲ ਪੁਰਾਣੀ ਜਾਣ-ਪਛਾਣ ਹੈ, ਤੇ ਉਸ ਨੇ ਮਾਮਲੇ ਦਾ ਨਿਬੇੜਾ ਕਰਨ ਵਿਚ ਚੰਗੀ ਭੂਮਿਕਾ ਨਿਭਾਈ ਸੀ। ਲੋਕ ਜਾਣਦੇ ਹਨ ਕਿ ਇਹ ਵਿਲਾਸ ਰਾਓ ਦੇਸ਼ਮੁਖ ਕੌਣ ਹੈ। ਮੁੰਬਈ ਵਿਚ ਸਭ ਤੋਂ ਵੱਡੇ ਦਹਿਸ਼ਤਗਰਦ ਹਮਲੇ ਵੇਲੇ ਉਹ ਮਹਾਰਾਸ਼ਟਰ ਦਾ ਮੁੱਖ ਮੰਤਰੀ ਹੁੰਦਾ ਸੀ ਤੇ ਗੈਰ-ਜ਼ਿੰਮੇਵਾਰ ਵਤੀਰੇ ਕਾਰਨ ਉਸ ਨੂੰ ਗੱਦੀ ਛੱਡਣੀ ਪਈ ਸੀ। ਪਿੱਛੋਂ ਉਹ ਉਸ ਸਭ ਤੋਂ ਵੱਡੇ ਪਾਪ ਦੇ ਮੋਢੀਆਂ ਵਿਚ ਗਿਣਿਆ ਗਿਆ ਜਿਹੜਾ ਕਾਰਗਿਲ ਦੇ ਸ਼ਹੀਦਾਂ ਦੇ ਨਾਂ ਉੱਤੇ ਆਦਰਸ਼ ਸੁਸਾਇਟੀ ਬਣਾ ਕੇ ਫੌਜ ਅਤੇ ਸਿਵਲ ਦੇ ਕੁਝ ਅਫਸਰਾਂ ਤੇ ਆਗੂਆਂ ਨੇ ਕੀਤਾ ਸੀ। ਅਦਾਲਤ ਵਿਚ ਭ੍ਰਿਸ਼ਟਾਚਾਰ ਦੇ ਦੋਸ਼ ਹੇਠ ਪੇਸ਼ੀਆਂ ਭਰ ਰਹੇ ਉਸ ਆਗੂ ਨਾਲ ਆਪਣੇ ਨੇੜਲੇ ਸਬੰਧਾਂ ਦੀ ਗੱਲ ਬਾਬਾ ਅੰਨਾ ਇੰਨੇ ਮਾਣ ਨਾਲ ਆਖਰ ਕਿਉਂ ਕਰਦਾ ਹੈ?

ਹੁਣ ਅੰਨਾ ਹਜ਼ਾਰੇ ਨੇ ਕਹਿ ਦਿੱਤਾ ਹੈ ਕਿ ਹਿਸਾਰ ਵਿਚ ਲੋਕ ਕਾਂਗਰਸ ਦੇ ਵਿਰੁੱਧ ਉਸ ਨੂੰ ਵੋਟਾਂ ਪਾਉਣ ਜਿਹੜਾ ਉਹਨੂੰ ਹਰਾ ਸਕਦਾ ਹੋਵੇ। ਵਿਰੋਧ ਵਿਚ ਸਿਰਫ ਦੋ ਜਣੇ ਹਨ। ਇਕ ਓਮ ਪ੍ਰਕਾਸ਼ ਚੌਟਾਲਾ ਦਾ ਪੁੱਤਰ ਜਿਨ੍ਹਾਂ ਦਾ ਸਾਰਾ ਟੱਬਰ ਭ੍ਰਿਸ਼ਟਾਚਾਰ ਦੇ ਕੇਸਾਂ ਵਿਚ ਤਰੀਕਾਂ ਭੁਗਤ ਰਿਹਾ ਹੈ। ਦੂਸਰਾ ਕੁਲਦੀਪ ਬਿਸ਼ਨੋਈ ਹੈ ਜਿਸ ਦਾ ਬਾਪ ਚੌਧਰੀ ਭਜਨ ਲਾਲ ਕਦੇ ਹਰਿਆਣੇ ਦਾ ਮੁੱਖ ਮੰਤਰੀ ਹੁੰਦਾ ਸੀ ਅਤੇ ਉਹ ਭ੍ਰਿਸ਼ਟਾਚਾਰ ਦੇ ਪੱਖ ਤੋਂ ਕਿੰਨਾ ਬਦਨਾਮ ਸੀ, ਇਹ ਕਿਸੇ ਨੂੰ ਦੱਸਣ ਦੀ ਲੋੜ ਨਹੀਂ। ਬਾਬਾ ਅੰਨਾ ਹਜ਼ਾਰੇ ਦੇ ਇਸ ਬਿਆਨ ਪਿੱਛੋਂ ਲੋਕਾਂ ਕੋਲ ਦੋ ਬਦਲ ਬਚਦੇ ਹਨ ਕਿ ਉਹ ਚੌਟਾਲੇ ਜਾਂ ਭਜਨ ਲਾਲ ਦੇ ਟੱਬਰ ਵਿਚੋਂ ਇਕ ਦੀ ਚੋਣ ਕਰ ਲੈਣ। ਜ਼ਿਆਦਾ ਚੰਗਾ ਹੁੰਦਾ ਕਿ ਅੰਨਾ ਹਜ਼ਾਰੇ ਨੇ ਪਹਿਲਾਂ ਵਾਲੀ ਆਪਣੀ ਉਸ ਗੱਲ ਉੱਤੇ ਪਹਿਰਾ ਦਿੱਤਾ ਹੁੰਦਾ ਕਿ ਉਹ ਰਾਜਨੀਤੀ ਵਿਚ ਸਰਕਾਰਾਂ ਨੂੰ ਬਦਲਣ ਦੀ ਥਾਂ ਸਰਕਾਰਾਂ ਦਾ ਵਿਹਾਰ ਬਦਲਣ ਦੀ ਲੜਾਈ ਲੜੇਗਾ। ਦਿੱਲੀ ਦੇ ਰਾਮ ਲੀਲ੍ਹਾ ਮੈਦਾਨ ਵਿਚ ਉਸ ਨੇ ਕਿਹਾ ਸੀ ਕਿ ਜੇ ਭ੍ਰਿਸ਼ਟਾਚਾਰ ਦੀ ਐਮ.ਏ. ਪਾਸ ਸਰਕਾਰ ਵਿਰੁੱਧ ਵੋਟਾਂ ਪਾ ਕੇ ਬਦਲ ਦੇਈਏ, ਦੂਜੀ ਭ੍ਰਿਸ਼ਟਾਚਾਰ ਵਿਚ ਪੀਐਚ.ਡੀ ਕਰਨ ਵਾਲੀ ਆ ਜਾਂਦੀ ਹੈ, ਇਸ ਲਈ ਸਰਕਾਰਾਂ ਬਦਲਣ ਦੀ ਥਾਂ ਸਰਕਾਰਾਂ ਨੂੰ ਮਜਬੂਰ ਕਰਨਾ ਹੈ ਕਿ ਉਹ ਭ੍ਰਿਸ਼ਟਾਚਾਰ ਨੂੰ ਰੋਕ ਲਾਉਣ ਤੇ ਕਾਨੂੰਨ ਮੁਤਾਬਕ ਚੱਲਣ। ਓਹੋ ਬਾਬਾ ਅੰਨਾ ਹੁਣ ਆਪਣੀ ਪੁਰਾਣੀ ਧਾਰਨਾ ਛੱਡ ਕੇ ਰਾਜਨੀਤੀ ਦੇ ਉਸ ਅਖਾੜੇ ਵਿਚ ਕੁੱਦਣ ਲੱਗਾ ਹੈ ਜਿੱਥੇ ਚਿੱਕੜ ਦੀਆਂ ਛਿੱਟਾਂ ਪੈਣੀਆਂ ਹੀ ਪੈਣੀਆਂ ਹਨ।



ਭਾਰਤੀ ਰਾਜਨੀਤੀ ਵਿਚ ਭ੍ਰਿਸ਼ਟਾਚਾਰ ਦੀ ਲਾਗ ਨੇ ਜਿਹੜਾ ਹਾਲ ਕੀਤਾ ਪਿਆ ਹੈ, ਉਸ ਦਾ ਪਤਾ ਜੰਮੂ ਕਸ਼ਮੀਰ ਵਿਚ ਹੋਈ ਉਸ ਮੌਤ ਤੋਂ ਲੱਗ ਜਾਂਦਾ ਹੈ ਜਿਹੜੀ ਮੁੱਖ ਮੰਤਰੀ ਉਮਰ ਅਬਦੁੱਲਾ ਦੇ ਨਾਂ ਲੱਗ ਰਹੀ ਹੈ। ਸਭ ਨੂੰ ਪਤਾ ਹੈ ਕਿ ਮੁੱਖ ਮੰਤਰੀਆਂ ਨੇ ਪੈਸੇ ਇਕੱਠੇ ਕਰਨ ਲਈ ਬੰਦੇ ਰੱਖੇ ਹੁੰਦੇ ਹਨ। ਉਮਰ ਅਬਦੁੱਲਾ ਦੇ ਨਾਂ ਲੱਗ ਰਿਹਾ ਬੰਦਾ ਵੀ ਇਸੇ ਕਿਸਮ ਦਾ ਸੀ। ਜਦੋਂ ਉਹਨੇ ਮੁੱਖ ਮੰਤਰੀ ਵੱਲੋਂ ਪੁੱਛਣ ਉੱਤੇ ਕਈ ਲੋਕਾਂ ਸਾਹਮਣੇ ਕਹਿ ਦਿੱਤਾ ਕਿ ਪੈਸੇ ਉਸ ਦੇ ਬਾਪ ਫਾਰੂਖ ਅਬਦੁੱਲਾ ਕੋਲ ਹਨ, ਉਮਰ ਅਬਦੁੱਲਾ ਤੋਂ ਇੰਜ ਆਪਣੀ ਬੇਇੱਜ਼ਤੀ ਬਰਦਾਸ਼ਤ ਨਾ ਹੋਈ ਤੇ ਉਹਨੂੰ ਅੰਦਰਲੇ ਕਮਰੇ ਵਿਚ ਲਿਜਾ ਕੇ ਕੁੱਟ ਕੱਢਿਆ। ਫਿਰ ਉਸ ਨੂੰ ਪੁਲਿਸ ਦੇ ਹਵਾਲੇ ਕਰ ਦਿੱਤਾ ਜਿੱਥੇ ਜਾ ਕੇ ਉਸ ਦੀ ਮੌਤ ਹੋ ਗਈ। ਇਹ ਮਾਮਲਾ ਭ੍ਰਿਸ਼ਟਾਚਾਰ ਦਾ ਵੀ ਹੈ ਤੇ ਇਸੇ ਕਾਰਨ ਇਕ ਦਲਾਲ ਦੇ ਕਤਲ ਦਾ ਵੀ। ਇਹੋ ਜਿਹੇ ਕਈ ਕਤਲ ਅੱਗੇ ਹੋਏ ਹਨ ਤੇ ਅੱਗਿਓਂ ਵੀ ਹੋਈ ਜਾਣਗੇ। ਨਾਲ ਦੀ ਨਾਲ ਸਾਰੇ ਲੀਡਰਾਂ ਨੇ ਭ੍ਰਿਸ਼ਟਾਚਾਰ ਦੇ ਵਿਰੋਧ ਵਿਚ ਵੀ ਬੋਲੀ ਜਾਣਾ ਹੈ। ਸਾਡੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵੀ ਜਦੋਂ ਕਹਿ ਦਿੱਤਾ ਕਿ ਭ੍ਰਿਸ਼ਟਾਚਾਰ ਕਰਨ ਵਾਲੇ ਨੂੰ ਫਾਂਸੀ ਟੰਗ ਦੇਣਾ ਚਾਹੀਦਾ ਹੈ ਤਾਂ ਸਾਨੂੰ ਇਹ ਬਿਆਨ ਪੜ੍ਹ ਕੇ ਕੋਈ ਹੈਰਾਨੀ ਨਹੀਂ ਸੀ ਹੋਈ।

ਵਗਦਾ ਵਹਿਣ ਜਿਸ ਪਾਸੇ ਜਾਂਦਾ ਹੈ, ਉਸ ਦੀ ਇਕ ਵੰਨਗੀ ਇਸ ਵਾਰੀ ਦੇ ਦੁਸਹਿਰੇ ਨੇ ਦਿਖਾ ਦਿੱਤੀ ਹੈ। ਕੋਈ ਵਿਰਲਾ ਲੀਡਰ ਹੀ ਰਿਹਾ ਹੋਵੇਗਾ ਜਿਸ ਨੇ ਇਕ ਜਾਂ ਦੂਜੀ ਥਾਂ ਜਾ ਕੇ ਰਾਵਣ ਦੇ ਪੁਤਲੇ ਨੂੰ ਅੱਗ ਨਾ ਲਾਈ ਹੋਵੇ ਅਤੇ ਨਾਲ ਇਹ ਨਾ ਕਿਹਾ ਹੋਵੇ ਕਿ ਇਹ ਬਦੀ ਉੱਤੇ ਨੇਕੀ ਦੀ ਜਿੱਤ ਹੈ ਜਿਸ ਤੋਂ ਸਿੱਖਿਆ ਲੈ ਕੇ ਹੁਣ ਸਾਨੂੰ ਭ੍ਰਿਸ਼ਟਾਚਾਰ ਦੇ ਰਾਵਣ ਨੂੰ ਮਾਰਨ ਦੀ ਲੋੜ ਹੈ। ਨਾ ਕਾਂਗਰਸੀ ਲੀਡਰ ਪਿੱਛੇ ਰਹੇ, ਨਾ ਭਾਜਪਾ ਜਾਂ ਅਕਾਲੀਆਂ ਸਮੇਤ ਹੋਰ ਪਾਰਟੀਆਂ ਵਾਲੇ। ਅਮਲ ਵਿਚ ਸਭ ਨੂੰ ਪਤਾ ਹੈ ਕਿ ਭ੍ਰਿਸ਼ਟਾਚਾਰ ਦਾ ਰਾਵਣ ਹਰ ਸਾਲ ਅੱਗੇ ਨਾਲੋਂ ਉੱਚਾ ਹੁੰਦਾ ਜਾਂਦਾ ਹੈ ਤੇ ਹੁਣ ਰਾਵਣ ਦਾ ਬੁੱਤ ਅਤੇ ਰਾਮ ਲੀਲ੍ਹਾ ਦੇ ਪਾਤਰ ਵੀ ਦੱਸੀ ਜਾਂਦੇ ਹਨ ਕਿ ਹਾਲਾਤ ਕਾਬੂ ਤੋਂ ਬਾਹਰ ਹੋ ਰਹੇ ਹਨ।

ਇਸ ਬਾਰੇ ਜਿਹੜੀਆਂ ਦਿਲਸਚਪ ਖਬਰਾਂ ਪੜ੍ਹਨ, ਸੁਣਨ ਅਤੇ ਦੇਖਣ ਨੂੰ ਮਿਲੀਆਂ ਹਨ, ਉਨ੍ਹਾਂ ਵਿਚੋਂ ਇਕ ਇਹ ਸੀ ਕਿ ਇਸ ਵਾਰ ਫਿਰ ਕੁਝ ਥਾਵਾਂ ਉੱਤੇ ਰਾਵਣ ਦਾ ਬੁੱਤ ਬਾਕੀਆਂ ਤੋਂ ਉੱਚਾ ਬਣਾਉਣ ਦੀ ਦੌੜ ਲੱਗ ਗਈ ਸੀ। ਕਿਹਾ ਜਾਂਦਾ ਹੈ ਕਿ ਅੰਬਾਲਾ ਸ਼ਹਿਰ ਦੀ ਰਾਮ ਲੀਲ੍ਹਾ ਕਮੇਟੀ ਬਾਕੀਆਂ ਤੋਂ ਬਾਜ਼ੀ ਮਾਰ ਗਈ ਜਿਸ ਦਾ ਰਾਵਣ ਸਭ ਤੋਂ ਉੱਚੇ ਕੱਦ ਦਾ ਰਿਹਾ। ਹੋਣਾ ਵੀ ਚਾਹੀਦਾ ਹੈ, ਆਖਰ ਉਸ ਰਾਜ ਵਿਚ ਇਕ ਸਾਬਕਾ ਮੁੱਖ ਮੰਤਰੀ ਭ੍ਰਿਸ਼ਟਾਚਾਰ ਦੇ ਦੋਸ਼ਾਂ ਦਾ ਸਾਹਮਣਾ ਪਰਿਵਾਰ ਸਮੇਤ ਕਰ ਰਿਹਾ ਹੈ, ਦੂਜੇ ਮਰਹੂਮ ਮੁੱਖ ਮੰਤਰੀ ਦੇ ਪੁੱਤਰਾਂ ਦੀਆਂ ਕਰਤੂਤਾਂ ਨੇ ਲੋਕਾਂ ਦਾ ਸਿਰ ਨੀਵਾਂ ਕੀਤਾ ਪਿਆ ਹੈ ਤੇ ਮੌਜੂਦਾ ਮੁੱਖ ਮੰਤਰੀ ਉੱਤੇ ਆਪਣੇ ਪਿਤਾ ਦੀ ਯਾਦਗਾਰ ਲਈ ਜਨਤਕ ਮਾਲਕੀ ਵਾਲੀ ਜ਼ਮੀਨ ਹਥਿਆਉਣ ਦਾ ਦੋਸ਼ ਲੱਗ ਰਿਹਾ ਹੈ। ਉਹਨੇ ਆਪਣੇ ਬਚਾਅ ਲਈ ਆਪਣੇ ਪਿਤਾ ਤੋਂ ਪਹਿਲਾਂ ਰਾਜੀਵ ਗਾਂਧੀ ਦੇ ਨਾਂ ਉੱਤੇ ਯਾਦਗਾਰ ਬਣਾਉਣ ਦਾ ਰਾਹ ਕੱਢ ਕੇ ਕੇਂਦਰੀ ਲੀਡਰ ਅਗਾਊਂ ਖੁਸ਼ ਕਰ ਰੱਖੇ ਸਨ।

ਦੂਸਰੀਆਂ ਦੋ ਖਬਰਾਂ ਕਿਰਦਾਰ ਦੇ ਪੱਖ ਤੋਂ ਹਨ। ਇਕ ਪੰਜਾਬ ਦੇ ਇਕ ਸ਼ਹਿਰ ਤੋਂ ਆਈ ਹੈ। ਉਥੇ ਚੱਲਦੀ ਰਾਮ ਲੀਲ੍ਹਾ ਦੇ ਦਿਨਾਂ ਵਿਚ ਇਕ ਦਿਨ ਪੁਲਿਸ ਨੇ ਰਾਮ ਦੀ ਭੂਮਿਕਾ ਨਿਭਾਉਣ ਵਾਲੇ ਪਾਤਰ ਨੂੰ ਜਾ ਫੜਿਆ। ਆਪਣੀ ਪਤਨੀ ਨੂੰ ਦਾਜ ਲਈ ਪ੍ਰੇਸ਼ਾਨ ਕਰਨ ਦਾ ਉਸ ਉੱਤੇ ਕੇਸ ਚੱਲਦਾ ਸੀ ਤੇ ਅਦਾਲਤ ਵਿਚ ਪੇਸ਼ ਨਾ ਹੋਣ ਕਰ ਕੇ ਉਹ ਭਗੌੜਾ ਕਰਾਰ ਦਿੱਤਾ ਹੋਇਆ ਸੀ। ਪੁਲਿਸ ਨੇ ਉਹਨੂੰ ਉਦੋਂ ਫੜਿਆ, ਜਦੋਂ ਦੁਸਹਿਰੇ ਵਿਚ ਦੋ ਦਿਨ ਰਹਿੰਦੇ ਸਨ। ਫਿਕਰ ਇਹ ਹੋ ਗਿਆ ਕਿ ਹੁਣ ਰਾਵਣ ਨਾਲ ਦੁਸਹਿਰੇ ਦੇ ਦਿਨ 'ਯੁੱਧ' ਕੌਣ ਕਰੇਗਾ? ਦੂਜੀ ਖਬਰ ਯੂ.ਪੀ. ਦੇ ਇਕ ਕਸਬੇ ਤੋਂ ਆਈ ਹੈ। ਉਥੇ ਲਛਮਣ ਦਾ ਰੋਲ ਕਰਨ ਵਾਲਾ ਕਲਾਕਾਰ ਇਕ ਦਿਨ ਸੀਤਾ ਦੀ ਭੂਮਿਕਾ ਨਿਭਾਅ ਰਹੀ ਕੁੜੀ ਲੈ ਕੇ ਦੌੜ ਗਿਆ। ਜਿਹੜਾ ਕੰਮ ਰਾਵਣ ਨੇ ਕਰਨ ਆਉਣਾ ਸੀ, ਜਦੋਂ ਰਾਮ ਦੇ ਭਰਾ ਦੀ ਭੂਮਿਕਾ ਨਿਭਾਉਣ ਵਾਲਾ ਕਲਾਕਾਰ ਕਰ ਜਾਵੇ ਤਾਂ ਇਸ ਤੋਂ ਸਮਾਜ ਨੂੰ ਕਿਹੜੇ ਸੁਲੱਖਣੇ ਕਿਰਦਾਰ ਦੀ ਸਿੱਖਿਆ ਦਿੱਤੀ ਜਾ ਸਕੇਗੀ?

ਦੋ ਖਬਰਾਂ ਹੋਰ ਆ ਗਈਆਂ ਜਿਹੜੀਆਂ ਦੱਸਦੀਆਂ ਹਨ ਕਿ ਰਾਵਣ ਨੂੰ ਮਾਰਨਾ ਸੌਖਾ ਨਹੀਂ। ਇਕ ਖਬਰ ਹੈ ਮੱਧ ਪ੍ਰਦੇਸ਼ ਤੋਂ ਹੈ ਜਿੱਥੇ ਭਾਰਤੀ ਜਨਤਾ ਪਾਰਟੀ ਦਾ ਰਾਜ ਹੈ। ਇਹ ਪਾਰਟੀ ਆਰ.ਐੱਸ.ਐੱਸ. ਦੇ ਆਦੇਸ਼ ਨੂੰ ਮੰਨਦੀ ਅਤੇ ਦੁਸਹਿਰੇ ਦੇ ਦਿਨ 'ਵਿਜੈ ਦਸਮੀ' ਦਾ ਤਿਓਹਾਰ ਮਨਾਉਣ ਵੇਲੇ ਸ਼ਸਤਰ ਪੂਜਾ ਕਰਨਾ ਠੀਕ ਮੰਨਦੀ ਹੈ। ਪੰਜਾਬ ਵਿਚ ਵੀ ਕਈ ਸ਼ਹਿਰਾਂ ਵਿਚ ਆਰ.ਐੱਸ.ਐੱਸ. ਦੇ ਵਰਕਰ ਉਸ ਦਿਨ ਖਾਕੀ ਨਿੱਕਰਾਂ ਪਾ ਕੇ ਹਥਿਆਰਾਂ ਨਾਲ ਸ਼ਹਿਰਾਂ ਵਿਚ ਪਰੇਡ ਕਰਦੇ ਹਨ। ਮੱਧ ਪ੍ਰਦੇਸ਼ ਵਿਚ ਉਸ ਦਿਨ ਸ਼ਸਤਰ ਪੂਜਾ ਕਰਨ ਵਾਸਤੇ ਕਈ ਥਾਂ ਫਾਇਰ ਵੀ ਕੀਤੇ ਜਾਂਦੇ ਹਨ। ਇੰਦੌਰ ਸ਼ਹਿਰ ਦੇ ਕੋਲ ਇਕ ਥਾਂ ਰਾਵਣ ਦੇ ਬੁੱਤ ਉੱਤੇ ਬੰਦੂਕਾਂ ਨਾਲ ਨਿਸ਼ਾਨੇਬਾਜ਼ੀ ਦੀ ਰਸਮ ਨਿਭਾਈ ਜਾਂਦੀ ਹੈ। ਇਸ ਵਾਰ ਦੇ ਦੁਸਹਿਰੇ ਵਾਲੇ ਦਿਨ ਉਥੇ ਰਾਵਣ ਨੂੰ ਮਾਰਨ ਦੇ ਚੱਕਰ ਵਿਚ ਭਾਜਪਾ ਦੇ ਨੇਤਾ ਅਤੇ ਵਰਕਰ ਸੈਂਕੜਿਆਂ ਦੀ ਗਿਣਤੀ ਵਿਚ ਗੋਲੀਆਂ ਦਾਗਦੇ ਰਹੇ ਤੇ ਪੁਲਿਸ ਕੋਲ ਖੜ੍ਹੀ ਦੇਖਦੀ ਰਹੀ। ਜਦੋਂ ਗੋਲੀਆਂ ਚੱਲਣੀਆਂ ਬੰਦ ਹੋਈਆਂ ਤਾਂ ਇਕ ਫਾਇਰ ਦੀ ਆਵਾਜ਼ ਆਈ ਤੇ ਇਕ ਬੰਦਾ ਫੁੜਕ ਗਿਆ। ਇਹ ਭਾਜਪਾ ਦਾ ਇਕ ਸਥਾਨਕ ਆਗੂ ਸੀ। ਪਤਾ ਲੱਗਾ ਕਿ ਪਿੱਛੇ ਖੜ੍ਹੇ ਕਿਸੇ ਵਰਕਰ ਦੀ ਬੰਦੂਕ ਵਿਚ ਅਣਚੱਲੀ ਗੋਲੀ ਰਹਿ ਗਈ ਸੀ ਜਿਹੜੀ ਮਗਰੋਂ ਅਚਾਨਕ ਚੱਲਣ ਨਾਲ ਭਾਜਪਾ ਦੇ ਆਗੂ ਦੀ ਉਦੋਂ ਮੌਤ ਹੋ ਗਈ ਜਦੋਂ ਰਾਵਣ ਹਾਲੇ ਸੂਰਜ ਡੁੱਬਣ ਦਾ ਉਹ ਮਹੂਰਤ ਉਡੀਕਦਾ ਖੜ੍ਹਾ ਸੀ ਜਦੋਂ ਉਸ ਦੀ ਮੌਤ ਹੋਣਾ ਜਾਂ ਉਸ ਨੂੰ ਮਾਰਿਆ ਜਾਣਾ ਸ਼ੁਭ ਮੰਨਿਆ ਜਾਂਦਾ ਹੈ।

ਦੂਸਰੀ ਖਬਰ ਉੱਤਰ ਪ੍ਰਦੇਸ਼ ਦੇ ਆਗਰਾ ਸ਼ਹਿਰ ਦੀ ਹੈ। ਉਥੇ ਇਕ ਥਾਂ ਰਾਮ ਲੀਲ੍ਹਾ ਵਿਚ ਰਾਵਣ ਨੇ ਮਰਨ ਤੋਂ ਇਨਕਾਰ ਕਰ ਦਿੱਤਾ। ਹੋਇਆ ਇਹ ਕਿ ਰਾਵਣ ਦਾ ਰੋਲ ਕਰਨ ਵਾਲਾ ਪਾਤਰ ਸ਼ਰਾਬ ਦਾ ਪੈੱਗ ਲਾ ਕੇ ਆ ਗਿਆ ਅਤੇ ਆਪਣੀ ਰਾਵਣ ਵਾਲੀ ਸ਼ਕਤੀ ਦਾ ਪ੍ਰਗਟਾਵਾ ਕਰਨ ਦੇ ਚੱਕਰ ਵਿਚ ਲੜਾਈ ਨੂੰ ਲੰਮੀ ਖਿੱਚਣ ਲੱਗ ਪਿਆ। ਰਾਮ ਉਸ ਨੂੰ ਤੀਰ ਮਾਰੀ ਜਾਵੇ ਤੇ ਰਾਵਣ ਮਰਨ ਦੀ ਥਾਂ ਅੱਗੋਂ ਆਕੜੀ ਜਾਵੇ। ਫਿਰ ਸਟੇਜ ਤੋਂ ਪ੍ਰਬੰਧਕਾਂ ਨੇ ਅਨਾਊਂਸਮੈਂਟ ਕੀਤੀ ਕਿ ਰਾਵਣ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਸ ਦੇ ਮਰਨ ਦਾ ਸਮਾਂ ਆ ਗਿਆ ਹੈ, ਆਪਣੀ ਭੂਮਿਕਾ ਬੰਦ ਕਰ ਦੇਵੇ। ਅੱਗਿਓਂ ਰਾਵਣ ਨੇ ਇਸ ਨੂੰ ਆਪਣੀ ਬੇਇੱਜ਼ਤੀ ਮੰਨ ਲਿਆ ਤੇ ਆਪਣੀ ਸੈਨਾ ਸਮੇਤ ਗੰਦੀਆਂ ਗਾਲਾਂ ਕੱਢਦਾ ਹੋਇਆ ਰਾਮ ਦੀ ਟੋਲੀ ਦੇ ਗਲ ਪੈ ਗਿਆ। ਲੋਕ ਵੀ ਲਪੇਟ ਵਿਚ ਆ ਗਏ। ਜਦੋਂ ਪ੍ਰਬੰਧਕਾਂ ਨੇ ਰਾਵਣ ਨੂੰ ਕੰਟਰੋਲ ਕਰਨ ਲਈ ਪੁਲਿਸ ਨੂੰ ਅਪੀਲ ਕੀਤੀ ਤਾਂ ਉਹ ਪੁਲਿਸ ਨਾਲ ਵੀ ਭਿੜ ਗਿਆ। ਫਿਰ ਪੁਲਿਸ ਅਤੇ ਕੁਝ ਹੋਰ ਲੋਕ ਚੁੱਕ ਕੇ ਰਾਵਣ ਨੂੰ ਬਾਹਰ ਲੈ ਗਏ ਤੇ ਇੰਜ ਰਾਵਣ ਦੇ ਮਰਨ ਦਾ ਦ੍ਰਿਸ਼ ਕੀਤੇ ਬਗੈਰ ਰਾਵਣ ਦੇ ਬੁੱਤ ਨੂੰ ਅੱਗ ਲਾ ਕੇ ਸਾੜਨ ਦੀ ਕਾਰਵਾਈ ਕਰਨੀ ਪੈ ਗਈ, ਭਾਵ ਇਹ ਕਿ ਰਾਵਣ ਨੇ ਐਲਾਨੀਆ ਕਹਿ ਦਿੱਤਾ ਕਿ ਉਹ ਹੁਣ ਮਰਨ ਨੂੰ ਤਿਆਰ ਨਹੀਂ।

ਅਸੀਂ ਨਿੱਜੀ ਤੌਰ 'ਤੇ ਰਾਵਣ ਨੂੰ ਦੈਂਤ ਨਹੀਂ ਮੰਨਦੇ ਸਗੋਂ ਆਰੀਆ ਅਤੇ ਦਰਾਵਿੜਾਂ ਦੀ ਲੜਾਈ ਵਿਚ ਹਾਰ ਗਈ ਧਿਰ ਦਾ ਆਗੂ ਮੰਨਦੇ ਹਾਂ ਜਿਸ ਨੂੰ ਪਿੱਛੋਂ ਬਦਨਾਮ ਕੀਤਾ ਗਿਆ ਸੀ ਪਰ ਉਹਨੂੰ ਸਚਮੁੱਚ ਇਤਿਹਾਸ ਦਾ ਪਾਤਰ ਮੰਨਦੇ ਲੋਕਾਂ ਨੂੰ ਵੀ ਮੰਨ ਲੈਣਾ ਚਾਹੀਦਾ ਹੈ ਕਿ ਉਹ ਜੇ ਬੁਰਾ ਸੀ ਤਾਂ ਬੁਰਾ ਸੀ, ਇੰਨਾ ਸੌਖਾ ਮਰਨ ਨੂੰ ਤਿਆਰ ਨਹੀਂ ਹੈ। ਜੇ ਰਾਵਣ ਮਾੜਾ ਸੀ ਤਾਂ ਉਸ ਨੂੰ ਹਰ ਸਾਲ ਮਾਰਨ ਵਾਲੇ ਕਿਹੜੇ ਰਾਮ ਵਾਲੇ ਕਿਰਦਾਰ ਦੇ ਸਵਾਮੀ ਹਨ? ਛੱਤੀ ਕਿਸਮ ਦੇ ਦੋਸ਼ਾਂ ਦੀ ਲਪੇਟ ਵਿਚ ਆਏ ਹੋਏ ਲੀਡਰ ਉਸ ਨੂੰ ਅੱਗ ਲਾ ਕੇ ਬਦੀ ਉੱਤੇ ਨੇਕੀ ਦੀ ਜਿੱਤ ਦਾ ਐਲਾਨ ਕਰਦੇ ਹਨ। ਪੰਜਾਬੀ ਦਾ ਮੁਹਾਵਰਾ ਹੈ ਕਿ 'ਜਿਹੋ ਜਿਹੇ ਮਰਨ ਵਾਲੇ, ਓਹੋ ਜਿਹੇ ਫੂਕਣ ਵਾਲੇ।' ਰਾਵਣ ਦੇ ਮਾਮਲੇ ਵਿਚ ਜਦੋਂ ਇਸ ਪਿੱਛੇ ਛੁਪੇ ਕੌੜੇ ਸੱਚ ਬਾਰੇ ਸਭ ਨੂੰ ਪਤਾ ਹੈ ਕਿ ਅੱਗ ਲਾਉਣ ਵਾਲੇ ਵੀ ਉਸੇ ਵਰਗੇ ਹਨ ਤਾਂ ਅੰਨਾ ਹਜ਼ਾਰੇ ਜਾਂ ਕੋਈ ਹੋਰ ਇਹ ਆਸ ਹੀ ਕਿਉਂ ਕਰੇ ਕਿ ਰਾਵਣ ਇੰਨੀ ਸੌਖੀ ਤਰ੍ਹਾਂ ਮਰਨ ਨੂੰ ਤਿਆਰ ਹੋ ਜਾਵੇਗਾ?

## ਮਾਨਤਾ ਬਰਕਰਾਰ ਰੱਖਣ ਲਈ 8% ਵੋਟਾਂ ਜ਼ਰੂਰੀ

**ਨਵੀਂ ਦਿੱਲੀ:** ਚੋਣ ਕਮਿਸ਼ਨ ਨੇ ਫੈਸਲਾ ਕੀਤਾ ਹੈ ਕਿ ਰਾਜਾਂ ਵਿਚ ਕੇਵਲ ਉਨ੍ਹਾਂ ਸਿਆਸੀ ਪਾਰਟੀਆਂ ਨੂੰ ਹੀ ਮਾਨਤਾ ਦਿੱਤੀ ਜਾਵੇਗੀ ਜੋ ਕੁੱਲ ਪੋਲ ਹੋਈਆਂ ਵੋਟਾਂ ਵਿਚੋਂ 8 ਫੀਸਦੀ ਤੋਂ ਵਧੇਰੇ ਹਿੱਸਾ ਹਾਸਲ ਕਰਨਗੀਆਂ। ਇਸ ਦਾ ਪਾਰਟੀਆਂ ਵੱਲੋਂ ਕੋਈ ਸੀਟ ਜਿੱਤਣ ਜਾਂ ਨਾ ਜਿੱਤਣ ਨਾਲ ਕੋਈ ਸਬੰਧ ਨਹੀਂ ਹੋਵੇਗਾ।

ਮੁੱਖ ਚੋਣ ਕਮਿਸ਼ਨਰ ਐਸਵਾਈ. ਕੁਰੈਸ਼ੀ ਨੇ ਦੱਸਿਆ ਕਿ ਦੇਸ਼ ਭਰ ਵਿਚਲੀਆਂ ਸੂਬਾਈ ਸਿਆਸੀ ਪਾਰਟੀਆਂ ਦੀ ਮੰਗ 'ਤੇ ਕਮਿਸ਼ਨ ਨੇ ਇਹ ਫੈਸਲਾ ਕੀਤਾ ਹੈ। ਉਨ੍ਹਾਂ ਦੱਸਿਆ ਕਿ ਸਿਆਸੀ ਪਾਰਟੀਆਂ ਦਾ ਇਹ ਇਤਰਾਜ਼ ਸੀ ਕਿ ਉਹ 8 ਤੋਂ 10 ਫੀਸਦੀ ਵੋਟਾਂ ਹਾਸਲ ਕਰ ਲੈਂਦੇ ਹਨ ਪਰ ਤਾਂ ਵੀ ਉਨ੍ਹਾਂ ਨੂੰ ਮਾਨਤਾ ਨਹੀਂ ਮਿਲਦੀ ਕਿਉਂਕਿ ਉਨ੍ਹਾਂ ਕੋਈ ਸੀਟ ਨਹੀਂ ਜਿੱਤੀ ਹੁੰਦੀ। ਇਸ ਲਈ ਹੁਣ ਸੀਟ ਜਿੱਤਣ ਦੀ ਸ਼ਰਤ ਹਟਾ ਦਿੱਤੀ ਗਈ ਹੈ ਤੇ 8 ਫੀਸਦੀ ਵੋਟਾਂ ਹਾਸਲ ਕਰਨ ਦੀ ਸ਼ਰਤ ਲਾਈ ਗਈ ਹੈ। ਪਹਿਲਾਂ ਇਹ ਸ਼ਰਤ 6 ਫੀਸਦੀ ਵੋਟਾਂ ਹਾਸਲ ਕਰਨ ਦੀ ਸੀ।

ਜਾਇਦਾਦ ਦੀ ਖਰੀਦ-ਵੇਚ
ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ
ਪੂਨੀਆ ਰੀਅਲ ਅਸਟੇਟ:94173-34049
ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ

# ਇੰਡੋ-ਅਮਰੀਕਨ ਕਲਚਰਲ ਐਸੋਸੀਏਸ਼ਨ ਨੇ ਲਾਇਆ ਗਦਰੀ ਮੇਲਾ

**ਸੈਕਰਾਮੈਂਟੋ (ਬਿਊਰੋ):** ਇੰਡੋ-ਅਮੈਰੀਕਨ ਕਲਚਰਲ ਐਸੋਸੀਏਸ਼ਨ ਵੱਲੋਂ ਇਥੇ ਐਸ ਈ ਐਸ ਹਾਲ, ਐਲਕ ਗਰੂਵ ਵਿਚ ਕਰਵਾਇਆ ਗਿਆ ਸਾਲਾਨਾ ਗਦਰੀ ਮੇਲਾ ਜਿਥੇ ਗਦਰੀ ਬਾਬਿਆਂ ਦੀ ਯਾਦ ਤਾਜ਼ਾ ਕਰਵਾ ਗਿਆ ਉਥੇ ਨਾਲ ਹੀ ਵੱਖ ਵੱਖ ਕਲਾਕਾਰਾਂ ਵਲੋਂ ਪੇਸ਼ ਕੀਤੇ ਗਏ ਉਸਾਰੂ ਸਭਿਆਚਾਰਕ ਪ੍ਰੋਗਰਾਮ ਕਰਕੇ ਸਰੋਤਿਆਂ ਲਈ ਮਨੋਰੰਜਨ ਦਾ ਵੀ ਚੰਗਾ ਸਾਧਨ ਬਣਿਆ ਰਿਹਾ। ਜ਼ਿਕਰਯੋਗ ਹੈ ਕਿ ਗਦਰ ਲਹਿਰ ਦੀ ਸੌਵੀਂ ਵਰ੍ਹੇਗੰਢ ਅਗਲੇ ਸਾਲ ਮਨਾਈ ਜਾ ਰਹੀ ਹੈ। ਇਸ ਵਾਰ ਦਾ ਮੇਲਾ ਵਿਸ਼ੇਸ਼ ਤੌਰ 'ਤੇ ਬਾਬਾ ਦੂਲਾ ਸਿੰਘ ਜਲਾਲਦੀਵਾਲਾ ਤੇ ਬਾਬਾ ਹਰਨਾਮ ਸਿੰਘ ਟੂੰਡੀਲਾਟ ਨੂੰ ਸਮਰਪਿਤ ਸੀ।














ਹਾਲ ਅੰਦਰ ਮੇਲੇ ਦਾ ਪ੍ਰੋਗਰਾਮ ਸ਼ੁਰੂ ਹੋਣ ਤੋਂ ਪਹਿਲਾਂ ਮਿਥੇ ਪ੍ਰੋਗਰਾਮ ਮੁਤਾਬਕ ਭਾਰਤੀ ਉਪ ਮਹਾਂਦੀਪ ਦੀ ਆਜ਼ਾਦੀ ਦੇ ਗਦਰੀ ਯੋਧਿਆਂ ਨੂੰ ਯਾਦ ਕਰਨ ਲਈ ਮਹਾਨ ਗਦਰੀ ਯੋਧੇ ਮੌਲਵੀ ਮੂਹੰਮਦ ਬਰਕਤ ਉੱਲਾ ਦੀ ਮਜ਼ਾਰ 'ਤੇ ਇਕੱਠ ਹੋਇਆ ਜਿਸ ਵਿਚ ਗਦਰੀ ਬਾਬੇ ਦੂਲਾ ਸਿੰਘ ਜਲਾਲਦੀਵਾਲ ਦੀ ਪੋਤਰੀ ਬੀਬੀ ਗਿਆਨ ਕੌਰ, ਬਾਬਾ ਹਰਨਾਮ ਸਿੰਘ ਟੂੰਡੀਲਾਟ ਦੀ ਭਤੀਜੀ ਬੀਬੀ ਹਰਜਿੰਦਰ ਕੌਰ, ਕਿਰਪਾਲ ਸਿੰਘ ਸੰਧੂ, ਸੁਖਦੇਵ ਸਿੰਘ ਬਾਜਵਾ, ਬੱਬਰ ਅਕਾਲੀ ਠਾਕਰ ਸਿੰਘ ਦੇ ਪੋਤਰੇ ਜਗਮੋਹਣ ਸਿੰਘ ਜਿਹੜੇ ਕੈਨੇਡਾ ਤੋਂ ਉਚੇਚੇ ਤੌਰ 'ਤੇ ਆਏ ਸਨ, ਨੇ ਸ਼ਿਰਕਤ ਕੀਤੀ।

ਇਸ ਮੌਕੇ ਕਿਰਪਾਲ ਸਿੰਘ ਸੰਧੂ ਨੇ ਮੌਲਵੀ ਬਰਕਤ ਉੱਲਾ ਵੱਲੋਂ ਦੇਸ਼ ਦੀ ਆਜ਼ਾਦੀ ਵਿਚ ਪਾਏ ਯੋਗਦਾਨ ਦਾ ਜ਼ਿਕਰ ਕੀਤਾ ਅਤੇ ਕੌਮਾਂਤਰੀ ਪੱਧਰ 'ਤੇ ਉਸ ਸਮੇਂ ਮਹਾਨ ਹਸਤੀਆਂ ਵੱਲੋਂ ਅਖਬਾਰਾਂ ਵਿਚ ਛਪੇ ਸੋਗ ਸੁਨੇਹਿਆਂ ਦਾ ਵਰਣਨ ਕੀਤਾ। ਸਮਾਗਮ ਸ਼ੁਰੂ ਹੋਣ ਤੋਂ ਪਹਿਲਾਂ ਐਸ.ਈ.ਐਸ. ਹਾਲ ਦੇ ਬਾਹਰ ਬੀਬੀ ਗਿਆਨ ਕੌਰ ਅਤੇ ਬੀਬੀ ਹਰਜਿੰਦਰ ਕੌਰ ਨੇ ਝੰਡੇ ਦੀ ਰਸਮ ਅਦਾ ਕੀਤੀ।

ਜਗਮੋਹਣ ਸਿੰਘ ਨੇ ਮੁੱਖ ਮਹਿਮਾਨ ਦੀ ਹੈਸੀਅਤ ਵਿਚ ਹਵਾ ਵਿਚ ਗੁਬਾਰੇ ਉਡਾਏ। ਕਸ਼ਮੀਰ ਸਿੰਘ ਕਾਂਗਣਾ ਨੇ ਇਨ੍ਹਾਂ ਸ਼ਖ਼ਸੀਅਤਾਂ ਦਾ ਸਮਾਗਮ ਵਿਚ ਪੁੱਜੇ ਲੋਕਾਂ ਨਾਲ ਤੁਆਰਫ ਕਰਵਾਇਆ। ਨਾਲ ਹੀ ਝੰਡੇ ਦੀ ਮਹੱਤਤਾ ਬਾਰੇ ਸੰਖੇਪ ਅਤੇ ਭਾਵਪੂਰਨ ਵਿਚਾਰ ਪੇਸ਼ ਕੀਤੇ।

ਖਚਾਖਚ ਭਰੇ ਹਾਲ ਵਿਚ ਜਥੇਬੰਦੀ ਦੇ ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ ਦੀ ਅਗਵਾਈ ਹੇਠ ਮੇਲੇ ਦਾ ਆਰੰਭ ਹੋਇਆ। ਗੁਰਨਾਮ ਸਿੰਘ ਭੰਡਾਲ ਦੇ ਢਾਡੀ ਜਥੇ ਨੇ ਆਜ਼ਾਦੀ ਦੇ ਸੂਰਮਿਆਂ, ਖਾਸ ਕਰਕੇ ਊਧਮ ਸਿੰਘ ਸੁਨਾਮ ਦੀ ਵਾਰ ਗਾ ਕੇ ਸਮੁੱਚੇ ਇਕੱਠ ਨੂੰ ਇਨਕਲਾਬੀ ਰੰਗਤ ਚਾੜ੍ਹ ਦਿੱਤੀ। ਹਰਦੀਪ ਦੁਆਬੀਆ, ਜੀਤ ਗਿੱਲ ਅਤੇ ਜੋਗਾ ਸਿੰਘ ਕਾਫਰ ਜਿਸ ਦੀਆਂ ਅੱਖਾਂ ਦੀ ਜੋਤ ਮੁੱਕ ਚੁੱਕੀ ਹੈ, ਨੇ ਵਾਰੀ ਵਾਰੀ ਆਜ਼ਾਦੀ ਦੇ ਸੂਰਮਿਆਂ ਦੀਆਂ ਵਾਰਾਂ ਗਾ ਕੇ ਸਰੋਤਿਆਂ ਨੂੰ ਝੂਮਣ ਅਤੇ 'ਗਦਰੀ ਬਾਬੇ ਅਮਰ ਰਹਿਣ' ਦੇ ਨਆਰੇ ਲਾਉਣ ਲਈ ਮਜਬੂਰ ਕਰ ਦਿੱਤਾ। ਸਾਰੇ ਕਲਾਕਾਰਾਂ ਦਾ ਯਾਦਗਾਰੀ ਚਿੰਨ੍ਹਾਂ ਨਾਲ ਸਨਮਾਨ ਕੀਤਾ ਗਿਆ।

ਸਮਾਗਮ ਨੂੰ ਸੰਬੋਧਨ ਕਰਦਿਆਂ ਉਘੇ ਖੱਬੇਪਖੀ ਆਗੂ ਗਿਆਨ ਸਿੰਘ ਬਿਲਗਾ ਜੋ ਆਜਾਦੀ ਘੁਲਾਟੀਏ ਬਾਬਾ ਭਗਤ ਸਿੰਘ ਬਿਲਗਾ ਦੇ ਬਹੁਤ ਕਰੀਬ ਰਹੇ ਹਨ, ਨੇ ਆਪਣੇ ਭਾਸ਼ਨ ਨੂੰ ਕੁਝ ਨੁਕਤਿਆਂ 'ਤੇ ਕੇਂਦਰਤ ਕਰਦਿਆਂ ਭਾਅ ਜੀ ਗੁਰਸ਼ਰਨ ਸਿੰਘ ਦੇ ਚਲਾਣੇ 'ਤੇ ਪੰਜਾਬੀ ਨਾਟ ਮੰਚ ਨੂੰ ਪਏ ਘਾਟੇ ਦਾ ਦੁੱਖ ਸਰੋਤਿਆਂ ਨਾਲ ਸਾਂਝਾ ਕੀਤਾ। ਉਨ੍ਹਾਂ ਬਾਬਾ ਰਾਮ ਸਿੰਘ ਵੱਲੋਂ ਆਜ਼ਾਦੀ ਦੀ ਲਹਿਰ ਵਿਚ ਪਾਏ ਯੋਗਦਾਨ ਦੀ ਵੀ ਚਰਚਾ ਕੀਤੀ ਅਤੇ ਗੋਆ ਦੀ ਆਜ਼ਾਦੀ ਦੇ ਸ਼ਹੀਦ ਕਰਨੈਲ ਸਿੰਘ ਈਸੜੂ ਦੇ ਜੀਵਨ 'ਤੇ ਚਾਨਣਾ ਪਾਇਆ ਤੇ ਉਨ੍ਹਾਂ ਦੀ ਭੈਣ ਕਰਨੈਲ ਕੌਰ ਨੂੰ ਸਨਮਾਨਤ ਕੀਤਾ। ਕਿਰਪਾਲ ਸਿੰਘ ਸੰਧੂ ਨੇ ਗਦਰ ਪਾਰਟੀ ਦੇ ਇਤਿਹਾਸ 'ਤੇ ਵਿਸਥਾਰ ਸਹਿਤ ਚਾਨਣਾ ਪਾਇਆ।




ਕੈਲੀਫੋਰਨੀਆ ਸਟੇਟ ਦੇ ਅਸੰਬਲੀਮੈਨ ਰੋਜਰ ਡਿਕਨਸ਼ਨ ਅਤੇ ਇੰਸੋਰੈਂਸ ਕਮਿਸ਼ਨਰ ਡੇਵ ਜੌਹਨ ਨੂੰ ਸੰਸਥਾ ਦੇ ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ ਦੇ ਬੇਟੇ ਪਰਮਜੀਤ ਸਿੰਘ ਬਿੰਦਰਾ ਨੇ ਲੋਕਾਂ ਦੇ ਸਨਮੁੱਖ ਕੀਤਾ। ਸਮਾਗਮ ਨੂੰ ਸੰਬੋਧਨ ਕਰਦਿਆਂ ਇਨ੍ਹਾਂ ਦੋਹਾਂ ਆਗੂਆਂ ਨੇ ਸਮੁੱਚੇ ਭਾਰਤੀ ਭਾਈਚਾਰੇ ਨੂੰ ਆ ਰਹੀਆਂ ਔਕੜਾਂ ਦੇ ਹੱਲ ਵਿਚ ਸਹਾਈ ਹੋਣ ਦਾ ਆਪਣਾ ਪ੍ਰਣ ਦੁਹਰਾਇਆ ਅਤੇ ਇੰਡੋ-ਅਮਰੀਕਨ ਕਲਚਰਲ ਐਸੋਸੀਏਸ਼ਨ ਵੱਲੋਂ ਕਰਵਾਏ ਗਏ ਇਸ ਮੇਲੇ ਵਿਚ ਸੱਦਣ ਲਈ ਧੰਨਵਾਦ ਕਰਦਿਆਂ ਸ਼ਹੀਦਾਂ ਕੁਰਬਾਨੀਆਂ ਨੂੰ ਸਲਾਮ ਕੀਤੀ। ਨਾਲ ਹੀ ਉਨ੍ਹਾਂ ਸੱਦਾ ਦਿੱਤਾ ਕਿ ਆਜ਼ਾਦੀ ਦੀ ਪ੍ਰਾਪਤੀ ਤੋਂ ਬਾਅਦ ਇਸ ਦੀ ਰਾਖੀ ਕਰਨਾ ਵੀ ਸਭ ਦਾ ਫਰਜ਼ ਬਣਦਾ ਹੈ। ਜਥੇਬੰਦੀ ਦੇ ਸਕੱਤਰ ਬਲਜਿੰਦਰ ਸਿੰਘ ਭੱਟੀ ਅਤੇ ਹੋਰ ਕਮੇਟੀ ਮੈਂਬਰਾਂ ਨੇ ਉਨ੍ਹਾਂ ਦਾ ਯਾਦਗਾਰੀ ਚਿੰਨ੍ਹਾਂ ਨਾਲ ਸਨਮਾਨ ਕੀਤਾ।

ਚੈਂਬਰ ਆਫ ਕਾਮਰਸ, ਸੈਕਰਾਮੈਂਟੋ ਦੇ ਪ੍ਰਧਾਨ ਸੁਖਚੈਨ ਸਿੰਘ ਅਤੇ ਪੰਜਾਬੀ ਕਲਚਰਲ ਸੁਸਾਇਟੀ, ਸੈਕਰਾਮੈਂਟੋ ਦੇ ਰਸ਼ਪਾਲ ਸਿੰਘ ਨੇ ਆਪੋ ਆਪਣੀਆਂ ਜਥੇਬੰਦੀਆਂ ਵੱਲੋਂ ਭਰਾਤਰੀ ਨੂੰ ਸ਼ਰਧਾਂਜਲੀ ਭੇਟ ਕੀਤੀ। ਡਿਪਟੀ ਡਿਸਟ੍ਰਿਕਟ ਅਟਾਰਨੀ ਜੇਰਿਡ ਕਰੀ ਨੇ ਸਮੁੱਚੇ ਭਾਰਤੀ ਭਾਈਚਾਰੇ ਵੱਲੋਂ ਆਜ਼ਾਦੀ, ਬਰਾਬਰੀ ਅਤੇ ਭਾਈਚਾਰਕ ਸਾਂਝ ਦੀ ਰਾਖੀ ਕਰਦਿਆਂ ਕੀਤੀਆਂ ਸਹਿਯੋਗ ਦਾ ਸੁਨੇਹਾ ਦਿੱਤਾ।

ਡਾ. ਵੇਦ ਪ੍ਰਕਾਸ਼ ਵਟੁਕ ਵੱਲੋਂ ਸੰਪਾਦਤ "ਗਦਰ ਦੀ ਗੂੰਜ" ਜੋ 1913-14 ਤੱਕ ਦੇ ਪਰਚਿਆਂ ਦਾ ਕਿਤਾਬੀ ਰੂਪ ਹੈ, ਪ੍ਰਿੰਸੀਪਲ ਵੀਰ ਸਿੰਘ ਰੰਧਾਵਾ ਨੇ ਰਿਲੀਜ਼ ਕੀਤੀ। ਉਨ੍ਹਾਂ ਕਿਤਾਬ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਇਸ ਨੂੰ ਗਦਰੀ ਬਾਬਿਆਂ ਦਾ ਇਤਿਹਾਸ ਸਾਂਭਣ ਦਾ ਇਕ ਸੁਚੱਜਾ ਯਤਨ ਕਰਾਰ ਦਿਤਾ। ਉਨ੍ਹਾਂ ਇੰਡੋ-ਅਮਰੀਕਨ ਕਲਚਰਲ ਐਸੋਸੀਏਸ਼ਨ ਵੱਲੋਂ ਕੀਤੇ ਉੱਦਮ ਦੀ ਸਰਾਹਨਾ ਕਰਦਿਆਂ ਕਿਹਾ ਕਿ ਅਜਿਹੇ ਸਮਾਗਮ ਆਜ਼ਾਦੀ ਦੇ ਪਰਵਾਨੇ ਗਦਰੀ ਬਾਬਿਆਂ ਨੂੰ ਸ਼ਰਧਾਂਜਲੀ ਵੀ ਹਨ ਅਤੇ ਅਗਲੀ ਪੀੜ੍ਹੀ ਲਈ ਉਨ੍ਹਾਂ ਦੀ ਯਾਦ ਤਾਜ਼ਾ ਕਰਨ ਦਾ ਸੋਮਾ ਵੀ। ਇਸ ਸਮੇਂ ਉਨ੍ਹਾਂ ਨਾਲ ਗਦਰੀ ਬਾਬਾ ਦੇਵਾ ਸਿੰਘ ਧੂਤ ਦੇ ਪੁੱਤਰ ਦਲਵਿੰਦਰ ਸਿੰਘ ਧੂਤ ਅਤੇ ਬੱਬਰ ਅਕਾਲੀ ਠਾਕਰ ਸਿੰਘ ਦੇ ਬੇਟੇ ਮਨਮੋਹਨ ਸਿੰਘ ਕੈਨੇਡਾ ਸਟੇਜ 'ਤੇ ਬਿਰਾਜਮਾਨ ਸਨ।

ਕੂਕਾ ਸੰਤੋਖ ਸਿੰਘ ਸਾਜਨ ਦੀ ਲਿਖੀ ਕਹਾਣੀਆਂ ਦੀ ਕਿਤਾਬ "ਮਮਤਾ" ਜਥੇਬੰਦੀ ਦੇ ਡਾਇਰੈਕਟਰ ਸੁਮਿੱਤਰ ਸਿੰਘ ਉੱਪਲ ਤੇ ਨਾਮਧਾਰੀ ਸੰਗਤ ਨੇ ਰਲ ਕੇ ਰਿਲੀਜ਼ ਕੀਤੀ। ਨਾਮਧਾਰੀ ਭਾਈ ਬਲਦੇਵ ਸਿੰਘ ਨੇ ਕਵਿਤਾ ਵੀ ਪੇਸ਼ ਕੀਤੀ। ਪ੍ਰਸਿੱਧ ਗਾਇਕ ਨਰਿੰਦਰ ਬੀਬਾ ਦੀ ਸ਼ਾਗਿਰਦ ਨਰਿੰਦਰ ਮਾਵੀ, ਸੁਲਤਾਨ ਅਖਤਰ ਅਤੇ ਸਤਿੰਦਰ ਸੱਤੀ ਨੇ ਗੀਤ ਗਾ ਕੇ ਸਰੋਤਿਆਂ ਨੂੰ ਮੰਤਰ-ਮੁਗਧ ਕਰੀ ਰੱਖਿਆ।

*(ਅਗਲੇ ਸਫੇ 'ਤੇ ਜਾਰੀ)*














ਜਥੇਬੰਦੀ ਦੇ ਡਾਇਰੈਕਟਰ ਜਰਨੈਲ ਸਿੰਘ ਸਰਪੰਚ ਦੇ ਉਪਰਾਲੇ ਨਾਲ ਅਜੈਬ ਸਿੰਘ ਅਤੇ ਸਾਥੀਆਂ ਨੇ ਲੰਗਰ ਦੀ ਤੋਟ ਨਹੀਂ ਆਉਣ ਦਿੱਤੀ। ਗਦਰੀ ਬਾਬਿਆਂ ਦੀਆਂ ਤਸਵੀਰਾਂ ਦੀ ਨੁਮਾਇਸ਼ ਹਰ ਸਾਲ ਦੀ ਤਰ੍ਹਾਂ ਅੰਮ੍ਰਿਤਪਾਲ ਪਠਲਾਵਾ ਅਤੇ ਹਰਦੀਪ ਸਿੰਘ ਵੱਲੋਂ ਲਾਈ ਗਈ ਜੋ ਵਿਸ਼ੇਸ਼ ਤੌਰ 'ਤੇ ਖਿੱਚ ਦਾ ਕੇਂਦਰ ਬਣੀ ਰਹੀ। ਹਾਜ਼ਰੀ ਪੱਖੋਂ ਭਰਪੂਰ ਅਤੇ ਗਦਰੀ ਬਾਬਿਆਂ ਦਾ ਸੁਨੇਹਾ ਦਿੰਦਾ ਇਹ ਮੇਲਾ ਪੂਰੀ ਤਰ੍ਹਾਂ ਸਫਲ ਰਿਹਾ। ਸਮੁੱਚੀ ਜਥੇਬੰਦੀ ਦੀ ਟੀਮ ਜੁਝਾਰ ਸਿੰਘ ਗਿੱਲ, ਸ਼ਿੰਗਾਰਾ ਸਿੰਘ ਬੋਪਾਰਾਏ, ਬਲਵੰਤ ਬਾਂਕਾ, ਰਾਮੇਸ਼, ਕਰਮਜੀਤ ਸਿੰਘ ਕੰਗ, ਅਮਰਜੀਤ ਸਿੰਘ ਰਾਏ, ਜਗਜੀਤ ਸਿੰਘ ਗਿੱਲ, ਹਰਪਾਲ ਸਿੰਘ ਸੰਘਾ ਯੂਬਾ ਸਿਟੀ ਨੇ ਮੇਲੇ ਦੀ ਸਫਲਤਾ ਲਈ ਟਿੱਲ ਲਾ ਦਿੱਤਾ। ਸਟੇਜ ਦੀ ਕਾਰਵਾਈ ਜਸਵੰਤ ਸ਼ਾਦ ਨੇ ਚਲਾਈ। ਜਸਵਿੰਦਰ ਸਿੰਘ ਸੰਧੂ ਨੇ ਆਪਣੀ ਪੱਕੀ ਡਿਊਟੀ ਪ੍ਰਾਹੁਣਿਆਂ ਨੂੰ ਸਟੇਜ 'ਤੇ ਲਿਆਉਣ ਹਿਤ ਨਿਭਾਈ।

ਪ੍ਰਸਿੱਧ ਦੇਸ਼ ਭਗਤ ਰਾਜਿੰਦਰ ਸਿੰਘ ਸਰੀਂਹ ਦੀ ਬੇਟੀ ਮਲਵਿੰਦਰ ਕੌਰ ਨੂੰ ਰਾਣੀ ਬਿੰਦਰਾ, ਸੁੱਖ ਭੱਟੀ, ਸੁਰਿੰਦਰ ਕੌਰ, ਗੁਰਮੀਤ ਕੌਰ, ਵਾਂਦਾ ਥਿੰਦ ਅਤੇ ਹੋਰ ਬੀਬੀਆਂ ਨੇ ਸਨਮਾਨਤ ਕੀਤਾ।


# Noble Dental Care



## Family and Cosmetic Dentistry

Shital Shah, DDS

ਸਪੈਸ਼ਲ ਆਫਰ **Special Offer**

**$50** Dental X-Rays, Examination Consultation and Cleaning (Cash Patients Only)* **Conditions Apply*


Up to 50% off Cash Patients. Senior and Student Discounts

*Tooth Colored Fillings
*Gum Treatment
*Teeth Whitening
*Crowns and Bridges
*Full and Partial Dentures
*Porcelain Veneers
*Extraction
*Root Canals
*Night Guards
*Dentistry for Children

*ਸੀਨੀਅਰ ਅਤੇ ਸਟੂਡੈਂਟ ਡਿਸਕਾਊਂਟ
*ਦੰਦਾਂ ਦੇ ਰੰਗ ਨਾਲ ਮਿਲਦੀ ਫਿਲਿੰਗ
*ਮਸੂੜਿਆਂ ਦਾ ਇਲਾਜ
*ਦੰਦ ਚਿੱਟੇ ਕਰਨਾ
*ਕਰਾਊਨ ਤੇ ਬ੍ਰਿਜ

ਵਿਆਜ ਰਹਿਤ ਪੇਮੈਂਟ ਪਲੈਨ

**Invisalign**



**Starting at $2,550***

**Limitided time offer may end without notice. Restrictions apply. Not valid with any other offer.*

Emergency Patients Welcome
Evening/Saturday Appointments Available

*State of the Art Dental Technology*
*Most Dental PPO Plans Accepted*
*Interest Free Payment Plans Available*

**Ph:510-493-2130**

www.1nobledentalcare.com

34603 Alvarado Niles Rd., Union City, CA (Alvarado Niles & Decoto Rd., Behind Taco Bell)


# ਯੂਬਾ ਸਿਟੀ ਖੇਡ ਮੇਲੇ 'ਚ ਕਬੱਡੀ ਦਾ ਪਹਿਲਾ ਇਨਾਮ ਕਿੰਗ ਸਪੋਰਟਸ ਕਲੱਬ ਨੇ ਜਿੱਤਿਆ

**ਯੂਬਾ ਸਿਟੀ (ਹਰਵਿੰਦਰ ਸਿੰਘ):** ਦੂਜਾ ਕੁਲਵੰਤ ਸਿੰਘ ਦੁਸਾਂਝ ਯਾਦਗਾਰੀ ਖੇਡ ਮੇਲਾ ਇਥੇ ਪਹਿਲੀ ਅਤੇ ਦੂਜੀ ਅਕਤੂਬਰ ਨੂੰ ਕਰਵਾਇਆ ਗਿਆ ਜਿਸ ਵਿਚ ਹਾਕੀ ਦੀਆਂ ਛੇ ਅਤੇ ਕਬੱਡੀ ਦੀਆਂ ਪੰਜ ਟੀਮਾਂ ਨੇ ਹਿੱਸਾ ਲਿਆ।



ਫ ਸ ਵ ਮੁਕਾਬਲਿਆਂ ਵਿਚ ਹਾਕੀ ਦਾ ਪਹਿਲਾ ਇਨਾਮ ਯੂਬਾ ਸਿਟੀ ਨੇ ਫੇਅਰਫੀਲਡ ਦੀ ਟੀਮ ਨੂੰ ਜ਼ੀਰੋ ਦੇ ਮੁਕਾਬਲੇ ਚਾਰ ਗੋਲਾਂ ਨਾਲ ਹਰਾ ਕੇ ਜਿੱਤਿਆ, ਜਦੋਂਕਿ ਕਬੱਡੀ ਮੁਕਾਬਲਿਆਂ ਵਿਚ ਕਿੰਗ ਸਪੋਰਟਸ ਕਲੱਬ, ਸੈਕਰਾਮੈਂਟੋ ਨੇ ਸਟਾਕਟਨ ਕਲੱਬ ਨੂੰ ਹਰਾ ਕੇ ਜਿੱਤ ਹਾਸਲ ਕੀਤੀ। ਕਬੱਡੀ ਦੇ ਨਾਮੀ ਜਾਫੀਆਂ ਅਤੇ ਧਾਵੀਆਂ ਨੇ ਦਰਸ਼ਕਾਂ ਦੀ ਵਾਹ ਵਾਹ ਖੱਟੀ। ਇਨ੍ਹਾਂ ਖੇਡ ਮੁਕਾਬਲਿਆਂ ਵਿਚ ਕਬੱਡੀ ਕੱਪ ਸਥਾਨਕ ਬਿਜਨਸਮੈਨ ਸਰਬਜੀਤ ਸਿੰਘ ਥਿਆੜਾ ਵਲੋਂ ਦਿੱਤਾ ਗਿਆ। ਇਹ ਖੇਡ ਮੇਲਾ ਦੇਖਣ ਲਈ ਕੈਲੀਫੋਰਨੀਆ ਦੇ ਵੱਖ ਵੱਖ ਸ਼ਹਿਰਾਂ ਤੋਂ ਦਰਸ਼ਕ ਪਹੁੰਚੇ ਹੋਏ ਸਨ। ਆਏ ਦਰਸ਼ਕਾਂ ਲਈ ਖਾਣ-ਪੀਣ ਦਾ ਖੁੱਲ੍ਹਾ ਪ੍ਰਬੰਧ ਸੀ।



ਖੇਡ ਮੇਲੇ ਦੇ ਮੁਅੱਜਜ਼ ਮਹਿਮਾਨਾਂ 'ਚ ਅਕਾਲੀ ਦਲ (ਬ) ਦੇ ਅਮਰੀਕਾ ਵਿੰਗ ਦੇ ਸਰਪ੍ਰਸਤ ਸ. ਦੀਦਾਰ ਸਿੰਘ ਬੈਂਸ ਤੋਂ ਇਲਾਵਾ ਗੁਰਨਾਮ ਸਿੰਘ ਪੰਮਾ, ਸਰਵਣ ਸਿੰਘ ਮਨਟਿਕਾ, ਬਲਹਾਰ ਸਿੰਘ ਸਰਪੰਚ, ਕਸ਼ਮੀਰ ਸਿੰਘ ਥਾਂਦੀ, ਕੁੰਦੂ ਪਹਿਲਵਾਨ, ਮਹਿੰਦਰ ਸਿੰਘ ਸਰਪੰਚ, ਮੰਗਲ ਸਿੰਘ ਸੰਘੇੜਾ ਅਤੇ ਸ. ਹਰਨੇਕ ਸਿੰਘ ਅਟਵਾਲ ਸ਼ਾਮਲ ਸਨ। ਖੇਡ ਮੇਲੇ ਨੂੰ ਸਪਾਂਸਰ ਜਗਿੰਦਰ ਪੁਰੇਵਾਲ, ਕੰਗ ਟਰਾਂਸਪੋਰਟੇਸ਼ਨ, ਪੁਰੇਵਾਲ ਫਾਰਮਜ਼, ਟਾਪ ਕੈਰੀਅਰ, ਐਸ ਐਂਡ ਜੇ ਰਾਇਲ, ਜੇ ਸੀ ਐਂਡ ਐਸੋਸੀਏਟਸ, ਸਿੰਘ ਸਿਟੀ ਲਾਈਵ ਓਕ, ਸਮੋਗ ਐਂਡ ਟੈਗ ਇੰਕ, ਲੀਜ਼ੈਂਡ ਟਰਾਂਸਪੋਰਟ ਇੰਕ, ਬੁਲਿਟ ਐਕਸਪ੍ਰੈਸ, ਕਮਾਂਡਰ ਟਰਾਂਸਪੋਰਟ, ਕੁਲਦੀਪ ਠਾਕੁਰ, ਫਸਟ ਕਾਰਗੋ ਇੰਕ, ਡਾਇਮੰਡ ਟਰਾਂਸਪੋਰਟ, ਯੈਲੋ ਟਰਾਂਸਪੋਰਟ, ਸੁਰਜੀਤ ਦੁਸਾਂਝ, ਕਰਮਨ ਯੂ ਸੇਵ, ਯੂਬਾ ਸਿਟੀ ਸਪੋਰਟਸ ਕਲੱਬ, ਗੁਰਨਾਮ ਸਿੰਘ ਪੰਮਾ, ਹਰਬੰਸ ਸਿੰਘ ਪੰਮਾ, ਨੈਸ਼ਨਲ ਟਰਾਂਸਪੋਰਟ ਲਾਜਿਸਟਿਕਸ, ਰਾਜਿੰਦਰ ਸਿੰਘ ਚੌਹਾਨ, ਦੀਦਾਰ ਸਿੰਘ ਬੈਂਸ ਅਤੇ ਕੂਨਰ ਬ੍ਰਦਰਜ਼ ਸਨ।

*(ਖੇਡ ਮੇਲੇ ਦੀਆਂ ਹੋਰ ਤਸਵੀਰਾਂ ਸਫਾ 20-21 ਉਤੇ ਵੇਖੋ)*




# ਯੂਬਾ ਸਿਟੀ ਦਾ ਹਾਕੀ ਅਤੇ ਕਬੱਡੀ ਟੂਰਨਾਮੈਂਟ:ਤਸਵੀਰਾਂ ਦੀ ਜ਼ੁਬਾਨੀ






















*Sponsored Page*

# ਸਮੂਹ ਸਪਾਂਸਰਾਂ, ਖੇਡ ਪ੍ਰੇਮੀਆਂ ਅਤੇ ਸਹਿਯੋਗੀਆਂ ਦਾ ਧੰਨਵਾਦ



# ਪ੍ਰਵਾਸੀ ਪੰਜਾਬੀਆਂ ਦੇ ਮਸਲੇ ਹੱਲ ਕਰਾਉਣ ਲਈ ਹਰ ਹੀਲਾ ਕਰਾਂਗੇ-ਹੇਅਰ









**ਸੈਕਰਾਮੈਂਟੋ (ਬਿਊਰੋ):** ਐਨ ਆਰ ਆਈ ਸਭਾ, ਪੰਜਾਬ ਆਪਣੀ ਜ਼ਿੰਮੇਵਾਰੀ ਨਿਭਾਉਂਦਿਆਂ ਆਪਣੀ ਸਮਰੱਥਾ ਅਨੁਸਾਰ ਪ੍ਰਵਾਸੀਆਂ ਦੇ ਮਸਲੇ ਹੱਲ ਕਰਵਾ ਰਹੀ ਹੈ। ਇਹ ਵਿਚਾਰ ਇਥੇ ਪ੍ਰਵਾਸੀ ਪੰਜਾਬੀਆਂ ਦੇ ਇਕ ਇਕੱਠ ਨੂੰ ਸੰਬੋਧਨ ਕਰਦਿਆਂ ਸਭਾ ਦੇ ਪ੍ਰਧਾਨ ਸ. ਕਮਲਜੀਤ ਸਿੰਘ ਹੇਅਰ ਨੇ ਦੱਸਿਆ ਕਿ ਬੀਤੇ ਸਮੇਂ ਵਿਚ ਉਨ੍ਹਾਂ ਕੋਲ 1055 ਸ਼ਿਕਾਇਤਾਂ ਪਹੁੰਚੀਆਂ ਜਿਨ੍ਹਾਂ ਵਿਚੋਂ ਉਹ 800 ਸ਼ਿਕਾਇਤਾਂ ਦਾ ਨਿਪਟਾਰਾ ਕਰਵਾ ਚੁੱਕੇ ਹਨ ਤੇ ਬਾਕੀਆਂ ਤੇ ਕਾਰਵਾਈ ਚੱਲ ਰਹੀ ਹੈ।

ਸ. ਕਮਲਜੀਤ ਸਿੰਘ ਹੇਅਰ ਆਪਣੇ ਅਮਰੀਕਾ/ਕੈਨੇਡਾ ਦੌਰੇ ਦੌਰਾਨ ਸੈਕਰਾਮੈਂਟੋ ਪਹੁੰਚੇ ਸਨ ਜਿਥੇ ਐਨ ਆਰ ਆਈ ਸਭਾ ਅਮਰੀਕਾ ਦੇ ਪ੍ਰਧਾਨ ਅਟਾਰਨੀ ਸ. ਜਸਪ੍ਰੀਤ ਸਿੰਘ ਅਤੇ ਚੇਅਰਮੈਨ ਜੋਬਨਜੀਤ ਸਿੰਘ ਵਲੋਂ ਸ. ਬੌਬੀ ਗੋਸਲ ਦੇ ਹੋਟਲ ਫੋਰ ਪੁਆਇੰਟ ਸ਼ੈਰਟਨ ਵਿਚ ਪ੍ਰਵਾਸੀ ਪੰਜਾਬੀਆਂ ਦੀ ਕੀਤੀ ਗਈ ਇਕ ਮੀਟਿੰਗ ਵਿਚ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਇਸ ਮੀਟਿੰਗ ਵਿਚ ਸੈਕਰਾਮੈਂਟੋ, ਫਰਿਜ਼ਨੋ, ਸੈਨ ਹੋਜ਼ੇ, ਸਟਾਕਟਨ, ਯੂਬਾ ਸਿਟੀ, ਰੋਜ਼ਵਿਲ, ਬੇਕਰਜ਼ਫੀਲਡ, ਲਾਸ ਏਂਜਲਸ ਅਤੇ ਕੈਲੀਫੋਰਨੀਆਂ ਦੇ ਹੋਰ ਸ਼ਹਿਰਾਂ ਤੋਂ ਐਨ ਆਰ ਆਈ ਸਭਾ ਦੇ ਮੈਂਬਰ ਅਤੇ ਅਹੁਦੇਦਾਰ ਪਹੁੰਚੇ ਹੋਏ ਸਨ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਸ੍ਰੀ ਹੇਅਰ ਨੇ ਦੱਸਿਆ ਕਿ ਢਾਈ ਕਰੋੜ ਰੁਪਏ ਦੀ ਲਾਗਤ ਨਾਲ ਬਣੇ ਐਨ ਆਰ ਆਈ ਭਵਨ ਵਿਚ ਕੰਮ ਕਾਜ ਹੋਣਾ ਸ਼ੁਰੂ ਹੋ ਗਿਆ ਹੈ ਤੇ ਇਸ ਵਿਚ ਹਾਲ ਹੀ ਵਿਚ ਰਿਟਾਇਰਡ ਹੋਏ ਡਿਪਟੀ ਕਮਿਸ਼ਨਰ ਸ਼੍ਰੀ ਖੁਸ਼ੀ ਰਾਮ ਨੂੰ ਇੰਚਾਰਜ ਨਿਯੁਕਤ ਕੀਤਾ ਗਿਆ ਹੈ ਜੋ ਕਿ ਆਪਣੇ ਤਜ਼ਰਬੇ ਅਤੇ ਰਸੂਖ ਦੇ ਅਧਾਰ ਤੇ ਐਸ ਡੀ ਐਮ, ਤਹਿਸੀਲਦਾਰ, ਪਟਵਾਰੀਆਂ ਜਾਂ ਹੋਰ ਮਹਿਕਿਆਂ ਵਿਚ ਪ੍ਰਵਾਸੀਆਂ ਦੇ ਕੰਮ ਕਰਵਾਉਣ ਲਈ ਦਿਨ ਰਾਤ ਯਤਨਸ਼ੀਲ ਰਹਿੰਦੇ ਹਨ। ਪ੍ਰਵਾਸੀ ਪੰਜਾਬੀਆਂ ਨੂੰ ਦਰਪੇਸ਼ ਆਉਂਦੀਆਂ ਪਾਸਪੋਰਟ ਅਤੇ ਵੀਜ਼ਾ ਮੁਸ਼ਕਿਲਾਂ ਦੀ ਗੱਲ ਕਰਦਿਆਂ ਸ੍ਰੀ ਹੇਅਰ ਨੇ ਵਾਅਦਾ ਕੀਤਾ ਕਿ ਭਾਰਤ ਵਾਪਿਸ ਜਾਂਦਿਆਂ ਹੀ ਉਹ ਇਕ ਵਫਦ ਲੈ ਕੇ ਵਿਦੇਸ਼ ਰਾਜ ਮੰਤਰੀ ਪ੍ਰਨੀਤ ਕੌਰ ਨਾਲ ਮੁਲਾਕਾਤ ਕਰ ਕੇ ਇਸ ਸਮੱਸਿਆ ਦਾ ਹੱਲ ਕਰਵਾਉਣਗੇ। ਉਨ੍ਹਾਂ ਸਮੂਹ ਪ੍ਰਵਾਸੀਆਂ ਨੂੰ ਐਨ ਆਰ ਆਈ ਸਭਾ ਦੇ ਮੈਂਬਰ ਬਣਨ ਦੀ ਅਪੀਲ ਕਰਦਿਆਂ ਕਿਹਾ ਕਿ ਪ੍ਰਵਾਸੀ ਕਦੇ ਵੀ ਉਨ੍ਹਾਂ ਨਾਲ ਫੋਨ 'ਤੇ ਜਾਂ ਮਿਲ ਕੇ ਸੰਪਰਕ ਕਰ ਸਕਦੇ ਹਨ।

ਇਸ ਮੌਕੇ ਅਟਾਰਨੀ ਜਸਪ੍ਰੀਤ ਸਿੰਘ ਨੇ ਸ੍ਰੀ ਹੇਅਰ ਨੂੰ ਪ੍ਰਵਾਸੀਆਂ ਨੂੰ ਪਾਸਪੋਰਟ ਅਤੇ ਵੀਜ਼ਾ ਸਬੰਧੀ ਮੁਸ਼ਕਿਲਾਂ ਤੋਂ ਜਾਣੂ ਕਰਵਾਇਆ। ਨਾਲ ਹੀ ਉਨ੍ਹਾਂ ਪੰਜਾਬ ਵਿਚ ਪ੍ਰਵਾਸੀਆਂ ਦੀਆਂ ਜਾਇਦਾਦਾਂ 'ਤੇ ਨਾਜ਼ਾਇਜ਼ ਕਬਜ਼ੇ, ਪ੍ਰਵਾਸੀਆਂ ਦੀ ਜਾਨ ਮਾਲ ਦੀ ਰਾਖੀ, ਦਫਤਰਾਂ ਵਿਚ ਹੁੰਦੀ ਖੱਜਲ ਖੁਆਰੀ ਆਦਿ ਮਸਲੇ ਵੀ ਪ੍ਰਧਾਨ ਦੇ ਧਿਆਨ ਵਿਚ ਲਿਆਂਦੇ। ਅਟਾਰਨੀ ਜਸਪ੍ਰੀਤ ਸਿੰਘ ਨੇ ਕਿਹਾ ਕਿ ਪ੍ਰਵਾਸੀਆਂ ਦੀ ਚਾਹਨਾ ਹੈ ਕਿ ਐਨ ਆਰ ਆਈ ਸਭਾ ਦੇ ਪ੍ਰਧਾਨ ਨੂੰ ਕੈਬਨਿਟ ਰੈਂਕ ਅਤੇ ਐਗਜ਼ੈਕਟਿਵ ਪਾਵਰਾਂ ਦਿੱਤੀਆਂ ਜਾਣ ਤਾਂ ਜੋ ਪ੍ਰਵਾਸੀਆਂ ਦੇ ਮਸਲੇ ਪ੍ਰਭਾਵੀ ਤੌਰ 'ਤੇ ਹੱਲ ਹੋ ਸਕਣ। ਐਨ ਆਰ ਆਈ ਸਭਾ ਪੰਜਾਬ ਦਾ ਪ੍ਰਧਾਨ ਇਕ ਚੁਣਿਆ ਹੋਇਆ ਨੁਮਾਇੰਦਾ ਹੈ ਇਸ ਲਈ ਕੈਬਨਿਟ ਰੈਂਕ ਉਸ ਦਾ ਸੰਵਿਧਾਨਕ ਹੱਕ ਹੈ।

ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਐਨ ਆਰ ਆਈ ਸਭਾ, ਅਮਰੀਕਾ ਦੇ ਚੇਅਰਮੈਨ ਜੋਬਨਜੀਤ ਸਿੰਘ ਬੌਬੀ, ਵਾਈਸ ਚੇਅਰਮੈਨ ਜਗਦੀਸ਼ ਸਿੰਘ ਢਿੱਲੋਂ ਤੇ ਪ੍ਰੀਤਮ ਸਿੰਘ ਗਰੇਵਾਲ, ਜਨਰਲ ਸਕੱਤਰ ਮਨਜੀਤ ਸਿੰਘ ਬੇਕਰਜ਼ਫੀਲਡ, ਸਕੱਤਰ ਜਨਰਲ ਤੇਜਪਾਲ ਸਿੰਘ ਨਿਕਸਨ, ਮੁੱਖ ਬੁਲਾਰਾ ਨਰਿੰਦਰਪਾਲ ਸਿੰਘ ਹੁੰਦਲ, ਸੀਨੀਅਰ ਮੀਤ ਪ੍ਰਧਾਨ ਰੌਣਕ ਸਿੰਘ, ਕੈਲੀਫੋਰਨੀਆ ਇਕਾਈ ਦੇ ਪ੍ਰਧਾਨ ਕੈਨੀ ਵਿਰਕ, ਬੇਕਰਜ਼ਫੀਲਡ ਇਕਾਈ ਦੇ ਪ੍ਰਧਾਨ ਗੁਰਸੇਵਕ ਸਿੰਘ, ਜਨਰਲ ਸਕੱਤਰ ਦਲਵੀਰ ਨਿੱਝਰ, ਹਰਵਿੰਦਰ ਸਿੰਘ ਚੱਠਾ, ਬੌਬੀ ਗੋਸਲ, ਨਵਿੰਦਰ ਭੰਡਾਲ, ਡਾ. ਗੁਰਪ੍ਰੀਤ ਸਿੰਘ ਧੁੱਗਾ ਫੇਅਰਫੀਲਡ, ਸ੍ਰੀ ਗੁਰੂ ਰਵਿਦਾਸ ਸਭਾ ਆਫ ਸੈਕਰਾਮੈਂਟੋ ਦੇ ਪ੍ਰਧਾਨ ਜੱਸੀ ਬੰਗਾ, ਸਕੱਤਰ ਰਮੇਸ਼ ਬੰਗੜ, ਜਸਵਿੰਦਰ ਸਿੰਘ ਨਾਗਰਾ, ਤਾਜ ਰੰਧਾਵਾ, ਵਿਨੇ ਵੋਹਰਾ, ਸਰਬਜੀਤ ਸਿੰਘ ਥਿਆੜਾ, ਦਰਸ਼ਨ ਸਿੰਘ ਮੁੰਡੀ (ਗੁਰਦੁਆਰਾ ਵੈਸਟ ਸੈਕਰਾਮੈਂਟੋ), ਸੁਖਚੈਨ ਸਿੰਘ (ਚੇਅਰਮੈਨ, ਵੈਲੀ ਚੈਂਬਰਸ ਆਫ ਕਾਮਰਸ ਸੈਕਰਾਮੈਂਟੋ), ਗੁਰਜਤਿੰਦਰ ਸਿੰਘ ਰੰਧਾਵਾ (ਪ੍ਰਧਾਨ, ਐਨ ਆਰ ਆਈ ਫਰੰਟ) ਅਤੇ ਪੱਤਰਕਾਰ ਹੁਸਨ ਲੜੋਆ ਬੰਗਾ ਨੇ ਵੀ ਮੀਟਿੰਗ ਨੂੰ ਸੰਬੋਧਨ ਕੀਤਾ।

ਇਸ ਮੌਕੇ ਚਰਨਜੀਵ ਸਿੰਘ ਵਿਰਕ, ਗੁਰਦਰਸ਼ਨ ਬਸਰਾ, ਕਸ਼ਮੀਰ ਸਿੰਘ ਥਾਂਦੀ, ਬਲਿਹਾਰ ਸਿੰਘ ਸਰਪੰਚ, ਕੁਲਦੀਪ ਸਿੰਘ ਜੌਹਲ, ਚੇਅਰਮੈਨ ਗੁਰਦੁਆਰਾ ਰੋਜ਼ਵਿਲ, ਗੁਰਦੀਪ ਸਿੰਘ ਢੀਂਡਸਾ ਬੇਕਰਜ਼ਫੀਲਡ ਆਦਿ ਮੋਹਤਬਰ ਵੀ ਸ਼ਾਮਿਲ ਹੋਏ।



*ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਹਰਦੇਵ ਸਿੰਘ ਤੱਖਰ, ਭਾਈ ਪ੍ਰੀਤਮ ਸਿੰਘ ਗਰੇਵਾਲ, ਭਾਈ ਨੀਤੂ ਸਿੰਘ ਕਾਹਲੋਂ ਅਤੇ ਭਾਈ ਮਹਿੰਦਰ ਸਿੰਘ ਤੱਖਰ ਸ੍ਰੀ ਕਮਲਜੀਤ ਸਿੰਘ ਹੇਅਰ ਅਤੇ ਸ੍ਰੀ ਅਮੋਲਕ ਸਿੰਘ ਗਾਖਲ ਦਾ ਸਨਮਾਨ ਕਰਦੇ ਹੋਏ। ਸ੍ਰੀ ਹੇਅਰ ਇਨ੍ਹੀਂ ਦਿਨੀਂ ਅਮਰੀਕਾ ਦੌਰੇ 'ਤੇ ਹਨ ਅਤੇ ਸੈਨ ਹੋਜ਼ੇ ਗੁਰੂ ਘਰ ਉਹ ਸ੍ਰੀ ਗਾਖਲ ਦੇ ਨਾਲ ਪਹੁੰਚੇ ਸਨ।*


## Desi World Radio

**Pure desi Entertainment**



ਰੇਡੀਓ ਟੋਟਲ 35000 ਸਟੇਸ਼ਨਜ਼ ਨਾਲ ਲੈਸ ਪਹਿਲਾ ਪੂਰਾ ਦੇਸੀ wifi ਇੰਟਰਨੈਟ ਰੇਡੀਓ 24 ਘੰਟੇ ਸੱਤੇ ਦਿਨ ਹਰਮਿੰਦਰ ਸਾਹਿਬ ਅਤੇ 27 ਹੋਰ ਧਾਰਮਿਕ ਸਟੇਸ਼ਨਜ਼ ਤੋਂ ਸਵੇਰੇ, ਸ਼ਾਮੀ ਪਾਠ, ਕੀਰਤਨ ਅਤੇ ਬਾਣੀ ਸੁਣੋ, 24 ਘੰਟੇ ਗਾਣੇ, ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਖਬਰਾਂ, ਚਲੰਤ ਮਾਮਲਿਆਂ ਦੇ 125 ਤੋਂ ਵੱਧ ਪੰਜਾਬੀ ਸਟੇਸ਼ਨਜ਼ ਅਮਰੀਕਾ, ਇੰਗਲੈਂਡ, ਅਸਟਰੇਲੀਆ, ਨਿਊਜੀਲੈਂਡ, ਫੀਜੀ,ਭਾਰਤ, ਸਿੰਘਾਪੁਰ ਦੇ ਰੇਡੀਓ ਸਟੇਸ਼ਨਜ਼, ਰੇਡੀਓ ਹਮਸਫਰ, ਸ਼ੇਰੇ-ਪੰਜਾਬ, ਧਮਾਲ ਰੇਡੀਓ, ਹੱਸਦਾ ਪੰਜਾਬ, ਦੇਸ ਪ੍ਰਦੇਸ, ਸਾਂਝੀ ਆਵਾਜ਼, ਪੰਜ ਪਾਣੀ, ਚੜ੍ਹਦੀ ਕਲਾ, ਢੋਲ ਰੇਡੀਓ, ਰੇਡੀਓ ਨੌਜਵਾਨ ਅਤੇ ਹੋਰ ਬਹੁਤ ਸਾਰੇ ਰੇਡੀਓ ਹਿੰਦੀ, ਉਰਦੂ, ਦੱਖਣੀ ਭਾਰਤ ਦੇ 500 ਤੋਂ ਵੱਧ ਰੇਡੀਓ ਸਟੇਸ਼ਨਜ਼ ਰੇਡੀਓ ਰਿਮੋਟ ਕੰਟਰੋਲ ਨਾਲ ਉਪਲਬਧ, ਇਸ ਨੂੰ ਵਰਤਣਾ ਬਹੁਤ ਹੀ ਆਸਾਨ, ਰੇਡੀਓ ਵਿਚ 2 ਅਲਾਰਮ ਹਨ, ਹਰਮਿੰਦਰ ਸਾਹਿਬ ਜਾਂ ਕੋਈ ਵੀ ਧਾਰਮਿਕ ਸਟੇਸ਼ਨ ਆਪਣੇ ਅਲਾਰਮ ਵਿਚ ਫਿਟ ਕਰਕੇ ਆਪਣੀ ਅੱਖ ਰੱਬ ਦੇ ਨਾਂ ਨਾਲ ਖੋਲੋ ਜੀ।

ਕੈਲੀਫੋਰਨੀਆ ਦਾ ਨੰ. 1 ਰੇਡੀਓ 'ਰੇਡੀਓ ਚੜ੍ਹਦੀ ਕਲਾ' ਸੁਣੋ ਸਿਰਫ ਦੇਸੀ ਵਰਲਡ ਰੇਡੀਓ ਦੇ ਚੈਨਲ ਨੰ. 1 'ਤੇ

ਡੀਲਰਸ਼ਿਪ ਲੈ ਕੇ ਵਧੀਆ ਪੈਸੇ ਕਮਾਉਣ ਲਈ ਸਾਨੂੰ ਸੰਪਰਕ ਕਰੋ

ਅਸੀਂ ਰੇਡੀਓ ਨੂੰ ਸਾਰੇ USA ਵਿਚ Free ਸ਼ਿਪ ਕਰਦੇ ਹਾਂ

Radio Available on La Merchandise, yuba city Punjab Bazar, Yuba City Bombay Video, Yuba City New Delhi, Yuba City Indian Market, Secramento AB Sweets, Secramento,Delhi Bazaar, Stockton, India Bazaar, Stockton, Desi Bazaar, Indianpolis Shalimar grocery, union city Indian stop, Elk grove Desi Bazar, SacramentoShan-E-Punjab, Stockton Shalimar Grocerys, Union City Singh Cash and Carry, Carona Indian House of Grocery Secramento,

WWW.desiworldradio.com
Email-Info@desiworldradio.com
Toll Free Number 1-800-604-6024

ਰੇਡੀਓ ਪਸੰਦ ਨਾ ਆਉਣ ਤੇ ਪੈਸੇ ਵਾਪਸੀ ਦੀ ਗਰੰਟੀ



## CHAHAL VIDEO

Video & Photography

We Treat your special events with care!

- HD Video (High Definition)
- Magazine Album

Cell: (916) 601-6632
Cell: (916) 690-4182
Ph: (916) 682-7321
email: ChahalVideo1@yahoo.com



ਵਿਆਹ-ਸ਼ਾਦੀ ਜਾਂ ਕਿਸੇ ਪਾਰਟੀ ਦੀ ਯਾਦ ਨੂੰ ਸਾਂਭਣ ਲਈ ਸੰਪਰਕ ਕਰੋ

Jaison Chahal at 916-601-6632

# ਖੇਡ ਲਿਖਤਾਂ ਤੋਂ ਬੇਹਦ ਸਤਿਕਾਰ ਮਿਲਿਐ-ਪ੍ਰਿੰ. ਸਰਵਣ ਸਿੰਘ

**ਫਰਿਜ਼ਨੋ (ਬਿਊਰੋ):** ਜਿੰਨਾ ਪਿਆਰ ਅਤੇ ਸਤਿਕਾਰ ਮੈਨੂੰ ਮੇਰੀਆਂ ਖੇਡ ਲਿਖਤਾਂ ਨੇ ਦਿਤਾ ਹੈ, ਉਨ੍ਹਾਂ ਸ਼ਾਇਦ ਹੋਰ ਕਿਸੇ ਲੇਖਕ ਦੇ ਹਿੱਸੇ ਨਾ ਆਇਆ ਹੋਵੇ। ਇਹ ਸ਼ਬਦ ਪੰਜਾਬੀ ਦੇ



ਸਿਰਮੌਰ ਖੇਡ ਲੇਖਕ ਪ੍ਰਿੰ ਸਰਵਣ ਸਿੰਘ ਨੇ ਆਪਣੇ ਸਾਹਿਤਕ ਸਫਰ ਬਾਰੇ ਬੋਲਦਿਆਂ ਇਥੇ ਇਕ ਸਾਹਿਤਕ ਮਿੱਤਰ ਮਿਲਣੀ ਵਿਚ ਕਹੇ।

ਇਥੇ ਰਾਇਲ ਤਾਜ ਇੰਡੀਅਨ ਕੁਜ਼ੀਨ ਵਿਚ ਪ੍ਰਿੰ. ਸਰਵਣ ਸਿੰਘ ਦੇ ਨੇੜਲੇ ਮਿੱਤਰ ਸਾਧੂ ਸਿੰਘ ਸੰਘਾ ਅਤੇ ਸਾਬਕਾ ਖਿਡਾਰੀ ਕਰਮ ਸਿੰਘ ਸੰਘਾ ਦੇ ਵਿਸ਼ੇਸ਼ ਉਦੱਮ ਨਾਲ ਹੋਈ ਇਸ ਸਾਹਿਤਕ ਮਿਲਣੀ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਆਖਿਆ ਕਿ ਕਹਾਣੀ ਅਤੇ ਵਿਅੰਗ ਲਿਖਣ ਤੋਂ ਆਪਣਾ ਸਾਹਿਤਕ ਸਫਰ ਸ਼ੁਰੂ ਕਰ ਕੇ ਪਿਛਲੇ ਚਾਲੀ ਸਾਲਾਂ ਤੋਂ ਅੱਜ ਤੱਕ ਲਗਾਤਾਰ ਲਿਖਦਾ ਆ ਰਿਹਾ ਹਾਂ। ਉਨ੍ਹਾਂ ਕਿਹਾ ਮੈਨੂੰ ਮੇਰੀਆਂ ਲਿਖਤਾਂ ਨੇ ਸਾਈਕਲ ਤੋਂ ਜਹਾਜ ਤੱਕ ਦਾ ਸਫਰ ਕਰਵਾ ਦਿੱਤਾ ਹੈ।

ਇਸ ਮਿਲਣੀ ਵਿਚ ਇੰਡੋ-ਯੂ ਐਸ ਹੈਰੀਟੇਜ਼ ਐਸੋਸੀਏਸ਼ਨ ਫਰਿਜ਼ਨੋ ਦੇ ਮੈਂਬਰਾਂ ਤੋਂ ਇਲਾਵਾ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ, ਵਿਸ਼ਵ ਸਾਹਿਤ ਅਕੈਡਮੀ, ਡਾਇਮੰਡ ਕਲੱਬ ਅਤੇ ਆਜ਼ਾਦ ਕਲੱਬ ਦੇ ਮੈਂਬਰਾਂ ਨੇ ਭਾਗ ਲਿਆ। ਸਮਾਗਮ ਦੀ ਸ਼ੁਰੂਆਤ ਕਰਦਿਆਂ ਸੰਤੋਖ ਸਿੰਘ ਮਿਨਹਾਸ ਨੇ ਪ੍ਰਿੰ. ਸਰਵਣ ਸਿੰਘ ਨਾਲ ਆਪਣੀ ਪੁਰਾਣੀ ਸਾਂਝ ਯਾਦ ਕਰਦਿਆਂ ਉਨ੍ਹਾਂ ਦੀਆਂ ਖੇਡ ਲਿਖਤਾਂ ਤੋਂ ਇਲਾਵਾ ਉਨ੍ਹਾਂ ਦੀਆਂ ਹੋਰ ਸਾਹਿਤਕ ਲਿਖਤਾਂ ਅਤੇ ਲੋਕਾਂ ਵੱਲੋਂ ਉਨ੍ਹਾਂ ਦੇ ਪਾਏ ਮੁੱਲ ਦਾ ਜ਼ਿਕਰ ਕੀਤਾ। ਸਾਧੂ ਸਿੰਘ ਸੰਘਾ ਨੇ ਪ੍ਰਿੰ. ਸਰਵਣ ਸਿੰਘ ਨਾਲ ਲੰਬੇ ਅਰਸੇ ਦੀ ਆਪਣੀ ਮਿੱਤਰਤਾ ਅਤੇ ਖੇਡ ਜਗਤ ਵਿਚ ਉਨ੍ਹਾਂ ਨੂੰ ਮਿਲੇ ਮਾਣ-ਸਤਿਕਾਰ ਬਾਰੇ ਆਪਣੇ ਵਿਚਾਰ ਰੱਖੇ।

ਕਹਾਣੀਕਾਰ ਕਰਮ ਸਿੰਘ, ਸ਼ਾਇਰ ਹਰਜਿੰਦਰ ਕੰਗ ਅਤੇ ਉਘੇ ਚਿੰਤਕ ਗੁਰੂਮੇਲ ਸਿੱਧੂ ਨੇ ਜਿੱਥੇ ਖੇਡਾਂ ਅਤੇ ਖਿਡਾਰੀਆਂ ਬਾਰੇ ਲਿਖੀਆਂ ਪੁਸਤਕਾਂ ਨੂੰ ਖੇਡ ਸਾਹਿਤ ਦੇ ਰੂਪ ਵਿਚ ਸਵੀਕਾਰਨ ਦੀ ਗੱਲ ਕੀਤੀ, ਉਥੇ ਪ੍ਰਿੰ. ਸਰਵਣ ਸਿੰਘ ਦੀ ਮਿਹਨਤ ਅਤੇ ਲਗਨ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ ਪ੍ਰਿੰ. ਸਰਵਣ ਸਿੰਘ ਦੀਆਂ ਲਿਖਤਾਂ ਪੜ੍ਹ ਕੇ ਅੱਖੀਂ ਨਾ ਵੇਖੀਆਂ ਖੇਡਾਂ ਵੀ ਸਾਹਮਣੇ ਪ੍ਰਤੱਖ ਹੋਈਆਂ ਜਾਪਦੀਆਂ ਹਨ। ਉਨ੍ਹਾਂ ਪ੍ਰਿੰ. ਸਾਹਿਬ ਲਈ ਵਧੀਆ ਸਿਹਤ ਤੇ ਲੰਮੀ ਉਮਰ ਦੀ ਕਾਮਨਾ ਵੀ ਕੀਤੀ। ਇਨ੍ਹਾਂ ਤਿੰਨਾਂ ਲੇਖਕਾਂ ਨੇ ਆਪਣੀਆਂ ਨਵੀਆਂ ਪੁਸਤਕਾਂ ਵੀ ਪ੍ਰਿੰ. ਸਰਵਣ ਸਿੰਘ ਨੂੰ ਭੇਟ ਕੀਤੀਆਂ। ਇੰਡੋ ਯੂ ਐਸ ਹੈਰੀਟੇਜ਼ ਐਸੋਸੀਏਸ਼ਨ ਫਰਿਜਨੋ ਦੇ ਪ੍ਰਧਾਨ ਪ੍ਰਿੰ. ਪ੍ਰੀਤਮ ਸਿੰਘ ਨਾਹਲ ਨੇ ਕਿਤਾਬੀ ਰੂਪ ਵਿਚ ਖੇਡਾਂ ਨੂੰ ਪੇਸ਼ ਕਰਨ ਤੇ ਸ. ਸਰਵਣ ਸਿੰਘ ਦੀ ਸਰਾਹਨਾ ਕੀਤੀ। ਹੋਰ ਬੁਲਾਰਿਆਂ ਵਿਚ ਗੁਰਦੀਪ ਸਿੰਘ ਨਿੱਝਰ, ਕਰਮ ਸਿੰਘ ਸੰਘਾ, ਨਾਜਰ ਸਹੋਤਾ, ਹਾਕਮ ਸਿੰਘ ਢਿੱਲੋਂ, ਰਣਜੀਤ ਗਿੱਲ ਅਤੇ ਹੈਰੀ ਮਾਨ ਨੇ ਵੀ ਆਪਣੇ ਵਿਚਾਰ ਰੱਖੇ। ਵੱਖ ਵੱਖ ਬੁਲਾਰਿਆਂ ਨੇ ਪੰਜਾਬ ਵਿਚ ਸਕੂਲਾਂ ਦੇ ਨਾਲ ਖੇਡ ਗਰਾਊਂਡਾਂ ਦੀ ਲੋੜ ਨੂੰ ਅਣਗੌਲਿਆਂ ਕਰਨ ਅਤੇ ਖੇਡਾਂ ਵਿਚ ਨਸ਼ਿਆਂ ਦੇ ਸੇਵਨ ਬਾਰੇ ਚਿੰਤਾ ਜਾਹਰ ਕੀਤੀ।

ਇਸ ਮਿਲਣੀ ਵਿਚ ਰਾਜਿੰਦਰ ਬਰਾੜ ਵੈਰੋਕੇ, ਨਿਰਮਲ ਗਿੱਲ ਧਨੌਲਾ, ਗੁਰਨੇਕ ਸਿੰਘ ਰਾਏ, ਮਨਧੀਰ ਸਿੰਘ ਤੁੰਗ, ਸੰਤੋਖ ਸਿੰਘ ਢਿੱਲੋਂ, ਮਨਜੀਤ ਕੁਲਾਰ, ਪਾਲ ਧਾਲੀਵਾਲ, ਸਤਵੰਤ ਵਿਰਕ, ਨਵਦੀਪ ਮਿਨਹਾਸ, ਅਜਮੇਰ ਸਿੰਘ ਨਾਹਲ, ਸੁਖਜੀਤ ਸਿੰਘ ਭੁੱਲਰ, ਸੁਖਜੀਤ ਸਿੰਘ ਸੰਘਾ, ਗੁਰਦੀਪ ਸਿੰਘ ਚੌਹਾਨ, ਭਜਨ ਸਿੰਘ ਸੰਧੂ, ਪਰਦੀਪ ਸਿੰਘ ਮਿਨਹਾਸ ਅਤੇ ਕੰਵਲਜੀਤ ਟਿਵਾਣਾ ਵੀ ਹਾਜਰ ਸਨ।

# ਗੁਰਸ਼ਰਨ ਭਾਅ ਜੀ ਨੂੰ ਸੱਚੀ ਸ਼ਰਧਾਂਜਲੀ ਲੋਕ ਪੱਖੀ ਰੰਗਮੰਚ ਨੂੰ ਮਜ਼ਬੂਤ ਕਰਨਾ

**ਯੂਨੀਅਨ ਸਿਟੀ (ਬਿਊਰੋ):** ਪੰਜਾਬੀ ਰੰਗਮੰਚ ਦੇ ਬਾਬਾ ਬੋਹੜ ਭਾਅ ਜੀ ਗੁਰਸ਼ਰਨ ਸਿੰਘ ਦੇ ਚਲਾਣੇ ਨਾਲ ਪੰਜਾਬੀ ਰੰਗਮੰਚ ਅਤੇ ਨਾਟਕ ਕਲਾ ਨੂੰ ਤਾਂ ਬਹੁਤ ਵੱਡਾ ਘਾਟਾ ਪਿਆ ਹੀ ਹੈ, ਇਸ ਦੇ ਨਾਲ ਹੀ ਪੰਜਾਬ ਦੇ ਦੱਬੇ ਕੁਚਲੇ ਲੋਕਾਂ, ਮਜ਼ਦੂਰਾਂ, ਮੁਲਾਜ਼ਮਾਂ, ਕਿਸਾਨਾਂ ਅਤੇ ਮਿਹਨਤੀ ਲੋਕਾਂ ਦੇ ਹਿੱਤਾਂ ਦੀ ਆਪਣੀ ਨਾਟਕਾਂ ਰਾਹੀਂ ਆਵਾਜ਼ ਬੁਲੰਦ ਕਰਨ ਵਾਲੀ ਇਕ ਮਹਾਨ ਸ਼ਖਸੀਅਤ ਵੀ ਖਾਮੋਸ਼ ਹੋ ਗਈ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਇਥੇ ਸੈਂਟਰ ਆਫ ਇੰਡੋ-ਯੂ ਐਸ ਡਾਇਲਾਗ ਸੰਸਥਾ ਵਲੋਂ ਕਰਵਾਏ ਗਏ ਇਕ ਸ਼ਰਧਾਂਜਲੀ ਸਮਾਗਮ ਵਿਚ ਬੋਲਦਿਆਂ ਵੱਖ ਵੱਖ ਬੁਲਾਰਿਆਂ ਨੇ ਕੀਤਾ। ਬੁਲਾਰਿਆਂ ਨੇ ਕਿਹਾ ਕਿ ਗੁਰਸ਼ਰਨ ਭਾਅ ਜੀ ਸਮੇਂ ਦੀਆਂ ਹਕੂਮਤਾਂ ਨੂੰ ਲੋਕ ਹਿੱਤਾਂ ਦੀ ਪ੍ਰਾਪਤੀ ਲਈ ਤਾਂ ਲਲਕਾਰਦੇ ਹੀ ਸਨ ਨਾਲ ਹੀ ਉਹ ਫਿਰਕਾਪ੍ਰਸਤ ਅਤੇ ਜਾਤ-ਪਾਤ ਦੇ ਆਧਾਰ ਉਤੇ ਵੰਡੀਆਂ ਪਾਉਣ ਵਾਲੀਆਂ ਤਾਕਤਾਂ ਨੂੰ ਵੀ ਖੁੱਲ੍ਹੀ ਚੁਣੌਤੀ ਦਿੰਦੇ ਸਨ। ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਇਹੋ ਹੋਵੇਗੀ ਕਿ ਲੋਕ ਪੱਖੀ ਰੰਗਮੰਚ ਨੂੰ ਮਜ਼ਬੂਤ ਕਰਨ ਲਈ ਹਰ ਤਰ੍ਹਾਂ ਦਾ ਸਹਿਯੋਗ ਦਿੱਤਾ ਜਾਵੇ ਤਾਂ ਜੋ ਦਬੇ ਕੁਚਲੇ ਲੋਕਾਂ ਦੇ ਹੱਕ ਵਿਚ ਆਵਾਜ਼ ਉਠਾਈ ਜਾ ਸਕੇ।

ਇਸ ਸ਼ਰਧਾਂਜਲੀ ਸਮਾਗਮ ਨੂੰ ਸੰਬੋਧਨ ਕਰਨ ਵਾਲਿਆਂ ਵਿਚ ਇੰਡੋ-ਯੂ ਐਸ ਡਾਇਲਾਗ ਦੇ ਪ੍ਰਧਾਨ ਕੁਲਦੀਪ ਸਿੰਘ ਧਾਲੀਵਾਲ ਤੇ ਕੋਆਰਡੀਨੇਟਰ ਪ੍ਰੋ. ਬਲਵਿੰਦਰ ਸਿੰਘ ਧਨੋਆ ਤੋਂ ਇਲਾਵਾ ਵਿਸ਼ਵ ਸਾਹਿਤ ਅਕਾਦਮੀ ਕੈਲੀਫੋਰਨੀਆ ਦੇ ਜਨਰਲ ਸਕੱਤਰ ਕੁਲਵਿੰਦਰ ਤੇ ਰੇਸ਼ਮ ਸਿੱਧੂ, ਪੰਜਾਬੀ ਗੀਤਕਾਰ ਮੰਚ ਦੇ ਪ੍ਰਧਾਨ ਮੱਖਣ ਲੁਹਾਰ, ਜਨਰਲ ਸਕੱਤਰ ਬਿੱਕਰ ਸਿੰਘ ਕੰਮੇਆਣਾ ਤੇ ਕੁਲਜੀਤ ਮਾਨ, ਆਪਣਾ ਪੰਜਾਬ ਐਸੋਸੀਏਸ਼ਨ ਦੇ ਮਨਜੀਤ ਸਿੰਘ ਗਿੱਲ, ਕਸ਼ਮੀਰ ਸਿੰਘ ਧੁੱਗਾ ਤੇ ਮਹਿੰਗਾ ਸਿੰਘ ਸਰਪੰਚ, ਹੋਕਾ ਐਂਟਰਟੇਨਮੈਂਟ ਦੇ ਆਗੂ ਤੇ ਨਾਮਵਰ ਰੰਗਕਰਮੀ ਅਸ਼ੋਕ ਤਾਂਗੜੀ, ਕੈਲੀਫੋਰਨੀਆ ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਹਰਬੰਸ ਸਿੰਘ ਜਗਿਆਸੂ ਤੇ ਮਹਿੰਦਰ ਸਿੰਘ ਘੱਗ, ਗੁਰੂ ਰਵਿਦਾਸ ਸਭਾ, ਯੂਬਾ ਸਿਟੀ ਦੇ ਗੁਰਬਚਨ ਚੋਪੜਾ, ਕਾਲਮਨਵੀਸ ਐਸ ਅਸ਼ੋਕ ਭੌਰਾ, ਉਘੇ ਦਲਿਤ ਵਿਦਵਾਨ ਮੋਹਨ ਪਾਲ, ਪੱਤਰਕਾਰ ਬਲਬੀਰ ਸਿੰਘ ਐਮ ਏ, ਗੁਰਦੁਆਰਾ ਫਰੀਮਾਂਟ ਦੇ ਸਾਬਕਾ ਪ੍ਰਧਾਨ ਹਰਦੇਵ ਸਿੰਘ ਗਰੇਵਾਲ, ਰੰਗਕਰਮੀ ਜਸਪਾਲ ਸਿੰਘ ਸੈਣੀ, ਮਾਸਟਰ ਧਰਮਪਾਲ ਰਿੰਕੂ, ਪਰਮਜੀਤ ਰੋਡੇ ਅਤੇ ਦਰਸ਼ਨ ਸ਼ੈਲੇ ਸ਼ਾਮਲ ਸਨ।

ਇਸ ਮੌਕੇ ਹਾਜ਼ਰ ਵਿਅਕਤੀਆਂ 'ਚ ਹੋਰਨਾਂ ਤੋਂ ਬਿਨਾ ਮਾਲਵਾ ਇੰਸ਼ੋਰੈਂਸ ਵਾਲੇ ਹਰਮਿੰਦਰ ਸਿੰਘ ਗਿੱਲ, ਬਿਜਨਸਮੈਨ ਮਨਧੀਰ ਸਿੰਘ ਕੰਗ, ਦਲਬੀਰ ਸਿੰਘ, ਮਾਸਟਰ ਗੁਰਚਰਨ ਸਿੰਘ, ਇਕੱਤਰ ਸਿੰਘ ਸੋਢੀ ਤੇ ਨਰਿੰਦਰ ਸਿੰਘ ਸੁੱਜੋਂ ਸ਼ਾਮਲ ਸਨ।



ਗੁਰਸ਼ਰਨ ਭਾਅ ਜੀ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਹੋਏ ਸਮਾਗਮ ਵਿਚ ਹਾਜ਼ਰ ਸ਼ਖਸੀਅਤਾਂ


A & I Transport Inc.
123 E Lee Rd., Watsonville, CA, 95076
Ph:831-763-7805
A&I WATSONVILLE, CA.
ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ
11 ਵੈਸਟਰਨ ਸਟੇਟਾਂ ਅਤੇ ਲੋਕਲ (ਕੈਲੀਫੋਰਨੀਆ) ਵਾਸਤੇ
> ਅਸੀਂ 1990 ਤੋਂ ਕੁਆਲਿਟੀ ਸੇਵਾਵਾਂ ਦੇ ਰਹੇ ਹਾਂ
> 21 ਸਾਲਾਂ ਤੋਂ ਸਮੇਂ ਸਿਰ ਪੇਮੈਂਟ
Weekly Pay Roll
2011-12 ਮਾਡਲ ਦੇ ਨਵੇਂ ਨਕੋਰ ਟਰੱਕ

ਹੋਰ ਜਾਣਕਾਰੀ ਲਈ ਸੰਪਰਕ ਕਰੋ
ਫੋਨ: 1-888-664-4004
Fax: 831-724-2010 e-mail: aa@aitruckingllc.com
ਏ. ਐਂਡ ਆਈ. ਟਰਾਂਸਪੋਰਟ
ਵਾਟਸਨਵਿਲ, ਕੈਲੀਫੋਰਨੀਆ


Dhillon Truck Stop
Dhillon Road Service
Interstate 40, exit 356, San Jon, NM
Gill Manj Gurdaspur Wale


ਡੀਜ਼ਲ ਅਤੇ ਰੋਡ ਸਰਵਿਸ
New & Used Tires
Oil Change
ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ
Ph:575-576-4111, 317-918-6776

# ਤਾਜ ਮਹੱਲ ਦੀ ਹੋਂਦ ਨੂੰ ਵੱਡਾ ਖ਼ਤਰਾ



**ਨਵੀਂ ਦਿੱਲੀ:** ਦੁਨੀਆ ਭਰ ਦੇ ਲੋਕਾਂ ਲਈ ਖਿੱਚ ਦੇ ਕੇਂਦਰ ਤਾਜ ਮਹੱਲ ਦੀ ਹੋਂਦ ਖ਼ਤਰੇ ਵਿਚ ਹੈ। ਸ਼ਾਹਜਹਾਂ ਵੱਲੋਂ ਆਪਣੀ ਬੇਗਮ ਮੁਮਤਾਜ ਲਈ ਬਣਾਏ ਗਏ ਇਸ ਪ੍ਰੇਮ ਦੇ ਪ੍ਰਤੀਕ ਦੇ ਵਜੂਦ 'ਤੇ ਖ਼ਤਰਾ ਬਣਿਆ ਹੋਇਆ ਹੈ। ਇਤਿਹਾਸਕਾਰਾਂ, ਵਾਤਾਵਰਨ ਪ੍ਰੇਮੀਆਂ ਤੇ ਸਿਆਸੀ ਆਗੂਆਂ ਦੇ ਇਕ ਸਮੂਹ ਨੇ ਕਿਹਾ ਕਿ ਆਉਣ ਵਾਲੇ ਪੰਜ ਸਾਲਾਂ 'ਚ ਸ਼ਾਇਦ ਤਾਜ ਆਪਣੀ ਜਗ੍ਹਾ 'ਤੇ ਨਾ ਦਿੱਸੇ ਕਿਉਂਕਿ ਤਾਜ ਮਹੱਲ ਦੀਆਂ ਨੀਂਹਾਂ ਲਗਾਤਾਰ ਕਮਜ਼ੋਰ ਹੋ ਰਹੀਆਂ ਹਨ।

ਜੇਕਰ ਇਸ ਖ਼ਤਰੇ ਨੂੰ ਵੇਖਦਿਆਂ ਕੋਈ ਕਦਮ ਨਾ ਚੁੱਕਿਆ ਗਿਆ ਤਾਂ ਆਉਣ ਵਾਲੇ ਦੋ ਤੋਂ ਪੰਜ ਸਾਲਾਂ 'ਚ ਤਾਜ ਮਹੱਲ ਖੰਡਰ 'ਚ ਤਬਦੀਲ ਹੋ ਜਾਵੇਗਾ। ਜਾਣਕਾਰਾਂ ਮੁਤਾਬਕ ਮੁਗ਼ਲ ਕਾਲ 'ਚ ਬਣੀ ਇਸ ਇਮਾਰਤ ਦੀਆਂ ਨੀਂਹਾਂ 'ਚ ਉਹੀ ਤਕਨੀਕ ਵਰਤੀ ਗਈ ਜੋ ਉਸ ਸਮੇਂ ਦੀਆਂ ਹੋਰ ਇਮਾਰਤਾਂ ਨੂੰ ਬਣਾਉਣ ਵੇਲੇ ਵਰਤੀ ਗਈ ਸੀ। ਅਜਿਹਾ ਮੰਨਿਆ ਜਾਂਦਾ ਹੈ ਕਿ ਤਾਜ ਮਹੱਲ ਦੇ ਚਾਰੇ ਪਾਸੇ ਇਕ ਹਜ਼ਾਰ ਤੋਂ ਵੀ ਵੱਧ ਖੂਹ ਪੁੱਟੇ ਗਏ ਸਨ। ਇਨ੍ਹਾਂ ਖੂਹਾਂ ਦੀ ਡੂੰਘਾਈ 50 ਫੁੱਟ ਦੇ ਕਰੀਬ ਹੈ। ਇਨ੍ਹਾਂ ਖੂਹਾਂ ਨੂੰ ਇੱਟਾਂ, ਪੱਥਰ, ਚੂਨਾ, ਗਾਰੇ ਤੇ ਲੱਕੜੀ ਨਾਲ ਭਰ ਦਿੱਤਾ ਗਿਆ ਸੀ।

ਖੂਹਾਂ 'ਚ ਆਬਨੂਸਅਤੇ ਮਹੋਗਨੀ ਦੀਆਂ ਲੱਕੜਾਂ ਦੇ ਗੱਠੇ ਪਾਏ ਗਏ ਸਨ। ਇਨ੍ਹਾਂ ਖੂਹਾਂ ਨੂੰ ਇਸ ਤਰ੍ਹਾਂ ਬਣਾਇਆ ਗਿਆ ਕਿ ਯਮੁਨਾ ਨਦੀ ਦੇ ਪਾਣੀ ਤੋਂ ਨਮੀ ਮਿਲਦੀ ਰਹੇ। ਇਸ ਦਾ ਕਾਰਨ ਇਹ ਹੈ ਕਿ ਨੀਂਹਾਂ 'ਚ ਮੌਜੂਦ ਆਬਨੂਸ ਤੇ ਮਹੋਗਨੀ ਦੀ ਲੱਕੜੀ ਨੂੰ ਜਿੰਨੀ ਨਮੀ ਮਿਲੇਗੀ ਤਾਂ ਉਹ ਉਨੀ ਹੀ ਮਜ਼ਬੂਤ ਰਹੇਗੀ। ਇਸ ਨਾਲ ਤਾਜ ਮਹੱਲ ਦੀਆਂ ਨੀਂਹਾਂ ਵੀ ਉਨੀਆਂ ਹੀ ਮਜ਼ਬੂਤ ਬਣੀਆਂ ਰਹਿਣਗੀਆਂ ਪਰ ਖ਼ਤਰੇ ਦੀ ਗੱਲ ਇਹ ਹੈ ਕਿ ਯਮੁਨਾ ਦਾ ਪਾਣੀ ਘਟਦਾ ਜਾ ਰਿਹਾ ਹੈ ਤੇ ਤਾਜ ਮਹੱਲ ਦੀਆਂ ਨੀਂਹਾਂ 'ਚ ਬਣੇ ਖੂਹਾਂ 'ਚ ਮੌਜੂਦ ਲੱਕੜਾਂ ਨੂੰ ਮਿਲ ਰਹੀ ਨਮੀ ਵਿਚ ਕਮੀ ਆਈ ਹੈ।

ਯਮੁਨਾ ਨਦੀ ਦੇ ਪਾਣੀ ਦੇ ਪੱਧਰ ਨੂੰ ਵਾਪਸ ਲਿਆਉਣ ਤੇ ਨਦੀ ਦੀ ਸਫ਼ਾਈ ਦੇ ਨਾਂ 'ਤੇ ਹੁਣ ਤੱਕ ਕਰੋੜਾਂ ਰੁਪਏ ਖਰਚ ਕੀਤੇ ਜਾ ਚੁੱਕੇ ਹਨ ਪਰ ਨਤੀਜਾ ਕੁਝ ਵੀ ਨਹੀਂ ਮਿਲ ਰਿਹਾ ਹੈ। ਹਾਲਾਤ ਦਿਨੋ ਦਿਨ ਵਿਗੜ ਰਹੇ ਹਨ। ਤਾਜ ਦੇ ਨੇੜੇ ਵਧ ਰਹੇ ਪ੍ਰਦੂਸ਼ਣ ਨੇ ਪਹਿਲਾਂ ਹੀ ਦੇਸ਼ ਦੀ ਸ਼ਾਨ ਨੂੰ ਖ਼ਤਰੇ ਵਿਚ ਪਾਇਆ ਹੋਇਆ ਹੈ। ਜਾਣਕਾਰਾਂ ਦੀ ਮੰਨੀਏ ਤਾਂ ਇਥੇ ਧਰਤੀ ਹੇਠਲਾ ਪਾਣੀ ਪੰਜ ਫੁੱਟ ਹੇਠਾਂ ਚਲਾ ਗਿਆ ਹੈ ਜਿਸ ਨਾਲ ਨਦੀ, ਨਾਲੇ ਤੇ ਤਾਲਾਬ ਤੇਜ਼ੀ ਨਾਲ ਸੁੱਕ ਰਹੇ ਹਨ।

# ਜ਼ਿਊਰਿਖ ਦੀ ਬੈਂਕ ਸਟਰੀਟ 'ਚ ਦੁਨੀਆਂ ਦੇ ਕਾਲੇ ਧਨ ਦੀ ਭਰਮਾਰ

**ਜ਼ਿਊਰਿਖ:** ਮੁੰਬਈ ਦਾ ਜ਼ਾਵੇਰੀ ਬਾਜ਼ਾਰ ਗਹਿਣਿਆਂ ਦੀਆਂ ਦੁਕਾਨਾਂ ਨਾਲ ਭਰਿਆ ਪਿਆ ਹੈ। ਦਿੱਲੀ ਦੇ ਚਾਂਦਨੀ ਚੌਕ 'ਚ ਸਾੜ੍ਹੀਆਂ ਦੇ ਸੈਂਕੜੇ ਵਪਾਰੀ ਹਨ। ਇਸੇ ਤਰਜ 'ਤੇ ਸਵਿੱਸ ਬੈਂਕ ਵਾਲਾ ਇਕ ਪੂਰਾ ਬਾਜ਼ਾਰ ਇਸ ਸ਼ਹਿਰ 'ਚ ਹੈ। ਸਵਿੱਸ ਬੈਂਕ ਆਪਣੇ ਗਾਹਕਾਂ ਦੇ ਭੇਤ ਗੁਪਤ ਰੱਖਣ ਲਈ ਜਾਣੇ ਜਾਂਦੇ ਹਨ। ਰਾਤ ਭਰ ਜਾਗਦੇ ਰਹਿਣ ਵਾਲੇ ਇਸ ਸ਼ਹਿਰ 'ਚ ਦੁਨੀਆਂ ਭਰ ਦੇ ਲੋਕ ਆਪਣਾ ਕਾਲਾ ਧਨ ਬੈਂਕ 'ਚ ਛੁਪਾਉਣ ਆਉਂਦੇ ਹਨ। ਉਹ ਇਥੇ ਖਾਂਦੇ-ਪੀਂਦੇ ਤੇ ਮੌਜਾਂ ਵੀ ਕਰਦੇ ਹਨ।



ਇਨ੍ਹਾਂ ਬੈਂਕਾਂ 'ਚ ਕਾਲਾ ਧਨ ਛੁਪਾਉਣ ਦੇ ਕਿੱਸੇ ਭਾਵੇਂ ਨਿੱਤ ਵਿਵਾਦ ਛੇੜ ਰਹੇ ਹਨ ਪਰ ਬੈਂਕਰਾਂ ਦੇ ਇਸ ਸ਼ਹਿਰ ਦੀ ਬੈਂਕ ਸਟਰੀਟ ਦੇ ਦੋਵੇਂ ਪਾਸੇ ਵੱਡੀ ਗਿਣਤੀ ਬੈਂਕ ਦਫ਼ਤਰ ਤੇ ਬਰਾਂਚਾਂ ਲਗਾਤਾਰ ਕੰਮ ਕਰ ਰਹੀਆਂ ਹਨ। ਭਾਰਤ ਦੇ ਤੰਗ ਬਾਜ਼ਾਰਾਂ ਦੇ ਉਲਟ ਇਥੇ ਅਤਿ ਆਧੁਨਿਕ ਸ਼ੀਸ਼ੇ ਲੱਗੀਆਂ ਖੁੱਲ੍ਹੀਆਂ ਇਮਾਰਤਾਂ ਹਨ। ਕਿਹਾ ਜਾਂਦਾ ਹੈ ਕਿ ਭਾਰਤੀ ਕਾਰੋਬਾਰੀ ਤੇ ਸਿਆਸਤਦਾਨ ਪਿਛਲੇ ਲੰਮੇ ਸਮੇਂ ਤੋਂ ਇਨ੍ਹਾਂ ਬੈਂਕਾਂ 'ਚ ਆਪਣਾ ਕਾਲਾ ਧਨ ਛੁਪਾਉਂਦੇ ਆ ਰਹੇ ਹਨ, ਜਿਥੇ ਭਾਰਤ ਸਰਕਾਰ ਉਨ੍ਹਾਂ ਦੀ ਕੋਈ ਟੋਹ ਨਹੀਂ ਲੈ ਸਕਦੀ। ਛੋਟੀ ਤੋਂ ਲੈ ਕੇ ਅੰਤ ਦੀ ਵੱਡੀ ਮਾਲਦਾਰ ਅਸਾਮੀ ਤਕ ਇਥੇ ਹਰ ਤਰ੍ਹਾਂ ਦੇ ਬੈਂਕ ਸੇਵਾਵਾਂ ਲਈ ਮੌਜੂਦ ਹਨ। ਇਹ ਆਪਣੇ ਗਾਹਕਾਂ ਨਾਲ ਬਸ ਦੋ ਸੁਰੱਖਿਆ ਤੇ ਨਿਜਾਤ ਦੇ ਵਾਅਦੇ ਕਰਦੇ ਹਨ। ਸਵਿਟਜ਼ਰਲੈਂਡ ਦੇ ਬੈਂਕ ਆਪਣੇ ਗਾਹਕਾਂ ਨੂੰ ਵਿਸ਼ਵ 'ਚ ਸਭ ਤੋਂ ਉਪਰਲੇ ਪੱਧਰ ਦੀ ਗੁਪਤਤਾ ਮੁਹੱਈਆ ਕਰਦੇ ਹਨ। ਦੇਸ਼ ਦੇ ਬੈਂਕ ਆਪਣੇ ਗਾਹਕਾਂ ਬਾਰੇ ਹਰ ਤਰ੍ਹਾਂ ਦੀ ਜਾਣਕਾਰੀ ਕਾਨੂੰਨੀ ਤੌਰ 'ਤੇ ਗੁਪਤ ਰੱਖ ਸਕਦੇ ਹਨ। ਹਾਂ, ਜੇਕਰ ਕਿਸੇ ਗਾਹਕ ਵਿਰੁੱਧ ਫੌਜਦਾਰੀ ਸਬੂਤ ਹੋਣ ਤਾਂ ਗੱਲ ਵੱਖਰੀ ਹੈ। ਕੋਈ ਵੀ ਸਰਕਾਰ ਜਾਂ ਏਜੰਸੀ ਆਮ ਹਾਲਾਤ 'ਚ ਬੈਂਕ ਦੇ ਖ਼ਾਤਿਆਂ ਤਕ ਪਹੁੰਚ ਨਹੀਂ ਕਰ ਸਕਦੀ। ਇਹ ਖ਼ਾਤੇਦਾਰ ਸਿਰਫ਼ ਨੰਬਰ ਵਜੋਂ ਜਾਣੇ ਜਾਂਦੇ ਹਨ। ਇਸ ਤੋਂ ਇਲਾਵਾ ਉੱਚ ਸੁਰੱਖਿਆ ਵਾਲੇ ਲਾਕਰ ਵੀ ਬੈਂਕ 'ਚ ਉਪਲਬਧ ਹਨ।

ਪਰ ਹੁਣ ਹਾਲਾਤ ਬਦਲ ਰਹੇ ਹਨ। ਦੁਨੀਆਂ ਭਰ ਦੀਆਂ ਸਰਕਾਰਾਂ ਖ਼ਾਤੇਦਾਰਾਂ ਦੇ ਵੇਰਵੇ ਜਾਣਨ ਲਈ ਸਵਿਟਜ਼ਰਲੈਂਡ ਨਾਲ ਗੱਲਬਾਤ ਤੋਰ ਚੁੱਕੀਆਂ ਹਨ। ਭਾਰਤ ਨੇ ਵੀ ਹਾਲ ਹੀ 'ਚ ਦੂਹਰੇ ਕਰਾਂ ਤੋਂ ਬਚਣ ਸਬੰਧੀ ਸਮਝੌਤਾ (ਡੀ.ਟੀ.ਏ.ਏ.) ਨਾਲ ਸਹੀਬੰਦ ਕੀਤਾ ਸੀ। ਸਵਿੱਟਜ਼ਰਲੈਂਡ 'ਚ ਇਹ ਸਮਝੌਤਾ ਪਾਰਲੀਮੈਂਟ 'ਚ ਪੇਸ਼ ਕੀਤੇ ਜਾਣ ਤੋਂ 100 ਦਿਨ ਮਗਰੋਂ ਪੱਕਾ ਦਸਤਾਵੇਜ਼ ਬਣਨਾ ਹੈ। ਇਹ ਸੌ ਦਿਨ ਛੇ ਅਕਤੂਬਰ ਨੂੰ ਪੂਰੇ ਹੋ ਰਹੇ ਹਨ।

# ਮਕਬੂਜ਼ਾ ਕਸ਼ਮੀਰ ਵਿਚ ਚਾਰ ਹਜ਼ਾਰ ਚੀਨੀ ਨਾਗਰਿਕ

**ਨਵੀਂ ਦਿੱਲੀ:** ਭਾਰਤੀ ਫੌਜ ਦੇ ਮੁਖੀ ਜਨਰਲ ਵੀ.ਕੇ. ਸਿੰਘ ਨੇ ਕਿਹਾ ਕਿ ਚੀਨ ਦੀ ਲੋਕ ਮੁਕਤੀ ਫੌਜ ਦੇ ਦਸਤਿਆਂ ਸਮੇਤ ਤਕਰੀਬਨ 4000 ਚੀਨੀ ਮਕਬੂਜ਼ਾ ਕਸ਼ਮੀਰ ਵਿਚ ਹਨ। ਚੀਨੀ ਕਰਮੀਆਂ ਦੀ ਉਥੇ ਮੌਜੂਦਗੀ ਤੋਂ ਭਾਰਤੀ ਨਿਜ਼ਾਮ ਨੂੰ ਕਾਫੀ ਪ੍ਰੇਸ਼ਾਨੀ ਹੋ ਰਹੀ ਹੈ।

ਉਨ੍ਹਾਂ ਕਿਹਾ ਕਿ ਉਥੇ ਕੁਝ ਉਸਾਰੀ ਟੀਮਾਂ ਸਮੇਤ 3000-4000 ਲੋਕ ਮੌਜੂਦ ਹਨ ਜਿਨ੍ਹਾਂ 'ਚੋਂ ਕੁਝ ਸੁਰੱਖਿਆ ਲਈ ਤਾਇਨਾਤ ਹਨ। ਕੁਝ ਇੰਜੀਨੀਅਰਜ਼ ਦਸਤੇ ਵੀ ਹਨ। ਉਹ ਵੀ ਸਾਡੇ ਇੰਜੀਨੀਅਰਾਂ ਦੀ ਤਰ੍ਹਾਂ ਲੜਾਕਾ ਇੰਜੀਨੀਅਰ ਹਨ।

ਭਾਰਤ ਵੱਲੋਂ ਇਸ ਮੁੱਦੇ 'ਤੇ ਪਹਿਲਾਂ ਹੀ ਸਰੋਕਾਰ ਪ੍ਰਗਟ ਕੀਤੇ ਜਾ ਰਹੇ ਹਨ ਕਿਉਂਕਿ ਭਾਰਤ ਮਕਬੂਜ਼ਾ ਕਸ਼ਮੀਰ ਨੂੰ ਆਪਣਾ ਇਲਾਕਾ ਮੰਨਦਾ ਹੈ। ਭਾਰਤੀ ਹਵਾਈ ਫੌਜ ਦੇ ਮੁਖੀ ਐਨ.ਏ.ਕੇ. ਬ੍ਰਾਊਨ ਨੇ ਮੁਲਾਕਾਤ ਦੌਰਾਨ ਸਪਸ਼ਟ ਕੀਤਾ ਸੀ ਕਿ ਭਾਰਤ ਨੂੰ ਮਕਬੂਜ਼ਾ ਕਸ਼ਮੀਰ ਵਿਚ ਚੀਨ ਦੀ ਵਧਦੀ ਮੌਜੂਦਗੀ ਵੱਲੋਂ ਧਿਆਨ ਦੇਣ ਦੀ ਲੋੜ ਹੈ। ਭਾਰਤ ਵੱਲੋਂ ਇਸ ਬਾਰੇ ਆਪਣੇ ਸਰੋਕਾਰ ਪਹਿਲਾਂ ਹੀ ਚੀਨ ਕੋਲ ਪ੍ਰਗਟ ਕੀਤੇ ਜਾ ਚੁੱਕੇ ਹਨ।

ਪਿਛਲੇ ਸਾਲ ਇਹ ਰਿਪੋਰਟਾਂ ਆਈਆਂ ਸਨ ਕਿ ਜੰਮੂ-ਕਸ਼ਮੀਰ ਦੇ ਪਾਕਿਸਤਾਨੀ ਕਬਜ਼ੇ ਹੇਠਲੇ ਗਿਲਗਿਤ-ਬਾਲਤਿਸਤਾਨ ਖੇਤਰ ਵਿਚ ਤਕਰੀਬਨ 1100 ਚੀਨੀ ਦਸਤੇ ਸਨ। ਹਾਲ ਹੀ ਵਿਚ ਸੀਨੀਅਰ ਫੌਜੀ ਕਮਾਂਡਰ ਨੇ ਕਿਹਾ ਸੀ ਕਿ ਚੀਨੀ ਮੁੱਖ ਤੌਰ 'ਤੇ ਮਕਬੂਜ਼ਾ ਕਸ਼ਮੀਰ ਦੇ ਉੱਤਰੀ ਖੇਤਰਾਂ ਵਿਚ ਰਾਜ ਮਾਰਗਾਂ ਤੇ ਡੈਮਾਂ ਦੀ ਉਸਾਰੀ ਵਿਚ ਲੱਗੇ ਹੋਏ ਹਨ। ਵੀ.ਕੇ. ਸਿੰਘ ਨੇ ਜੰਮੂ-ਕਸ਼ਮੀਰ ਦੇ ਸੁਰੱਖਿਆ ਹਾਲਾਤ ਬਾਰੇ ਕਿਹਾ ਕਿ ਅਸਲ ਕੰਟਰੋਲ ਰੇਖਾ ਦੇ ਆਰ-ਪਾਰ ਦਹਿਸ਼ਤੀ ਢਾਂਚਾ ਕਾਇਮ ਹੈ ਤੇ ਬਹੁਤ ਸਾਰੇ ਅਤਿਵਾਦੀ ਘੁਸਪੈਠ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ।

ਭਾਰਤ ਤੇ ਚੀਨ ਨੇ ਆਪਣੀ 3500 ਕਿਲੋਮੀਟਰ ਲੰਬੀ ਸਰਹੱਦ ਉਪਰ ਕਿਸੇ ਗਲਤਫਹਿਮੀ ਕਰਕੇ ਕੋਈ ਅਚਨਚੇਤ ਟਕਰਾਅ ਪੈਦਾ ਹੋਣ ਤੋਂ ਰੋਕਣ ਲਈ ਨਵੀਂ ਦਿੱਲੀ ਤੇ ਪੇਇਚਿੰਗ ਵਿਚ ਉੱਚ ਪੱਧਰੀ ਹੈੱਡਕੁਆਰਟਰ ਸਥਾਪਤ ਕਰਨ ਦਾ ਫੈਸਲਾ ਕੀਤਾ ਹੈ। ਕੂਟਨੀਤਕ ਹੈੱਡਕੁਆਰਟਰਜ਼ ਦੀ ਸਥਾਪਨਾ ਬਾਰੇ ਬਾਕਾਇਦਾ ਫੈਸਲਾ ਇਸ ਸਾਲ ਦੇ ਅੰਤ ਤਕ ਹੋਣ ਦੀ ਸੰਭਾਵਨਾ ਹੈ। ਇਨ੍ਹਾਂ ਹੈੱਡਕੁਆਰਟਰਜ਼ ਵਿਚ ਮੁੱਖ ਭੂਮਿਕਾ ਕੂਟਨੀਤੀਵਾਨਾਂ ਦੀ ਹੋਵੇਗੀ ਪਰ ਇਨ੍ਹਾਂ 'ਚ ਫੌਜੀ ਅਧਿਕਾਰੀ ਵੀ ਰੱਖੇ ਜਾਣਗੇ।

# ਸੁਪਰੀਮ ਕੋਰਟ ਵੱਲੋਂ ਕਸਾਬ ਦੀ ਸਜ਼ਾ-ਏ-ਮੌਤ 'ਤੇ ਰੋਕ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਮੁੰਬਈ ਹਮਲਿਆਂ ਦੇ ਦੋਸ਼ੀ ਪਾਕਿਸਤਾਨੀ ਅਤਿਵਾਦੀ ਅਜਮਲ ਕਸਾਬ ਦੀ ਮੌਤ ਦੀ ਸਜ਼ਾ ਮੁਲਤਵੀ ਕਰ ਦਿੱਤੀ ਤੇ ਕਿਹਾ ਕਿ ਕਸਾਬ ਦੀ ਅਪੀਲ 'ਤੇ ਮੁਕੰਮਲ ਸੁਣਵਾਈ ਕੀਤੀ ਜਾਵੇਗੀ। ਕਸਾਬ ਨੇ ਮੌਤ ਦੀ ਸਜ਼ਾ ਖ਼ਿਲਾਫ਼ ਸੁਪਰੀਮ ਕੋਰਟ 'ਚ ਅਪੀਲ ਕੀਤੀ ਹੋਈ ਸੀ।



ਕਸਾਬ ਦੀ ਅਪੀਲ 'ਤੇ ਸੁਣਵਾਈ ਕਰਨ ਲਈ ਸਹਿਮਤ ਹੁੰਦਿਆਂ ਜਸਟਿਸ ਆਫ਼ਤਾਬ ਆਲਮ ਤੇ ਜਸਟਿਸ ਬੀ.ਕੇ. ਪ੍ਰਸਾਦ ਦੀ ਅਗਵਾਈ ਵਾਲੇ ਵਿਸ਼ੇਸ਼ ਬੈਂਚ ਨੇ ਉਸ ਨੂੰ ਆਪਣੀ ਵਿਸ਼ੇਸ਼ ਪਟੀਸ਼ਨ ਵਿਚ ਸੋਧ ਕਰਨ ਦੀ ਆਗਿਆ ਵੀ ਦੇ ਦਿੱਤੀ। ਕਸਾਬ ਨੂੰ 26/11 ਦੇ ਮੁੰਬਈ ਹਮਲਿਆਂ ਦਾ ਦੋਸ਼ੀ ਮੰਨਦਿਆਂ ਵਿਸ਼ੇਸ਼ ਅਦਾਲਤ ਨੇ ਮੌਤ ਦੀ ਸਜ਼ਾ ਸੁਣਾਈ ਸੀ ਤੇ ਬਾਅਦ ਵਿਚ ਬੰਬਈ ਹਾਈ ਕੋਰਟ ਨੇ ਵੀ ਇਸ ਸਜ਼ਾ ਦੀ ਪੁਸ਼ਟੀ ਕੀਤੀ ਸੀ। ਸਜ਼ਾ 'ਤੇ ਰੋਕ ਲਾਉਂਦਿਆਂ ਬੈਂਚ ਨੇ ਸੀਨੀਅਰ ਵਕੀਲ ਰਾਜੂ ਰਾਮਚੰਦਰਨ ਦੀ ਵੀ ਸ਼ਲਾਘਾ ਕੀਤੀ ਜੋ ਇਸ ਕੇਸ ਵਿਚ ਅਦਾਲਤ ਦੀ ਸਹਾਇਤਾ ਲਈ 'ਮਿੱਤਰ ਵਕੀਲ' ਦੀ ਭੂਮਿਕਾ ਨਿਭਾਉਣਗੇ। ਬੈਂਚ ਨੇ ਕਿਹਾ, "ਸਾਡੇ ਦੇਸ਼ ਵਿਚ ਬਹੁਤ ਸਾਰੇ ਲੋਕਾਂ ਦਾ ਵਿਚਾਰ ਹੈ ਕਿ ਇਹ ਅਪੀਲ ਰੱਦ ਕਰ ਦੇਣੀ ਚਾਹੀਦੀ ਹੈ ਪਰ ਅਸੀਂ ਖ਼ੁਸ਼ ਹਾਂ ਕਿ ਤੁਸੀਂ ਇਸ ਕੇਸ ਵਿਚ ਅਦਾਲਤ ਦੀ ਸਹਾਇਤਾ ਕਰਨ ਦਾ ਫੈਸਲਾ ਕੀਤਾ ਹੈ।" ਬੈਂਚ ਨੇ ਕਿਹਾ ਕਿ ਇਸ ਦੇਸ਼ ਵਿਚ ਕਾਨੂੰਨ ਸਭ ਤੋਂ ਉਪਰ ਹੈ ਤੇ ਇਸ ਮਾਮਲੇ ਵਿਚ ਵੀ ਕਾਨੂੰਨ ਅਨੁਸਾਰ ਮੁਕੰਮਲ ਸੁਣਵਾਈ ਕੀਤੀ ਜਾਵੇਗੀ।

ਬੈਂਚ ਦੇ ਵਿਚਾਰਾਂ ਨਾਲ ਸਹਿਮਤ ਹੁੰਦਿਆਂ ਮਹਾਰਾਸ਼ਟਰ ਸਰਕਾਰ ਵੱਲੋਂ ਪੇਸ਼ ਹੋਏ ਸਾਬਕਾ ਸਾਲਿਸਟਰ ਜਨਰਲ ਗੋਪਾਲ ਸੁਬਰਾਮਨੀਅਮ ਨੇ ਕਿਹਾ ਕਿ ਕਾਨੂੰਨੀ ਪ੍ਰਕਿਰਿਆ ਪੂਰੀ ਹੋਣੀ ਚਾਹੀਦੀ ਹੈ ਪਰ ਇਸ ਮਾਮਲੇ ਦਾ ਨਿਬੇੜਾ ਛੇਤੀ ਕੀਤੇ ਜਾਣ ਦੀ ਲੋੜ ਹੈ। ਬੈਂਚ ਨੇ ਉਨ੍ਹਾਂ ਦੀ ਇਹ ਅਪੀਲ ਮੰਨਦਿਆਂ ਕਿਹਾ ਕਿ ਇਸ ਮਾਮਲੇ 'ਤੇ ਤੇਜ਼ੀ ਨਾਲ ਸੁਣਵਾਈ ਕੀਤੀ ਜਾਵੇਗੀ।

ਮੁੰਬਈ ਧਮਾਕਿਆਂ ਦਾ ਇਕੋ-ਇਕ ਦੋਸ਼ੀ ਕਸਾਬ ਇਸ ਵੇਲੇ ਮੁੰਬਈ ਦੀ ਆਰਥਰ ਰੋਡ ਜੇਲ੍ਹ ਵਿਚ ਬੰਦ ਹੈ। ਉਸ ਨੇ ਜੇਲ੍ਹ ਅਧਿਕਾਰੀਆਂ ਰਾਹੀਂ ਹੀ ਵਿਸ਼ੇਸ਼ ਪਟੀਸ਼ਨ ਦਾਇਰ ਕੀਤੀ ਹੈ। ਉਸ ਨੇ ਅਤਿਵਾਦੀ ਹਮਲੇ 'ਚ ਦੋਸ਼ੀ ਠਹਿਰਾਏ ਜਾਣ 'ਤੇ ਮੌਤ ਦੀ ਸਜ਼ਾ ਦਿੱਤੇ ਜਾਣ ਨੂੰ ਚੁਣੌਤੀ ਦਿੱਤੀ ਹੈ। ਜ਼ਿਕਰਯੋਗ ਹੈ ਕਿ 26 ਨਵੰਬਰ, 2008 ਦੀ ਰਾਤ ਨੂੰ ਕਸਾਬ ਤੇ 9 ਹੋਰ ਪਾਕਿਸਤਾਨੀ ਅਤਿਵਾਦੀ ਕਰਾਚੀ ਤੋਂ ਸਮੁੰਦਰੀ ਰਸਤੇ ਰਾਹੀਂ ਦੱਖਣੀ ਮੁੰਬਈ ਦੇ ਬੁਧਵਰ ਪਾਰਕ 'ਚ ਪਹੁੰਚੇ ਸਨ। ਇਸ ਪਿੱਛੋਂ ਉਨ੍ਹਾਂ ਸ਼ਹਿਰ 'ਚ ਕਈ ਥਾਈਂ ਹਮਲੇ ਕੀਤੇ ਸਨ ਜਿਨ੍ਹਾਂ ਵਿਚ 166 ਵਿਅਕਤੀ ਮਾਰੇ ਗਏ ਤੇ ਕਈ ਹੋਰ ਜ਼ਖ਼ਮੀ ਹੋ ਗਏ ਸਨ।

ਕਸਾਬ ਨੂੰ ਸੁਰੱਖਿਆ ਦਸਤਿਆਂ ਨੇ ਗ੍ਰਿਫ਼ਤਾਰ ਕਰ ਲਿਆ ਸੀ ਜਦਕਿ ਬਾਕੀ ਅਤਿਵਾਦੀ ਜਵਾਬੀ ਕਾਰਵਾਈ ਵਿਚ ਮਾਰੇ ਗਏ ਸਨ। ਪਿਛਲੇ ਸਾਲ 6 ਮਈ ਨੂੰ ਅਤਿਵਾਦ ਵਿਰੋਧੀ ਵਿਸ਼ੇਸ਼ ਅਦਾਲਤ ਨੇ ਕਸਾਬ ਨੂੰ ਮੌਤ ਦੀ ਸਜ਼ਾ ਸੁਣਾਈ ਸੀ ਜਿਸ ਨੂੰ ਹਾਈ ਕੋਰਟ ਨੇ ਵੀ ਬਰਕਰਾਰ ਰੱਖਿਆ ਸੀ।

# ਸਰਕਾਰ ਸੂਚਨਾ ਅਧਿਕਾਰ ਐਕਟ 'ਤੇ ਅਮਲ ਤੋਂ ਭੱਜੀ

**ਨਵੀਂ ਦਿੱਲੀ:** ਰਾਸ਼ਟਰਮੰਡਲ ਖੇਡਾਂ ਬਾਰੇ ਪ੍ਰਾਜੈਕਟਾਂ ਵਿਚ ਵੱਡੇ ਪੱਧਰ 'ਤੇ ਹੋਈਆਂ ਵਿੱਤੀ ਤੇ ਪ੍ਰਬੰਧਕੀ ਬੇਨਿਯਮੀਆਂ ਬਾਰੇ ਸ਼ੁੰਗਲੂ ਕਮੇਟੀ ਦੀ ਰਿਪੋਰਟ 'ਤੇ ਕੀਤੀ ਕਾਰਵਾਈ ਬਾਰੇ ਸਰਕਾਰ ਨੇ ਸੂਚਨਾ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਸੂਚਨਾ ਅਧਿਕਾਰ ਤਹਿਤ ਮੰਗੀ ਗਈ ਜਾਣਕਾਰੀ ਦੇ ਜਵਾਬ ਵਿਚ ਪ੍ਰਧਾਨ ਮੰਤਰੀ ਦਫ਼ਤਰ (ਪੀ.ਐਮ.ਓ.) ਨੇ ਇਸ ਐਕਟ ਤੋਂ ਛੋਟ ਦੇਣ ਵਾਲੀ ਧਾਰਾ ਦਾ ਹਵਾਲਾ ਦਿੰਦਿਆਂ ਸ਼ੁੰਗਲੂ ਰਿਪੋਰਟ ਬਾਰੇ ਵੱਖ-ਵੱਖ ਮੰਤਰੀਆਂ ਤੇ ਵਿਭਾਗਾਂ ਨਾਲ ਹੋਏ ਪੱਤਰ-ਵਿਹਾਰ ਬਾਰੇ ਜਾਣਕਾਰੀ ਦੇਣ ਤੋਂ ਪਾਸਾ ਵੱਟ ਲਿਆ ਹੈ। ਪੀ.ਐਮ.ਓ. ਨੇ ਕਿਹਾ ਕਿ ਇਸ ਮਾਮਲੇ ਬਾਰੇ ਜੋ ਵੀ ਪੱਤਰ-ਵਿਹਾਰ ਹੋਇਆ ਹੈ ਤੇ ਉੱਚ ਪੱਧਰੀ ਕਮੇਟੀ ਨੇ ਜੋ ਰਿਪੋਰਟਾਂ ਦਿੱਤੀਆਂ ਹਨ, ਉਨ੍ਹਾਂ ਬਾਰੇ ਵਿਸ਼ੇਸ਼ ਮੰਤਰੀ ਸਮੂਹ ਵੱਲੋਂ ਵਿਚਾਰ-ਵਟਾਂਦਰਾ ਕੀਤਾ ਜਾ ਰਿਹਾ ਹੈ। ਸਰਕਾਰੀ ਵਿਭਾਗਾਂ ਨਾਲ ਸਬੰਧਤ ਮੰਤਰੀਆਂ ਤੇ ਸਰਕਾਰਾਂ ਨੇ ਜੋ ਵੀ ਰਿਪੋਰਟਾਂ ਦਿੱਤੀਆਂ ਹਨ, ਉਹ ਵਿਸ਼ੇਸ਼ ਮੰਤਰੀ ਸਮੂਹ ਵਾਸਤੇ ਹਨ ਜੋ ਕੈਬਨਿਟ ਦੀ ਐਡਹਾਕ ਕਮੇਟੀ ਵਜੋਂ ਕੰਮ ਕਰ ਰਹੇ ਹਨ। ਇਸ ਲਈ ਅਜਿਹੀ ਕਿਸੇ ਵੀ ਸੂਚਨਾ ਨੂੰ ਆਰ.ਟੀ.ਆਈ. ਦਾ ਸੈਕਸ਼ਨ 8 (1) ਨਸ਼ਰ ਕਰਨ ਤੋਂ ਛੋਟ ਦਿੰਦਾ ਹੈ।

ਖ਼ਬਰ ਏਜੰਸੀ ਵੱਲੋਂ ਸੂਚਨਾ ਅਧਿਕਾਰ ਐਕਟ ਤਹਿਤ ਇਹ ਜਾਣਕਾਰੀ ਮੰਗੀ ਗਈ ਸੀ ਕਿ ਸ਼ੁੰਗਲੂ ਕਮੇਟੀ ਦੀਆਂ ਰਿਪੋਰਟਾਂ ਦੇ ਆਧਾਰ 'ਤੇ ਸਰਕਾਰ ਨੇ ਕੀ ਕਾਰਵਾਈ ਕੀਤੀ ਹੈ। ਇਸ ਦੇ ਨਾਲ ਹੀ ਇਹ ਮੰਗ ਕੀਤੀ ਗਈ ਸੀ ਕਿ ਪ੍ਰਧਾਨ ਮੰਤਰੀ ਦਫ਼ਤਰ ਵੱਲੋਂ ਸਬੰਧਤ ਮੰਤਰੀਆਂ ਤੇ ਵਿਭਾਗਾਂ ਨੂੰ ਭੇਜੇ ਪੱਤਰਾਂ ਤੇ ਜਵਾਬੀ ਪੱਤਰਾਂ ਦੀਆਂ ਕਾਪੀਆਂ ਮੁਹੱਈਆ ਕਰਵਾਈਆਂ ਜਾਣ। ਇਸ ਦੇ ਜਵਾਬ ਵਿਚ ਕਿਹਾ ਗਿਆ ਹੈ ਕਿ ਸੂਚਨਾ ਅਧਿਕਾਰ ਐਕਟ ਦੀ ਧਾਰਾ 8 (1) ਤਹਿਤ ਵਿਸ਼ੇਸ਼ ਮੰਤਰੀ ਸਮੂਹ, ਕੈਬਨਿਟ, ਸਕੱਤਰੇਤ ਜਾਂ ਹੋਰ ਅਧਿਕਾਰੀਆਂ ਦਰਮਿਆਨ ਹੋਏ ਵਿਚਾਰ-ਵਟਾਂਦਰੇ ਦੇ ਰਿਕਾਰਡ ਨੂੰ ਜਨਤਕ ਕਰਨ ਤੋਂ ਛੋਟ ਮਿਲੀ ਹੋਈ ਹੈ। ਇਹ ਸਾਰਾ ਰਿਕਾਰਡ ਉਦੋਂ ਤੱਕ ਜਨਤਕ ਨਹੀਂ ਕੀਤਾ ਜਾ ਸਕਦਾ ਜਦੋਂ ਤੱਕ ਇਸ ਬਾਰੇ ਆਖ਼ਰੀ ਫੈਸਲਾ ਨਹੀਂ ਹੋ ਜਾਂਦਾ ਤੇ ਮਾਮਲਾ ਮੁਕੰਮਲ ਜਾਂ ਖ਼ਤਮ ਨਹੀਂ ਹੋ ਜਾਂਦਾ।

ਜ਼ਿਕਰਯੋਗ ਹੈ ਕਿ 2010 'ਚ ਤਿੰਨ ਤੋਂ 14 ਅਕਤੂਬਰ ਦਰਮਿਆਨ ਹੋਈਆਂ ਰਾਸ਼ਟਰਮੰਡਲ ਖੇਡਾਂ ਸਬੰਧੀ ਪ੍ਰਾਜੈਕਟ ਵਿਚਲੀਆਂ ਬੇਨਿਯਮੀਆਂ ਬਾਰੇ ਜਾਂਚ ਵਾਸਤੇ ਪ੍ਰਧਾਨ ਮੰਤਰੀ ਨੇ ਉੱਚ ਪੱਧਰੀ ਕਮੇਟੀ ਕਾਇਮ ਕੀਤੀ ਸੀ। ਇਸ ਕਮੇਟੀ ਦਾ ਚੇਅਰਮੈਨ ਸਾਬਕਾ ਕੰਪਟਰੋਲਰ ਤੇ ਆਡੀਟਰ ਜਨਰਲ ਵੀ.ਕੇ. ਸ਼ੁੰਗਲੂ ਨੂੰ ਬਣਾਇਆ ਗਿਆ ਸੀ। ਇਸ ਕਮੇਟੀ ਨੇ ਰਾਸ਼ਟਰਮੰਡਲ ਖੇਡ ਪਿੰਡ, ਸ਼ਹਿਰੀ ਬੁਨਿਆਦੀ ਢਾਂਚੇ, ਖੇਡਾਂ ਦੇ ਸਥਾਨਾਂ, ਪ੍ਰਬੰਧਕੀ ਕਮੇਟੀ, ਖੇਡਾਂ ਦੇ ਪ੍ਰਬੰਧਾਂ ਤੇ ਪ੍ਰਸਾਰਨ ਬਾਰੇ ਛੇ ਰਿਪੋਰਟਾਂ ਪੀ.ਐਮ.ਓ. ਨੂੰ ਸੌਂਪੀਆਂ ਸਨ। ਇਸ 'ਤੇ ਪੀ.ਐਮ.ਓ. ਨੇ ਸਬੰਧਤ ਮੰਤਰੀਆਂ/ਵਿਭਾਗਾਂ ਤੋਂ ਜਵਾਬ ਮੰਗੇ ਸਨ ਜਿਨ੍ਹਾਂ ਦਾ ਹੁਣ ਮੰਤਰੀਆਂ ਦੇ ਵਿਸ਼ੇਸ਼ ਪੈਨਲ ਵੱਲੋਂ ਅਧਿਐਨ ਕੀਤਾ ਜਾ ਰਿਹਾ ਹੈ।

ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਇਸ ਸਾਲ ਦੋ ਅਗਸਤ ਨੂੰ ਰੱਖਿਆ ਮੰਤਰੀ ਏ.ਕੇ. ਐਂਟਨੀ ਦੀ ਅਗਵਾਈ ਹੇਠ ਮੰਤਰੀਆਂ ਦੀ ਕਮੇਟੀ ਬਣਾਈ ਸੀ। ਇਸ ਕਮੇਟੀ ਨੂੰ ਸ਼ੁੰਗਲੂ ਕਮੇਟੀ ਦੀ ਰਿਪੋਰਟ ਦੀ ਨਿਰਖ-ਪਰਖ ਕਰਕੇ ਆਪਣੀ ਰਿਪੋਰਟ ਤਿੰਨ ਮਹੀਨਿਆਂ ਵਿਚ ਦੇਣ ਲਈ ਕਿਹਾ ਗਿਆ ਸੀ। ਮੰਤਰੀਆਂ ਦੀ ਇਸ ਕਮੇਟੀ ਨੂੰ ਇਹ ਵੀ ਕਿਹਾ ਗਿਆ ਸੀ ਕਿ ਉਹ ਇਹ ਵੀ ਸੁਝਾਅ ਦੇਵੇ ਕਿ ਕਿਸ ਵਿਅਕਤੀ, ਏਜੰਸੀ, ਠੇਕੇਦਾਰ ਜਾਂ ਵਿਭਾਗ ਖ਼ਿਲਾਫ਼ ਅਨੁਸ਼ਾਸਨੀ, ਫੌਜਦਾਰੀ ਜਾਂ ਕਿਸ ਕਿਸਮ ਦੀ ਕਾਰਵਾਈ ਕੀਤੀ ਜਾਵੇ। ਰਾਸ਼ਟਰਮੰਡਲ ਖੇਡਾਂ ਵਿਚ ਘਪਲਿਆਂ ਦਾ ਮਾਮਲਾ ਪਿਛਲੇ ਸਮੇਂ ਦੌਰਾਨ ਕਾਫੀ ਭਖਿਆ ਰਿਹਾ ਹੈ ਤੇ ਪ੍ਰਧਾਨ ਮੰਤਰੀ ਨੇ ਉਦੋਂ ਭਰੋਸਾ ਦਿੱਤਾ ਸੀ ਕਿ ਸ਼ੁੰਗਲੂ ਕਮੇਟੀ ਦੀਆਂ ਲੱਭਾਂ ਦੇ ਆਧਾਰ 'ਤੇ ਛੇਤੀ ਹੀ ਢੁਕਵੀਂ, ਕਾਰਵਾਈ ਕੀਤੀ ਜਾਵੇਗੀ ਜਦਕਿ ਸਰਕਾਰ ਹੁਣ ਇਸ ਬਾਰੇ ਜਾਣਕਾਰੀ ਦੇਣ ਤੋਂ ਹੀ ਇਨਕਾਰੀ ਹੋਣ ਲੱਗੀ ਹੈ।

## ਗੋਧਰਾ ਕਾਂਡ 'ਚ ਬਰਤਾਨਵੀ ਅਧਿਕਾਰੀਆਂ ਨੂੰ ਸੰਮਨ

**ਅਹਿਮਦਾਬਾਦ:** ਗੋਧਰਾ ਕਾਂਡ ਤੋਂ ਮਗਰੋਂ ਹੋਏ ਦੰਗਿਆਂ ਬਾਰੇ ਮਾਮਲੇ ਦੀ ਸੁਣਵਾਈ ਕਰ ਰਹੀ ਵਿਸ਼ੇਸ਼ ਅਦਾਲਤ ਨੇ ਦੋ ਸਾਬਕਾ ਬਰਤਾਨਵੀ ਅਧਿਕਾਰੀਆਂ ਨੂੰ 23 ਨਵੰਬਰ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਬਿਆਨ ਦੇਣ ਲਈ ਸੰਮਨ ਜਾਰੀ ਕੀਤੇ ਹਨ। ਇਸ ਕੇਸ 'ਚ ਗੁਜਰਾਤ ਦੇ ਸਾਬਰਕੰਠਾ ਜ਼ਿਲ੍ਹੇ 'ਚ ਤਿੰਨ ਬਰਤਾਨਵੀ ਨਾਗਰਿਕਾਂ ਸਮੇਤ ਚਾਰ ਜਣੇ ਮਾਰੇ ਗਏ ਸਨ।

ਸਾਬਰਕੰਠਾ ਅਦਾਲਤ ਦੀ ਵਿਸ਼ੇਸ਼ ਜੱਜ ਗੀਤਾ ਗੋਪੀ ਨੇ ਭਾਰਤ 'ਚ ਸਾਬਕਾ ਡਿਪਟੀ ਬਰਤਾਨਵੀ, ਹਾਈ ਕਮਿਸ਼ਨਰਾਂ-ਇਮਾਨ ਰੀਕਸ ਤੇ ਹਾਵਰਡ ਪਾਰਕਿੰਸਨ ਨੂੰ ਅਗਲੇ ਮਹੀਨੇ ਵੀਡੀਓ ਕਾਨਫਰੰਸਿੰਗ ਰਾਹੀਂ ਬਿਆਨ ਦੇਣ ਲਈ ਸੰਮਨ ਜਾਰੀ ਕੀਤੇ ਹਨ। ਪਿਛਲੇ ਮਹੀਨੇ ਬਰਤਾਨਵੀ ਸਰਕਾਰ ਵੱਲੋਂ ਇਨ੍ਹਾਂ ਸਾਬਕਾ ਡਿਪਟੀ ਹਾਈ ਕਮਿਸ਼ਨਰਾਂ ਤੋਂ ਪੁੱਛ-ਪੜਤਾਲ ਕਰਨ ਦੀ ਅਦਾਲਤ ਨੂੰ ਪ੍ਰਵਾਨਗੀ ਦਿੱਤੇ ਜਾਣ ਤੋਂ ਮਗਰੋਂ ਇਹ ਸੰਮਨ ਜਾਰੀ ਕੀਤੇ ਗਏ।

# ਗੁਰਸ਼ਰਨ ਨੇ ਸਾਰੀ ਜ਼ਿੰਦਗੀ ਕੰਮੀਆਂ ਦੇ ਵਿਹੜੇ ਰੌਸ਼ਨੀ ਵੰਡੀ:ਅਰੁੰਧਤੀ ਰਾਏ

**ਬੱਧਨੀ ਕਲਾਂ (ਬਿਊਰੋ):** ਪੰਜਾਬੀ ਦੇ ਉੱਘੇ ਨਾਟਕਕਾਰ ਗੁਰਸ਼ਰਨ ਸਿੰਘ ਉਰਫ਼ ਭਾਈ ਮੰਨਾ ਸਿੰਘ ਨੂੰ ਸੂਬਾ ਪੱਧਰੀ ਸਮਾਗਮ ਦੌਰਾਨ ਮੋਗਾ ਜ਼ਿਲ੍ਹੇ ਦੇ ਪਿੰਡ ਕੁੱਸਾ ਵਿਖੇ ਹਜ਼ਾਰਾਂ ਲੋਕਾਂ ਵੱਲੋਂ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਇਸ ਮੌਕੇ ਵਿਸ਼ਵ ਪ੍ਰਸਿੱਧ ਚਿੰਤਕ ਅਰੁੰਧਤੀ ਰਾਏ ਨੇ ਕਿਹਾ ਕਿ 1970 ਵਿਚ ਇੰਦਰਾ ਗਾਂਧੀ ਵੱਲੋਂ ਲਾਈ ਐਮਰਜੈਂਸੀ ਸਮੇਂ ਵੀ ਦੇਸ਼ ਦੇ ਲੋਕ ਜ਼ਮੀਨੀ ਸੁਧਾਰ ਦੀ ਲੜਾਈ ਲੜ ਰਹੇ ਸਨ ਤਾਂ ਜੋ ਜ਼ਮੀਨ ਰਹਿਤ ਲੋਕਾਂ ਨੂੰ ਜ਼ਮੀਨ ਮਿਲ ਸਕੇ ਤੇ ਅੱਜ ਪੰਜਾਬ ਦੇ ਕਿਸਾਨਾਂ ਵੱਲੋਂ ਆਪਣੀ ਜ਼ਮੀਨ ਨੂੰ ਛੁਡਾਉਣ ਦੀ ਲੋਕਾਂ ਦੇ ਹੱਕ ਖੋਹਣ ਲਈ ਤੁਰੀਆਂ ਹੋਈਆਂ ਹਨ ਪਰ ਲੋਕਾਂ ਨੇ ਆਪਣੇ ਹੱਕ ਨਹੀਂ ਛੱਡੇ। ਉਨ੍ਹਾਂ ਕਿਹਾ ਕਿ ਆਪਣੇ ਹੱਕਾਂ ਲਈ ਲੜਣ ਵਾਲੇ ਲੋਕਾਂ ਨੂੰ ਸਲਾਮ ਹੈ। ਗੁਰਸ਼ਰਨ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਉਨ੍ਹਾਂ ਕਿਹਾ ਕਿ ਉਸ ਦੀ ਸਮੁੱਚੀ ਜ਼ਿੰਦਗੀ ਤੋਂ ਪ੍ਰੇਰਨਾ ਲੈ ਕੇ ਸਮੂਹ ਜਨਤਕ ਤੇ ਇਨਕਲਾਬੀ ਜਥੇਬੰਦੀਆਂ ਨੂੰ ਇਕ ਪਲੇਟਫਾਰਮ 'ਤੇ ਇਕੱਠੇ ਹੋ ਕੇ ਲੜਾਈ ਲੜਨੀ ਪਵੇਗੀ। ਉਨ੍ਹਾਂ ਕਿਹਾ ਕਿ ਗੁਰਸ਼ਰਨ ਸਿੰਘ ਨੇ ਆਪਣੀ ਸਮੁੱਚੀ ਜ਼ਿੰਦਗੀ ਕੰਮੀਆਂ ਦੇ ਵਿਹੜੇ ਰੌਸ਼ਨੀ ਵੰਡਣ 'ਤੇ ਲਾਈ ਤੇ ਹੱਕਾਂ ਲਈ ਲੜ ਰਹੀਆਂ ਜਥੇਬੰਦੀਆਂ ਨੂੰ ਜੋੜਣ ਲਈ



*ਸਮਾਗਮ ਨੂੰ ਸੰਬੋਧਨ ਕਰਦੇ ਹੋਏ ਅਰੁੰਧਤੀ ਰਾਏ।*

ਲੜਾਈ ਲੜੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਉੜੀਸਾ, ਛੱਤੀਸਗੜ੍ਹ, ਪੰਜਾਬ ਤੇ ਬੰਗਾਲ ਸੂਬਿਆਂ 'ਚ ਲੋਕ ਜੰਗਲਾਂ, ਪਿੰਡਾਂ, ਬਸਤੀਆਂ ਵਿਚ ਆਪਣੇ ਹੱਕਾਂ ਲਈ ਲਗਾਤਾਰ ਲੜ ਰਹੇ ਹਨ ਬੇਸ਼ੱਕ ਉਨ੍ਹਾਂ ਦੀਆਂ ਮਜ਼ਬੂਰੀਆਂ, ਜ਼ਰੂਰਤਾਂ ਤੇ ਇੱਛਾਵਾਂ ਵੱਖ ਵੱਖ ਹਨ ਪਰ ਉਨ੍ਹਾਂ ਦੀ ਲੜਾਈ ਸਾਂਝੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ 30 ਪ੍ਰਤੀਸ਼ਤ ਆਬਾਦੀ ਦਲਿਤ ਹੈ ਤੇ ਇਨ੍ਹਾਂ 'ਚੋਂ 90 ਫੀਸਦੀ ਲੋਕਾਂ ਕੋਲ ਜ਼ਮੀਨ ਨਹੀਂ ਹੈ। ਉਨ੍ਹਾਂ ਕਿਹਾ ਕਿ ਭਾਈ ਗੁਰਸ਼ਰਨ ਸਿੰਘ ਵੀ ਕਹਿੰਦੇ ਸਨ ਕਿ ਸਰਕਾਰਾਂ ਨੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਨਹੀਂ ਜਾਣਿਆ। ਉਨ੍ਹਾਂ ਕਿਹਾ ਕਿ ਉਹ ਵੀ ਆਪਣੀਆਂ ਲਿਖਤਾਂ ਵਿਚ ਲੋਕਾਂ ਦੀਆਂ ਸਮੱਸਿਆਵਾਂ ਨੂੰ ਪੇਸ਼ ਕਰਦੀ ਹੈ।

ਉਨ੍ਹਾਂ ਕਿਹਾ ਕਿ ਬਹੁਕੌਮੀ ਕੰਪਨੀਆਂ ਲੰਮੇ ਸਮੇਂ ਤੋਂ ਸੀਮੈਂਟ ਦਾ ਕੰਮ ਕੀਤਾ। ਅਰੁੰਧਤੀ ਰਾਏ ਨੇ ਕਿਹਾ ਕਿ ਗੁਰਸ਼ਰਨ ਸਿੰਘ ਵੱਲੋਂ ਬਣਾਈ ਦੀਵਾਰ ਨੂੰ ਅੱਜ ਅਸੀਂ ਟੁੱਟਣ ਨਹੀਂ ਦੇਣਾ, ਇਹੀ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

ਇਸ ਮੌਕੇ ਗੁਰਸ਼ਰਨ ਸਿੰਘ ਦੀ ਧੀ ਅਰੀਤ ਕੌਰ ਨੇ ਕਿਹਾ ਕਿ ਗੁਰਸ਼ਰਨ ਸਿੰਘ ਨੇ ਜ਼ਿੰਦਗੀ ਵਿਚ ਕਦੇ ਸਮਝੌਤਾ ਨਹੀਂ ਕੀਤਾ ਤੇ ਧਾਰਮਕ ਕੱਟੜਵਾਦ ਖ਼ਿਲਾਫ਼ ਵੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਆਵਾਜ਼ ਬੁਲੰਦ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬੀ ਸੱਭਿਆਚਾਰ ਨੂੰ ਅੱਜ ਲੱਚਰ ਸੱਭਿਆਚਾਰ ਤੋਂ ਵੱਡਾ ਖ਼ਤਰਾ ਹੈ। ਸ਼ਰਧਾਂਜਲੀ ਸਮਾਗਮ ਨੂੰ ਡਾ. ਆਤਮਜੀਤ ਸਿੰਘ, ਕੇਵਲ ਸਿੰਘ ਧਾਲੀਵਾਲ, ਅਜਮੇਰ ਔਲਖ, ਡਾ. ਸਾਹਿਬ ਸਿੰਘ, ਪ੍ਰੋ.ਪਾਲੀ ਭੁਪਿੰਦਰ, ਸਬਦੀਸ਼, ਅਤਰਜੀਤ, ਰਾਮ ਸਰਬਨ ਸਿੰਘ ਲੱਖੋਵਾਲੀ, ਅਮੋਲਕ ਸਿੰਘ ਨੇ ਸੰਬੋਧਨ ਕੀਤਾ।


ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖ਼ੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।


Surajvanshi Pharmacy (R)
MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627



C.V.R.C
Central Valley Registration
& Computer Repair Services

ਟਰੱਕਿੰਗ ਸਨਅਤ ਨਾਲ ਸਬੰਧਤ ਸੇਵਾਵਾਂ ਤੋਂ ਲੈ ਕੇ ਕੰਪਿਊਟਰ ਠੀਕ ਕਰਨ ਤੱਕ ਸਾਰੀਆਂ ਸੇਵਾਵਾਂ ਇਕੋ ਛੱਤ ਥੱਲੇ

IFTA Decal & Fuel Tax Return • CA #, ICC, MC, DOT, MCP, UCR Permits
NM. OR, NY, KY, Permits • IRP License Plate • VIN Verification



Ravinder S. Brar
Cell:209-402-5747

Immigration & Notary Services
Corporation, LLC # BOC-3
Licensed & Bonded

A+ Certified
25 Years Experience

*ਇਮੀਗ੍ਰੇਸ਼ਨ ਅਤੇ ਨੋਟਰੀ ਸੇਵਾਵਾਂ



Virus/Spyware/Trojan Removal
Operating System Install/Repair
Hardware Repair
Data Backup/Recovery
Hard Drive Replacement/Imaging
Ram (memory) upgrade
Networking (LAN & Wi-Fi) Setup
And many more services…
On-site Repair Services

ਕੰਪਿਊਟਰ ਖਰਾਬ ਹੈ? ਚਿੰਤਾ ਨਾ ਕਰੋ, ਸਾਡੇ ਕੋਲ ਲੈ ਕੇ ਆਓ




Office: 209-538-7383
Fax: 855-214-1828, cenval.reg@gmail.com
1400 Mitchell Rd., Suite#5, Modesto, CA 95351
Located on the corner of Mitchell & Hatch rd. next to PMZ realestate building

# ਮੇਰਾ ਗੀਤ ਅਮਰ ਕਰ ਦੋ...

## ਜਗਜੀਤ ਸਿੰਘ ਨੂੰ ਸਬੂਤੀ ਅਲਵਿਦਾ

*ਸਾਡੇ ਸਮਿਆਂ ਵਿਚ ਗਜ਼ਲ ਨੂੰ ਜਿਨ੍ਹਾਂ ਤਿੰਨ ਗਾਇਕਾਂ ਨੇ ਖਾਸ ਮੁਕਾਮ 'ਤੇ ਪਹੁੰਚਾਇਆ, ਜਗਜੀਤ ਸਿੰਘ ਉਨ੍ਹਾਂ ਵਿਚੋਂ ਇਕ ਸੀ। ਦੂਜੇ ਦੋ ਨਾਂ ਗੁਲਾਮ ਅਲੀ ਅਤੇ ਮਹਿਦੀ ਹਸਨ ਦੇ ਹਨ। ਇਸ ਤਿੱਕੜੀ ਨੇ ਗਜ਼ਲ ਗਾਇਨ ਦੇ ਖੇਤਰ ਵਿਚ ਜਿਹੜਾ ਰੰਗ ਬੰਨ੍ਹਿਆ, ਉਹ ਬੇਜੋੜ ਹੈ। ਇਸ ਤਿੱਕੜੀ ਵਾਲਾ ਇਹ ਸਮਾਂ ਸੁਨਹਿਰੀ ਯੁੱਗ ਵਜੋਂ ਯਾਦ ਕੀਤਾ ਜਾਵੇਗਾ। ਇਸ ਸਮੇਂ ਨਾਲ ਸੰਗੀਤ ਦੀਆਂ ਲਹਿਰਾਂ ਜੁੜੀਆਂ ਹੋਈਆਂ ਹਨ। ਇਨ੍ਹਾਂ ਤਿੰਨਾਂ ਵਿਚੋਂ ਜਗਜੀਤ ਸਿੰਘ ਦਾ ਵਾਧਾ ਇਹ ਰਿਹਾ ਕਿ ਉਨ੍ਹਾਂ ਗਜ਼ਲ ਦੀ ਸੁਗਮ ਸੰਗੀਤ ਨਾਲ ਜੁਗਲਬੰਦੀ ਕਰਵਾ ਕੇ ਇਹਨੂੰ ਆਮ ਬੰਦੇ ਤੱਕ ਪਹੁੰਚਾ ਦਿੱਤਾ। ਇਸੇ ਕਰਕੇ ਜਗਜੀਤ ਸਿੰਘ ਦੀ ਚਰਚਾ ਉਮਦਾ ਗਜ਼ਲ ਗਾਇਕ ਦੇ ਨਾਲ ਨਾਲ 'ਸਮਝਦਾਰ' ਗਜ਼ਲ ਗਾਇਕ ਵਜੋਂ ਵੀ ਹੋਈ, ਹਾਲਾਂਕਿ ਕੁਝ ਸੰਗੀਤ ਪ੍ਰੇਮੀਆਂ ਨੇ ਉਨ੍ਹਾਂ ਉਤੇ ਗਜ਼ਲ ਦੀ ਵੰਨਗੀ ਨਾਲ ਸਮਝੌਤਾ ਕਰਨ ਦੇ ਦੋਸ਼ ਵੀ ਲਾਏ। ਇਸ 'ਸਮਝਦਾਰੀ' ਦੀ ਬਦੌਲਤ ਉਹਨੇ ਫਿਲਮਾਂ ਲਈ ਉਮਦਾ ਗਜ਼ਲਾਂ ਗਾਈਆਂ ਜਿਨ੍ਹਾਂ ਨੂੰ ਲੋਕ ਅਜੇ ਤੱਕ ਸੁਣ-ਮਾਣ ਰਹੇ ਹਨ। ਜਗਜੀਤ ਸਿੰਘ ਨੇ ਗਜ਼ਲ ਨੂੰ ਅਜਿਹੀ ਮਹਿਫਿਲ ਦਿੱਤੀ 'ਮਹਿਬੂਬ ਨਾਲ ਗੱਲਾਂ' ਕਰਦੀ ਕਰਦੀ ਸਮੇਂ ਨੂੰ ਸਰਸ਼ਾਰ ਕਰ ਦਿੰਦੀ ਸੀ।-ਸੰਪਾਦਕ*



*ਜਗਜੀਤ ਸਿੰਘ (8 ਫਰਵਰੀ 1941-10 ਅਕਤੂਬਰ 2011)*

## ਫਰਿਸ਼ਤੋ ਅਬ ਤੋ ਸੋਨੇ ਦੋ, ਕਭੀ ਫੁਰਸਤ ਮੇਂ ਕਰ ਲੇਨਾ ਹਿਸਾਬ

**ਮੁੰਬਈ:** 'ਤੁਮ ਇਤਨਾ ਜੋ ਮੁਸਕਰਾ ਰਹੇ ਹੋ' ਅਤੇ 'ਝੁਕੀ ਝੁਕੀ ਸੀ ਨਜ਼ਰ' ਜਿਹੀਆਂ ਗ਼ਜ਼ਲਾਂ ਨਾਲ ਚਾਰ ਦਹਾਕਿਆਂ ਤੋਂ ਵੱਧ ਸਮਾਂ ਸੰਗੀਤ ਪ੍ਰੇਮੀਆਂ ਨੂੰ ਮੰਤਰ-ਮੁਗਧ ਕਰਦੇ ਰਹੇ ਉੱਘੇ ਗਾਇਕ ਜਗਜੀਤ ਸਿੰਘ ਦਾ ਦੇਹਾਂਤ ਹੋ ਗਿਆ। ਉਨ੍ਹਾਂ ਦਾ ਸਸਕਾਰ ਇੱਥੇ ਚੰਦਨਵਾੜੀ ਸ਼ਮਸ਼ਾਨਘਾਟ ਵਿਚ ਕਰ ਦਿੱਤਾ ਗਿਆ।



70ਵੇਂ ਤੇ 80ਵੇਂ ਦਹਾਕੇ ਵਿਚ ਗ਼ਜ਼ਲ ਗਾਇਕੀ ਨੂੰ ਆਮ ਲੋਕਾਂ ਵਿਚ ਹਰਮਨਪਿਆਰਾ ਬਣਾਉਣ ਵਾਲੇ 70 ਸਾਲਾ ਗਾਇਕ ਨੂੰ 23 ਸਤੰਬਰ ਨੂੰ ਦਿਮਾਗ ਦੀ ਨਾੜੀ ਫਟਣ ਕਾਰਨ ਲੀਲ੍ਹਾਵਤੀ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਸੀ। ਡਾਕਟਰਾਂ ਨੇ ਉਨ੍ਹਾਂ ਦੇ ਦਿਮਾਗ ਦਾ ਅਪਰੇਸ਼ਨ ਵੀ ਕੀਤਾ ਪਰ ਉਨ੍ਹਾਂ ਦੀ ਹਾਲਤ ਵਿਚ ਸੁਧਾਰ ਨਹੀਂ ਹੋਇਆ। ਹਸਪਤਾਲ ਦੇ ਬੁਲਾਰੇ ਡਾਕਟਰ ਸੁਧੀਰ ਨੰਦਗਾਉਂਕਰ ਨੇ ਦੱਸਿਆ ਕਿ 10 ਅਕਤੂਬਰ, ਦਿਨ ਐਤਵਾਰ ਨੂੰ ਸਵੇਰੇ 8.10 'ਤੇ ਜਗਜੀਤ ਸਿੰਘ ਨੇ ਆਖਰੀ ਸਾਹ ਲਿਆ। ਉਨ੍ਹਾਂ ਦੇ ਪਰਿਵਾਰ ਵਿਚ ਹੁਣ ਉਨ੍ਹਾਂ ਦੀ ਪਤਨੀ ਤੇ ਗਾਇਕਾ ਚਿੱਤਰਾ ਹੀ ਹੈ। ਉਨ੍ਹਾਂ ਦੇ ਪੁੱਤਰ ਵਿਵੇਕ ਦੀ 1990 'ਚ ਸੜਕ ਹਾਦਸੇ ਵਿਚ ਮੌਤ ਹੋ ਗਈ ਸੀ।

ਜਗਜੀਤ ਸਿੰਘ ਨੂੰ ਇਹ ਮਾਣ ਹਾਸਲ ਸੀ ਕਿ ਉਨ੍ਹਾਂ ਗ਼ਜ਼ਲ ਗਾਇਕੀ ਨੂੰ ਆਮ ਲੋਕਾਂ ਤੱਕ ਪਹੁੰਚਾਇਆ। ਉਨ੍ਹਾਂ ਦੀਆਂ ਸਦਾਬਹਾਰ ਗ਼ਜ਼ਲਾਂ ਵਿਚ 'ਕਾਗ਼ਜ਼ ਕੀ ਕਸ਼ਤੀ', 'ਅਹਿਸਤਾ-ਅਹਿਸਤਾ', 'ਪੱਤਾ-ਪੱਤਾ ਬੂਟਾ-ਬੂਟਾ', 'ਹੋਂਠੋ ਸੇ ਛੂ ਲੋ ਤੁਮ' 'ਕੱਲ੍ਹ ਚੌਦਵੀਂ ਦੀ ਰਾਤ', 'ਚਿੱਠੀ ਨਾ ਕੋਈ ਸੰਦੇਸ਼', 'ਯੇਹ ਦੌਲਤ ਭੀ ਲੇ ਲੋ', 'ਤੁਮ ਕੋ ਦੇਖਾ ਤੋ ਯੇਹ ਖਿਆਲ ਆਇਆ', 'ਸ਼ਾਮ ਸੇ ਆਂਖ ਮੇਂ ਨਮੀ ਸੀ ਹੈ', 'ਹੋਸ਼ ਵਾਲੋਂ ਕੋ ਖ਼ਬਰ ਕਿਆ' ਅਤੇ 'ਤੁਮ ਕੋ ਦੇਖਾ' ਸ਼ਾਮਲ ਹਨ। ਉਨ੍ਹਾਂ ਉਸ ਵੇਲੇ ਗ਼ਜ਼ਲ ਗਾਇਕੀ ਦੇ ਖੇਤਰ ਵਿਚ ਆਪਣੀ ਵੱਖਰੀ ਪਛਾਣ ਬਣਾਈ ਜਦੋਂ ਨੂਰਜਹਾਂ, ਮਲਿਕਾ ਪੁਖਰਾਜ, ਬੇਗ਼ਮ ਅਖ਼ਤਰ, ਤਲਤ ਮਹਿਮੂਦ ਅਤੇ ਮਹਿਦੀ ਹਸਨ ਜਿਹੇ ਗ਼ਜ਼ਲ ਗਾਇਕਾਂ ਦਾ ਦਬਦਬਾ ਸੀ। ਉਹ ਕੇ.ਐਲ. ਸਹਿਗਲ, ਤਲਤ ਮਹਿਮੂਦ, ਅਬਦੁਲ ਕਰੀਮ ਖਾਨ, ਬੜੇ ਗ਼ੁਲਾਮ ਅਲੀ ਖਾਨ ਅਤੇ ਆਮਿਰ ਖਾਨ ਜਿਹੇ ਗਾਇਕਾਂ ਨੂੰ ਆਪਣਾ ਪ੍ਰੇਰਨਾ ਸਰੋਤ ਮੰਨਦੇ ਸਨ। ਪਦਮ ਭੂਸ਼ਨ ਨਾਲ ਨਿਵਾਜੇ ਗਏ ਜਗਜੀਤ ਸਿੰਘ ਦਾ ਜਨਮ 8 ਫਰਵਰੀ, 1941 ਨੂੰ ਸ੍ਰੀਗੰਗਾਨਗਰ (ਰਾਜਸਥਾਨ) ਵਿਖੇ ਹੋਇਆ। ਗਰੈਜੂਏਸ਼ਨ ਕਰਨ ਤੋਂ ਬਾਅਦ ਉਹ ਸੰਗੀਤ ਜਗਤ 'ਚ ਆਪਣਾ ਕਰੀਅਰ ਬਣਾਉਣ ਲਈ ਮੁੰਬਈ ਆ ਗਏ।

ਅਗਲੇ 15 ਸਾਲਾਂ ਵਿਚ ਉਨ੍ਹਾਂ ਗ਼ਜ਼ਲ ਗਾਇਕ ਅਤੇ ਸੰਗੀਤਕਾਰ ਵਜੋਂ ਕੌਮੀ ਪੱਧਰ 'ਤੇ ਪ੍ਰਸਿੱਧੀ ਹਾਸਲ ਕਰ ਲਈ। ਉਨ੍ਹਾਂ 18ਵੀਂ ਸਦੀ ਦੇ ਉਰਦੂ ਕਵੀ ਮਿਰਜ਼ਾ ਗ਼ਾਲਿਬ ਦੀਆਂ ਗ਼ਜ਼ਲਾਂ ਵੀ ਗਾਈਆਂ ਜੋ ਬਹੁਤ ਮਸ਼ਹੂਰ ਹੋਈਆਂ। ਉਨ੍ਹਾਂ ਦੀਆਂ ਮਸ਼ਹੂਰ ਐਲਬਮਾਂ ਵਿਚ 'ਮਰਾਸਿਮ', 'ਫੇਸ ਟੂ ਫੇਸ', 'ਆਈਨਾ', 'ਕਰਾਈ ਫਾਰ ਕਰਾਈ', 'ਸਮ ਵਨ ਸਮ ਵੇਅਰ' ਅਤੇ 'ਮੁੰਤਜ਼ਿਰ' ਸ਼ਾਮਲ ਹਨ। ਉਨ੍ਹਾਂ 23 ਸਤੰਬਰ ਨੂੰ ਗ਼ੁਲਾਮ ਅਲੀ ਨਾਲ ਮੁੰਬਈ ਵਿਖੇ ਮਟੂੰਗਾ ਦੇ ਸ਼ਨਮੁਖੰਦਾ ਹਾਲ ਵਿਚ ਗ਼ਜ਼ਲ ਗਾਇਕੀ ਦਾ ਪ੍ਰੋਗਰਾਮ ਪੇਸ਼ ਕਰਨਾ ਸੀ ਪਰ ਉਸ ਦਿਨ ਹੀ ਉਹ ਬਿਮਾਰ ਹੋ ਗਏ ਤੇ ਇਹ ਪ੍ਰੋਗਰਾਮ ਰੱਦ ਕਰਨਾ ਪੈ ਗਿਆ। ਸੰਗੀਤਕਾਰ ਵਿਸ਼ਾਲ ਡਡਲਾਨੀ ਨੇ ਇਸ ਮੌਕੇ ਜਗਜੀਤ ਸਿੰਘ ਦੇ ਸ਼ਬਦਾਂ 'ਚ ਉਨ੍ਹਾਂ ਨੂੰ ਸ਼ਰਧਾਂਜਲੀ ਦਿੰਦਿਆਂ ਕਿਹਾ, 'ਫਰਿਸ਼ਤੋ ਅਬ ਤੋ ਸੋਨੇ ਦੋ, ਕਭੀ ਫੁਰਸਤ ਮੇਂ ਕਰ ਲੇਨਾ ਹਿਸਾਬ, ਆਹਿਸਤਾ-ਆਹਿਸਤਾ।'

**ਚਿਤਰਾ ਲਈ ਤੀਹਰਾ ਸਦਮਾ:** ਆਪਣੇ ਪਤੀ ਜਗਜੀਤ ਸਿੰਘ ਨਾਲ ਗ਼ਜ਼ਲ ਗਾਇਕੀ ਨੂੰ ਨਵੇਂ ਮੁਕਾਮ 'ਤੇ ਪਹੁੰਚਾਉਣ ਵਾਲੀ ਚਿਤਰਾ ਸਿੰਘ ਦਾ ਦੁੱਖਾਂ ਨਾਲ ਕਰੀਬੀ ਨਾਤਾ ਰਿਹਾ ਹੈ। 2009 ਵਿਚ ਉਨ੍ਹਾਂ ਦੀ ਪਹਿਲੇ ਵਿਆਹ ਦੀ ਧੀ ਮੋਨਿਕਾ ਚੌਧਰੀ (49 ਸਾਲ) ਨੇ ਖੁਦਕੁਸ਼ੀ ਕਰ ਲਈ ਸੀ। 1990 ਵਿਚ ਜਗਜੀਤ ਤੇ ਚਿਤਰਾ ਦੇ ਪੁੱਤਰ ਵਿਵੇਕ ਦੀ ਕਾਰ ਹਾਦਸੇ ਵਿਚ ਮੌਤ ਹੋ ਗਈ ਸੀ। ਇਸ ਸਦਮੇ ਕਾਰਨ ਜਗਜੀਤ ਸਿੰਘ ਜਿੱਥੇ ਛੇ ਮਹੀਨੇ ਖਾਮੋਸ਼ ਰਹੇ ਸਨ, ਉਥੇ ਚਿਤਰਾ ਨੇ ਬਾਅਦ ਵਿਚ ਗਾਉਣਾ ਹੀ ਛੱਡ ਦਿੱਤਾ।

## .ਗ਼ਜ਼ਲ ਦੇ ਅੰਬਰ ਦਾ ਧਰੂ-ਤਾਰਾ

**ਸ਼ਮਸ਼ੇਰ ਸਿੰਘ ਸੰਧੂ***

ਉਹਦਾ ਪਹਿਲਾ ਨਾਂ ਜਗਮੋਹਨ ਸੀ। ਅਗਾਂਹ ਜਾ ਕੇ ਲੋਕਾਂ ਲਈ ਉਹ ਜਗਜੀਤ ਬਣਿਆ ਪਰ ਘਰ ਵਿਚ ਉਹਨੂੰ ਜੀਤ ਕਹਿ ਕੇ ਬੁਲਾਇਆ ਜਾਂਦਾ ਸੀ। ਦੋ-ਤਿੰਨ ਦਹਾਕੇ ਐਸਾ ਵੀ ਸਮਾਂ ਸੀ ਜਦੋਂ ਉਹਨੂੰ ਜਗਜੀਤ-ਚਿੱਤਰਾ ਸਿੰਘ ਵਜੋਂ ਜਾਣਿਆ ਜਾਂਦਾ ਰਿਹਾ।

ਜਗਜੀਤ ਸਿੰਘ ਦੇ 7-8 ਪ੍ਰੋਗਰਾਮ ਦੇਖਣ ਤੇ ਸੁਣਨ ਦੇ ਮੈਨੂੰ ਭਰਪੂਰ ਮੌਕੇ ਮਿਲੇ। ਦੋ ਪ੍ਰੋਗਰਾਮ ਪਟਿਆਲੇ ਦੇਖੇ, ਇਕ ਲੁਧਿਆਣੇ, ਦੋ ਚੰਡੀਗੜ੍ਹ ਅਤੇ ਦੋ ਬੰਬਈ। ਤਿੰਨ-ਚਾਰ ਵਾਰ ਉਹਨੂੰ ਨੇੜਿਓਂ ਤੱਕਣ ਅਤੇ ਗੱਲਾਂ-ਬਾਤਾਂ ਕਰਨ ਦਾ ਸਬੱਬ ਬਣਿਆ। ਪਟਿਆਲੇ ਹਰਪਾਲ ਟਿਵਾਣਾ ਨੇ ਇਹ ਮੌਕਾ ਦਿਵਾਇਆ ਸੀ ਤੇ ਬੰਬਈ ਵਿਚ ਟੀ. ਸੀਰੀਜ਼ ਦੇ ਗੋਲਡਨ ਚੈਰਟ ਸਟੂਡੀਓ ਵਿਚ ਰਿਕਾਰਡਿੰਗ ਦੌਰਾਨ। ਉਹ ਮੂਡੀ ਬੰਦਾ ਸੀ। ਕਦੇ ਤਾਂ ਖੁੱਲ੍ਹ ਕੇ ਗੱਲਾਂ ਕਰ ਲੈਂਦਾ ਸੀ, ਕਦੇ ਹੂੰ-ਹਾਂ ਨਾਲ ਸਾਰੀ ਜਾਂਦਾ ਸੀ। ਕਦੇ ਏਨਾ ਪਿਆਰਾ ਤੇ ਨਾਨ-ਸਟਾਪ ਬੋਲਦਾ ਸੀ ਕਿ ਮਗਰ ਦੌੜ-ਦੌੜ ਕੇ ਹੁੰਗਾਰਾ ਭਰਨਾ ਪੈਂਦਾ ਸੀ। ਹੁੰਗਾਰਾ ਕਾਹਦਾ ਸੀ, ਬੱਸ 'ਹਾਂ ਜੀ ਹਾਂ ਜੀ', 'ਅੱਛਾ ਜੀ', 'ਠੀਕ ਆ ਜੀ', 'ਕਮਾਲ ਆ ਜੀ' ਤੱਕ ਹੁੰਦਾ ਸੀ।



*ਗੁਲਾਮ ਅਲੀ ਨਾਲ*

ਗ਼ਜ਼ਲ ਗਾਇਕੀ ਵਿਚ ਬਿਨਾਂ ਸ਼ੱਕ ਜਗਜੀਤ ਸਿੰਘ ਬਹੁਤ ਵੱਡਾ ਨਾਂ ਸੀ ਤੇ ਰਹੇਗਾ। ਉਰਦੂ ਦੀਆਂ ਔਖੀਆਂ ਔਖੀਆਂ ਗ਼ਜ਼ਲਾਂ ਵੀ ਉਹਦੇ ਕੰਠ ਵਿਚੋਂ ਨਿਕਲ ਕੇ ਸਰਲ ਜਾਪਣ ਲੱਗਦੀਆਂ ਸਨ। ਗ਼ਜ਼ਲ ਗਾਇਕੀ ਨੂੰ ਉਸ ਨੇ ਔਖਿਆਈਆਂ ਅਤੇ ਟੇਢੀਆਂ-ਮੇਢੀਆਂ ਧੁਨਾਂ, ਤਰਜ਼ਾਂ ਵਿਚੋਂ ਕੱਢ ਕੇ ਸਰਲ ਬਣਾ ਦਿੱਤਾ। ਤਦੇ ਤਾਂ ਉਹਦੇ ਸਰੋਤਿਆਂ ਵਿਚ ਬੁੱਧੀਜੀਵੀਆਂ ਤੇ ਉੱਚ-ਵਰਗ ਤੋਂ ਇਲਾਵਾ ਰਿਕਸ਼ਾ ਚਾਲਕ, ਪਾਨ-ਬੀੜੀ ਵੇਚਣ ਵਾਲੇ ਤੇ ਸੀਟੀਮਾਰ ਲੋਕ ਵੀ ਵੱਡੀ ਗਿਣਤੀ ਵਿਚ ਸ਼ਾਮਲ ਸਨ।

ਕਈ ਉਸ ਨੂੰ ਹਰਿਆਣੇ ਦਾ ਸਮਝਦੇ ਸਨ ਪਰ ਨਹੀਂ, ਕੁਰੂਕਸ਼ੇਤਰ ਤੋਂ ਉਹਨੇ ਸਿਰਫ਼ ਐਮ.ਏ. ਪਾਸ ਕੀਤੀ ਸੀ। ਕਈ ਉਸ ਨੂੰ ਪੰਜਾਬ ਦਾ ਸਮਝਦੇ ਸਨ ਪਰ ਨਹੀਂ, ਜਲੰਧਰ ਦੇ ਡੀ.ਏ.ਵੀ. ਕਾਲਜ ਤੋਂ ਤਾਂ ਉਸ ਨੇ ਬੀ.ਏ. ਕੀਤੀ ਸੀ ਤੇ ਆਕਾਸ਼ਵਾਣੀ ਜਲੰਧਰ ਨੇ ਉਸ ਨੂੰ ਗਾਉਣ ਦਾ ਪਹਿਲਾ ਮੌਕਾ ਦਿੱਤਾ ਸੀ। ਅਸਲ ਵਿਚ ਉਹ ਰਾਜਸਥਾਨ ਦੇ ਗੰਗਾਨਗਰ ਤੋਂ ਸੀ। ਸਕੂਲੀ ਵਿਦਿਆ ਉਸ ਨੇ ਗੰਗਾਨਗਰ ਤੋਂ ਹੀ ਕੀਤੀ ਪਰ ਇਕ ਗੱਲੋਂ ਤੇ ਦੂਜੇ ਪਾਸਿਓਂ ਜਗਜੀਤ ਸਿੰਘ ਨੂੰ ਪੰਜਾਬ ਦਾ ਵੀ ਪੂਰੀ ਤਰ੍ਹਾਂ ਮੰਨਿਆ ਜਾ ਸਕਦਾ ਕਿਉਂਕਿ ਇਕ ਥਾਂ ਜ਼ਿਕਰ ਆਉਂਦਾ ਹੈ ਕਿ ਉਸ ਦਾ ਪਿੱਛਾ ਪਿੰਡ ਡੱਲਾ ਦਾ ਸੀ ਤੇ ਮਾਂ ਬਚਨ ਕੌਰ ਦਾ ਪਿੰਡ, ਸਮਰਾਲਾ ਨੇੜੇ ਓਟਾਲਾਂ ਸੀ।

ਲੁਧਿਆਣੇ ਦੇ ਸਾਡੇ ਮਿੱਤਰ ਲਾਟੀ ਬਾਵਾ ਦਾ ਜਗਜੀਤ ਸਿੰਘ ਨਾਲ ਚਾਚੇ-ਭਤੀਜੇ ਵਾਲਾ ਲਾਡਲਾ ਰਿਸ਼ਤਾ ਸੀ। ਲਾਟੀ ਅਕਸਰ ਚਾਚੇ ਨਾਲ ਫੋਨ 'ਤੇ ਮਖੌਲਬਾਜ਼ੀ ਕਰਦਾ ਰਹਿੰਦਾ ਸੀ। ਲਾਟੀ ਦਾ ਬਾਪ ਬਾਵਾ ਰਾਜਿੰਦਰ ਸਿੰਘ ਕਾਫੀ ਅਰਸਾ ਜਗਜੀਤ ਸਿੰਘ ਦਾ ਸਾਥੀ ਰਿਹਾ। ਲੁਧਿਆਣੇ ਜਗਜੀਤ ਸਿੰਘ ਦੀ ਭੈਣ ਤੇ ਜੀਜਾ ਰਹਿੰਦੇ ਸਨ। ਜੀਜਾ ਕਿਰਪਾਲ ਸਿੰਘ ਤੇ ਭੈਣ ਛਿੰਦੀ। ਉਹ ਲੁਧਿਆਣੇ ਬਾਵਾ ਰਾਜਿੰਦਰ ਸਿੰਘ ਕੋਲ ਰਹਿ ਕੇ ਰਿਆਜ਼ ਕਰਦਾ ਰਿਹਾ ਤੇ ਉਨ੍ਹੀਂ ਦਿਨੀਂ ਹੀ ਭੈਣੀ ਸਾਹਿਬ ਵਿਖੇ ਸਤਿਗੁਰੂ ਜਗਜੀਤ ਸਿੰਘ ਦੇ ਚਰਨਾਂ ਵਿਚ ਬੈਠ ਕੇ ਸਿੱਖਦਾ ਰਿਹਾ।

ਸੰਗੀਤ ਦੀ ਬਾਕਾਇਦਾ ਤੇ ਬਹੁਤੀ ਸਿੱਖਿਆ ਜਗਜੀਤ ਨੇ ਪੰਡਿਤ ਛਗਨ ਲਾਲ ਸ਼ਰਮਾ ਅਤੇ ਉਸਤਾਦ ਜਮਾਲ ਖਾਨ ਤੋਂ ਪ੍ਰਾਪਤ ਕੀਤੀ। ਕਰੀਬ 5 ਦਹਾਕੇ ਜਗਜੀਤ ਨੇ ਗਾਇਆ, 7 ਦਰਜਨ ਦੇ ਕਰੀਬ ਐਲਬਮਾਂ ਕੱਢੀਆਂ। ਵੱਖ ਵੱਖ ਸ਼ਹਿਰਾਂ ਅਤੇ ਅਲੱਗ ਅਲੱਗ ਦੇਸ਼ਾਂ ਵਿਚ ਕੀਤੇ ਉਸ ਦੇ ਸਟੇਜ ਪ੍ਰੋਗਰਾਮਾਂ ਦੀਆਂ ਐਲਬਮਾਂ ਵੀ ਕਾਫੀ ਗਿਣਤੀ ਵਿਚ ਦੁਕਾਨਾਂ 'ਤੇ ਮਿਲਦੀਆਂ ਹਨ।

ਜਗਜੀਤ ਸਿੰਘ ਨੇ ਉਰਦੂ ਤੇ ਹਿੰਦੀ ਹੀ ਨਹੀਂ ਬਲਕਿ ਬੰਗਾਲੀ, ਪੰਜਾਬੀ, ਗੁਜਰਾਤੀ ਵਿਚ ਵੀ ਗਾਇਆ। ਉਹਦੀਆਂ ਉੱਤਰੀ ਭਾਰਤ ਦੀਆਂ ਸਟੇਜਾਂ 'ਤੇ ਅਕਸਰ ਪੰਜਾਬੀ ਸਰੋਤੇ ਜਦੋਂ ਪੰਜਾਬੀ ਗੀਤਾਂ, ਗ਼ਜ਼ਲਾਂ ਦੀ ਮੰਗ ਕਰਦੇ ਹੋਏ ਰੌਲਾ ਪਾਉਂਦੇ ਸਨ ਤਾਂ ਉਹਨੇ "ਸਾਉਣ ਦਾ ਮਹੀਨਾ, ਸਾਉਣ ਦਾ ਮਹੀਨਾ, ਤਿਪ ਤਿਪ ਕੋਠਿਆਂ ਦੇ ਚੋਣ ਦਾ ਮਹੀਨਾ" ਜਾਂ ਫੇਰ "ਢਾਈ ਦਿਨ ਨਾ ਜਵਾਨੀ ਵਿਚ ਚੱਲਦੀ, ਕੁੜਤੀ ਮਲਮਲ ਦੀ" ਆਦਿ ਗਾ ਕੇ ਸਭ ਨੂੰ ਤਾੜੀਆਂ ਮਾਰਨ ਅਤੇ ਨੱਚਣ ਲਈ ਮਜਬੂਰ ਕਰ ਦੇਣਾ। ਸੱਤਰਵਿਆਂ ਤੇ ਅੱਸੀਵਿਆਂ ਵਿਚ ਜਗਜੀਤ-ਚਿੱਤਰਾ ਸਿੰਘ ਦੀ ਬਹੁਤ ਜ਼ਿਆਦਾ ਚੜ੍ਹਤ ਰਹੀ। ਉਂਜ ਤਾਂ 1965 ਵਿਚ ਉਹ ਬੰਬਈ ਦੀ ਦੁਨੀਆਂ ਵਿਚ ਛਾਲ ਮਾਰ ਗਿਆ ਸੀ ਪਰ ਕੁਝ ਦੇਰ ਸੰਘਰਸ਼ ਕਰਨਾ ਪਿਆ ਤੇ ਭੁੱਖਾਂ-ਤੇਹਾਂ ਵੀ ਕੱਟਣੀਆਂ ਪਈਆਂ। ਕਦੇ ਪੈਦਲ ਤੇ ਕਦੇ ਲੋਕਲ ਟਰੇਨ ਵਿਚ ਆਉਣਾ ਜਾਣਾ। ਚਿੱਤਰਾ ਸਿੰਘ ਨਾਲ ਉਹਦਾ ਵਾਹ 1967 ਵਿਚ ਪਿਆ ਅਤੇ 1969 ਵਿਚ ਵਿਆਹ ਹੋ ਗਿਆ। ਚਿੱਤਰਾ ਸਿੰਘ ਨਾਲ ਜੋੜੀ ਰੂਪ ਵਿਚ ਵਾਹਵਾ ਗਾਇਆ ਪਰ ਅਗਾਂਹ 1990 ਵਿਚ ਇਕਲੌਤੇ ਪੁੱਤਰ ਵਿਵੇਕ ਦੀ ਸੜਕ ਹਾਦਸੇ ਵਿਚ ਮੌਤ ਨੇ ਚਿੱਤਰਾ ਸਿੰਘ ਨੂੰ 'ਚੁੱਪ' ਹੀ ਕਰਵਾ ਦਿੱਤਾ ਤੇ ਉਹਨੇ ਗੌਣਾ ਛੱਡ ਦਿੱਤਾ ਸੀ। ਜਗਜੀਤ ਸਿੰਘ ਹੌਸਲਾ ਕਰਕੇ ਗਾਉਂਦਾ ਰਿਹਾ। ਦੇਖੋ, ਜਗਜੀਤ ਸਿੰਘ ਨੇ ਆਖਰੀ ਪ੍ਰੋਗਰਾਮ 16 ਸਤੰਬਰ, 2011 ਨੂੰ ਬੰਬਈ ਵਿਚ ਅਤੇ 20 ਸਤੰਬਰ ਨੂੰ ਦੇਹਰਾਦੂਨ ਵਿਚ ਪੇਸ਼ ਕੀਤਾ।

ਕਿਸੇ ਬੰਦੇ ਦੇ ਤੁਰ ਜਾਣ 'ਤੇ ਉਹਦੇ ਕੰਮ, ਉਹਦੀਆਂ ਪ੍ਰਾਪਤੀਆਂ ਚੇਤੇ ਆਉਣ ਲਗਦੀਆਂ ਹਨ। ਸਭ ਤੋਂ ਪਹਿਲਾਂ ਜਗਜੀਤ ਸਿੰਘ ਦਾ ਈ.ਪੀ. ਰਿਕਾਰਡ ਐਚ.ਐਮ.ਵੀ. ਨੇ ਕੱਢਿਆ ਸੀ। ਫਿਰ "ਦਾ ਅਨਫਾਰਗੈਟੇਬਲਜ਼" ਨਾਲ ਉਹ ਬਹੁਤ ਮਸ਼ਹੂਰ ਹੋ ਗਿਆ। ਕਿਹੜੇ ਕਿਹੜੇ ਐਲਬਮ ਦੀ ਗੱਲ ਕਰੀਏ! ਹਿੱਟ ਦੀ ਸੂਚੀ ਵੀ ਬਹੁਤ ਲੰਮੀ ਹੋ ਸਕਦੀ ਹੈ: ਹੋਪ, ਮਿਰਾਜ, ਵਿਜ਼ਨਜ਼, ਇਨਸਰਚ ਇਨਸਾਈਟ, ਲਵ ਇਜ਼ ਬਲਾਈਂਡ, ਚਿਰਾਗ਼, ਸਜਦਾ, ਕਹਿਕਸ਼ਾਂ ਆਦਿ ਆਦਿ। ਸੰਗੀਤਕਾਰ ਜਾਂ ਗਾਇਕ ਵਜੋਂ ਦਰਜਨਾਂ ਹੀ ਫ਼ਿਲਮਾਂ ਵਿਚ ਉਸ ਨੇ ਹਾਜ਼ਰੀ ਲੁਆਈ। 'ਗ਼ਜ਼ਲ ਗਾਇਕੀ ਦੇ ਬਾਦਸ਼ਾਹ' ਵਜੋਂ ਜਾਣੇ ਜਾਂਦੇ ਜਗਜੀਤ ਸਿੰਘ ਨੂੰ 2003 ਵਿਚ ਪਦਮ ਭੂਸ਼ਨ ਨਾਲ ਸਨਮਾਨਤ ਕੀਤਾ ਗਿਆ। ਪੰਜਾਬੀ ਫ਼ਿਲਮ 'ਲੌਂਗ ਦਾ ਲਿਸ਼ਕਾਰਾ' ਦੀ ਕਾਮਯਾਬੀ ਵਿਚ ਜਿੱਥੇ ਹੋਰ ਕਈ ਅੰਸ਼ ਸਨ, ਉੱਥੇ ਜਗਜੀਤ ਦੇ ਗੀਤ-ਸੰਗੀਤ ਦਾ ਵੀ ਯੋਗਦਾਨ ਸੀ। ਗੁਰਦਾਸ ਮਾਨ ਦਾ ਉਸ ਫ਼ਿਲਮ ਦਾ 'ਛੱਲਾ' ਅੱਜ ਵੀ ਜ਼ੋਸ਼-ਖਰੋਸ਼ ਨਾਲ ਸੁਣਿਆ ਜਾਂਦਾ ਹੈ ਤੇ ਉਸ ਵਿਚ ਸ਼ਿਵ ਦੇ ਗੀਤ 'ਸ਼ਿਕਰਾ ਯਾਰ' 'ਕੰਡਿਆਲੀ ਥੋਰ੍ਹ' ਨੂੰ ਸਦਾ ਹੀ ਯਾਦ ਕੀਤਾ ਜਾਂਦਾ ਰਹੇਗਾ। ਪਾਕਿਸਤਾਨ ਦੇ ਗਾਇਕ ਕਲਾਕਾਰ ਮਹਿਦੀ ਹਸਨ, ਗੁਲਾਮ ਅਲੀ, ਸ਼ੌਕਤ ਅਲੀ ਜੇਕਰ ਹਿੰਦੁਸਤਾਨ ਵਿਚ ਕਿਸੇ ਗ਼ਜ਼ਲ ਗਾਇਕ ਦਾ ਲੋਹਾ ਮੰਨਦੇ ਹਨ ਤਾਂ ਸਿਰਫ ਜਗਜੀਤ ਸਿੰਘ ਦਾ ਹੀ ਨਾਂ ਲੈਂਦੇ ਰਹੇ। ਜਗਜੀਤ ਸਿੰਘ ਨੇ ਰੱਜ ਕੇ ਗਾਇਆ, ਰੱਜ ਕੇ ਕਮਾਇਆ। ਲੋਕਾਂ ਨੇ ਉਹਨੂੰ ਰੱਜ ਕੇ ਸੁਣਿਆ। ਇਸ ਵਕਤ ਇਹ ਕਹਿਣਾ ਨਹੀਂ ਬਣਦਾ ਕਿ "ਉਹਦੇ ਜਾਣ ਨਾਲ ਨਾ ਪੂਰਿਆ ਜਾਣਾ ਵਾਲਾ ਘਾਟਾ ਪੈ ਗਿਆ ਹੈ।" ਦਰਅਸਲ, ਉਹਨੇ ਕੋਈ ਕਸਰ ਛੱਡੀ ਹੀ ਨਹੀਂ। ਕਰੋੜਾਂ ਸੰਗੀਤ ਪ੍ਰੇਮੀਆਂ ਦੇ ਘਰਾਂ ਵਿਚ, ਕਾਰਾਂ ਵਿਚ, ਦਿਲਾਂ ਵਿਚ ਜਗਜੀਤ ਸਿੰਘ ਵੱਸਦਾ ਹੈ।

*ਫੋਨ:91- 98763-12860

# ਅਸਤ ਹੋ ਗਿਆ .ਗ਼ਜ਼ਲ ਗਾਇਕੀ ਦਾ ਧਰੂ ਤਾਰਾ

ਗ਼ਜ਼ਲ ਗਾਇਕੀ ਦੇ ਆਕਾਸ਼ ਦਾ ਧਰੂ ਤਾਰਾ ਜਗਜੀਤ ਸਿੰਘ ਭਾਵੇਂ ਸਾਡੀਆਂ ਅੱਖਾਂ ਤੋਂ ਦੂਰ ਹੋ ਗਿਆ ਹੈ ਪਰ ਉਸਦੀ ਚਾਰ ਦਹਾਕੇ ਮਾਣੀ ਰੌਸ਼ਨੀ ਦਾ ਨਿੱਘ ਸਾਡੀਆਂ ਯਾਦਾਂ ਨੂੰ ਹਮੇਸ਼ਾ ਤਰੋ-ਤਾਜ਼ਾ ਕਰਦਾ ਰਹੇਗਾ। ਉਸ ਦੀ ਆਵਾਜ਼ ਦਾ ਜਾਦੂ ਸਦੀਆਂ

**ਸਰਬਜੀਤ ਸਿੰਘ ਵਿਰਕ**
**ਫੋਨ:91-94170-72314**

ਤੱਕ ਸਾਡੇ ਮਨਾਂ 'ਤੇ ਅਸਰ ਕਰਦਾ ਰਹੇਗਾ!

ਅੱਜ ਹਰ ਉਹ ਸ਼ਖਸ ਰਸ਼ਕ ਕਰਦਾ ਹੈ ਜਿਸ ਨੇ ਗ਼ਜ਼ਲ ਦੇ ਇਸ ਉਸਤਾਦ ਨੂੰ ਸਰੋਤਿਆਂ ਦੇ ਚਿਹਰਿਆਂ ਉਤੇ ਗਾਇਕੀ ਦਾ ਨੂਰ ਬਖੇਰਦੇ ਹੋਏ ਪ੍ਰਤੱਖ ਵੇਖਿਆ। ਜਗਜੀਤ ਸਿੰਘ ਦੀ ਆਵਾਜ਼ ਦਾ ਰਸ ਨੇੜਿਓਂ ਮਾਨਣ ਦੀ ਮੇਰੀ ਵੀਹ ਸਾਲਾਂ ਦੀ ਤਾਂਘ ਉਦੋਂ ਪੂਰੀ ਹੋਈ ਸੀ ਜਦੋਂ ਉਹ ਕੁਝ ਸਾਲ ਪਹਿਲਾਂ ਪਟਿਆਲਾ ਵਿਰਾਸਤ ਮੇਲੇ ਤੇ ਇਸ ਸ਼ਹਿਰ ਦੇ ਸ੍ਰੋਤਿਆਂ ਤੇ ਪ੍ਰਸੰਸਕਾਂ ਨੂੰ ਆਪਣੇ ਫ਼ਨ ਨਲ ਸਰਸ਼ਾਰ ਕਰਨ ਲਈ ਪ੍ਰੋਗਰਾਮ ਦੇਣ ਆਏ ਸਨ। ਇਹ ਮਾਣਮੱਤੀ ਸ਼ਾਮ ਮੇਰੀਆਂ ਹੁਸੀਨ ਤੇ ਰੰਗੀਨ ਯਾਦਾਂ ਦੀ ਐਲਬਮ ਵਿਚ ਸੁੱਤੇ ਸਿਧ ਸਜ ਗਈ ਕਿਉਂਕਿ ਮੈਂ ਉਸ ਸ਼ਾਮ ਹਜ਼ਾਰਾਂ ਸ੍ਰੋਤਿਆਂ ਨੂੰ ਆਪਣੇ ਨਾਲ ਜਗਜੀਤ ਸਿੰਘ ਦੀ ਗਾਇਕੀ ਨਾਲ ਮੰਤਰ ਸੁਗਧ ਹੁੰਦੇ ਵੇਖਿਆ ਸੀ।

ਅੱਠ ਫਰਵਰੀ 1941 ਨੂੰ ਗੰਗਾਨਗਰ (ਰਾਜਸਥਾਨ) ਵਿਚ ਸ. ਅਮਰ ਸਿੰਘ ਦੇ ਘਰ ਜਨਮੇ ਜਗਪ੍ਰੀਤ ਦਾ ਨਾਂ ਹੀ ਬਾਅਦ ਵਿਚ ਜਗਜੀਤ ਸਿੰਘ ਹੋ ਗਿਆ। ਇਹ ਉਸਦੀ ਰਸ-ਭਿੰਨੀ ਤੇ ਸੰਗੀਤਮਈ ਆਵਾਜ਼ ਦਾ ਹੀ ਅਸਰ ਸੀ ਜਿਸ ਤੋਂ ਇਕ ਨਾਮਧਾਰੀ ਸੰਤ ਨੇ ਉਸ ਵਿਚ ਸਾਰੇ ਜੱਗ ਨੂੰ ਸਰ ਕਰਨ ਦੀ ਸਮੱਰਥਾ ਜਾਣੀ ਸੀ ਤੇ ਉਸ ਦਿਨ ਤੋਂ ਜਗਪ੍ਰੀਤ ਨੂੰ ਜਗਜੀਤ ਨਾਮ ਦੇ ਦਿੱਤਾ ਗਿਆ ਸੀ। ਉਸ ਵੇਲੇ ਜਗਜੀਤ ਨੂੰ ਆਪਣੀ ਆਵਾਜ਼ ਨੂੰ ਸੰਗੀਤਮਈ ਤੇ ਅਨੁਸ਼ਾਸ਼ਨਿਕ ਬਣਾਉਣ ਲਈ ਘੋਰ ਮਿਹਨਤ, ਰਿਆਜ਼ ਅਤੇ ਸੰਗੀਤ ਦੀ ਡੂੰਘੀ ਸਮਝ ਦੀ ਲੋੜ ਸੀ। ਜਗਜੀਤ ਦੇ ਪਿਤਾ ਨੇ ਆਪਣੇ ਹੀਰੇ ਨੂੰ ਤਰਾਸ਼ਣ ਦੀ ਜਿੰਮੇਵਾਰੀ ਗੰਗਾਨਗਰ ਦੇ ਸੰਗੀਤ ਉਸਤਾਦ ਸ਼ਗਨ ਲਾਲ ਸ਼ਰਮਾ ਦੀ ਲਾਈ। ਉਸਤਾਦ ਦੀ ਤਿੰਨ ਸਾਲ ਦੀ ਟ੍ਰੇਨਿੰਗ ਤੋਂ ਬਾਅਦ ਜਗਜੀਤ ਸਿੰਘ ਨੇ ਆਪਣੀ ਆਵਾਜ਼ ਨੂੰ ਗ਼ਜ਼ਲ ਗਾਇਕੀ ਲਈ ਪਰਪੱਕ ਕਰਨ ਲਈ ਉਸਤਾਦ ਗ਼ਜ਼ਲ ਗਾਇਕ ਮਹਿੰਦੀ ਹਸਨ ਦੇ ਰਿਸ਼ਤੇਦਾਰ ਉਸਤਾਦ ਜਮਾਲ ਖਾਨ ਦੀ ਸ਼ਾਗਿਰਦੀ ਹਾਸਲ ਕੀਤੀ। ਆਪਣੀ ਤੇ ਉਸਤਾਦਾਂ ਦੀ ਸਾਂਝੀ ਲਗਨ ਤੇ ਮੁਸ਼ਕਤ ਨੇ ਸੱਚਮੁੱਚ ਹੀ ਸਾਡੇ ਸਮਿਆਂ ਦੀ ਗਾਇਕੀ ਦੇ ਕੋਹੇਨੂਰ ਨੂੰ ਜਨਮ ਦਿੱਤਾ, ਜਿਸ ਨੇ ਆਪਣੀਆਂ ਕਿਰਨਾਂ ਨਾਲ ਗ਼ਜ਼ਲ ਤੇ ਸੰਗੀਤ ਪ੍ਰੇਮੀਆਂ ਦੇ ਦਿਲਾਂ ਨੂੰ ਅਥਾਹ ਨਿੱਘ ਅਤੇ ਸਕੂਨ ਦਿੱਤਾ।

ਜਗਜੀਤ ਸਿੰਘ ਨੇ ਆਪਣੀ ਗਾਇਕੀ ਦਾ ਸਫ਼ਰ ਧਾਰਮਿਕ ਸ਼ਬਦ ਅਤੇ ਭਜਨ ਗਾਉਣ ਤੋਂ ਸ਼ੁਰੂ ਕੀਤਾ ਸੀ ਪਰ ਉਸਦੇ ਅੰਦਰ ਭਾਰਤੀ ਫਿਲਮਾਂ ਦਾ ਪਿੱਠਵਰਤੀ ਗਾਇਕ ਬਣਨ ਦੀ ਖ਼ਾਹਿਸ਼ ਵੀ ਸੀ। ਜਗਜੀਤ ਸਿੰਘ ਦੇ ਸਾਥੀ ਦਸਦੇ ਹਨ ਕਿ ਇਹ ਖ਼ਾਹਿਸ਼ ਉਸਦੇ ਅੰਦਰ ਡੀ.ਏ.ਵੀ. ਕਾਲਜ ਜਲੰਧਰ ਵਿਖੇ ਪੜ੍ਹਨ ਸਮੇਂ ਪੈਦਾ ਹੋਈ। ਕਾਲਜ ਹੋਸਟਲ ਤੋਂ ਅਕਸਰ ਉਹ ਆਪਣੇ ਦੋਸਤਾਂ ਨਾਲ ਫਿਲਮ ਵੇਖਣ ਲਈ ਸਿਨੇਮਾ ਜਾਂਦਾ ਹੁੰਦਾ ਸੀ ਤੇ ਵਾਪਸ ਆ ਕੇ ਫਿਲਮਾਂ ਦੇ ਗਾਣੇ ਗੁਣਗੁਣਾਉਂਦਾ ਸੀ। ਆਪਣੀ ਇਸ ਧੁਨ ਵਿਚ ਮਸਤ ਉਹ ਕਾਲਜ ਦੀ ਪੜ੍ਹਾਈ ਪੂਰੀ ਕਰਕੇ ਬੰਬਈ (ਹੁਣ ਮੁੰਬਈ) ਪਹੁੰਚ ਗਿਆ ਪਰ ਬਹੁਤ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਕਿਸੇ ਫਿਲਮ ਹਸਤੀ ਜਾਂ ਸੰਗੀਤ ਨਿਰਦੇਸ਼ਕ ਨੇ ਉਸਦੀ ਬਾਂਹ ਨਾ ਫੜੀ ਤੇ ਉਹ ਮਾਯੂਸ ਹੋ ਕੇ ਵਾਪਸ ਪੰਜਾਬ ਨੂੰ ਚਲ ਪਿਆ। ਇਸ ਸਮੇਂ ਉਸ ਕੋਲ ਜਿੰਨੇ ਪੈਸੇ ਸਨ ਸਾਰੇ ਮੁੰਬਈ ਵਿਖੇ ਰਿਹਾਇਸ਼, ਆਵਜਾਈ ਤੇ ਖਾਣਪੀਣ ਤੇ ਖਰਚ ਹੋ ਚੁੱਕੇ ਸਨ ਤੇ ਉਸ ਨੇ ਬਿਨਾਂ ਟਿਕਟ ਲਏ, ਰੇਲਵੇ ਦੇ ਟੀਟੀਆਂ ਅਤੇ ਗਾਰਡਾਂ ਤੋਂ ਬਚਦੇ ਬਚਾਉਂਦੇ ਸਫ਼ਰ ਪੂਰਾ ਕੀਤਾ ਪਰ ਉਸਦੀ ਫਿਲਮੀ ਗਾਇਕ ਬਣਨ ਦੀ ਅਸਫ਼ਲਤਾ ਭਾਰਤੀ ਗ਼ਜ਼ਲ ਗਾਇਕੀ ਲਈ ਵਰਦਾਨ ਸਾਬਤ ਹੋਈ ਕਿਉਂਕਿ ਇਸ ਘਟਨਾ ਤੋਂ ਬਾਅਦ ਉਸ ਨੇ ਮੁੜ ਆਪਣਾ ਧਿਆਨ ਗ਼ਜ਼ਲ ਜਿਹੀ ਪੁਖਤਾ ਸਿਨਫ਼ ਵੱਲ ਮੋੜਿਆ।

ਜਗਜੀਤ ਸਿੰਘ ਉਸ ਵੇਲੇ ਹਿੰਦੋਸਤਾਨੀ ਸੰਗੀਤ ਦੀ ਸਟੇਜ ਤੇ ਪ੍ਰਕਾਸ਼ਮਾਨ ਹੋਏ ਜਦੋਂ ਗਾਇਕੀ ਵਿਚ ਨੂਰਜਹਾਂ, ਮਲਿਕਾ ਪੁਖ਼ਰਾਜ ਤੇ ਬੇਗ਼ਮ ਅਖਤਰ ਜਿਹੇ ਵੱਡੇ ਕਲਾਕਾਰ ਆਪਣੀ ਆਵਾਜ਼ ਦਾ ਜਲਵਾ ਵਿਖਾ ਕੇ ਸੰਗੀਤ ਮੰਚ ਤੋਂ ਲਾਂਭੇ ਹੋ ਰਹੇ ਸਨ ਤੇ ਗ਼ਜ਼ਲ ਗਾਇਕੀ ਨੂੰ ਅੱਗੇ ਤੋਰਨ ਲਈ ਮਹਿੰਦੀ ਹਸਨ ਜਿਹੇ ਕੁਝ ਚੁਨਿੰਦਾ ਗਾਇਕ ਹੀ ਇਸ ਖੇਤਰ ਵਿਚ ਸਨ। ਉਰਦੂ ਸ਼ਾਇਰੀ, ਕਲਾਸੀਕਲ ਸੰਗੀਤ ਤੇ ਗ਼ਜ਼ਲ ਗਾਇਕੀ ਨੂੰ ਮੁੜ ਲੋਕਾਂ ਵਿਚ ਮਕਬੂਲ ਕਰਨ ਲਈ ਇਕ ਨਵੀਂ, ਤਾਜ਼ੀ, ਮੰਝੀ ਹੋਈ ਤੇ ਜਾਦੂਮਈ ਸੰਗੀਤਕ ਆਵਾਜ਼ ਦੀ ਲੋੜ ਸੀ। ਜਗਜੀਤ ਸਿੰਘ ਦੀ ਆਵਾਜ਼ ਵਿਚ ਇਹ ਸਾਰੇ ਗੁਣ ਸਨ ਜਿਸ ਕਰਕੇ ਉਸ ਨੇ ਛੇਤੀ ਹੀ ਲੋਕ ਦਿਲਾਂ ਵਿਚ ਆਪਣੀ ਥਾਂ ਬਣਾ ਲਈ।

ਇਹ ਜਗਜੀਤ ਸਿੰਘ ਦਾ ਕਾਰਨਾਮਾ ਹੀ ਸੀ ਕਿ ਉਸ ਨੇ ਗ਼ਜ਼ਲ ਸੰਗੀਤ ਵਿਚ ਹਰਮੋਨੀਅਮ, ਤਬਲਾ ਤੇ ਸਿਤਾਰ ਜਿਹੇ ਦੇਸੀ ਸੰਗੀਤ ਯੰਤਰਾਂ ਦੇ ਨਾਲ ਪੱਛਮ ਵਿਚ ਮਕਬੂਲ ਗਿਟਾਰ, ਅਕਾਰਡੀਅਨ ਤੇ ਵਾਇਲਨ ਦੀ ਵਰਤੋਂ ਕਰਕੇ ਮਹਾਨ ਗ਼ਜ਼ਲ-ਗੋਆਂ ਗ਼ਾਲਿਬ, ਮੀਰ ਅਤੇ ਜ਼ੌਕ ਦੀ ਸ਼ਾਇਰੀ ਨੂੰ ਮਨਮੋਹਕ ਧੁਨਾਂ ਨਾਲ ਓਤਪ੍ਰੋਤ ਕਰਕੇ ਅਮਰ ਕਰ ਦਿੱਤਾ।

ਜਗਜੀਤ ਸਿੰਘ ਨੇ ਸੰਗੀਤ ਪ੍ਰੇਮੀਆਂ ਨੂੰ ਦਿਲ ਛੂਹ ਲੈਣ ਵਾਲੀਆਂ ਸੰਗੀਤਕ ਕਿਰਤਾਂ ਦਿੱਤੀਆਂ। ਇਨ੍ਹਾਂ ਵਿਚੋਂ ਜੋ ਬਹੁਤ ਮਕਬੂਲ ਹੋਈਆਂ ਅਤੇ ਹਰ ਕਿਸੇ ਦੇ ਮੂੰਹ 'ਤੇ ਚੜ੍ਹੀਆਂ, ਉਹ ਸਨ- 'ਬਾਤ ਨਿਕਲੇਗੀ ਤੋ ਫਿਰ ਦੂਰ ਤਲਕ ਜਾਏਗੀ', 'ਮੇਰੀ ਜ਼ਿੰਦਗੀ ਕਿਸੀ ਔਰ ਕੀ, ਮੇਰੇ ਨਾਮ ਕਾ ਕੋਈ ਔਰ ਹੈ', 'ਅਬ ਮੈਂ ਰਾਤੋਂ ਕੀ ਕਤਾਰੋਂ ਮੇ ਨਜ਼ਰ ਆਤਾ ਹੂੰ'। ਉਨ੍ਹਾਂ ਨੇ ਫਿਲਮਾਂ ਵਿਚ ਵੀ ਗ਼ਜ਼ਲ ਨੂੰ ਪ੍ਰਸਿੱਧੀ ਦੁਆਈ। ਮਸ਼ਹੂਰ ਗਜ਼ਲਗੋ ਕੈਫ਼ੀ ਆਜ਼ਮੀ ਦੀਆਂ ਰਚਨਾਵਾਂ 'ਤੁਮ ਇਤਨਾ ਜੋ ਮੁਸਕਰਾ ਰਹੇ ਹੋ' ਅਤੇ 'ਝੁਕੀ ਝੁਕੀ ਸੀ ਨਜ਼ਰ' ਜਗਜੀਤ ਸਿੰਘ ਦੀ ਆਵਾਜ਼ ਵਿਚ ਰਿਕਾਰਡ ਹੋ ਕੇ ਮਹੇਸ਼ ਭੱਟ ਵੱਲੋਂ ਬਣਾਈ ਫਿਲਮ 'ਅਰਥ' ਵਿਚ ਆਈਆਂ ਤਾਂ ਗ਼ਜ਼ਲ ਨੂੰ ਵੀ ਨਵੇਂ ਅਰਥ ਮਿਲੇ। ਉਨ੍ਹਾਂ ਵਲੋਂ ਗਾਈ ਰਚਨਾ 'ਕਾਗਜ਼ ਕੀ ਕਸ਼ਤੀ' ਸ੍ਰੋਤਿਆਂ ਨੇ ਉਨ੍ਹਾਂ ਤੋਂ ਪੰਜ ਸੌ ਤੋਂ ਵੀ ਵੱਧ ਵਾਰ ਸੁਣੀ। 'ਹੋਠੋਂ ਸੇ ਛੂ ਲੋ ਤੁਮ, ਮੇਰਾ ਗੀਤ ਅਮਰ ਕਰ ਦੋ', 'ਅਹਿਸਤਾ ਆਹਿਸਤਾ' 'ਤੁਮ ਕੋ ਦੇਖਾ ਤੋ ਖ਼ਯਾਲ ਆਯਾ' ਅਤੇ 'ਪੱਤਾ ਪੱਤਾ, ਬੂਟਾ ਬੂਟਾ' ਨੇ ਵੀ ਮਕਬੂਲੀਅਤ ਦੇ ਸ਼ਿਖਰ ਛੋਹੇ।

ਜਗਜੀਤ ਸਿੰਘ ਨੇ ਗ਼ਜ਼ਲ ਦੀ ਜੁਗਲ ਗਾਇਕੀ ਨੂੰ ਵੀ ਉਦੋਂ ਨਵੇਂ ਧਰਾਤਲ ਤੇ ਪਹੁੰਚਾਇਆ ਜਦੋਂ ਉਸ ਨੇ ਆਪਣੀ ਗਾਇਕਾ ਪਤਨੀ ਚਿਤਰਾ ਸਿੰਘ ਨਾਲ ਮਿਲ ਕੇ ਗ਼ਜ਼ਲ ਸੰਸਾਰ ਨੂੰ ਨਾ ਭੁੱਲਣਯੋਗ, ਅਰਥਮਈ ਤੇ ਸੰਗੀਤਮਈ ਗ਼ਜ਼ਲਾਂ ਦੀ ਸੌਗਾਤ ਭੇਂਟ ਕੀਤੀ। ਇਸ ਸੌਗਾਤ ਵਿਚ ਸਿਰਫ਼ ਉਰਦੂ ਗ਼ਜ਼ਲਾਂ ਹੀ ਨਹੀਂ ਸਨ ਸਗੋਂ ਹਿੰਦੀ ਤੇ ਪੰਜਾਬੀ ਗ਼ਜ਼ਲਾਂ ਵੀ ਸਨ। ਗ਼ੈਰ-ਫਿਲਮੀ ਗੀਤ ਅਤੇ ਗ਼ਜ਼ਲਾਂ ਗਾ ਕੇ ਨਾਮਣਾ ਖੱਟਣ ਵਾਲੀ ਹਿੰਦੋਸਤਾਨ ਦੇ ਇਤਿਹਾਸ ਵਿਚ ਸ਼ਾਇਦ ਇਹ ਪਹਿਲੀ ਜੋੜੀ ਸੀ।

ਜਗਜੀਤ ਸਿੰਘ ਨੇ ਭਾਵੇਂ ਆਪਣੇ ਕਰਮ ਖੇਤਰ ਦਾ ਕੇਂਦਰ ਮੁੰਬਈ ਨੂੰ ਬਣਾ ਲਿਆ ਸੀ ਪਰ ਉਸਦਾ ਦਿਲ ਸਦਾ ਹੀ ਪੰਜਾਬ, ਪੰਜਾਬੀ ਅਤੇ ਪੰਜਾਬੀਆਂ ਲਈ ਧੜਕਦਾ ਰਿਹਾ। ਉਸ ਨੇ ਪੰਜਾਬੀ ਦੇ ਮਹਾਨ ਕਵੀ ਸ਼ਿਵ ਕੁਮਾਰ ਬਟਾਲਵੀ ਦੇ ਗੀਤਾਂ ਅਤੇ ਗ਼ਜ਼ਲਾਂ ਨੂੰ ਐਸੀ ਸ਼ਿੱਦਤ ਅਤੇ ਡੂੰਘਾਈ ਨਾਲ ਗਾਇਆ ਕਿ ਸ਼ਿਵ ਦੀ ਸ਼ਾਇਰੀ ਦੀ ਸਾਰੀ ਉਦਾਸੀ, ਗ਼ਮ ਤੇ ਬ੍ਰਿਹਾ ਜਦੋਂ ਉਸ ਦੀ ਆਵਾਜ਼ ਨਾਲ ਇੱਕ ਮਿੱਕ ਹੁੰਦਾ ਹੋਇਆ ਸ੍ਰੋਤਿਆਂ ਦੇ ਕੰਨਾਂ ਤੱਕ ਪਹੁੰਚਿਆ ਤਾਂ ਸ੍ਰੋਤੇ ਭਾਵ-ਵਿਭੋਰ ਹੁੰਦੇ ਹੋਏ ਅਸ਼ ਅਸ਼ ਕਰ ਉਠੇ। 'ਇਹ ਮੇਰਾ ਗੀਤ ਕਿਸੇ ਨਾ ਗਾਣਾ', 'ਤੁਸੀਂ ਕਿਹੜੀ ਰੁੱਤੇ ਆਏ ਮੇਰੇ ਰਾਮ ਜੀਓ' ਜਗਜੀਤ ਦੀ ਪੰਜਾਬੀ ਗ਼ਜ਼ਲ ਗਾਇਕੀ ਦਾ ਸਿਖ਼ਰ ਹਨ। ਇਸ ਤੋਂ ਇਲਾਵਾ ਪੰਜਾਬੀ ਵਿਚ ਗਾਏ ਉਨ੍ਹਾਂ ਦੇ ਗੀਤ 'ਚਰਖਾ ਮੇਰਾ ਰੰਗਲਾ', 'ਸਾਉਣ ਦਾ ਮਹੀਨਾ' ਅਤੇ 'ਕੁੜਤੀ ਮਲ ਮਲ ਦੀ' ਵੀ ਬਹੁਤ ਪਸੰਦ ਕੀਤੇ ਗਏ।

ਲੋਕ ਦਿਲਾਂ ਨੂੰ ਸਕੂਨ ਦੇਣ ਵਾਲੇ ਇਸ ਮਹਾਨ ਗਾਇਕ ਦੀ ਆਪਣੀ ਜ਼ਿੰਦਗੀ ਵਿਚ ਸਕੂਨ ਨਾਲ ਲੁਕਣਮੀਟੀ ਚਲਦੀ ਰਹੀ। ਇਕ ਛੋਟੇ ਜਿਹੇ ਘਰ ਤੋਂ ਮੁੰਬਈ ਤੱਕ ਅਤੇ ਮੁੰਬਈ ਤੋਂ ਦੁਨੀਆਂ ਭਰ ਦੇ ਲੋਕਾਂ ਦੇ ਦਿਲਾਂ ਤੱਕ ਪਹੁੰਚਣ ਵਾਲੇ ਇਸ ਗਾਇਕ ਨੂੰ ਆਪਣੀਆਂ ਸਫ਼ਲਤਾਵਾਂ 'ਤੇ ਸਕੂਨ ਮਿਲਦਾ ਰਿਹਾ ਪਰ ਅਠਾਰਾਂ ਸਾਲ ਦੇ ਜਵਾਨ ਪੁੱਤਰ ਵਿਵੇਕ ਸਿੰਘ ਦੀ ਮੌਤ ਨੇ ਉਸ ਨੂੰ ਤੇ ਉਸ ਦੀ ਘਰਵਾਲੀ ਚਿਤਰਾ ਸਿੰਘ ਨੂੰ ਭਾਵੁਕ ਤੌਰ ਤੇ ਹਲੂਣ ਸੁੱਟਿਆ। ਇਸ ਦੁੱਖ ਦੀ ਘੜੀ ਦਾ ਜਗਜੀਤ ਸਿੰਘ ਨੇ ਸੰਗੀਤ ਪ੍ਰੇਮੀਆਂ ਵਲੋਂ ਮਿਲੇ ਪਿਆਰ ਅਤੇ ਹਮਦਰਦੀ ਵਾਲੇ ਹੁੰਗਾਰੇ ਨਾਲ ਸਾਹਮਣਾ ਕੀਤਾ ਅਤੇ ਆਪਣੀ ਗ਼ਜ਼ਲ ਗਾਇਕੀ ਦੇ ਸਫ਼ਰ ਨੂੰ ਮੁੜ ਤੋਂ ਪਟੜੀ ਤੇ ਕੀਤਾ ਭਾਵੇਂ ਕਿ ਚਿਤਰਾ ਸਿੰਘ ਦਾ ਗਾਇਕੀ ਨੂੰ ਅਲਵਿਦਾ ਕਹਿਣਾ ਜਗਜੀਤ ਸਿੰਘ ਦੇ ਸਕੂਨ ਵਿਚ ਕਮੀ ਕਰਦਾ ਰਿਹਾ।

ਜਗਜੀਤ ਸਿੰਘ ਪੰਜਾਬੀ ਰੰਗਮੰਚ ਦੇ ਉਸਤਾਦ ਹਰਪਾਲ ਟਿਵਾਣਾ ਦੀ ਘਾਲਣਾ ਤੋਂ ਵੀ ਬਹੁਤ ਪ੍ਰੇਰਤ ਸਨ। ਉਨ੍ਹਾਂ ਦੀ ਦਿਲੀ ਇੱਛਾ ਸੀ ਕਿ ਟਿਵਾਣਾ ਜੀ ਦੀ ਯਾਦ ਨੂੰ ਸਦੀਵੀ ਤੌਰ ਤੇ ਸਾਂਭਣ ਲਈ ਰੰਗਮੰਚ ਆਡੀਟੋਰੀਅਮ ਉਸਾਰਿਆ ਜਾਣਾ ਚਾਹੀਦਾ ਹੈ, ਜਿਥੇ ਨਾਟਕ ਦੀ ਖੋਜਸ਼ਾਲਾ ਤੇ ਪ੍ਰਯੋਗਸ਼ਾਲਾ ਦੇ ਨਾਲ ਦਰਸ਼ਕਾਂ ਲਈ ਵੱਡਾ ਹਾਲ ਉਸਾਰਿਆ ਜਾਵੇ ਅਤੇ ਇਸ ਦੀ ਸਟੇਜ਼ ਤੇ ਦੁਨੀਆਂ ਭਰ ਦੇ ਮਸ਼ਹੂਰ ਨਾਟਕ ਖੇਡੇ ਜਾਣ। ਅੱਜ ਜਦੋਂ ਕਿ ਉਨ੍ਹਾਂ ਦੇ ਯਤਨਾਂ ਸਦਕਾ ਪਟਿਆਲਾ ਵਿਖੇ ਅਜਿਹੀ ਸੰਸਥਾ ਹੋਂਦ ਵਿਚ ਆ ਚੁੱਕੀ ਹੈ ਤਾਂ ਭਾਅ ਜੀ ਜਗਜੀਤ ਸਿੰਘ ਆਡੀਟੋਰੀਅਮ ਵਿਚ ਦਰਸ਼ਕ ਦੇ ਤੌਰ ਤੇ ਸਾਡੇ ਨਾਲ ਬੈਠਣ ਲਈ ਇਸ ਦੁਨੀਆਂ ਵਿਚ ਨਹੀਂ ਰਹੇ। ਸੰਗੀਤਕ ਖੇਤਰ ਵਿਚ ਉਨ੍ਹਾਂ ਦੀ ਘਾਲਣਾ ਆਉਣ ਵਾਲੀਆਂ ਮਨੁੱਖੀ ਨਸਲਾਂ ਤੱਕ ਪਹੁੰਚਾਉਣ ਲਈ ਹੁਣ ਉਨ੍ਹਾਂ ਦੀ ਯਾਦ ਵਿਚ 'ਸੰਗੀਤਕ ਮਹਿਲ' ਉਸਾਰਨ ਦੀ ਲੋੜ ਹੈ ਜਿਥੇ ਸੰਗੀਤ ਸਿੱਖਿਆ ਦੇ ਨਾਲ ਨਾਲ ਗ਼ਜ਼ਲ ਗਾਇਕੀ ਦੀ ਕਲਾ ਵਿਚ ਮੁਹਾਰਤ ਹਾਸਲ ਕਰਨ ਦੀ ਸਿੱਖਿਆ ਵੀ ਦਿੱਤੀ ਜਾਵੇ ਤਾਂ ਕਿ ਜਗਜੀਤ ਸਿੰਘ ਦੇ ਉਦਮ ਨਾਲ ਪੈਦਾ ਹੋਏ ਗ਼ਜ਼ਲ ਦੇ ਲੱਖਾਂ ਕਰੋੜਾਂ ਸਰੋਤਿਆਂ ਦੀ ਗਿਣਤੀ ਕਿਸੇ ਵੀ ਹਾਲ ਨਾ ਘਟ ਸਕੇ ਤੇ ਗ਼ਜ਼ਲ ਦੀ ਇਹ ਸਿਨਫ਼ ਲੋਕਾਂ ਵਿਚ ਪਿਆਰ, ਮੁਹੱਬਤ, ਸਾਂਝੀਵਾਲਤਾ ਅਤੇ ਉਮਾਹ ਦੇ ਜਜ਼ਬੇ ਪੈਦਾ ਕਰਦੀ ਹੋਈ ਸਾਹਿਤਕ ਰਸ ਅਤੇ ਆਤਮਿਕ ਸਕੂਨ ਦਿੰਦੀ ਰਹੇ।

# ਇਕ ਸ਼ਖ਼ਸ ਸਾਰੇ ਸ਼ਹਿਰ ਕੋ ਵੀਰਾਨ ਕਰ ਗਿਆ...

**ਐਸ.ਡੀ. ਸ਼ਰਮਾ**

ਹਰ ਸਦੀ ਜਾਂ ਯੁੱਗ ਵਿਚ ਕੁਝ ਰੱਬੀ ਸ਼ਖ਼ਸੀਅਤਾਂ ਆਪਣੇ ਹੁਨਰ, ਇਬਾਦਤ ਜਾਂ ਅਜੋਕੇ ਯੋਗਦਾਨ ਕਰਕੇ ਉਸ ਸਦੀ ਜਾਂ ਯੁੱਗ ਦੀ ਪਛਾਣ ਬਣਾ ਕੇ ਅਮਰ ਹੋ ਜਾਂਦੇ ਹਨ। ਭਾਰਤੀ ਸੰਗੀਤ ਤੇ ਖਾਸ ਤੌਰ 'ਤੇ ਗ਼ਜ਼ਲ ਗਾਇਕੀ ਦੇ ਪਿੜ ਵਿਚ ਆਪਣੀ ਯਾਦਗਾਰੀ ਪਛਾਣ ਬਣਾਉਣ ਵਾਲੇ ਪੰਜਾਬੀ ਸੰਗੀਤਕਾਰ ਜਗਜੀਤ ਸਿੰਘ ਨੂੰ ਸੰਗੀਤ ਪ੍ਰੇਮੀਆਂ ਦੇ ਦਿਲਾਂ ਵਿਚ ਸਦੀਆਂ ਤੱਕ ਯੁੱਗ ਪੁਰਸ਼ ਦੇ ਨਾਮ ਨਾਲ ਜਾਣਿਆ ਜਾਵੇਗਾ।

ਜ਼ਿਲ੍ਹਾ ਰੋਪੜ ਦੇ ਪਿੰਡ ਡੱਲਾ ਬਹਿਰਾਮਪੁਰ


ਪਤਨੀ ਚਿੱਤਰਾ ਸਿੰਘ ਨਾਲ

ਦੇ ਬਾਸ਼ਿੰਦੇ ਰਾਮਗੜ੍ਹੀਆ ਪਰਿਵਾਰ ਦੇ ਸਰਦਾਰ ਅਮਰ ਸਿੰਘ ਦੇ ਘਰ 8 ਫਰਵਰੀ 1941 ਨੂੰ ਗੰਗਾਨਗਰ (ਰਾਜਸਥਾਨ) ਵਿਚ ਬਾਲਕ ਜਗਮੋਹਨ ਦਾ ਜਨਮ ਹੋਇਆ ਪਰ ਕਿਸੇ ਸੰਤ ਦੇ ਕਹਿਣ 'ਤੇ ਉਨ੍ਹਾਂ ਦਾ ਨਾਮ ਬਦਲ ਕੇ ਜਗਜੀਤ ਸਿੰਘ ਰੱਖ ਦਿੱਤਾ ਕਿਉਂਕਿ ਸੰਤ ਜੀ ਦਾ ਕਹਿਣਾ ਸੀ ਕਿ ਇਹ ਲੜਕਾ ਦੁਨੀਆਂ ਭਰ ਵਿਚ ਨਾਮ ਕਮਾਵੇਗਾ ਅਤੇ ਪਰਿਵਾਰ ਤੇ ਪੰਜਾਬੀਆਂ ਦਾ ਸਿਰ ਉੱਚਾ ਕਰੇਗਾ। ਕੁਝ ਹੀ ਸਮੇਂ ਪਿੱਛੋਂ ਲੋਕਾਂ ਨੂੰ ਇਸ ਤੱਥ 'ਤੇ ਯਕੀਨ ਵੀ ਆਉਣ ਲੱਗਿਆ, ਜਦੋਂ ਸਕੂਲੀ ਵਿਦਿਆਰਥੀ ਗਾਇਕ ਜਗਜੀਤ ਨੂੰ ਰਾਜਸਥਾਨ ਸਰਕਾਰ ਵੱਲੋਂ 'ਬੁਲਬੁਲ-ਏ-ਰਾਜਸਥਾਨ' ਦੇ ਖਿਤਾਬ ਨਾਲ ਨਿਵਾਜਿਆ ਗਿਆ। ਮਾਤਾ ਬਚਨ ਕੌਰ ਦੀਆਂ ਅੱਖਾਂ ਦਾ ਤਾਰਾ ਸੰਗੀਤ ਸਿਤਾਰਾ ਬਣ ਕੇ ਚਮਕਣ ਲੱਗ ਪਿਆ। ਪਿਤਾ ਅਮਰ ਸਿੰਘ ਨੇ ਸੰਗੀਤ ਭਰਪੂਰ ਤਾਲੀਮ ਦੇਣ ਲਈ ਮਾਸਟਰ ਛਗਨ ਚੰਦ ਅਤੇ ਫਿਰ ਬੜੌਦਾ ਦੇ ਉਸਤਾਦ ਜਮਾਲ ਖਾਨ ਨੂੰ ਤਾਲੀਮ ਦੇਣ ਲਈ ਆਪਣੇ ਘਰ ਹੀ ਰੱਖ ਲਿਆ ਤੇ 1947 ਨੂੰ ਦੇਸ਼ ਦੀ ਵੰਡ ਤੋਂ ਬਾਅਦ ਪਾਕਿਸਤਾਨ ਨਾ ਜਾਣ ਦਿੱਤਾ। ਪਰਿਵਾਰ ਵਿਚ ਭਾਵੇਂ ਸਾਰੇ ਮੈਂਬਰ, ਵੱਡੇ ਭਰਾ ਜਸਵੰਤ ਸਿੰਘ ਤੇ ਛੋਟੇ ਕਰਤਾਰ ਸਿੰਘ ਅਤੇ ਚਾਰ ਭੈਣਾਂ ਵੀ ਸੰਗੀਤ ਸਿੱਖਦੀਆਂ ਸਨ ਪਰ ਸਰਸਵਤੀ ਦੀ ਮਿਹਰ ਕੇਵਲ ਜਗਜੀਤ ਸਿੰਘ 'ਤੇ ਹੀ ਰਹੀ। ਉਨ੍ਹਾਂ ਦੇ ਵੱਡੇ ਭਰਾ ਜਸਵੰਤ ਸਿੰਘ ਰਾਜਸਥਾਨ ਸਰਕਾਰ ਤੋਂ ਉੱਚ ਅਧਿਕਾਰੀ ਵਜੋਂ ਸੇਵਾਮੁਕਤ ਹੋਏ ਹਨ ਤੇ ਅੱਜ ਕੱਲ੍ਹ ਜੈਪੁਰ ਵਿਚ ਹੀ ਰਹਿੰਦੇ ਹਨ। ਉਨ੍ਹਾਂ ਮੁਤਾਬਕ ਪੜ੍ਹਾਈ ਅਤੇ ਸ਼ਰਾਰਤਾਂ ਵਿਚ ਵੀ 'ਜੀਤੀ' ਅੱਗੇ ਰਹਿੰਦਾ ਸੀ। ਇੰਟਰ ਸਾਇੰਸ ਵਿਚ ਆਪਣੇ ਖਾਲਸਾ ਕਾਲਜ ਵਿਚ ਅੱਵਲ ਤੇ ਗਾਇਕੀ ਵਿਚ ਸਾਰੇ ਰਾਜਸਥਾਨ ਵਿਚ ਛਾਇਆ ਰਿਹਾ। ਪਿਤਾ ਜੀ ਦੇ ਰਿਟਾਇਰ ਹੋਣ ਮਗਰੋਂ ਪਰਿਵਾਰ ਲੁਧਿਆਣੇ ਆ ਗਿਆ ਤੇ ਜਗਜੀਤ ਨੇ ਡੀ.ਏ.ਵੀ. ਕਾਲਜ ਵਿਚ ਦਾਖਲਾ ਲੈ ਲਿਆ। ਉਸਤਾਦ ਸੋਹਣ ਸਿੰਘ ਪਾਸੋਂ ਸ਼ਾਸਤਰੀ ਸੰਗੀਤ ਦੀ ਉਚੇਰੀ ਵਿਦਿਆ ਹਾਸਲ ਕੀਤੀ ਜਦੋਂਕਿ ਡੀ.ਏ.ਵੀ. ਕਾਲਜ ਲਈ ਹਰ ਯੂਥ ਫੈਸਟੀਵਲਾਂ ਵਿਚ ਕੌਮੀ ਪੱਧਰ ਦੇ ਇਨਾਮ ਜਿੱਤੇ। ਇਹ ਸਿਲਸਿਲਾ ਕੁਰੂਕਸ਼ੇਤਰ ਯੂਨੀਵਰਸਿਟੀ ਵਿਖੇ ਐਮ.ਏ. (ਹਿਸਟਰੀ) ਕਰਦਿਆਂ ਵੀ ਜਾਰੀ ਰਿਹਾ। ਪਰਿਵਾਰ ਦੀ ਇੱਛਾ ਸੀ ਕਿ ਉਹ ਆਈ.ਏ.ਐਸ. ਵਿਚ ਆਉਣ ਤੇ ਜਗਜੀਤ ਸਿੰਘ ਨੇ ਖੂਬ ਤਿਆਰੀ ਕੀਤੀ ਪਰ ਮਨ ਵਿਚ ਸਥਾਪਤ ਕਲਾਕਾਰ ਨੇ ਵਿਦਰੋਹ ਕੀਤਾ ਤੇ 1965 ਵਿਰ ਜਗਜੀਤ ਸਿੰਘ ਫਿਲਮ ਨਗਰੀ ਬੰਬਈ ਪਹੁੰਚ ਗਏ। ਕਾਫੀ ਜਦੋਜਹਿਦ ਤੋਂ ਬਾਅਦ ਉਨ੍ਹਾਂ ਨੇ ਪ੍ਰਾਈਵੇਟ ਮਹਿਫਲਾਂ ਵਿਚ ਗਾ ਕੇ ਅਤੇ ਜਿੰਗਲ ਰਿਕਾਰਡ ਕਰਕੇ ਆਪਣੀ ਵਿਸ਼ੇਸ਼ ਥਾਂ ਬਣਾਈ।

1967 ਵਿਚ ਉੱਭਰਦੀ ਗਾਇਕਾ ਅਤੇ ਖ਼ੂਬਸੂਰਤ ਮਾਡਲ ਚਿਤਰਾ ਨਾਲ ਮੁਲਾਕਾਤ ਅਤੇ 1969 ਵਿਚ ਸ਼ਾਦੀ ਹੋਈ। ਉਨ੍ਹਾਂ ਦੀ ਪਹਿਲੀ ਸਾਂਝੀ ਐਲਬਮ 'ਅਨਫੌਰਗੈਟੇਬਲ' ਅਤੇ ਫਿਰ ਸ਼ਿਵ ਕੁਮਾਰ ਬਟਾਲਵੀ ਦੇ ਗੀਤਾਂ ਦੀ ਡਬਲ ਐਲਬਮ 'ਬ੍ਰਿਹਾ ਤੂੰ ਸੁਲਤਾਨ' ਬਹੁਤ ਮਕਬੂਲ ਹੋਈਆਂ। ਸੰਗੀਤ ਸਿੱਖਿਆ ਦੀ ਨਿਪੁੰਨਤਾ, ਮਿਹਨਤ ਤੇ ਮਿਲਾਪੜੇ ਸੁਭਾਅ ਕਾਰਨ ਕੰਮ ਮਿਲਣਾ ਅਰੰਭ ਹੋ ਗਿਆ ਤਾਂ ਜਗਜੀਤ-ਚਿਤਰਾ ਦੇਸ਼ ਦੀ ਪਹਿਲੀ ਗ਼ਜ਼ਲ-ਗਾਇਕ ਜੋੜੀ ਬਣ ਗਈ। ਦੇਸ਼-ਵਿਦੇਸ਼ ਵਿਚ ਕਈ ਮਹਿਫਲਾਂ ਸਜਾਉਣ ਸਦਕਾ ਫਿਲਮੀ ਦੁਨੀਆਂ ਦੇ ਦਰਵਾਜ਼ੇ ਆਪਣੇ ਆਪ ਹੀ ਖੁੱਲ੍ਹ ਗਏ। 20 ਤੋਂ ਵੱਧ ਫਿਲਮਾਂ ਵਿਚ ਸੰਗੀਤ ਨਿਰਦੇਸ਼ਨ ਤੇ ਪਿੱਠਵਰਤੀ ਗਾਇਕੀ ਵਿਚ ਕਮਾਲ ਹੋ ਗਈ। ਫਿਲਮੀ ਦੁਨੀਆਂ ਦੇ ਨਾਮਵਰ ਸ਼ਾਇਰ ਨਿਦਾ ਫਾਜ਼ਲੀ ਨੇ ਖੁਲਾਸਾ ਕੀਤਾ ਕਿ ਜਗਜੀਤ ਸਿੰਘ ਕਾਵਿ ਰਸ ਦੀ ਮਹੱਤਤਾ ਨੂੰ ਸਮਝਦੇ ਸਨ ਅਤੇ ਗੀਤ ਗ਼ਜ਼ਲ ਵਿਚ ਅੰਕਿਤ ਭਾਵ ਨੂੰ ਸਹੀ ਰਾਗ ਵਿਚ ਬੰਦਿਸ਼ ਕਰਕੇ ਗ਼ਜ਼ਲ ਦੀ ਆਤਮਾ ਅਤੇ ਸਿਰਜਣਾ ਨੂੰ ਅਮਰ ਕਰ ਦਿੰਦੇ। ਉਨ੍ਹਾਂ ਕਦੇ ਵੀ ਘਟੀਆ ਮਿਆਰ ਦੀ ਸ਼ਾਇਰੀ ਨੂੰ ਸੰਗੀਤਬੱਧ ਨਹੀਂ ਕੀਤਾ। ਇਹੋ ਜਿਹੇ ਮੁਕੰਮਲ ਕਲਾਕਾਰ ਸਦੀਆਂ ਬਾਅਦ ਹੀ ਜਨਮ ਲੈਂਦੇ ਹਨ।

ਜਗਜੀਤ ਸਿੰਘ ਨੇ ਕਾਫੀ ਸ਼ਾਗਿਰਦਾਂ ਨੂੰ ਪ੍ਰੇਰਿਤ ਕੀਤਾ ਤੇ ਸਿਖਾਇਆ ਵੀ ਪਰ ਅੰਬਾਲਾ ਦੇ ਵਿਨੋਦ ਸਹਿਗਲ ਉਨ੍ਹਾਂ ਦੇ ਚਹੇਤੇ ਸ਼ਾਗਿਰਦ ਹਨ। ਪੂਰੇ 24 ਵਰ੍ਹੇ ਜਗਜੀਤ ਨਾਲ ਮੁੰਬਈ ਵਿਚ ਰਹੇ ਸਹਿਗਲ ਨੂੰ ਉਸਤਾਦ ਜੀ ਦੀ ਕਿਰਪਾ ਸਦਕਾ 58 ਫਿਲਮਾਂ, ਸੀਰੀਅਲ ਤੇ ਗ਼ਜ਼ਲ ਐਲਬਮਾਂ ਵਿਚ ਗਾਉਣ ਦਾ ਮੌਕਾ ਮਿਲਿਆ। ਸਮੁੱਚਾ ਸੰਗੀਤ ਪਰਿਵਾਰ ਅਤੇ ਗ਼ਜ਼ਲ ਪ੍ਰੇਮੀ ਗ਼ਮ ਵਿਚ ਡੁੱਬੇ ਹੋਏ ਇਕੋ ਹੀ ਗੱਲ ਕਹਿ ਰਹੇ ਹਨ, 'ਬਿਛੜਾ ਕੁਛ ਇਸ ਤਰਹ ਕਿ ਰੁੱਤ ਹੀ ਬਦਲ ਗਈ, ਇਕ ਸ਼ਖ਼ਸ ਸਾਰੇ ਸ਼ਹਿਰ ਕੋ ਵੀਰਾਨ ਕਰ ਗਯਾ।'

# ਗਾਇਕ ਜਗਜੀਤ ਦੇ ਚਲਾਣੇ ਉਤੇ ਦੁੱਖ ਦਾ ਪ੍ਰਗਟਾਵਾ

**ਸਿਨਸਿਨੈਟੀ, ਓਹਾਇਓ (ਬਿਊਰੋ):** ਉਘੇ ਗੀਤਕਾਰ, ਗਾਇਕ ਅਤੇ ਲੇਖਕ ਨਿੰਮਾ ਡੱਲੇਵਾਲਾ ਨੇ ਮਹਾਨ ਗਜ਼ਲ ਗਾਇਕ ਜਗਜੀਤ ਸਿੰਘ ਦੇ ਚਲਾਣੇ ਉਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ ਅਤੇ ਇਸ ਨੂੰ ਪੰਜਾਬੀ ਗਾਇਕੀ ਲਈ ਇਕ ਬਹੁਤ ਵੱਡਾ ਘਾਟਾ ਕਰਾਰ ਦਿੱਤਾ ਹੈ। ਕੁਝ ਅਜਿਹੇ ਹੀ ਵਿਚਾਰ ਪੀਪਲਜ਼ ਪਾਰਟੀ ਆਫ ਪੰਜਾਬ ਦੇ ਮਿਡਵੈਸਟ ਯੂਨਿਟ ਦੇ ਆਗੂ ਸਰਵਣ ਸਿੰਘ ਟਿਵਾਣਾ ਨੇ ਪ੍ਰਗਟਾਏ ਹਨ।

ਸ਼ਾਇਦ ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਜਗਜੀਤ ਸਿੰਘ ਦੇ ਮਾਪੇ ਰੋਪੜ ਜ਼ਿਲੇ ਦੇ ਚਮਕੌਰ ਸਾਹਿਬ ਨੇੜਲੇ ਪਿੰਡ ਡੱਲੇ ਦੇ ਸਨ ਜੋ ਕਈ ਦਹਾਕੇ ਪਹਿਲਾਂ ਰਾਜਸਥਾਨ ਦੇ ਜ਼ਿਲਾ ਗੰਗਾਨਗਰ ਜਾ ਵਸੇ ਸਨ। ਨਿੰਮਾ ਡੱਲੇਵਾਲ ਨੂੰ ਵੀ ਇਸ ਗੱਲ ਦਾ ਕੋਈ ਪਤਾ ਨਹੀਂ ਸੀ ਅਤੇ ਇਹ ਵੀ ਨਹੀਂ ਸੀ ਪਤਾ ਕਿ ਜਿਸ ਘਰ ਵਿਚ ਉਨ੍ਹਾਂ ਦਾ ਸ਼ਰੀਕਾ ਭਾਈਚਾਰਾ ਵਸਦਾ ਹੈ ਤੇ ਉਹ ਵੀ ਉਥੇ ਦੁੜੰਗੇ ਲਾਉਂਦਾ ਰਿਹਾ ਹੈ, ਜਿਥੇ ਕਦੇ ਜਗਜੀਤ ਦੇ ਮਾਪੇ ਵਸਦੇ ਰਹੇ ਨੇ। ਖੁਦ ਨਿੰਮੇ ਦੀ ਜ਼ੁਬਾਨੀ ਇਸ ਸਭ ਦਾ ਪਤਾ ਉਸ ਨੂੰ ਉਦੋਂ ਲੱਗਾ ਜਦੋਂ ਸ. ਟਿਵਾਣਾ ਨੇ ਉਸ ਨੂੰ ਦੱਸਿਆ ਕਿ ਮਰਹੂਮ ਗਜ਼ਲਗੋ ਦਾ ਸਬੰਧ ਪਿੰਡ ਡੱਲੇ ਨਾਲ ਸੀ।

ਨਿੰਮੇ ਨੇ ਜਗਜੀਤ ਦੇ ਚਾਚਿਆਂ ਹਜ਼ਾਰਾ ਸਿੰਘ, ਪ੍ਰੇਮਾ ਤੇ ਬਨਾਰਸੀ ਨੂੰ ਜ਼ਰੂਰ ਦੇਖਿਆ ਸੀ ਪਰ ਉਸ ਨੂੰ ਇਹ ਨਹੀਂ ਸੀ ਪਤਾ ਕਿ ਜਗਜੀਤ ਉਨ੍ਹਾਂ ਦਾ ਹੀ ਭਤੀਜਾ ਹੈ। ਪਿੰਡ ਵਾਲੇ ਵੀ ਬਹੁਤੇ ਲੋਕਾਂ ਨੂੰ ਇਹ ਗੱਲ ਭੁਲ ਭੁਲਾ ਚੁਕੀ ਸੀ। ਇਹ ਤਾਂ ਜਗਜੀਤ ਨੇ ਖੁਦ ਹੀ ਆਪਣੇ ਆਖਰੀ ਪਲਾਂ ਦੌਰਾਨ ਮੀਡੀਆ ਵਾਲਿਆਂ ਨੂੰ ਦੱਸਿਆ ਕਿ ਉਹ ਪਿੰਡ ਡੱਲੇ ਦਾ ਜੰਮਪਲ ਸੀ ਜਿਸ ਪਿਛੋਂ ਮੀਡੀਏ ਵਾਲਿਆਂ ਨੇ ਪਿੰਡ ਡੱਲੇ ਨੂੰ ਵਹੀਰਾਂ ਘੱਤ ਲਈਆਂ। ਡੱਲੇ ਵਾਸੀਆਂ ਨੂੰ ਆਪਣੇ ਇਸ ਸਪੂਤ ਉਤੇ ਮਾਣ ਤਾਂ ਹੈ ਹੀ ਪਰ ਉਹ ਇਸ ਸਮੇਂ ਉਸ ਦੇ ਤੁਰ ਜਾਣ ਦੇ ਦੁੱਖ ਵਿਚ ਡੁੱਬੇ ਹੋਏ ਹਨ।



# ਇਕ ਨਾਮ ਬਿਨਾਂ ਨਹੀਂ ਕੋਟਿ ਬ੍ਰਿਤੀ

**ਡਾ. ਗੁਰਨਾਮ ਕੌਰ**

'ਅਕਾਲ ਉਸਤਤਿ' ਵਿਚ ਉਸ ਅਕਾਲ ਪੁਰਖ ਦੇ ਕਿਰਤਮ ਨਾਂਵਾਂ ਦੇ ਜ਼ਰੀਏ ਉਸ ਦੇ ਵੱਖ ਵੱਖ ਅਣਗਿਣਤ ਗੁਣਾਂ ਵਿਚੋਂ ਉਸ ਦੇ ਅਨੁਭਵੀ ਪਲਾਂ ਵਿਚ ਪ੍ਰਕਾਸ਼ਤ ਹੋਏ ਗੁਣਾਂ ਦੀ ਵਿਆਖਿਆ ਰਾਹੀਂ ਮਨੁੱਖੀ ਮਨ ਨੂੰ ਉਸ ਨਾਲ ਜੋੜਨ ਦਾ ਰਾਹ ਦਰਸਾਇਆ ਗਿਆ ਹੈ। ਇਸੇ ਲਈ ਕਾਵਿ-ਛੰਦਾਂ ਦੇ ਵੱਖੋ ਵੱਖਰੇ ਰੂਪਾਂ ਰਾਹੀਂ ਉਨ੍ਹਾਂ ਗੁਣਾਂ ਦਾ ਵਾਰ ਵਾਰ ਵੱਖਰੇ ਅੰਦਾਜ਼ ਵਿਚ ਜ਼ਿਕਰ ਕੀਤਾ ਗਿਆ ਹੈ। 'ਤੋਟਕ ਛੰਦ' ਜਿਸ ਵਿਚ 141 ਤੋਂ ਲੈ ਕੇ



*ਡਾ. ਗੁਰਨਾਮ ਕੌਰ*

160 ਤੱਕ ਵੀਹ ਛੰਦ ਸ਼ਾਮਲ ਹਨ, ਪਰਮਾਤਮਾ ਦੇ ਕਰਤਾਰੀ ਸਰੂਪ ਦਾ, ਉਸ ਦੀ ਕੀਤੀ ਰਚਨਾ ਦੇ ਉਲੇਖ ਰਾਹੀਂ ਜ਼ਿਕਰ ਕੀਤਾ ਹੈ। ਦਸਮ ਪਾਤਸ਼ਾਹ ਨੇ ਪਹਿਲੇ ਹੀ ਛੰਦ ਵਿਚ ਫੁਰਮਾਇਆ ਹੈ ਕਿ ਸਾਰੇ ਸਮੂਹਕ ਰੂਪ ਵਿਚ ਇਕੱਠੇ ਹੋ ਕੇ ਅਕਾਲ ਪੁਰਖ ਦੀ ਫਤਿਹ (ਜਿੱਤ) ਗੁੰਜਾਊ ਜਿਸ ਦੇ ਡਰ ਵਿਚ ਪਹਾੜ, ਪਾਤਾਲ ਅਤੇ ਧਰਤੀ ਕੰਬਦੇ ਹਨ। ਸਾਰੇ ਹੀ ਜਲ ਅਤੇ ਥਲ ਵਿਚ ਰਹਿਣ ਵਾਲੇ ਪ੍ਰਾਣੀ ਉਸ ਨੂੰ ਅਨੁਭਵ ਕਰਨ ਲਈ ਤਪੱਸਿਆ ਕਰਦੇ ਹਨ। ਇੰਦਰ, ਪਾਤਾਲ ਦਾ ਰਾਜਾ ਬਲੀ ਅਤੇ ਕੁਬੇਰ ਆਦਿ ਦੇਵਤੇ ਉਸ ਨੂੰ 'ਧੰਨ! ਧੰਨ!' ਕਹਿੰਦੇ ਹਨ:

ਜੈ ਜੰਪਹਿ ਜੁੱਗਣ ਜੂਹ ਜੂਅੰ॥
ਭੈ ਕੰਪਹਿ ਮੇਰੁ ਪਯਾਲ ਭੁਅੰ॥
ਤਪ ਤਾਪਸ ਸਰਬ ਜਲੇਰੁ ਥਲੰ॥
ਧੱਨਿ! ਉਚਰਤ ਇੰਦ੍ਰ ਕੁਮੇਰ ਬਲੰ॥੧੪੧॥

ਸਰਸਰੀ ਨਜ਼ਰੇ ਦੇਖਿਆਂ ਜਾਪਦਾ ਹੈ ਕਿ ਜਿਵੇਂ ਮਨੁੱਖੀ ਮਨ ਵਿਚ ਅਕਾਲ ਪੁਰਖ ਦਾ ਭੈ ਪੈਦਾ ਕਰਕੇ ਉਸ ਨਾਲ ਜੋੜਨ ਦੀ ਪ੍ਰੇਰਨਾ ਕੀਤੀ ਗਈ ਹੈ। ਸੱਚਾਈ ਇਸ ਤਰ੍ਹਾਂ ਨਹੀਂ ਹੈ। ਗੁਰਮਤਿ ਦਰਸ਼ਨ ਅਨੁਸਾਰ ਜੋ ਮਨੁੱਖ ਪਰਮਾਤਮਾ ਦੇ 'ਨਿਰਮਲ ਭਉ' ਵਿਚ ਜਿਉਂਦਾ ਹੈ ਉਸ ਦੇ ਮਨ ਵਿਚੋਂ ਹੋਰ ਹਰ ਤਰ੍ਹਾਂ ਦਾ, ਹਰ ਇੱਕ ਦਾ ਭੈ ਖਤਮ ਹੋ ਜਾਂਦਾ ਹੈ। ਉਸ ਨੂੰ ਨਾ ਹੀ ਵਿਸ਼ੇ-ਵਿਕਾਰ ਡਰਾ ਸਕਦੇ ਹਨ ਅਤੇ ਨਾ ਹੀ ਮੌਤ ਡਰਾ ਸਕਦੀ ਹੈ। ਗੁਰੂ ਦੇ ਸਿੱਖ ਵਿਚ ਸ਼ਹਾਦਤ ਅਤੇ ਕੁਰਬਾਨੀ ਦੇ ਜਜ਼ਬੇ ਦਾ ਵੀ ਇਹ ਇੱਕ ਰਾਜ਼ ਹੈ ਕਿ ਉਹ ਪਰਮਾਤਮਾ ਦੇ ਨਿਰਮਲ ਭੈ ਤੋਂ ਬਿਨਾਂ ਹੋਰ ਕਿਸੇ ਦੇ ਭੈ ਵਿਚ ਨਹੀਂ ਜਿਉਂਦਾ। ਇਸ ਦਾ ਅਰਥ ਇਹ ਨਹੀਂ ਕਿ ਉਹ ਅਨੁਸਾਸ਼ਨ ਦਾ ਪਾਲਣ ਨਹੀਂ ਕਰਦਾ। ਗੁਰੂ ਦੇ ਸਿੱਖ ਦੀ ਜੀਵਨ-ਸ਼ੈਲੀ ਉਸ ਨੂੰ ਪੂਰਨ ਜ਼ਾਬਤੇ ਵਿਚ ਗੁਰੂ ਦੇ ਦੱਸੇ ਰਾਹ 'ਤੇ ਚੱਲਣਾ ਸਿਖਾਉਂਦੀ ਹੈ। ਗੁਰੂ ਨਾਨਕ ਰਾਗ ਗਉੜੀ ਵਿਚ ਜੋਗੀ ਨੂੰ ਸੰਬੋਧਨ ਕਰਦਿਆਂ ਕਹਿੰਦੇ ਹਨ ਕਿ ਉਸ ਅਕਾਲ ਪੁਰਖ ਨਾਲ 'ਯੋਗ' ਬਣਾਉਣ ਦੀ ਅਸਲ ਵਿਧੀ ਕੀ ਹੈ? ਇਸੇ ਸਬੰਧ ਵਿਚ ਫੁਰਮਾਉਂਦੇ ਹਨ ਕਿ ਜੋ ਮਨੁੱਖ ਗੁਰੂ ਦੇ ਦੱਸੇ ਰਸਤੇ ਤੇ ਚਲਦਾ ਹੈ ਉਹ ਹੀ ਅਸਲ ਜੋਗੀ ਬਣਦਾ ਹੈ। ਉਹ ਪਰਮਾਤਮਾ ਦੇ ਨਿਰਮਲ ਭੈ ਅਰਥਾਤ ਪਰਮਾਤਮਾ ਦੇ ਭੈ-ਸਤਿਕਾਰ ਵਿਚ ਤੁਰਦਾ ਹੈ ਅਤੇ ਵਿਕਾਰਾਂ ਦੇ ਡਰ ਤੋਂ ਦੂਰ ਰਹਿੰਦਾ ਹੈ। ਮਨੁੱਖ ਜਿਹੋ ਜਿਹੇ ਇਸ਼ਟ ਦੀ ਸੇਵਾ ਕਰਦਾ ਹੈ, ਆਪ ਵੀ ਉਹੋ ਜਿਹਾ ਹੀ ਬਣ ਜਾਂਦਾ ਹੈ। ਇਸ ਲਈ ਨਿਰਭਉ ਨਿਰੰਕਾਰ ਨੂੰ ਜਪ ਕੇ ਉਹ ਆਪ ਵੀ ਨਿਡਰ ਹੋ ਜਾਂਦਾ ਹੈ:

ਸਤਿ ਗੁਰੁ ਸੇਵੇ ਸੋ ਜੋਗੀ ਹੋਇ॥
ਭੈ ਰਚਿ ਰਹੈ ਸੁ ਨਿਰਭਉ ਹੋਇ॥
ਜੈਸਾ ਸੇਵੈ ਤੈਸੋ ਹੋਇ॥੪॥ (ਪੰਨਾ ੨੨੩)

ਇਸੇ ਤਰ੍ਹਾਂ ਰਾਗੁ ਬਸੰਤੁ ਵਿਚ ਗੁਰੂ ਨਾਨਕ ਦਸਦੇ ਹਨ ਕਿ ਜਿਹੜਾ ਮਨੁੱਖ ਨਾਮ ਤੋਂ ਬੇਮੁਖ ਹੋ ਕੇ ਚਲਦਾ ਹੈ ਉਹ ਆਪਣੀ ਪਤ ਗੁਆ ਕੇ ਵਿਸ਼ੇ-ਵਿਕਾਰਾਂ ਦੀ ਵਿਸ਼ ਆਪਣੇ ਪੱਲੇ ਵਿਚ ਪੁਆ ਲੈਂਦਾ ਹੈ ਪਰ ਜਿਹੜਾ ਮਨੁੱਖ ਪਰਮਾਤਮਾ ਦੇ ਨਾਮ ਦੇ ਰੰਗ ਵਿਚ ਰੰਗਿਆ ਹੋਇਆ ਹੈ ਉਹ ਇੱਜ਼ਤ ਲੈ ਕੇ ਇਸ ਸੰਸਾਰ ਤੋਂ ਜਾਂਦਾ ਹੈ। ਪਰਮਾਤਮਾ ਜੋ ਕੁਝ ਵੀ ਕਰ ਰਿਹਾ ਹੈ, ਆਪਣੀ ਰਜ਼ਾ ਵਿਚ ਕਰ ਰਿਹਾ ਹੈ। ਜਿਹੜਾ ਮਨੁੱਖ ਉਸ ਪ੍ਰਭੂ ਦੇ ਭੈਅ ਵਿਚ ਤੁਰਦਾ ਹੈ, ਉਹ ਨਿਰਭੈ ਹੋ ਜਾਂਦਾ ਹੈ ਅਤੇ ਉਸ ਨੂੰ ਕਿਸੇ ਹੋਰ ਤੋਂ ਭੈ ਨਹੀਂ ਆਉਂਦਾ:

ਪਤਿ ਖੋਈ ਬਿਖੁ ਅੰਚਲਿ ਪਾਇ॥
ਸਾਚ ਨਾਮਿ ਰਤੋ ਪਤਿ ਸਿਉ ਘਰਿ ਜਾਇ॥
ਜੋ ਕਿਛੁ ਕੀਨ੍ਹਸਿ ਪ੍ਰਭੁ ਰਜਾਇ॥
ਭੈ ਮਾਨੈ ਨਿਰਭਉ ਮੇਰੀ ਮਾਇ॥
(ਪੰਨਾ ੧੧੮੭)

'ਤੋਟਕ ਛੰਦ' ਵਿਚ ਅੱਗੇ ਦੱਸਿਆ ਹੈ ਕਿ ਉਸ ਦੇ ਸਰੂਪ ਨੂੰ ਛੇਦਿਆ ਨਹੀਂ ਜਾ ਸਕਦਾ। ਉਹ ਹਸਤੀ ਵਜੂਦ ਵਿਚ ਨਹੀਂ ਆਉਂਦੀ ਪਰ ਹਰ ਇੱਕ ਵਿਚ ਅਭੇਦ ਹੈ। ਉਹ ਕਾਲ-ਰਹਿਤ ਅਤੇ ਮਾਤਾ-ਪਿਤਾ ਤੋਂ ਰਹਿਤ ਹੈ ਭਾਵ ਕਿਸੇ ਮਾਂ-ਬਾਪ ਦੇ ਰਾਹੀਂ ਜਨਮ ਨਹੀਂ ਲੈਂਦੀ। ਉਹ ਹਉਮੈ ਅਤੇ ਦੁੱਖ ਤੋਂ ਰਹਿਤ ਹਸਤੀ ਸਭ 'ਤੇ ਕਿਰਪਾ ਕਰਨ ਵਾਲੀ ਹੈ। ਉਸ ਨੇ ਅਕਾਸ਼, ਪਰਬਤ ਅਤੇ ਧਰਤੀ ਦੀ ਸਥਾਪਨਾ ਕੀਤੀ ਹੈ। ਉਹ ਖੰਡਨ ਅਤੇ ਮੰਡਨ ਤੋਂ ਉਤੇ ਸ਼ਕਤੀਸ਼ਾਲੀ ਹਸਤੀ ਹੈ, ਜਿਸ ਨੇ ਦੇਵਤੇ, ਦੈਂਤ ਅਤੇ ਪਾਤਾਲ ਦੇ ਰਾਜੇ ਬਲੀ ਆਦਿ ਸਭ ਦੀ ਰਚਨਾ ਕੀਤੀ ਹੈ। ਸਾਰੇ ਲੋਕ ਅਤੇ ਪ੍ਰਲੋਕ, ਧਰਤੀ ਅਤੇ ਅਸਮਾਨ ਉਸ ਦੇ ਹੁਕਮ ਵਿਚ ਹਨ ਜਿਸ ਨੇ ਸਾਰੇ ਬ੍ਰਹਿਮੰਡ ਅਤੇ ਸਰੀਰਾਂ ਦੀ ਰਚਨਾ ਕੀਤੀ ਹੈ, ਜਿਸ ਦਾ ਕੋਈ ਚਿਹਰਾ-ਮੁਹਰਾ, ਰਾਗ ਜਾਂ ਰੂਪ ਨਹੀਂ ਹੈ, ਉਸ ਨੂੰ ਕੋਈ ਤਾਪ, ਸੰਤਾਪ, ਸਰਾਪ, ਰੋਗ, ਸੋਗ, ਦੁੱਖ ਜਾਂ ਸੁੱਖ ਨਹੀਂ ਛੂੰਹਦਾ ਅਰਥਾਤ ਉਹ ਇਨ੍ਹਾਂ ਸਭ ਤੋਂ ਉਤੇ ਹੈ। ਇਸ ਧਰਤੀ ਦੇ ਰੋਗ, ਸੋਗ ਅਤੇ ਭੋਗ ਆਦਿ ਦਾ ਉਸ ਨੂੰ ਲੇਸ ਨਹੀਂ ਹੈ। ਉਹ ਖੇਦ, ਭੇਦ, ਅਤੇ ਛੇਦ ਆਦਿ ਤੋਂ ਉਤੇ ਹੈ:

ਜਿਹ ਰਾਗ ਨ ਰੂਪ ਨ ਰੇਖ ਰੁਖੰ॥
ਜਿੰਹ ਤਾਪ ਨ ਸਾਪ ਨ ਸੋਕ ਸੁਖੰ॥
ਨ ਰੋਗ ਨ ਸੋਗ ਨ ਭੋਗ ਭੁਜੰਗ॥
ਜਿਹ ਖੇਦ ਨ ਭੇਦ ਨ ਛੇਦ ਛਯੰ॥੧੪੪॥

ਉਸ ਦੀ ਕੋਈ ਜਾਤ, ਗੋਤ, ਮਾਤਾ ਜਾਂ ਪਿਤਾ ਨਹੀਂ ਹੈ ਅਰਥਾਤ ਉਹ ਜਨਮ ਨਹੀਂ ਲੈਂਦਾ। ਉਸ ਨੇ ਹੀ ਧਰਤੀ ਦੀ ਰੱਖਿਆ ਕਰਨ ਵਾਲਿਆਂ ਦੀ ਰਚਨਾ ਕੀਤੀ ਹੈ (ਵੈਦਿਕ ਸ਼ਾਸਤਰਾਂ ਵਿਚ ਪ੍ਰਾਪਤ ਵਰਣ-ਵੰਡ ਅਨੁਸਾਰ ਧਰਤੀ ਦੀ ਰੱਖਿਆ ਕਰਨਾ ਖੱਤਰੀ ਵਰਣ ਦਾ ਧਰਮ ਹੈ ਪਰ ਗੁਰਮਤਿ ਦਰਸ਼ਨ ਜਾਤ-ਪਾਤ ਨੂੰ ਨਹੀਂ ਮੰਨਦਾ)। ਉਹ ਮੋਹ-ਰਹਿਤ, ਰੋਗ-ਰਹਿਤ, ਦਾਗ-ਰਹਿਤ, ਈਰਖਾ ਅਤੇ ਦਵੈਤ ਤੋਂ ਰਹਿਤ ਹੈ (ਇਹ ਸਾਰੇ ਗੁਣ-ਔਗੁਣ ਮਨੁੱਖ ਨਾਲ ਸਬੰਧਤ ਹਨ, ਪਰਮ ਹਸਤੀ ਨਾਲ ਨਹੀਂ)। ਉਸ ਨੇ ਹੀ ਅੰਡ ਅਤੇ ਬ੍ਰਹਿਮੰਡ ਦੀ ਰਚਨਾ ਕੀਤੀ (ਵੈਦਿਕ ਸ਼ਾਸਤਰਾਂ ਅਨੁਸਾਰ ਬ੍ਰਹਿਮੰਡ ਦੀ ਰਚਨਾ ਕਾਸਮਿਕ ਅੰਡੇ ਤੋਂ ਹੋਈ ਮੰਨੀ ਗਈ ਹੈ)। ਉਹ ਹੀ ਚੌਦਾਂ ਪੁਰੀਆਂ ਅਤੇ ਧਰਤੀ ਦੇ ਨੌਂ ਖੰਡਾਂ ਦਾ ਰਚਣਹਾਰ ਹੈ। ਉਸ ਨੇ ਹੀ ਮਾਇਆ ਦੇ ਤਿੰਨ ਗੁਣਾਂ ਰਜ, ਤਮ ਅਤੇ ਸਤ ਦੀ ਰਚਨਾ ਕੀਤੀ ਹੈ। ਉਸ ਨੇ ਹੀ ਤੇਜ ਅਤੇ ਅਤੇਜ ਭਾਵ ਗਰਮਾਇਸ਼ ਅਤੇ ਠੰਢਕ ਦੇ ਮੂਲ ਤੱਤਾਂ ਦੀ ਰਚਨਾ ਕੀਤੀ ਹੈ। ਉਸ ਨੇ ਆਪ ਹੀ ਆਪਣੇ ਨੂਰਾਨੀ ਅਨੁਭਵੀ ਪਦ ਨੂੰ ਵਿਅਕਤ ਕੀਤਾ। ਉਸ ਨੇ ਹੀ ਸਮੁੰਦਰ, ਵਿੰਧਿਆਂਚਲ ਵਰਗੇ ਪਰਬਤ, ਪਰਬਤਾਂ ਦਾ ਰਾਜਾ ਹਿਮਾਲਿਆ ਅਤੇ ਹੋਰ ਪਹਾੜਾਂ ਨੂੰ ਸਾਜਿਆ। ਯਕਸ਼, ਗੰਧਰਵ, ਸ਼ੇਸ਼ਨਾਗ ਅਤੇ ਰੀਂਘਣ ਵਾਲੇ ਜੰਤੂ, ਸੱਪ ਆਦਿ ਪੈਦਾ ਕੀਤੇ। ਉਸ ਨੇ ਹੀ ਦੇਵਤੇ, ਦੈਂਤ, ਐਰਾਵਤ ਵਰਗੇ ਹਾਥੀ ਰਚੇ। ਮਨੁੱਖਾਂ ਨੂੰ ਪਾਲਣ ਵਾਲੇ ਰਾਜੇ, ਮਹਾਰਾਜੇ, ਜੀਵ-ਪਾੜੂ ਅਤੇ ਡੰਗ ਮਾਰਨ ਵਾਲੇ ਜੀਵ ਪੈਦਾ ਕੀਤੇ। ਉਸ ਨੇ ਅਨੇਕਾਂ ਕਿਸਮ ਦੇ ਕੀੜੇ-ਮਕੌੜੇ, ਸੱਪ, ਨਰ, ਪੈਦਾ ਕੀਤੇ ਅੰਡਜ਼, ਜੇਰਜ਼, ਸੇਤਜ਼ ਅਤੇ ਉਤਭਜ ਚਾਰੇ ਖਾਣੀਆਂ ਦੀ ਰਚਨਾ ਕੀਤੀ। ਦੇਵ-ਦੈਂਤ, ਪਿੱਤ੍ਰਾਂ ਨਮਿਤ ਸਰਾਧ ਕਰਨ ਆਦਿ ਦੀਆਂ ਅਨੇਕਾਂ ਰਸਮਾਂ ਬਣਾਈਆਂ। ਉਸ ਦਾ ਪ੍ਰਤਾਪ ਅਖੰਡ ਅਤੇ ਗਤੀ ਪ੍ਰਚੰਡ ਹੈ। ਪਰਮ ਪੁਰਸ਼ ਜਾਤ-ਪਾਤ, ਗੋਤ ਆਦਿ ਦੇ ਬੰਧਨਾਂ ਵਿਚ ਬੱਝਿਆ ਹੋਇਆ ਨਹੀਂ ਹੈ ਅਤੇ ਨਾ ਹੀ ਉਸ ਦਾ ਕੋਈ ਮਾਤਾ-ਪਿਤਾ, ਭੈਣ-ਭਰਾ ਜਾਂ ਪੁੱਤਰ ਆਦਿ ਹੈ। ਉਹ ਰੋਗ, ਜੋਗ ਅਤੇ ਭੋਗ ਆਦਿ ਤੋਂ ਨਿਆਰਾ ਹੈ। ਉਸ ਦਾ ਅਨੁਭਵ ਕਰਨ ਲਈ ਯਕਸ਼, ਕਿੰਨਰ ਆਦਿ ਮਿਲ ਕੇ ਉਸ ਦਾ ਜਾਪ ਕਰਦੇ ਹਨ:

ਪ੍ਰਭ ਜਾਤਿ ਨ ਪਾਤਿ ਨ ਜੋਤਿ ਜੁਤੰ॥
ਜਿਹ ਤਾਤ ਨ ਮਾਤ ਨ ਭ੍ਰਾਤ ਸੁਤੰ॥
ਜਿਹ ਰੋਗ ਨ ਸੋਗ ਨ ਭੋਗ ਭੁਅੰ॥
ਜਿਹ ਜੰਪਹਿ ਕਿੰਨਰ ਜੱਛ ਜੁਅੰ॥੧੪੯॥

ਨਰ-ਨਾਰ, ਖੁਸਰੇ ਆਦਿ ਸਭ ਉਸ ਨੇ ਹੀ ਪੈਦਾ ਕੀਤੇ ਹਨ। ਸ਼ਿਵ, ਵਿਸ਼ਨੂੰ ਅਤੇ ਬ੍ਰਹਮਾ ਆਦਿ ਮੁੱਖ ਦੇਵਤੇ ਉਸ ਦੇ ਹੀ ਪੈਦਾ ਕੀਤੇ ਹੋਏ ਹਨ।

**ਗੁਰਮਤਿ ਚਿੰਤਨ**

ਹਾਥੀ, ਘੋੜੇ, ਰੱਥ ਅਤੇ ਪਿਆਦਾ ਬੰਦਿਆਂ ਦੀਆਂ ਕਤਾਰਾਂ ਉਸ ਨੇ ਹੀ ਪੈਦਾ ਕੀਤੀਆਂ ਹਨ। ਉਸ ਨੇ ਹੀ ਭੂਤ, ਭਵਿੱਖ ਅਤੇ ਵਰਤਮਾਨ ਸਮਾਂ ਪੈਦਾ ਕੀਤਾ। ਉਸ ਨੇ ਧਰਤੀ, ਆਕਾਸ਼, ਸ਼ਕਤੀਸ਼ਾਲੀ ਅਗਨੀ ਅਤੇ ਹਵਾ ਪੈਦਾ ਕੀਤੇ ਅਤੇ ਜੰਗਲ ਵਿਚ ਫਲ, ਫੁੱਲ ਅਤੇ ਕਲੀਆਂ ਪੈਦਾ ਕੀਤੇ। ਉਸ ਨੇ ਧਰਤੀ ਸਾਜ ਕੇ ਉਸ ਨੂੰ ਰਹਿਣ ਦੀ ਥਾਂ ਬਣਾਇਆ ਅਤੇ ਰੋਸ਼ਨੀ ਲਈ ਚੰਦ ਅਤੇ ਸੂਰਜ ਜਿਹੇ ਦੀਪ ਰਚੇ। ਚੰਦਰਮਾ ਦੀਆਂ ਤਿਥਾਂ ਅਨੁਸਾਰ ਚੱਲਣ ਵਾਲੇ ਵਰਤ (ਮੁਸਲਮਾਨਾਂ ਦੇ ਰੋਜੇ ਆਦਿ) ਪੈਦਾ ਕੀਤੇ। ਅਖੰਡ ਅਕਾਸ਼ ਦੀ ਰਚਨਾ ਕਰਕੇ ਉਸ ਵਿਚ ਸੂਰਜ ਪੈਦਾ ਕੀਤਾ, ਤਾਰੇ ਪੈਦਾ ਕਰਕੇ ਉਨ੍ਹਾਂ ਨੂੰ ਦਿਨ ਵੇਲੇ ਸੂਰਜ ਦੀਆਂ ਕਿਰਨਾਂ ਵਿਚ ਛੁਪਾ ਦਿੱਤਾ। ਚੌਦਾਂ ਸੁੰਦਰ ਲੋਕ ਪੈਦਾ ਕਰਕੇ ਉਨ੍ਹਾਂ ਵਿਚ ਨਰ, ਗੰਧਰਵ, ਦੇਵ ਅਤੇ ਦੈਂਤ ਪੈਦਾ ਕੀਤੇ:

ਭੂਅ ਮੇਰੁ ਅਕਾਸ ਨਿਵਾਸ ਛਿਤੰ॥
ਰਚਿ ਰੋਜ ਇਕਾਦਸ ਚੰਦ੍ਰ ਬ੍ਰਿਤੰ॥
ਦੁਤਿ ਚੰਦ ਦਿਨੀਸਰ ਦੀਪ ਦਈ॥
ਜਿਹ ਪਾਵਕ ਪਉਨ ਪ੍ਰਚੰਡ ਮਈ॥੧੫੨॥
ਜਿਹ ਖੰਡ ਅਖੰਡ ਪ੍ਰਚੰਡ ਕੀਏ॥
ਜਿਹ ਛਤ੍ਰਿ ਉਪਾਇ ਛਿਪਾਇ ਦੀਏ॥
ਜਿਹ ਲੋਕ ਚਤੁਰਦਾਸ ਚਾਰੁ ਰਚੇ॥
ਨਰ ਗੰਧ੍ਰਬ ਦੇਵ ਅਦੇਵ ਸਚੇ॥੧੫੩॥

ਉਹ ਪਵਿੱਤਰ, ਸੂਖਮ ਅਤੇ ਨਿਰਮਲ ਬੁੱਧੀ (ਸੂਝ-ਬੂਝ) ਦਾ ਮਾਲਕ ਹੈ। ਉਹ ਅਥਾਹ ਅਤੇ ਅਗਾਧ ਅਤੇ ਬਿਆਧ ਹੈ ਜੋ ਅਨਾਦਿ ਕਾਲ ਤੋਂ ਗਤੀਸ਼ੀਲ ਹੈ। ਉਹ ਖੇਦ-ਰਹਿਤ ਅਤੇ ਭੇਦ-ਰਹਿਤ ਪੁਰਸ਼ ਹੈ ਜਿਸ ਦਾ ਚੱਕਰ ਚਾਰੇ ਦਿਸ਼ਾਵਾਂ ਵਿਚ ਅਤੇ ਚੌਦਾਂ ਲੋਕਾਂ ਵਿਚ ਚਲਦਾ ਹੈ। ਜੋ ਰਾਗ, ਦਵੈਸ਼, ਰੰਗ, ਰੂਪ ਅਤੇ ਰੋਗ ਤੋਂ ਰਹਿਤ ਹੈ ਜਿਸ ਨੂੰ ਸੋਗ, ਭੋਗ ਅਤੇ ਜੋਗ ਆਦਿ ਦਾ ਕੋਈ ਬੰਧਨ ਨਹੀਂ ਹੈ। ਉਹ ਇਸ ਸੰਸਾਰ ਦਾ ਆਦਿ ਸਿਰਜਕ ਹੈ ਅਤੇ ਇਸ ਨੂੰ ਖਤਮ ਕਰਨ ਵਾਲਾ ਵੀ ਆਪ ਹੀ ਹੈ। ਦੇਵਤੇ-ਦੈਂਤ ਅਤੇ ਸਾਰੇ ਮਨੁੱਖ ਉਸ ਨੂੰ ਨਮਸਕਾਰ ਕਰਦੇ ਹਨ ਜਿਸ ਨੇ ਸ਼ਿਵਜੀ, ਵਿਸ਼ਨੂੰ ਅਤੇ ਬ੍ਰਹਮਾ ਆਦਿ ਪ੍ਰਮੁੱਖ ਦੇਵਤਿਆਂ, ਕਿੰਨਰ, ਯਕਸ਼ ਅਤੇ ਸ਼ੇਸ਼ਨਾਗ ਵਰਗਿਆਂ ਦੀ ਰਚਨਾ ਕੀਤੀ। ਉਸ ਨੇ ਮਾਣਕ, ਮੋਤੀ, ਸੁੱਚੇ ਲਾਲ ਅਤੇ ਹੀਰਿਆਂ ਦੀ ਰਚਨਾ ਕੀਤੀ। ਉਸ ਦੀ ਪ੍ਰਭੂਸੱਤਾ ਅਖੰਡ ਅਤੇ ਅਜਿੱਤ ਹੈ ਅਤੇ ਉਸ ਦੀ ਪ੍ਰਭੂਸੱਤਾ ਸਦੀਵੀ ਹੈ। ਅਕਲ-ਕਾਮਲ, ਸੰਪੂਰਨ ਬੁੱਧੀ ਦੇ ਮਾਲਕ ਵੀ ਉਸ ਦਾ ਪਾਰ ਨਹੀਂ ਪਾ ਸਕੇ। ਉਹ ਜਿਸ ਦਾ ਰੂਪ ਅਖੰਡ ਅਤੇ ਪ੍ਰਭਾ ਡੰਡ-ਰਹਿਤ ਹੈ, ਨੂੰ ਸਾਰੇ ਵੇਦ ਅਤੇ ਪੁਰਾਣ ਜਪਦੇ ਹਨ। ਉਸ ਨੂੰ ਵੇਦ ਅਤੇ ਕਤੇਬ (ਸਾਮੀ ਧਰਮ ਗ੍ਰੰਥ) ਅਨੰਤ ਕਹਿੰਦੇ ਹਨ। ਉਸ ਦਾ ਭੇਦ ਭੌਤਕ ਤੱਤਾਂ ਤੋਂ ਬਣੀ ਸ੍ਰਿਸ਼ਟੀ ਅਤੇ ਸੂਖਮ ਤੱਤਾਂ ਤੋਂ ਉਪਜੇ ਪ੍ਰਾਣੀ (ਨੂਹੀ ਖ਼ਲਕਤ-ਦੇਵਤੇ ਫ਼ਰਿਸ਼ਤੇ ਆਦਿ) ਵੀ ਨਹੀਂ ਪਾ ਸਕੇ। ਜਿਸ ਨੂੰ ਵੇਦ ਅਤੇ ਪੁਰਾਣ, ਕਤੇਬ ਜਪਦੇ ਹਨ ਅਤੇ ਸਮੁੰਦਰ ਦਾ ਜਾਇਆ ਚੰਦਰਮਾ ਮੂਧੇ ਮੂੰਹ ਹੋ ਕੇ ਉਸ ਦੀ ਤਪੱਸਿਆ ਕਰ ਰਿਹਾ ਹੈ, ਕਈ ਕਲਪਾਂ ਤੱਕ ਉਸ ਦੀ ਤਪੱਸਿਆ ਕਰਨ ਦੇ ਬਾਵਜੂਦ ਵੀ ਉਹ ਕ੍ਰਿਪਾ ਦਾ ਖ਼ਜ਼ਾਨਾ ਹੱਥ ਨਹੀਂ ਲਗਦਾ ਭਾਵ ਉਸ ਦਾ ਕੋਈ ਪਾਰ ਨਹੀਂ ਪਾ ਸਕਿਆ:

ਅਨਖੰਡ ਸਰੂਪ ਅਡੰਡ ਪ੍ਰਭਾ॥
ਜੈ ਜੰਪਤ ਬੇਦ ਪੁਰਾਨ ਸਭਾ॥
ਜਿਹ ਬੇਦ ਕਤੇਬ ਅਨੰਤ ਕਹੈਂ॥
ਜਿਹ ਭੂਤ ਅਭੂਤ ਨ ਭੇਦ ਲਹੈਂ॥੧੫੭॥
ਜਿਹ ਬੇਦ ਪੁਰਾਨ ਕਤੇਬ ਜਪੈਂ॥
ਸੁਤ ਸਿੰਧੁ ਅਧੋਮੁਖ ਤਾਪ ਤਪੈਂ॥
ਕਈ ਕਲਪਨ ਲੌ ਤਪਤਾਪ ਕਰੈਂ॥
ਨਹੀ ਨੈਕੁ ਕ੍ਰਿਪਾਨਿਧਿ ਪਾਨਿ ਪਰੈਂ॥੧੫੯॥

ਇਸ ਸਾਰੇ ਵਰਣਨ ਤੋਂ ਬਾਅਦ ਅੱਗੇ ਫੁਰਮਾਇਆ ਹੈ ਕਿ ਉਸ ਪਰਮਾਤਮਾ ਨੂੰ ਅਨੁਭਵ ਕਰਨ ਲਈ ਜਿਹੜੇ ਇਸ ਕਿਸਮ ਦੇ ਸਾਰੇ ਫੋਕਟ ਧਾਰਮਿਕ ਕਰਮ-ਕਾਂਡ ਦਾ ਤਿਆਗ ਕਰਕੇ, ਇੱਕ ਮਨ ਅਤੇ ਇੱਕ ਚਿੱਤ ਨਾਲ ਭਾਵ ਆਪਣੇ ਮਨ ਨੂੰ ਪੂਰੀ ਤਰ੍ਹਾਂ ਉਸ ਨਾਲ ਇੱਕਸੁਰ ਕਰਕੇ, ਮਨ ਦੇ ਪੂਰੇ ਸਮਰਪਣ ਨਾਲ ਉਸ ਦਇਆ ਦੇ ਖ਼ਜ਼ਾਨੇ ਦਾ ਧਿਆਨ ਧਰਦੇ ਹਨ, ਉਸ ਨੂੰ ਧਿਆਉਂਦੇ ਹਨ, ਉਹ ਵਿਅਕਤੀ ਜਾਂ ਜੀਵ ਹੀ ਇਸ ਸੰਸਾਰ ਰੂਪੀ ਭਵਸਾਗਰ ਨੂੰ ਪਾਰ ਕਰਦੇ ਹਨ। ਉਹ ਦੁਬਾਰਾ ਇਸ ਸੰਸਾਰ 'ਤੇ ਜਨਮ ਨਹੀਂ ਲੈਂਦੇ ਅਰਥਾਤ ਜਨਮ ਅਤੇ ਮਰਨ ਦੇ ਚੱਕਰ ਤੋਂ ਮੁਕਤ ਹੋ ਜਾਂਦੇ ਹਨ। ਉਸ ਪਰਮਾਤਮਾ ਦੇ ਨਾਮ ਸਿਮਰਨ ਤੋਂ ਬਗੈਰ ਭਾਵੇਂ ਲੱਖਾਂ ਵਿਚ ਧਿਆਨ ਧਰ ਲਿਆ ਜਾਵੇ, ਵਰਤ ਰੱਖ ਲਏ ਜਾਣ ਤਾਂ ਵੀ ਕੋਈ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ। ਇਸ ਗੱਲ ਦੀ ਹਾਮੀ ਵੇਦ-ਸ਼ਰੁਤੀ ਵਿਚ ਵੀ ਭਰੀ ਹੈ (ਹਿੰਦੂ ਧਾਰਮਿਕ ਸਾਹਿਤ ਨੂੰ ਦੋ ਭਾਗਾਂ ਵਿਚ ਵੰਡਿਆ ਗਿਆ ਹੈ ਸ਼ਰੁਤੀ ਅਤੇ ਸਿਮਰਤੀ। ਵੇਦ ਸ਼ਰੁਤੀ ਹਨ ਕਿਉਂਕਿ ਉਹ ਈਸ਼ਵਰ ਵੱਲੋਂ ਸਿੱਧੇ ਉਤੀਰਣ ਹੋਏ ਹਨ, ਜਿਨ੍ਹਾਂ ਦਾ ਗਿਆਨ ਈਸ਼ਵਰ ਵੱਲੋਂ ਸਿੱਧਾ ਆਇਆ ਹੈ। ਇਤਿਹਾਸ ਅਤੇ ਮਿਥਿਹਾਸ ਭਾਵ ਸਿਮਰਤੀ ਗ੍ਰੰਥ ਅਤੇ ਮਹਾਂ ਕਾਵਿ ਜਿਵੇਂ ਰਾਮਾਇਣ ਅਤੇ ਮਹਾਭਾਰਤ ਆਦਿ ਸਿਮਰਤੀ ਗ੍ਰੰਥ ਹਨ ਅਰਥਾਤ ਯਾਦ ਕੀਤਾ ਹੋਇਆ ਗਿਆਨ ਹਨ)। ਉਹ, ਜੋ ਉਸ ਦੇ ਨਾਮ ਰੂਪੀ ਅੰਮ੍ਰਿਤ ਨੂੰ ਪੀਂਦੇ ਹਨ, ਉਸ ਦੇ ਪ੍ਰੇਮ ਦੇ ਰਸ ਵਿਚ ਇੱਕ-ਮਨ ਅਤੇ ਇੱਕ-ਚਿੱਤ ਹੋ ਕੇ ਲੀਨ ਹੋ ਜਾਂਦੇ ਹਨ, ਉਹ ਭੁੱਲ ਕੇ ਵੀ ਮੌਤ ਦੀ ਫਾਹੀ ਵਿਚ ਨਹੀਂ ਫਸਦੇ:

ਜਿਹ ਫੋਕਟ ਧਰਮ ਸਭੈ ਤਜ ਹੈਂ॥
ਇਕ ਚਿੱਤ ਕ੍ਰਿਪਾਨਿਧਿ ਕੋ ਭਜ ਹੈਂ॥
ਤੇਊ ਯਾ ਭਵ ਸਾਗਰ ਕੋ ਤਰ ਹੈਂ॥
ਭਵਿ ਭੂਲਿ ਨ ਦੇਹ ਪੁਨਰ ਧਰ ਹੈਂ॥੧੫੯॥
ਇਕ ਨਾਮ ਬਿਨਾਂ ਨਹੀਂ ਕੋਟਿ ਬ੍ਰਿਤੀ॥
ਇਮ ਬੇਦ ਉਚਾਰਤ ਸਾਰਸੁਤੀ॥
ਜੇਊ ਵਾਰਸ ਕੇ ਚਸਕੇ ਰਸ ਹੈਂ॥
ਤੇਊ ਭੂਲਿ ਨ ਕਾਲ ਫੰਧਾ ਫਸ ਹੈਂ॥੧੬੦॥

'ਤੋਟਕ ਛੰਦ' ਵਿਚ ਉਪਰ ਜਿਵੇਂ ਵਰਣਨ ਕੀਤਾ ਹੈ, ਪਰਮਾਤਮਾ ਦੇ ਕਰਤਾਰੀ ਰੂਪ ਦਾ ਉਸ ਦੀ ਰਚਨਾ ਦੇ ਸਬੰਧ ਵਿਚ ਬਹੁਤ ਵਿਸਥਾਰ ਵਿਚ ਜ਼ਿਕਰ ਕੀਤਾ ਗਿਆ ਹੈ ਕਿ ਉਹ ਤੁਛ ਕੀੜੇ-ਮਕੌੜੇ ਜੋ ਧਰਤੀ 'ਤੇ ਰੀਂਘਦੇ ਹਨ, ਤੋਂ ਲੈ ਕੇ ਇੰਦਰ ਵਰਗੇ ਦੈਵੀ ਜੀਵਾਂ ਦਾ ਰਚਣਹਾਰਾ ਹੈ। ਇਸ ਰਾਹੀਂ ਮਨੁੱਖ ਨੂੰ ਉਸ ਪਰਮਾਤਮਾ ਦੀ ਅਨੰਤਤਾ ਦਾ ਅਹਿਸਾਸ ਕਰਾ ਕੇ ਉਸ ਨਾਲ ਜੁੜਨ ਦੀ, ਉਸ ਦੇ ਨਾਮ ਵਿਚ ਸੁਰਤ ਜੋੜਨ ਦੀ ਪ੍ਰੇਰਨਾ ਕੀਤੀ ਗਈ ਹੈ। ਮਨ ਵਿਚ ਸਵਾਲ ਪੈਦਾ ਹੋ ਸਕਦਾ ਹੈ ਕਿ ਇੰਦ੍ਰ, ਯਕਸ਼, ਕਿੰਨਰ ਅਤੇ ਸ਼ੇਸ਼ਨਾਗ ਵਗੈਰਾ ਦਾ ਜ਼ਿਕਰ ਕਿਉਂ ਕੀਤਾ ਗਿਆ ਹੈ? ਕੀ ਇਹ ਅਜਿਹੀਆਂ ਹਸਤੀਆਂ ਦੀ ਹੋਂਦ ਵਿਚ ਵਿਸ਼ਵਾਸ ਵਰਗੀ ਕੋਈ ਧਾਰਨਾ ਤਾਂ ਨਹੀਂ ਹੈ? ਇਹ ਅਜਿਹਾ ਨਹੀਂ ਹੈ। ਇਨ੍ਹਾਂ ਮਿਥਿਹਾਸਕ ਹਸਤੀਆਂ ਦੇ ਹਵਾਲੇ ਨਾਲ ਇਹ ਅਹਿਸਾਸ ਕਰਾਇਆ ਗਿਆ ਹੈ ਕਿ ਇਹ ਜਿਨ੍ਹਾਂ ਲਈ ਹਵਨ-ਯੱਗ ਕੀਤੇ ਜਾਂਦੇ ਹਨ, ਜਾਂ ਵਰਤ ਰੱਖੇ ਜਾਂਦੇ ਹਨ, ਸਭ ਪਰਮਾਤਮਾ ਵੱਲੋਂ ਪੈਦਾ ਕੀਤੀਆਂ ਹੋਈਆਂ ਹਸਤੀਆਂ ਹਨ। ਇਹ ਕੋਈ ਸੁਤੰਤਰ ਹੋਂਦ ਅਤੇ ਸੁਤੰਤਰ ਸ਼ਕਤੀ ਦੀਆਂ ਮਾਲਕ ਹਸਤੀਆਂ ਨਹੀਂ ਸਗੋਂ ਪਰਮਾਤਮਾ ਵੱਲੋਂ ਪੈਦਾ ਕੀਤੀਆਂ ਹੋਈਆਂ ਹਨ ਅਤੇ ਇਨ੍ਹਾਂ ਦੀ ਪੂਜਾ ਕਰਨੀ 'ਫੋਕਟੋ ਸਰਬ, ਧਰਮਾ ਬਿਹੀਨ' ਹੈ। ਕੋਈ ਵੀ ਹਸਤੀ ਜੋ ਕਿਸੇ ਹੋਰ ਰਾਹੀਂ ਸਿਰਜਤ ਹੈ ਅਬਿਨਾਸ਼ੀ ਨਹੀਂ ਹੋ ਸਕਦੀ, ਸਦੀਵੀ ਨਹੀਂ ਹੋ ਸਕਦੀ। ਪੈਦਾ ਕੀਤੇ ਗਏ ਨੇ ਜਾਂ ਪੈਦਾ ਹੋਏ ਨੇ ਇੱਕ ਦਿਨ ਨਾਸ ਵੀ ਹੋਣਾ ਹੈ। ਸਿਰਫ ਅਕਾਲ ਪੁਰਖ ਹੀ ਅਬਿਨਾਸ਼ੀ ਅਤੇ ਸਿਰਜਣਹਾਰ ਹੈ। ਇਸ ਲਈ ਪਰਮਾਤਮਾ ਦੇ ਨਾਮ ਨੂੰ ਛੱਡ ਕੇ ਕਿਸੇ ਹੋਰ ਨੂੰ ਪੂਜਣ ਦੀ ਜ਼ਰੂਰਤ ਨਹੀਂ ਹੈ।

***ਰਾਗੁ ਬਸੰਤੁ ਵਿਚ ਗੁਰੂ ਨਾਨਕ ਦਸਦੇ ਹਨ ਕਿ ਜਿਹੜਾ ਮਨੁੱਖ ਨਾਮ ਤੋਂ ਬੇਮੁਖ ਹੋ ਕੇ ਚਲਦਾ ਹੈ ਉਹ ਆਪਣੀ ਪਤ ਗੁਆ ਕੇ ਵਿਸ਼ੇ-ਵਿਕਾਰਾਂ ਦੀ ਵਿਸ਼ ਆਪਣੇ ਪੱਲੇ ਵਿਚ ਪੁਆ ਲੈਂਦਾ ਹੈ ਪਰ ਜਿਹੜਾ ਮਨੁੱਖ ਪਰਮਾਤਮਾ ਦੇ ਨਾਮ ਦੇ ਰੰਗ ਵਿਚ ਰੰਗਿਆ ਹੋਇਆ ਹੈ ਉਹ ਇੱਜ਼ਤ ਲੈ ਕੇ ਇਸ ਸੰਸਾਰ ਤੋਂ ਜਾਂਦਾ ਹੈ। ਪਰਮਾਤਮਾ ਜੋ ਕੁਝ ਵੀ ਕਰ ਰਿਹਾ ਹੈ, ਆਪਣੀ ਰਜ਼ਾ ਵਿਚ ਕਰ ਰਿਹਾ ਹੈ। ਜਿਹੜਾ ਮਨੁੱਖ ਉਸ ਪ੍ਰਭੂ ਦੇ ਭੈਅ ਵਿਚ ਤੁਰਦਾ ਹੈ, ਉਹ ਨਿਰਭੈ ਹੋ ਜਾਂਦਾ ਹੈ ਅਤੇ ਉਸ ਨੂੰ ਕਿਸੇ ਹੋਰ ਤੋਂ ਭੈ ਨਹੀਂ ਆਉਂਦਾ।***

## ਸਿਆਣਿਆਂ ਦਾ ਕਿਹਾ

(1) ਜੇ ਸਿੱਖ ਕੌਮ ਨੂੰ ਜਿਉਂਦਾ ਰੱਖਣਾ ਹੈ ਤਾਂ ਭਾਰਤੀ ਗੁਲਾਮੀ ਦੇ ਸੰਗਲਾਂ ਨੂੰ ਤੋੜੋ।

(2) ਆਜ਼ਾਦੀ ਪ੍ਰਾਪਤ ਕਰਨ ਲਈ ਅਤੇ ਆਜ਼ਾਦੀ ਨੂੰ ਸੰਭਾਲਣ ਲਈ ਹਥਿਆਰਾਂ ਦੀ ਤਾਕਤ ਅਤੀ ਜ਼ਰੂਰੀ ਹੈ।

(3) ਜੇ ਘੱਟਗਿਣਤੀ ਕੋਲ ਹਥਿਆਰਾਂ ਦੀ ਥਾਂ ਲੋਹ-ਇਰਾਦਾ ਹੋਵੇ, ਗੁਲਾਮੀ ਦੇ ਸੰਗਲਾਂ ਨੂੰ ਬਹੁਤ ਜਲਦੀ ਤੋੜਿਆ ਜਾ ਸਕਦਾ ਹੈ।

(4) ਗੁਰੂ ਜੀ ਦੀ ਵਸੀਅਤ ਨਾਲ ਜਿੰਨਾ ਚਿਰ ਸਿੱਖ ਜੁੜੇ ਰਹੇ ਸਦਾ ਚੜ੍ਹਦੀ ਕਲਾ ਵਿਚ ਰਹੇ ਤੇ ਜਦੋਂ ਸੂਝ ਜਜ਼ਬੇ ਤੋਂ ਟੁੱਟੀ, ਖੁਆਰ ਹੀ ਖੁਆਰ ਹੋਏ।

(5) ਵਾਰੋ ਵਾਰੀ ਬ੍ਰਾਹਮਣਵਾਦ ਸਾਰੀਆਂ ਘੱਟਗਿਣਤੀਆਂ ਨੂੰ ਸੋਧ ਚੁੱਕਾ ਹੈ ਤੇ ਅਗਾਂਹ ਦੇ ਇਰਾਦੇ ਵੀ ਨਾਪਾਕ ਹੀ ਸਮਝੋ।

(6) ਪਾਖੰਡੀ ਚੋਲਿਆਂ ਵਾਲਿਆਂ ਨੂੰ ਪੁੱਛੋ, ਤੁਸਾਂ ਗੁਰੂ ਘਰ ਉਸਾਰਿਆ ਹੈ ਜਾਂ ਨਾਮ ਦੇਣ ਦੀਆਂ ਹੱਟੀਆਂ ਪਾਈਆਂ ਹਨ।

(7) ਧਰਮ ਨੂੰ ਸਭ ਤੋਂ ਵੱਧ ਖਤਰਾ ਉਦੋਂ ਹੁੰਦਾ ਹੈ ਜਦੋਂ ਸਿਆਸਤਦਾਨ ਉਸ ਦੀ ਰਖਵਾਲੀ ਕਰਨ ਦਾ ਦਾਵਾ ਕਰਨ ਲਗਦੇ ਹਨ।

(8) ਸਿੱਖ ਕੌਮ ਨੇ ਵੋਟਾਂ ਰਾਹੀਂ ਆਪਣਾ ਧਰਮ ਸਿਆਸੀ ਲੋਕਾਂ ਦੇ ਹੱਥਾਂ ਵਿਚ ਦੇ ਕੇ ਗੁਲਾਮੀ ਆਪ ਸਹੇੜੀ ਹੈ।

(9) ਸਿੱਖੀ ਨੂੰ ਸਭ ਤੋਂ ਵੱਧ ਖਤਰਾ ਆਪਣੇ ਸਿਆਸਤਦਾਨਾਂ ਤੋਂ ਹੈ। ਸਿੱਖ ਸਿਆਸਤਦਾਨਾਂ ਰਾਹੀਂ, ਬੀ ਜੇ ਪੀ ਅਤੇ ਆਰ ਐਸ ਐਸ, ਸਿੱਖ ਧਰਮ, ਸਿੱਖ ਸਮਾਜ, ਸਿੱਖ ਸਭਿਆਚਾਰ, ਸਿੱਖ ਸੰਘਰਸ਼, ਸਿੱਖ ਵਿਰਸੇ ਨੂੰ ਲੁੱਟ ਵੀ ਰਹੇ ਹਨ ਅਤੇ ਕੁੱਟ ਵੀ।

(10) ਮਿਥਿਹਾਸ ਕੋਈ ਇਤਿਹਾਸ ਨਹੀਂ ਹੁੰਦਾ।

(11) ਹਿੰਦੂ ਧਰਮ ਵਿਚ ਸਿਆਣੇ ਆਗੂ, ਲੋਕਾਂ ਨੂੰ ਆਪਣੀਆਂ ਗੱਲਾਂ ਸਮਝਾਉਣ ਲਈ ਮਿਥਿਹਾਸਕ ਕਹਾਣੀਆਂ ਘੜ ਲੈਂਦੇ ਹਨ ਅਤੇ ਲੋਕ ਉਨ੍ਹਾਂ ਗੱਲਾਂ ਨੂੰ ਇਤਿਹਾਸ ਦਾ ਨਾਂ ਦੇਣ ਲੱਗ ਜਾਂਦੇ ਹਨ।

(12) ਕਾਤਿਲ ਹਕੂਮਤਾਂ ਦੀ ਚਿੱਟੀ ਚਾਦਰ 'ਤੇ ਜਦੋਂ ਇਨਸਾਨੀਅਤ ਦੇ ਖ਼ੂਨ ਦਾ ਫੁਆਰਾ ਪੈਂਦਾ ਹੈ ਤਾਂ ਅਰਬਾਂ ਦੇ ਮੁੱਲ ਦੀਆਂ ਚਿੱਤਰਕਾਰੀਆਂ ਆਪਣੇ ਆਪ ਉਕਰੀਆਂ ਜਾਂਦੀਆਂ ਹਨ।

(13) ਚਾਹੁੰਦੇ ਸਾਰੇ ਹੀ ਹਨ ਕਿ ਮੇਰੀ ਇੱਜ਼ਤ ਦੇ ਦੀਵੇ ਲਟ ਲਟ ਬਲੀ ਜਾਣ ਪਰ ਜਦੋਂ ਹਵਾ ਤੇ ਮੀਂਹ ਦਾ ਤੂਫਾਨ ਚੜ੍ਹਦਾ ਹੈ ਤਾਂ ਇਨ੍ਹਾਂ ਦੇ ਗੁੱਲ ਹੋ ਜਾਣ ਦਾ ਰਾਹ ਪੱਧਰਾ ਹੋ ਹੀ ਜਾਂਦਾ ਹੈ।

(14) ਪੱਥਰ ਸੁਲਘ ਰਹੇ ਥੇ ਕੋਈ ਨਕਸ਼-ਏ-ਪੇ ਨਾ ਥਾ, ਹਮ ਉਸ ਤਰਫ ਚਲੇ ਥੇ ਜਿਧਰ ਰਾਸਤਾ ਨਾ ਥਾ।

(15) ਪੰਜਾਬੀ ਪ੍ਰੈਸ ਕੋਲ ਸ਼ਕਤੀ ਹੈ ਪਰ ਜ਼ਿੰਮੇਵਾਰੀ ਦਾ ਅਹਿਸਾਸ ਨਹੀਂ।

(16) ਪੰਜਾਬ ਵਿਚ ਉਹ ਦਿਨ ਹੁਣ ਨਹੀਂ ਰਹੇ, ਜਦੋਂ ਮਾਂਵਾਂ ਮੱਥਾ ਚੁੰਮ ਕੇ ਪੁੱਤਰਾਂ ਨੂੰ ਦੇਸ਼ ਦੀ ਰਾਖੀ ਲਈ ਘਰੋਂ ਤੋਰਦੀਆਂ ਸਨ।

(17) ਬਿਮਾਰੀ ਦੀ ਜੜ੍ਹ ਲੱਭੇ ਬਿਨਾਂ ਕੀਤੇ ਗਏ ਓਹੜ-ਪੋਹੜ ਨਾਲ ਕਦੇ ਵੀ ਇਲਾਜ ਨਹੀਂ ਹੋ ਸਕਦਾ।

(18) ਚੰਗੇ ਕੰਮ ਕੀਤਿਆਂ ਐਵਾਰਡ ਮਿਲ ਜਾਂਦੇ ਹਨ ਪਰ ਐਵਾਰਡਾਂ ਲਈ ਚੰਗੇ ਕੰਮ ਕਰਨ ਦੀ ਆਦਤ ਮਾੜੀ ਹੈ।

(19) ਪੈਸੇ ਪਿੱਛੇ ਲੱਗ ਕੇ ਵਿਦਵਾਨ ਛੋਟਾ ਹੋ ਗਿਐ, ਭਗਤ ਅਲੋਪ ਤੇ ਸ਼ੈਤਾਨ ਮੋਟਾ ਹੋ ਗਿਆ।

(20) ਸਾਨੂੰ ਠੋਕਰਾਂ ਦਾ ਕੀ ਤੇ ਸਹਾਰਿਆਂ ਦਾ ਕੀ, ਸਾਡਾ ਅੰਬਰ 'ਚੋਂ ਟੁੱਟੇ ਤਾਰਿਆਂ ਦਾ ਕੀ।

(21) ਕਦੀ ਥਾਲੀ, ਕਦੀ ਲੋਟਾ, ਫੀਸਾਂ ਲਈ ਵਿਕਵਾਇਆ ਗਿਆ, ਟਿਊਸ਼ਨ ਦੇ ਭੁੱਖੇ ਪੇਟ 'ਚ ਘਰ ਵੇਚ ਕੇ ਪਾਇਆ ਗਿਆ।

(22) ਦੇਸ਼ ਪਰਾਇਆ ਵੱਖਰੀ ਇਸ ਦੀ ਕਾਇਆ, ਤੂੰ ਪੰਜਾਬ ਦਾ ਜਾਇਆ ਤੇਰੇ ਅੰਦਰ ਉਸ ਦੀ ਛਾਇਆ।

(23) ਕੋਈ ਲਫਜਾਂ ਦਾ ਬੋਝ ਨਹੀਂ ਸੁਟਦਾ ਪੜ੍ਹਨ ਵਾਲੇ 'ਤੇ, ਸਗੋਂ ਸਾਕੀ ਬਣਾ ਕੇ ਸਰੂਰ ਦਾ ਪਿਆਲਾ ਸਾਂਝਾ ਕਰਦਾ ਹੈ।

(24) ਸੋਚਾਂ ਉਤੇ ਕੋਰਾ ਜੰਮਿਆ ਅੱਖ-ਅੱਖ ਪਥਰਾਈ, ਕਿਰਨਾਂ ਦੇ ਲਈ ਤਰਲੋਮੱਛੀ ਹਰ ਦ੍ਰਿਸ਼ਟੀ ਚੁੰਧਿਆਈ।

(25) ਅਕਾਲੀ ਲੀਡਰਾਂ ਨੂੰ ਕੁਰਬਾਨੀ ਤੋਂ ਮਿਲੀਆਂ ਕੁਝ ਬਰਕਤਾਂ, ਬਸ ਕੁਰਸੀ ਨਾਲ ਚਿਪਕੀਆਂ।

**ਪੇਸ਼ਕਾਰ-ਪਰਮਜੀਤ ਸਿੰਘ ਦਾਖਾ**

ISBN#978-0-9781624-9-8

# ਇਕ ਸ਼ਹਿਰ ਦਾ ਚਿਹਰਾ

ਇਹ ਮਾਮੂਲੀ ਸ਼ਹਿਰ ਹੈ, ਬਹੁਤ ਸਾਧਾਰਨ, ਇੰਨਾ ਸਾਦਾ ਕਿ ਕਦੀ ਕਸਬਾ ਲਗਦੈ ਕਦੀ ਪਿੰਡ। ਸਮਾਧ ਵਰਗਾ ਖਾਮੋਸ਼, ਇੰਨਾ ਸਾਫ ਤੇ ਪਵਿੱਤਰ ਜਿਵੇਂ ਪੀਰ ਦੀ ਦਰਗਾਹ। ਕਹਿਣ ਨੂੰ ਸ਼ਹਿਰ ਪਰ ਰੇਲਵੇ ਸਟੇਸ਼ਨ ਦੇ ਮੁਸਾਫਰਖਾਨੇ ਵਰਗਾ। ਤੇ ਬਾਸ਼ਿੰਦੇ? ਪੁਰਾਣੀ ਗਠੜੀ ਕੱਛ ਵਿਚ ਦਬਾ ਕੇ ਹਰੇ ਬੈਂਚ ਉਪਰ ਬੈਠੇ ਕਿਸੇ ਅਨਜਾਣ ਰੇਲ ਗੱਡੀ ਨੂੰ ਉਡੀਕਦੇ! ਜਿਵੇਂ ਗੋਦੋ ਦੀ ਉਡੀਕ ਵਿਚ ਵਲਾਦੀਮੀਰ ਤੇ ਏਸਤਾਗਾਂਸ।

ਇੰਤਜ਼ਾਰ ਵਿਚ ਗੁੰਮ ਲੋਕਾਂ ਦਾ ਸ਼ਹਿਰ। ਹਰ ਬੰਦਾ ਆਪਣੀ ਕੀਮਤੀ ਚੀਜ਼ ਲੱਭ ਰਿਹੈ।

ਗਿਆਨ ਪ੍ਰਕਾਸ਼ ਵਿਵੇਕ
ਅਨੁਵਾਦ:ਹਰਪਾਲ ਸਿੰਘ ਪੰਨੂ

ਅਜੀਬ ਗੱਲ। ਹਰੇਕ ਦਾ ਕੁਝ ਨਾ ਕੁਝ ਗੁਆਚਿਆ ਹੋਇਆ। ਕਿਸੇ ਕੋਲ ਧਾਗਾ ਸੀ ਤਾਂ ਸੂਈ ਗੁੰਮ ਹੋ ਗਈ। ਕਿਸੇ ਨੇ ਕਿਤੇ ਜਾਣਾ ਸੀ ਪਰ ਪੈਰ ਗੁੰਮ ਹੋ ਗਏ, ਜਿਸ ਕੋਲ ਪੈਰ ਸਨ ਉਸ ਦਾ ਰਸਤਾ ਗੁਆਚ ਗਿਆ। ਕਿਸੇ ਕੋਲ ਜੇਬਾਂ ਸਨ, ਜੇਬਾਂ ਵਿਚ ਸਿੱਕੇ ਪਰ ਖਰੀਦਣ ਦੀ ਇੱਛਾ ਗੁੰਮ ਸੀ। ਕੁਝ ਬੰਦੇ ਦੁਕਾਨਾਂ ਸਾਹਮਣੇ ਖਲੋ ਕੇ ਸਜਿਆ ਪਿਆ ਸਾਮਾਨ ਦੇਖਦੇ ਰਹਿੰਦੇ, ਫਿਰ ਇੱਛਾਵਾਂ ਦੀਆਂ ਮੁਰਝਾਈਆਂ ਉਂਗਲਾਂ ਫੜ ਕੇ ਚਲ ਪੈਂਦੇ। ਉਨ੍ਹਾਂ ਕੋਲ ਜੇਬਾਂ ਸਨ ਪਰ ਖਾਲੀ।

ਬਹੁਤੇ ਬੰਦੇ ਅਜਿਹੇ ਜਿਹੜੇ ਉਦਾਸ ਰਹਿੰਦੇ। ਆਪਣੇ ਹਾਸੇ ਲਭਦੇ ਰਹਿੰਦੇ। ਹਾਸਾ ਲੱਭਣਾ ਉਨਾ ਹੀ ਔਖਾ ਜਿੰਨਾ ਔਖਾ ਡਿਗੇ ਹੰਝੂ ਨੂੰ ਵਾਪਸ ਅੱਖ ਵਿਚ ਪਾ ਲੈਣਾ। ਘੱਟ ਆਵਾਜ਼ਾਂ ਵਾਲਾ ਸ਼ਹਿਰ। ਕਦੇ ਕਦੇ ਤਾਂ ਇਹ ਸ਼ਹਿਰ ਬੜਾ ਸੂਖਮ ਲਗਦਾ, ਜਿਵੇਂ ਆਪਣੇ ਦਰਦ ਨੂੰ ਲੋਰੀਆਂ ਸੁਣਾਏ।

ਬਹਾਦਰਗੜ੍ਹ ਨਾਂ ਦੇ ਇਸ ਸ਼ਹਿਰ ਨੂੰ ਕਿਸੇ ਬਹਾਦਰ ਖਾਨ ਨੇ ਵਸਾਇਆ ਸੀ। ਸ਼ਹਿਰ ਅਜੇ ਵਸਣ ਲੱਗਾ ਸੀ, ਪੰਛੀ ਪਹਿਲਾਂ ਵਸ ਗਏ। ਹਵਾਵਾਂ ਅਤੇ ਧੁੱਪਾਂ ਵਸ ਗਈਆਂ। ਹਵਾਵਾਂ ਦੀਵਿਆਂ ਨਾਲ ਲੁਕਣਮੀਟੀ ਦੀ ਖੇਡ ਖੇਡਦੀਆਂ ਤੇ ਧੁੱਪ, ਸਵੇਰ ਸਾਰ ਕੰਧਾਂ ਉਪਰ ਖੁਸ਼-ਆਮਦੀਦ ਲਿਖ ਦਿੰਦੀ। ਬਹਾਦਰਗੜ੍ਹ ਵਿਚ ਇਕ ਕਿਲਾ ਸੀ, ਇਕ ਨਗਾਰਖਾਨਾ ਤੇ ਇਕ ਨਵਾਬ ਦੀ ਹਵੇਲੀ। ਕਿਲਾ ਢਹਿ ਗਿਆ ਸੀ। ਕੁਝ ਬੁਰਜ ਖਲੋਤੇ ਸਨ ਜਿਨ੍ਹਾਂ ਦੇ ਪੈਰਾਂ ਵਿਚ ਸਫਰ ਦਾ ਥਕੇਵਾਂ ਸੀ ਤੇ ਚਿਹਰੇ ਉਪਰ ਵਕਤ ਦੇ ਨਿਸ਼ਾਨ।

ਜਿਥੇ ਕਿਲਾ ਹੁੰਦਾ ਸੀ ਉਥੇ ਹੁਣ ਕਿਲਾ ਮੁਹੱਲਾ ਹੈ। ਕਿਲਾ ਮੁਹੱਲੇ ਦੇ ਸਭ ਵਸਨੀਕ ਰਫਿਊਜੀ, ਉਨ੍ਹਾਂ ਦੀ ਬੋਲੀ, ਵਿਹਾਰ ਤੇ ਦੁਖ ਇਕੋ ਜਿਹੇ। ਇਕ ਦੂਜੇ ਨੂੰ ਮਿਲਦੇ ਤਾਂ ਝਿਜਕ ਜਾਂਦੇ, ਜਿਵੇਂ ਉਜਾੜੇ ਦਾ ਮਾਤਮ ਮਨਾ ਰਹੇ ਹੋਣ। ਚੁਪ-ਚਪੀਤੇ ਲੋਕ ਬੋਲਦੇ, ਲਗਦਾ ਜਿਵੇਂ ਯਾਦਾਂ ਦੀ ਉਨ ਦਾ ਗੋਲਾ ਖੁਲ੍ਹਦਾ ਜਾਵੇ। ਦੂਰ ਚਲੇ ਜਾਂਦੇ, ਮੁਲਤਾਨ, ਰਾਵੀ, ਸਿੰਧ, ਡੇਰਾ ਇਸਮਾਈਲ ਖਾਨ...ਖਜੂਰ ਦੇ ਦਰਖਤ...ਰੇਤਲੇ ਟਿੱਬੇ।

ਪਾਕਿਸਤਾਨ ਸੁੱਟ ਆਏ, ਯਾਦਾਂ ਚੁਕ ਲਿਆਏ। ਯਾਦਾਂ ਕੋਲ ਤੰਗ ਕਰਨ ਤੋਂ ਬਿਨਾ ਹੋਰ ਕੁਝ ਹੈ ਈ ਨਹੀਂ, ਅੱਖਾਂ ਵਿਚ ਚੁਭਦੀਆਂ, ਹੰਝੂ ਬਣ ਕੇ ਡਿਗਦੀਆਂ। ਬੇਸੁਰੇ ਲਹਿਜੇ ਵਿਚ ਕਾਫੀਆਂ ਗਾਉਣ ਲੱਗ ਜਾਂਦੇ:

ਆਪਣਾ ਦੱਸ ਟਿਕਾਣਾ।
ਕਿੱਥੋਂ ਆਇਆ ਕਿਥੇ ਜਾਣਾ।
ਜਿਸ ਠਾਣੇ ਦਾ ਮਾਣ ਕਰੇਂਦਾ
ਉਸ ਨੇ ਨਾਲ ਨਾ ਜਾਣਾ।
ਸ਼ਹਿਰ ਖਾਮੋਸ਼ੀ ਦੇ ਚਲ ਵੱਸੀਏ
ਜਿਥੇ ਮੁਲਕ ਸਮਾਣਾ।
ਆਪਣਾ ਦੱਸ ਟਿਕਾਣਾ।

ਇਨ੍ਹਾਂ ਕਾਫੀਆਂ ਦੀ ਸੁਰ ਦੁਖਦਾਈ ਹੁੰਦੀ, ਕਦੀ ਜੀਵਨ ਦਿਸਦਾ, ਕਦੀ ਮੌਤ। ਇਕ ਦੂਜੇ ਨੂੰ ਇਉਂ ਮਿਲਦੇ ਜਿਵੇਂ ਪਰਦੇਸ ਵਿਚ ਇਤਫਾਕਨ ਕੋਈ ਆਪਣਾ ਮਿਲ ਗਿਆ ਹੋਵੇ। ਮਿਠੇ ਤੇ ਉਦਾਸ ਬੋਲ ਬੋਲਦੇ। ਮੰਦਾ ਬੋਲ ਨਾ ਬੋਲੀਏ ਕਰਤਾਰੋਂ ਡਰੀਏ।


ਕੁਝ ਸ਼ਹਿਰਾਂ ਵਿਚ ਬੀਆਬਾਨ ਵਸ ਜਾਂਦਾ ਹੈ ਜਿਵੇਂ ਬਹਾਦਰਗੜ੍ਹ ਵਿਚ। ਇਸ ਸ਼ਹਿਰ ਦਾ ਚਿਹਰਾ ਵੀਰਾਨ ਹੈ, ਇਉਂ ਲਗਦੈ ਜਿਵੇਂ ਸ਼ਹਿਰ ਨਾ ਹੋ ਕੇ ਇਹ ਕੋਈ ਰਾਮਚੰਦਰ ਹੋਵੇ, ਬਨਵਾਸ ਭੋਗਦਾ ਰਾਜਾ। ਏਨਾ ਗਰੀਬ ਸ਼ਹਿਰ ਕਿ ਇਤਿਹਾਸ ਨੇ ਬੇਦਖਲ ਹੀ ਕਰ ਦਿਤਾ। ਇਹ ਸ਼ਹਿਰ ਨਿਕਾ ਜਿਹਾ ਭੂਗੋਲ ਹੈ। ਇੰਨਾ ਛੋਟਾ ਭੂਗੋਲ ਜਿਸ ਨੂੰ ਧਰਤੀ ਨੇ ਕੈਲੰਡਰ ਵਾਂਗ ਉਂਗਲ 'ਤੇ ਲਟਕਾ ਲਿਆ।

ਏਸ ਸ਼ਹਿਰ ਦੇ ਦੇਸੀ ਠਾਠਾਂ ਦਾ ਕੀ ਕਹਿਣਾ, ਇੰਨਾ ਦੇਸੀ ਕਿ ਕਾਲੋਨੀ ਨਾਂ ਦਾ ਸ਼ਬਦ ਨਹੀਂ ਇਸ ਦੇ ਕੋਸ਼ ਵਿਚ। ਬਸਤੀਆਂ ਸਨ-ਨਵੀਂ ਬਸਤੀ, ਜੱਟਾਂ ਵਾਲਾ ਚੌਤਰਾ, ਕਿਲਾ ਮੁਹੱਲਾ, ਝੀਲ ਮੁਹੱਲਾ, ਸਰਹੰਦੀ ਦਰਵਾਜ਼ਾ।

ਇਹ ਸ਼ਹਿਰ ਇਕ ਕਸਬਾ ਹੈ। ਕਸਬਾ ਕੁਝ ਓਖਾ ਲਫਜ਼ ਹੈ ਜਿਸ ਕਰਕੇ ਸਾਰੀਆਂ ਕਸਬਾਈ ਹਰਕਤਾਂ, ਹਰਾਰਤਾਂ, ਹੁੱਜਤਾਂ ਅਤੇ ਹੱਦਬੰਦੀਆਂ ਦੇ ਬਾਵਜੂਦ ਲੋਕ ਕਹਿੰਦੇ ਇਸ ਨੂੰ ਸ਼ਹਿਰ ਹੀ। ਲੋਕ ਖਾਨਦਾਨੀ ਖੁਸ਼ੀਆਂ ਅਤੇ ਖਾਨਦਾਨੀ ਦੁਖਾਂ ਨਾਲ ਜਿਉਂਦੇ ਰਹਿਣ ਦੇ ਆਦੀ ਹੋ ਗਏ ਸਨ, ਇੰਨੇ ਸਾਦੇ ਕਿ ਆਲਸ ਨੂੰ ਸ਼ਾਨ ਸਮਝਦੇ। ਇੰਨੇ ਫੱਕਰ ਕਿ ਸੱਟਾਂ ਉਪਰ ਹੱਸਦੇ। ਇੰਨੇ ਮਸਤਾਨੇ ਕਿ ਮੁਸਕਾਣ ਦੀ ਓਟ ਪਿਛੇ ਹੰਝੂਆਂ ਦੀ ਦੁਕਾਨ ਸਜਾ ਲੈਂਦੇ।

ਸੁਸਤ ਰਫਤਾਰ ਸ਼ਹਿਰ ਸੀ। ਗੱਡਾ ਖਿਚੀ ਜਾਂਦੀ ਬਲਦਾਂ ਦੀ ਜੋੜੀ। ਗੱਡੇ ਵਿਚ ਗੁੜ। ਗੱਡੇ ਵਿਚ ਘਰ। ਰੁਕਿਆ ਹੋਇਆ ਸ਼ਹਿਰ, ਸ਼ਹਿਰ ਵਿਚ ਟੁਰਦਾ ਫਿਰਦਾ ਘਰ। ਗੱਡੇ ਵਿਚ ਵਸਿਆ ਘਰ। ਥੋੜੀਆਂ ਸੜਕਾਂ, ਥੋੜੀਆਂ ਖਾਹਸ਼ਾਂ। ਇਥੋਂ ਸ਼ੁਰੂ, ਉਥੇ ਜਾ ਕੇ ਸੜਕ ਖਤਮ। ਦਖਲ ਬੇਦਖਲ ਦਾ ਨਾਂ ਜ਼ਿੰਦਗੀ ਹੈ, ਹੈ ਕਿ ਨਹੀਂ, ਪਤਾ ਨਹੀਂ। ਖੇਡ ਵਾਂਗ। ਦੇਖਣ ਨੂੰ ਇਉਂ ਲਗਦਾ ਜਿਵੇਂ ਸ਼ਹਿਰ ਬਣਾਉਣ ਵਾਲਾ ਇਸ ਨੂੰ ਅਧੂਰਾ ਛੱਡ ਕੇ ਕਿਸੇ ਜਰੂਰੀ ਕੰਮ ਚਲਾ ਗਿਆ ਹੋਵੇ। ਅੱਧਾ ਅਧੂਰਾ ਸ਼ਹਿਰ, ਅੱਧੇ ਅਧੂਰੇ ਸੁਫਨੇ।

ਛੋਟੇ ਸ਼ਹਿਰ ਵਿਚ ਕਿੰਨੇ ਸਾਰੇ ਟੋਭੇ, ਜਿਵੇਂ ਪਾਣੀ ਦੇ ਸਿਕੇ ਜਮ੍ਹਾ ਕਰ ਲਏ ਹੋਣ। ਕਈ ਖੂਹ ਸਨ, ਸਭ ਦਾ ਪਾਣੀ ਖਾਰਾ। ਖਾਰੇ ਪਾਣੀ ਦੀ ਸਾਖੀ ਹੈ। ਪਿਆਸੇ ਫਕੀਰ ਨੂੰ ਪਾਣੀ ਨਾ ਪਿਲਾਇਆ ਤਾਂ ਉਹ ਸਰਾਪ ਦੇ ਗਿਆ। ਚੰਗਾ ਹੋਵੇਗਾ ਫੇਰ ਵੀ ਜੋ ਖਾਰੇ ਪਾਣੀ ਦਾ ਸਰਾਪ ਦੇ ਗਿਆ, ਖੂਹ ਸੁਕਾਉਣ ਦਾ ਸਰਾਪ ਦੇ ਜਾਂਦਾ ਤਾਂ ਫੇਰ? ਕਈਆਂ ਥਾਂਵਾਂ ਤੇ ਛਬੀਲਾਂ ਲੱਗ ਗਈਆਂ, ਪਰਦੇਸੀ ਆਖਦੇ, ਮੰਦਰ ਘੱਟ ਨੇ ਤੇ ਛਬੀਲਾਂ ਵਧੀਕ। ਬਈ, ਪਿਆਸ ਦਾ ਰਿਸ਼ਤਾ ਪਾਣੀ ਨਾਲ, ਪਾਣੀ ਦਾ ਰਿਸ਼ਤਾ ਛਬੀਲ ਨਾਲ। ਕਿੰਨੇ ਭਲੇ ਲੋਕ ਨੇ ਜਿਨ੍ਹਾਂ ਨੂੰ ਪਿਆਸ ਦੇ ਮਾਇਨਿਆਂ ਦਾ ਪਤਾ ਸੀ, ਇਕ ਦੂਜੇ ਦੀ ਤ੍ਰੇਹ ਦੀ ਤੜਪ ਜਾਣ ਲੈਂਦੇ। ਏਸ ਕਰਕੇ ਏਨੀਆਂ ਛਬੀਲਾਂ ਲਾ ਦਿਤੀਆਂ। ਤਾਂ ਹੀ ਮੰਦਰ ਘੱਟ ਸਨ ਕਿਉਂਕਿ ਪਿਆਸ ਬੁਝਾਣਾ ਇਬਾਦਤ ਕਰਨ ਵਰਗਾ ਹੁੰਦਾ ਹੈ। ਗੁੰਬਦ ਵਾਲੀ ਛਬੀਲ ਉਤੇ ਹੱਥ ਵਿਚ ਗੰਗਾਸਾਗਰ ਫੜੀ ਪਾਣੀ ਪਿਲਾਉਂਦਾ ਬੰਦਾ ਦਰਿਆ ਵਰਗਾ ਲਗਦਾ, ਬੱਦਲ ਵਰਗਾ ਜਾਂ ਫੇਰ ਕੀਰਤਨ ਵਰਗਾ। ਪਾਣੀ ਦੀ ਧਾਰ ਪਿਆਸੇ ਅਤੇ ਪਿਆਊ ਵਿਚਕਾਰ ਰਿਸ਼ਤਾ ਜੋੜਦੀ।



ਇਹ ਬਹਾਦਰਗੜ੍ਹ ਸ਼ਹਿਰ ਇਕ ਗੁੰਬਦ ਜਿਹਾ ਲਗਦਾ ਜਿਸ ਹੇਠ ਜ਼ਿੰਦਗੀ ਗੁਮਨਾਮ ਲੈਅ ਵਾਂਗ ਗੂੰਜਦੀ ਮਹਿਸੂਸ ਹੁੰਦੀ, ਆਵਾਜ਼ਾਂ ਸਵੇਰ ਸਾਰ ਨੀਂਦ ਦਾ ਮੈਲਾ ਕੰਬਲ ਉਤਾਰ ਕੇ ਨੰਗੇ ਪੈਰੀਂ ਨਿਕਲ ਤੁਰਦੀਆਂ, ਵੱਖ-ਵੱਖ ਤਰ੍ਹਾਂ ਦੀਆਂ ਆਵਾਜ਼ਾਂ ਜਿਵੇਂ ਖਾਮੋਸ਼ੀ ਦੇ ਥਾਨ ਉਪਰ ਰੰਗ ਬਰੰਗੀਆਂ ਵੇਲ ਬੂਟੀਆਂ। ਹਲਾਂ ਪਿਛੇ ਹਾਲੀਆਂ ਦੀਆਂ ਆਵਾਜ਼ਾਂ, ਦੋਧੀਆਂ ਦੇ ਸਾਈਕਲਾਂ ਦੀਆਂ ਟੱਲੀਆਂ ਦੀਆਂ ਆਵਾਜ਼ਾਂ, ਖੂਹ ਵਿਚ ਬਾਲਟੀਆਂ ਭਰਨ ਦੀਆਂ, ਰਾਮ ਰਾਮ, ਭਜਨ, ਤਾਰ 'ਤੇ ਬੈਠੀਆਂ ਚਿੜੀਆਂ ਦੀਆਂ ਆਵਾਜ਼ਾਂ। ਪੌੜੀਆਂ ਉਤਰਦੀ ਧੁੱਪ ਦੀ ਨਾ ਸੁਣਾਈ ਦੇਣ ਵਾਲੀ ਆਵਾਜ਼। ਸ਼ੋਰ ਸ਼ਰਾਬੇ ਦਾ ਨਹੀਂ, ਕਲ ਕਲ ਕਰਦੇ ਝਰਨੇ ਵਰਗੀਆਂ ਮੱਧਮ ਆਵਾਜ਼ਾਂ ਦਾ ਸ਼ਹਿਰ। ਕਦੀ ਲਗਦਾ ਕਟੀਆਂ ਪਤੰਗਾਂ ਵਾਂਗ ਆਵਾਜ਼ਾਂ ਨਸੀਬ ਦੇ ਬੁਰਜ ਵਿਚ ਅਟਕ ਗਈਆਂ ਜਾਂ ਫੇਰ ਨਗਾਰਖਾਨੇ ਦੇ ਚਬੂਤਰੇ 'ਤੇ ਆ ਗਿਰੀਆਂ। ਇਸ ਸ਼ਹਿਰ ਦੀ ਸਾਦਗੀ ਕਿਸੇ ਨਿਆਮਤ ਵਰਗੀ ਸੀ, ਤਿਉਹਾਰ ਵਰਗੀ, ਦਿਨ ਰਾਤ ਘੁਲਾੜੀਆਂ ਗੰਨੇ ਪੀੜਦੀਆਂ, ਰਸ, ਗੁੜ। ਪੇਂਡੂ ਕਿੰਨੇ ਫੱਕਰ। ਇਕੋ ਗੁਰਮੰਤਰ ਸਿਖਿਆ, ਭੋਲੇ ਭਾਵ ਮਿਲੇ ਰਘੁਰਾਈ। ਵੱਡੇ ਚੱਕਾਂ ਵਿਚ ਗੁੜ ਠੰਡਾ ਹੋਈ ਜਾਂਦਾ, ਦੂਰ ਤਕ ਗੁੜ ਦੀ ਖੁਸ਼ਬੂ ਫੈਲਦੀ। ਕਿਲੇ ਮੁਹੱਲੇ ਦੇ ਬੱਚੇ ਘੁਲਾੜੀ ਨੇੜੇ ਜਾ ਖਲੋਂਦੇ...ਕਿਸੇ ਉਮੀਦ ਨਾਲ। ਖਾਲੀ ਹੱਥ ਕੋਈ ਨਾ ਪਰਤਦਾ। ਹਰੇਕ ਦੀ ਜੇਬ ਵਿਚ ਗੁੜ ਦੀ ਰੋੜੀ। ਗੁੜ ਦੀ ਡਲੀ ਨਾਲ ਅਸੀਸ ਵੀ ਮਿਲਦੀ, ਜਿਉਂਦੇ ਰਹੋ। ਖੂਬ ਪੜ੍ਹੋ ਲਿਖੋ...ਨਾਮ ਰੋਸ਼ਨ ਕਰੋ। ਵਾਪਸ ਆਉਂਦੇ ਬੱਚਿਆਂ ਨੂੰ ਲਗਦਾ ਗੁੜ ਦੀ ਡਲੀ ਨਾਲ ਇਕ ਇਕ ਮੰਦਰ ਵੀ ਨਾਲ ਲੈ ਆਏ।

ਬਹਾਦਰਗੜ੍ਹ ਸ਼ਹਿਰ ਦਾ ਸਰਮਾਇਆ ਬਸ ਚਾਰ ਸੜਕਾਂ, ਰੇਲਵੇ ਰੋਡ, ਨਜਫਗੜ੍ਹ ਰੋਡ, ਸੈਫਦੀਪੁਰ ਰੋਡ ਤੇ ਝਜਰ ਰੋਡ। ਤਬੀਅਤ ਦੇ ਫੱਕਰ, ਲਹਿਜੇ ਦੇ ਅੱਖੜ ਲੋਕ। ਬਾਸ਼ਊਰ ਦਾਰਸ਼ਨਿਕ ਵੀ। ਜਾਂਦੇ ਜਾਂਦੇ ਰੁਕ ਜਾਂਦੇ। ਆਪਣੇ ਆਪ ਨੂੰ ਸਵਾਲ ਕਰਦੇ, ਰਸਤਾ ਕਿਥੇ ਜਾਂਦੈ? ਆਪੇ ਆਖ ਦਿੰਦੇ, ਰਸਤੇ ਕਿਤੇ ਨਹੀਂ ਜਾਂਦੇ, ਯਾਤਰੀ ਜਾਂਦੇ ਹਨ।

ਕੀ ਯਾਤਰਾ ਦਾ ਰਿਸ਼ਤਾ ਪੈਰਾਂ ਨਾਲ ਹੈ? ਫੇਰ ਸਵਾਲ ਕਰਦੇ।

ਯਾਤਰਾ ਦਾ ਰਿਸ਼ਤਾ ਪੈਰਾਂ ਨਾਲ ਹੋਵੇ ਤਾਂ ਥਾਂ ਬਦਲੀਦਾ ਹੈ, ਯਾਤਰਾ ਦਾ ਰਿਸ਼ਤਾ ਮਨ ਨਾਲ ਹੋਵੇ ਤਾਂ ਧਿਆਨੀ-ਯਾਤਰਾ ਹੋ ਜਾਂਦੀ ਹੈ।

ਖਾਮੋਸ਼ ਜਿਹਾ ਸ਼ਹਿਰ ਕਦੀ ਕਦਾਈਂ ਧਿਆਨੀ ਯਾਤਰਾ ਕਰਦਾ ਲਗਦਾ। ਸ਼ਹਿਰ ਵਿਚ ਇਕ ਸਿਨੇਮਾ ਹਾਲ ਸੀ ਜਿਸ ਦਾ ਨਾਮ ਸੀ, ਕੁੰਦਨ। ਚਲਦੀ ਫਿਲਮ ਵੇਲੇ ਬਿਜਲੀ ਗੁਲ ਹੋ ਜਾਂਦੀ ਤਾਂ ਲੋਕ ਤੈਸ਼ ਵਿਚ ਆ ਜਾਂਦੇ। ਦਰਸ਼ਕਾਂ ਦੀ ਭੂਮਿਕਾ ਬਦਲ ਜਾਂਦੀ। ਹੋ ਹੱਲਾ ਕਰਦੇ ਖੁਦ ਅਭਿਨੇਤਾ ਬਣ ਜਾਂਦੇ, ਸੀਟੀਆਂ, ਸ਼ੋਰ, ਕੁਰਸੀਆਂ ਥਪਥਪਾਉਂਦੇ...ਬਿਜਲੀ ਆਉਣ ਤੱਕ। ਬਿਜਲੀ ਆਉਂਦੀ, ਫਿਰ ਹਨੇਰਾ...ਫਿਰ ਫਿਲਮ...ਪਿਆਰ...ਗੀਤ...ਰੋਮਾਂਸ...ਸੁਫਨਾ...ਸੱਚ।

ਛੇ ਤੋਂ ਨੌਂ ਵਜੇ ਵਾਲਾ ਸ਼ੋਅ ਸੁੰਨਾ ਰਹਿੰਦਾ। ਸ਼ੋਅ ਹੋਏਗਾ ਵੀ ਕਿ ਨਹੀਂ, ਇਸ ਦਾ ਪੱਕਾ ਪਤਾ ਨਾ ਲਗਦਾ। ਔਰਤਾਂ ਦੇ ਚੁੱਲ੍ਹੇ ਚੌਂਕੇ ਦਾ ਸਮਾਂ ਹੈ, ਦੁਕਾਨਦਾਰ ਦੁਕਾਨਾਂ ਬੰਦ ਥੋੜ੍ਹਾ ਕਰਨਗੇ, ਨੌਕਰੀ ਪੇਸ਼ਾ ਲੋਕ ਸਟੇਸ਼ਨ ਤੋਂ ਸਾਈਕਲ ਚੁਕ ਕੇ ਘਰ ਮੁੜਦੇ, ਸਿਨੇਮੇ ਨਾਲੋਂ ਘਰ ਜਰੂਰੀ ਹੁੰਦਾ। ਕਸ਼ਿਸ਼ ਅਤੇ ਇੰਤਜ਼ਾਰ ਦਾ ਨਾਮ ਘਰ ਹੈ।

ਬਾਹਰ ਖਲੋਤਾ ਕੁੰਦਨ ਸਿਨਮੇ ਦਾ ਮਾਲਕ ਮੋਹਨ ਲਾਲ ਦਰਸ਼ਕਾਂ ਉਪਰ ਸਰਸਰੀ ਨਜ਼ਰ ਮਾਰਦਾ। ਆਪਣੇ ਕਿਸੇ ਕਾਰਿੰਦੇ ਨੂੰ ਵਾਜ ਮਾਰਦਾ। ਗੇਟਕੀਪਰ, ਟਿਕਟ ਕੱਟਣ ਵਾਲਾ, ਪ੍ਰੋਜੈਕਟਰ ਚਲਾਉਣ ਵਾਲਾ, ਕੰਧਾਂ 'ਤੇ ਪੋਸਟਰ ਚਿਪਕਾਣ ਵਾਲਾ, ਕੋਈ ਵੀ ਕਾਰਿੰਦਾ ਹੋ ਸਕਦਾ ਸੀ।

ਸ਼ੋਅ ਦੇਖਣ ਆਏ ਲੋਕਾਂ ਦੀ ਗਿਣਤੀ ਸ਼ੁਰੂ ਹੁੰਦੀ। ਆਪੋ ਆਪਣਾ ਢੰਗ ਹੁੰਦਾ ਗਿਣਨ ਦਾ। ਕੋਈ ਸਿਰਾਂ ਦੀ ਗਿਣਤੀ ਕਰਦਾ ਕੋਈ ਧੜਾਂ ਦੀ। ਗਿਣਤੀ ਅਕਸਰ ਗਲਤ ਹੁੰਦੀ ਕਿਉਂਕਿ ਲੋਕਾਂ ਦੀ ਭੀੜ ਸਰਕਦੀ ਰਹਿੰਦੀ। ਗਿਣਨ ਵਾਲਾ ਉਲਝ ਜਾਂਦਾ। ਗਿਣਤੀ ਘੱਟ ਤਾਂ ਸ਼ੋਅ ਰੱਦ। ਵੀਰਾਨੀ ਛਾ ਜਾਂਦੀ। ਸੰਨਾਟਾ। ਮੋਹਨ ਲਾਲ ਉਦਾਸ ਦਿਖਾਈ ਦਿੰਦਾ।

ਮੋਹਨ ਲਾਲ ਦੇ ਮਨ ਦੀ ਕੋਈ ਨਹੀਂ ਸੀ ਜਾਣਦਾ। ਸਲੇਟ ਵਰਗਾ ਚਿਹਰਾ। ਸ਼ੋਅ ਸ਼ੁਰੂ ਹੋਣ ਤੋਂ ਪਹਿਲਾਂ ਹਮੇਸ਼ ਇਕੋ ਗੀਤ ਕਈ ਵਾਰ ਲਆਉਂਦਾ, ਚਲ ਉਡ ਜਾ ਰੇ ਪੰਛੀ ਕਿ ਅਬ ਯੇ ਦੇਸ ਹੂਆ ਬੇਗਾਨਾ...।

ਦੇਰ ਪਹਿਲਾਂ ਇਸ ਥਾਂ 'ਤੇ ਟੀਨ ਦਾ ਛੱਪਰ ਜਿਹਾ ਸੀ ...ਚਲਦਾ ਫਿਰਦਾ ਵੀ ਸੀ, ਉਦੋਂ ਇਸ ਦਾ ਨਾਮ ਮੋਹਨ ਟਾਕੀਜ ਸੀ। ਖਾਲੀ ਉਜਾੜ ਜਿਹੀ ਥਾਂ ਸੀ। ਸ਼ਹਿਰ ਦੇ ਉਜਾੜ ਵਿਚ ਵਸਿਆ ਹੋਇਆ ਮੇਲਾ। ਮੋਹਨ ਲਾਲ ਛੋਟੇ ਕੱਦ ਦਾ ਵੱਡਾ ਇਨਸਾਨ ਸੀ। ਮੋਹਨ ਲਾਲ ਨੂੰ ਇਹ ਉਜਾੜ ਥਾਂ ਏਨਾ ਪਸੰਦ ਆ ਗਿਆ ਕਿ ਛੱਪਰ ਪੱਕੇ ਖੰਭਿਆਂ ਵਿਚ ਜੜ ਦਿਤਾ, ਮੁੜ ਨਹੀਂ ਉਖਾੜਿਆ। ਟੀਨ ਟੱਪਰ ਸਿਨਮਾ, ਟੀਨ ਟੱਪਰ ਮੋਹਨ ਲਾਲ, ਢਿਲਾ ਮੱਠਾ। ਕਿਸੇ ਸੋਚ ਵਿਚ ਡੁੱਬਿਆ ਹੋਇਆ। ਉਂਗਲੀਆਂ ਵਿਚ ਚਾਰਮੀਨਾਰ ਸਿਗਰਟ ਹੁੰਦੀ ਤੇ ਲਾਵਾਰਿਸ ਯਾਤਰਾ ਉਤੇ ਨਿਕਲੇ ਧੂੰਏਂ ਦੇ ਪਿਛੇ ਪਿਛੇ ਟੁਰਦਾ ਮੋਹਨ ਲਾਲ। ਲਗਦਾ ਆਪਣੇ ਅੰਦਰ ਕਿਸੇ ਨਾਲ ਗੱਲਾਂ ਕਰ ਰਿਹੈ ਚੁਪ ਚਾਪ। ਕਦੇ ਲਗਦਾ ਇਸ ਦੁਨੀਆਂ ਦਾ ਨਹੀਂ, ਉਹ ਕਿਸੇ ਹੋਰ ਗ੍ਰਹਿ ਤੋਂ ਉਤਰਿਆ ਹੈ ਜਿਸ ਨੂੰ ਇਸ ਧਰਤੀ ਦੇ ਲੋਕਾਂ ਦਾ ਮਜਾਜ਼ ਸਮਝ ਨਹੀਂ ਆਇਆ।

ਕਦੇ ਕਦੇ ਬਹੁਤ ਲੋਕ ਫਿਲਮ ਦੇਖਣ ਆ ਜਾਂਦੇ ਪਰ ਟਿਕਟ ਖਰੀਦ ਕੇ ਫਿਲਮ ਦੇਖਣ ਵਾਲੇ ਘੱਟ ਹੁੰਦੇ, ਅੱਧੇ ਕੁ। ਟਿਕਟ ਖਰੀਦ ਕੇ ਫਿਲਮ ਦੇਖਣ ਵਿਚ ਕਈਆਂ ਨੂੰ ਬੇਇਜ਼ਤੀ ਲਗਦੀ। ਟੀਨ ਦੀ ਚਾਦਰ ਦੀ ਕਿਸੇ ਨੁੱਕਰ ਨੂੰ ਜੋਰ ਲਾ ਕੇ ਪਰੇ ਸਰਕਾਂਦੇ ਤੇ ਪੂਰੀ ਮੁਸ਼ੱਕਤ ਬਾਅਦ ਅੰਦਰ ਘੁਸਦੇ। ਕਦੀ ਕਮੀਜ਼ ਫਟਦੀ ਕਦੀ ਜਿਸਮ ਝਰੀਟਾਂ ਕਾਰਨ ਲਹੂ ਲੁਹਾਣ ਹੁੰਦਾ।

ਕਿਸੇ ਕੋਨੇ ਵਿਚ ਖਲੋਤਾ ਮੋਹਨ ਲਾਲ ਇਹ ਤਮਾਸ਼ਾ ਦੇਖਦਾ ਮੁਸਕਰਾਂਦਾ ਰਹਿੰਦਾ। ਕਿਸੇ ਨੂੰ ਕੁਝ ਨਾ ਆਖਦਾ, ਉਦੋਂ ਕੁਝ ਉਦਾਸ ਹੋ ਜਾਂਦਾ ਜਦੋਂ ਕਿਸੇ ਦੇ ਵਧੀਕ ਝਰੀਟਾਂ ਵਜ ਜਾਂਦੀਆਂ ਜਾਂ ਕਮੀਜ਼ ਫਟ ਜਾਂਦੀ। ਕੋਈ ਮੁੰਡਾ ਕੋਸ਼ਿਸ਼ਾਂ ਦੇ ਬਾਵਜੂਦ ਅੰਦਰ ਨਾ ਘੁਸ ਸਕਦਾ ਤਾਂ ਮੋਹਨ ਲਾਲ ਉਸ ਨੂੰ ਬੁਲਾ ਲੈਂਦਾ, ਜੇਬ ਵਿਚੋਂ ਫ੍ਰੀ ਪਾਸ ਕੱਢ ਕੇ ਹਸਤਾਖਰ ਕਰਦਾ ਤੇ ਆਖਦਾ, ਹਜ਼ੂਰ ਅੱਜ ਦਾ ਸ਼ੋਅ ਮੇਰੇ ਵਲੋਂ ਤੁਹਫਾ।

ਬੰਦਾ ਕੁਝ ਉਲਝ ਜਾਂਦਾ, ਮੋਹਨ ਲਾਲ ਮੁਸਕਰਾਉਂਦਾ। ਇਸ ਸਿਨੇਮਾ ਦੁਆਲੇ ਚੱਕਰ ਲਾਉਣ ਦੇ ਇਲਾਵਾ ਹੋਰ ਕੋਈ ਕੰਮ ਨਹੀਂ। ਧੂੰਆਂ ਉਗਲ ਰਿਹੈ ਕਿ ਦਰਦ? ਲੋਕ ਉਸ ਦੇ ਕਿਰਦਾਰ 'ਤੇ ਹੈਰਾਨ ਹੁੰਦੇ। ਉਹ ਲੋਕਾਂ 'ਤੇ ਹੈਰਾਨ ਹੁੰਦਾ। ਸੋਚਦਾ, ਜਿਨ੍ਹਾਂ ਨੂੰ ਟੀਨਾਂ ਵਿਚੋਂ ਦੀ ਘੁਸ ਕੇ ਫਿਲਮ ਦੇਖਣ ਦਾ ਸੁਆਦ ਆਉਂਦਾ ਹੈ, ਮੈਂ ਉਨ੍ਹਾਂ ਲਈ ਬੇਸੁਆਦੀ ਕਾਹਨੂੰ ਕਰਾਂ?

ਉਸ ਅੰਦਰ ਦੁਖ ਦਾ ਰੰਗਮੰਚ ਚਲਦਾ। ਦੁਖ ਬਿਨਾ ਉਸ ਦਾ ਕੋਈ ਸਕਾ ਨਹੀਂ ਸੀ। ਅੰਨ੍ਹੇ ਧੂੰਏਂ ਰਾਹੀਂ ਦੁਖ ਦੀ ਵਿਆਖਿਆ ਕਰਦਾ ਦਿਖਾਈ ਦਿੰਦਾ। ਘੱਟ ਬੋਲਦਾ ਕਿਉਂਕਿ ਅੰਦਰ ਵਧੀਕ ਸ਼ੋਰ ਹੁੰਦਾ...ਇਹ ਸ਼ੋਰ ਕੇਵਲ ਮੋਹਨ ਲਾਲ ਨੂੰ ਸੁਣਦਾ। ਅੰਦਰਲਾ ਸ਼ੋਰ ਬਾਹਰਲੀਆਂ ਆਵਾਜ਼ਾਂ ਤੋਂ ਡਰਦਾ ਤ੍ਰਹਿੰਦਾ। ਪ੍ਰੋਜੈਕਟਰ ਚੱਲਣ ਲਗਦਾ ਤਾਂ ਓਪਰੇਟਰ ਦੀਨਾ ਨਾਥ ਦੇ ਬਰਾਬਰ ਖਿੜਕੀ ਵਿਚ ਆਪ ਵੀ ਬੈਠ ਜਾਂਦਾ। ਦੀਨਾ ਨਾਥ ਨੂੰ ਉਸ ਦੀ ਉਦਾਸੀ ਦਾ ਪਤਾ ਸੀ। ਆਪਣੀ ਪਤਨੀ ਨੂੰ ਬਹੁਤ ਪਿਆਰ ਕਰਦਾ ਸੀ। ਕਿਸੇ ਗੱਲੋਂ ਨਾਰਾਜ਼ ਹੋ ਕੇ ਚਲੀ ਗਈ ਸੀ। ਮੋਹਨ ਲਾਲ ਬੁਲਾਉਣ ਨਹੀਂ ਗਿਆ, ਆਪ ਆਈ ਨਹੀਂ। ਕੁਝ ਪ੍ਰੇਮ ਇਸ ਤਰ੍ਹਾਂ ਵੀ ਖਤਮ ਹੁੰਦੇ ਨੇ...ਚੁਪ ਚੁਪੀਤੇ। ਸ਼ੌਕ ਨਾਲ ਤਿਣਕੇ ਇਕੱਠੇ ਕਰਨ ਵਾਲੇ, ਸ਼ਾਨ ਨਾਲ ਆਹਲਣਾ ਖਿਲਰਦਾ ਦੇਖਦੇ ਹਨ।

ਇਕ ਰਾਤ ਪ੍ਰੋਜੈਕਟਰ ਦੇ ਸਪੂਲ ਉਤੇ ਆਖਰੀ ਰੀਲ ਘੁੰਮ ਰਹੀ ਸੀ। ਮੋਹਨ ਲਾਲ ਦੇ ਜੀਵਨ ਦੀ ਆਖਰੀ ਰੀਲ। ਦਿਲ ਦਾ ਦੌਰਾ ਪਿਆ...ਬਸ...ਉਥੇ ਹੀ ਖਤਮ। ਮੋਹਨ ਲਾਲ ਵੀ ਫਿਲਮ ਦੇ ਉਸ ਸੀਨ ਵਾਂਗ ਹੋ ਗਿਆ ਜਿਥੇ ਹੀਰੋ ਦੇ ਮਰਨ ਬਾਅਦ ਕੁਝ ਨਹੀਂ ਬਚਦਾ ਸਿਵਾਇ ਦਰਦ ਦੇ...ਹੰਝੂਆਂ ਦੇ...ਯਾਦਾਂ ਦੇ...ਮਾਰਮਿਕ ਕਿੱਸੇ ਦੇ।

## ਕਾਵਿ-ਮੰਚ

### ਕੌੜਾ ਸੱਚ

ਕੋਈ ਫੁੱਟ ਦੇ ਕਾਰਨ ਰਹਿ ਗਿਆ ਏ।
ਕੋਈ ਧੱਕੇ ਨਾਲ ਬਾਜ਼ੀ ਲੈ ਗਿਆ ਏ।
ਮਾਇਆ ਧਾਰੀਆਂ ਹੱਥ ਅਗਵਾਈ ਏ।
ਕਾਰੂ ਬਾਦਸ਼ਾਹ ਵਾਲੀ ਸੋਚ ਅਪਨਾਈ ਏ।
ਕਿਤੇ ਜੰਗ ਨਾ ਰਹੀ ਅਸੂਲਾਂ ਦੀ।
ਖਿੱਲੀ ਉਡਦੀ ਹਰ ਥਾਂ ਰੂਲਾਂ ਦੀ।
ਬੁਰਾ ਹਾਲ ਈਮਾਨ ਤੇ ਸੱਚ ਦਾ ਏ।
ਝੂਠ ਧਰਮ 'ਤੇ ਭਾਰੂ ਹੋ ਕੇ ਨੱਚਦਾ ਏ।

ਕੇਸਾਂ ਤੇ ਦਸਤਾਰਾਂ ਬਿਨ ਸਰਦਾਰੀ ਏ।
ਨਸ਼ੇ ਅਪਨਾ ਕੇ ਰਹਿਤ ਵਿਸਾਰੀ ਏ।
ਰਾਜਨੀਤੀ ਧਰਮ 'ਤੇ ਹੋਈ ਭਾਰੂ ਏ।
ਗੁਰਧਾਮਾਂ 'ਤੇ ਬੋਲ-ਬਾਲਾ ਸਰਕਾਰੂ ਏ।
ਹੁਣ ਵਾੜ ਆਪ ਖੇਤ ਨੂੰ ਖਾਂਦੀ ਏ।
ਮਾਲੀ ਦੀ ਪੇਸ਼ ਕੋਈ ਨਾ ਜਾਂਦੀ ਏ।

ਗੈਰਤਮੰਦਾਂ ਨੂੰ ਆਖਣ ਅਤਿਵਾਦੀ ਨੇ।
ਮਰੀਆਂ ਹੋਈਆਂ ਜ਼ਮੀਰਾਂ ਸੱਤਵਾਦੀ ਨੇ।
ਪੁੱਛਦੇ ਨਹੀਂ ਉਚੇ ਸੁੱਚੇ ਕਿਰਦਾਰਾਂ ਨੂੰ।
ਉਚੇ ਅਹੁਦੇ ਦੇਣ ਖੁਸ਼ਾਮਦਦਾਰਾਂ ਨੂੰ।

ਹੁਣ ਰਾਖੇ ਹੀ ਫਾਂਸੀਆਂ ਉਤੇ ਚੜ੍ਹਦੇ ਨੇ।
ਸੰਨ ਲਾਉਣ ਵਾਲੇ ਹਕੂਮਤਾਂ ਕਰਦੇ ਨੇ।
ਉਨ੍ਹਾਂ ਨੇ ਕੀ ਬਚਾਉਣਾ ਜੰਗਬਾਜ਼ਾਂ ਨੂੰ।
ਜਿਨ੍ਹਾਂ ਦੀ ਮੌਤ ਨਾਲ ਭੋਗਦੇ ਰਾਜਾਂ ਨੂੰ।
ਮੁੱਲ ਪੈਣੇ ਸੱਚ ਦੇ ਵਣਜਾਰਿਆਂ ਦੇ।
ਕੌਡੀ ਮੁੱਲ ਨਾ ਪੈਂਦੇ ਸਿਦਕੋਂ ਹਾਰਿਆਂ ਦੇ।

ਮਿਸ਼ਨਰੀਆਂ ਤੇ ਬਾਬਿਆਂ ਵਿਚ ਲੜਾਈ ਏ।
ਹੁਣ ਇੱਕ ਦੂਜੇ 'ਤੇ ਜਾਂਦੇ ਦੋਸ਼ ਲਗਾਈ ਏ।
ਕੋਈ ਆਖੇ ਇਹ ਬ੍ਰਹਮਣਵਾਦ ਫਲਾਉਂਦੇ ਨੇ।
ਕੋਈ ਆਖੇ ਨਾਸਤਿਕ ਸਾਨੂੰ ਬਣਾਉਂਦੇ ਨੇ।

ਕੋਈ ਸਹਿਜਧਾਰੀ ਸਿੱਖ ਅਖਵਾਉਂਦਾ ਏ।
ਕੋਈ ਗੁਰਮਤਿ ਨੂੰ ਹੀ ਸੀਸ ਝੁਕਾਉਂਦਾ ਏ।
ਸਿੱਖੀ ਤੇ ਸਿੱਖਿਆ ਜਿਨ੍ਹਾਂ ਅਪਨਾਉਣੀ ਏ।
ਉਨ੍ਹਾਂ ਸਿੱਖਾਂ ਨੇ ਸੱਚ ਦੀ ਮੰਜ਼ਲ ਪਾਉਣੀ ਏ।
'ਜੋਗੇ' ਵਰਗਿਆਂ ਦੀ ਮੰਜ਼ਲ ਅਜੇ ਅਧੂਰੀ ਏ।
ਤਾਰੂ ਸਿੰਘ ਵਰਗਿਆਂ ਦੀ ਸਿੱਖੀ ਪੂਰੀ ਏ।

*-ਜੋਗਾ ਸਿੰਘ ਨਿਊ ਜਰਸੀ*
*ਫੋਨ:201-376-4945*

### ਸੱਚ ਦੇ ਪਹਿਰੇਦਾਰ

ਸਾਡਾ ਨਾਂ ਲਿਖਿਆ ਜਾਊਗਾ
ਪੱਥਰਾਂ ਅਤੇ ਚਟਾਨਾਂ 'ਤੇ।
ਇਕ ਦਿਨ ਵੇਖੀਂ ਹੋਣਾ
ਇਹ ਸਾਰਿਆਂ ਦੀ ਜ਼ੁਬਾਨਾਂ 'ਤੇ।

ਸੱਚ ਲਿਖਿਆ ਸੱਚ ਲਿਖਦੇ ਆਂ
ਸੱਚ ਦੇ ਪਹਿਰੇਦਾਰ ਅਸੀਂ,
ਸਾਡੀ ਸ਼ਾਇਰੀ ਕਦੇ ਨਾ ਵਿਕਣੀ
ਝੂਠ ਦੀਆਂ ਦੁਕਾਨਾਂ 'ਤੇ।

ਧੁਖਦੀ ਧਰਤੀ ਤਪਦੇ ਪੈਂਡੇ
ਉਸ ਮੰਜ਼ਲ ਦੇ ਰਾਹੀ ਹਾਂ,
ਮਰਨੋਂ ਕਦੇ ਨਾ ਡਰਦੇ ਭਾਵੇਂ
ਪਹਿਰਾ ਏ ਸ਼ਮਸ਼ਾਨਾਂ 'ਤੇ।

ਮਾਸੂਮਾਂ ਦੇ ਲਹੂ ਨਾ'
ਹੋਲੀ ਖੇਡੀ ਖੜ੍ਹ ਬਜੀਦੇ ਨੇ,
ਭੁੱਲ ਗਏ ਕਾਜ਼ੀ ਖਾ ਕੇ ਕਸਮਾਂ
ਧਰ ਕੇ ਹੱਥ ਕੁਰਾਨਾਂ 'ਤੇ।

ਨ੍ਹੇਰਿਆਂ ਦੇ ਵਿਚ ਜੁਗਨੂੰ ਬਣ ਕੇ
ਜਿਸ ਦਿਨ ਆਪਾਂ ਚਮਕਾਂਗੇ,
ਅੰਬਰੀਂ ਤਾਰੇ ਚੜ੍ਹਨੇ ਨਾ
ਤੂੰ ਵੇਖ ਲਈ ਅਸਮਾਨਾਂ 'ਤੇ।

*-ਅਜੇ ਤਨਵੀਰ*

*Visit us on the web:*
**wwwpunjabtimesusa.com**
*e-mail:punjabtimes1@sbcglobal.net*

# ਸਿੱਖ ਮਸਲਾ ਕੌਮਾਂਤਰੀ ਚੌਖਟੇ 'ਚ ਰੱਖ ਕੇ ਸਮਝਣ ਦੀ ਕੋਸ਼ਿਸ਼ ਕਰਦਿਆਂ

***ਨਾਵਲਕਾਰ ਜਸਵੰਤ ਸਿੰਘ ਕੰਵਲ ਬਾਰੇ ਲੇਖ ਦੇ ਇਸ ਦੂਜੇ ਭਾਗ ਵਿਚ ਗੁਰਦਿਆਲ ਸਿੰਘ ਬੱਲ ਨੇ ਕੌਮਾਂਤਰੀ ਸਾਹਿਤ ਖੇਤਰ ਦੀ ਪੜਚੋਲ ਕਰਦਿਆਂ ਕੌਮੀ ਸੰਘਰਸ਼ਾਂ ਦੀ ਹੋਣੀ ਬਾਰੇ, ਖਾਸ ਕਰਕੇ ਸ੍ਰੀਲੰਕਾ ਦੇ ਪ੍ਰਸੰਗ ਵਿਚ ਕੁਝ ਗੱਲਾਂ ਇਸ ਢੰਗ ਨਾਲ ਛੋਹੀਆਂ ਹਨ ਕਿ ਇਨ੍ਹਾਂ ਲੜਾਈਆਂ ਬਾਰੇ ਬਹਿਸ ਲਈ ਨਵੀਂ ਜ਼ਮੀਨ ਤਿਆਰ ਹੁੰਦੀ ਜਾਪਦੀ ਹੈ। ਸ੍ਰੀਲੰਕਾ ਦੇ ਦਮਦਾਰ ਕਮਿਊਨਿਸਟ ਆਗੂ ਰੋਹਾਨ ਵਿਜੇਵੀਰਾ ਜਿਸ ਨੂੰ ਉਮਰ ਕੈਦ ਦੀ ਸਜ਼ਾ ਹੋਈ ਸੀ, ਬਾਰੇ ਉਹਨੇ ਵੱਖਰੇ ਪੈਂਤੜੇ ਤੋਂ ਗੱਲ ਕੀਤੀ ਹੈ। ਇਸੇ ਪੈਂਤੜੇ ਤੋਂ ਹੀ ਉਹ ਬਾਅਦ ਵਿਚ ਲਹੂ-ਲੁਹਾਨ ਹੋਏ ਸ੍ਰੀਲੰਕਾ ਦੇ ਵੇਰਵੇ ਦਰਜ ਕਰਦਾ ਹੈ। ਇਸ ਮੋਕਲੀ ਚਰਚਾ ਵਿਚ ਸਾਡਾ ਜਸਵੰਤ ਸਿੰਘ ਕੰਵਲ ਕਿਤੇ ਖਲੋਤਾ ਨਹੀਂ ਦਿਸਦਾ ਜਾਂ ਕਿਤੇ ਬਹੁਤ ਪਿਛਾਂਹ ਰਹਿ ਗਿਆ ਜਾਪਦਾ ਹੈ ਜਿਸ ਤਰ੍ਹਾਂ ਪੰਜਾਬ ਦੇ 'ਕਾਲੇ ਦਿਨਾਂ' ਦੌਰਾਨ ਲਿਖੀਆਂ ਉਸ ਦੀਆਂ ਲਿਖਤਾਂ ਕਿਤੇ ਪਿਛਾਂਹ ਛੁੱਟ ਗਈਆਂ ਹਨ।-ਸੰਪਾਦਕ***

'ਮਿੱਤਰ ਪਿਆਰੇ ਨੂੰ' ਤੋਂ ਪਿਛੋਂ ਜਸਵੰਤ ਸਿੰਘ ਕੰਵਲ 'ਬਰਫ ਦੀ ਅੱਗ' ਅਤੇ 'ਤਾਰੀਖ ਵੇਖਦੀ ਹੈ' ਵਰਗੇ ਭਰਤੀ ਦੇ ਨਾਵਲ ਲਿਖਣ ਤੋਂ ਬਾਅਦ ਇਕ ਵਾਰ ਮੁੜ 'ਰਾਤ ਬਾਕੀ ਹੈ' ਵਾਲੀ ਆਪਣੀ ਪੁਰਾਣੀ ਪਹਿਲ-ਤਾਜ਼ਗੀ ਵੱਲ ਪਰਤਦੇ ਪ੍ਰਤੀਤ ਹੋਏ ਜਦੋਂ ਉਨ੍ਹਾਂ ਪੰਜਾਬ ਦੀ ਨਕਸਲੀ ਲਹਿਰ ਤੇ ਆਧਾਰਤ 'ਲਹੂ ਦੀ ਲੋਅ' ਦੇ ਰੂਪ ਵਿਚ ਵਧੀਆ ਨਾਵਲ ਦੀ ਸਿਰਜਣਾ ਕੀਤੀ। ਇਸ


**ਗੁਰਦਿਆਲ ਸਿੰਘ ਬੱਲ**

ਨਾਵਲ ਦੇ ਹੱਕ ਅਤੇ ਵਿਰੋਧ ਵਿਚ ਹੁਣ ਤੱਕ ਬੜਾ ਕੁਝ ਕਿਹਾ ਜਾ ਚੁੱਕਾ ਹੈ-ਇਥੇ ਉਸ ਦੁਹਰਾਓ ਦੀ ਲੋੜ ਨਹੀਂ ਹੈ। ਦੁਰਭਾਗਵਸ ਲੋੜੀਂਦੀ ਸੂਝ ਅਤੇ ਸੋਝੀ ਦੀ ਘਾਟ ਕਾਰਨ ਇਸ ਤੋਂ ਬਾਅਦ ਉਨ੍ਹਾਂ 'ਐਨਿਆਂ 'ਚੋਂ ਉਠੋ ਸੂਰਮਾ' ਅਤੇ ਹੋਰ ਕਈ ਨਾਕਸ ਨਾਵਲ ਲਿਖੇ ਪ੍ਰੰਤੂ ਕੰਵਲ ਬਾਈ ਦੀ ਕਲਾਤਮਿਕ ਲਹਿਤ ਦੀ ਛੇਕੜ ਖਾੜਕੂ ਸਿੱਖ ਸੰਘਰਸ਼ ਨੂੰ ਆਧਾਰ ਬਣਾ ਕੇ ਲਿਖੇ 'ਖੂਨ ਕੇ ਸੋਹਿਲੇ ਗਾਵੀਅਹਿ ਨਾਨਕ' ਨਾਂ ਦੇ ਕਥਿਤ ਦਸਤਾਵੇਜ਼ੀ-ਇਤਿਹਾਸਕ ਨਾਵਲ ਰਾਹੀਂ ਹੁੰਦੀ ਹੈ।

ਮਿਥਿਹਾਸ, ਪ੍ਰਾਚੀਨ ਇਤਿਹਾਸ ਅਤੇ ਸਮਕਾਲ ਨੂੰ ਆਧਾਰ ਬਣਾ ਕੇ ਦੁਨੀਆਂ ਭਰ ਦੀਆਂ ਜ਼ਬਾਨਾਂ ਵਿਚ ਬੇਬਹਾ ਸਾਹਿਤ ਸਿਰਜਣਾ ਹੋਈ ਹੈ। ਇਸ ਵਿਧਾ ਵਿਚ ਰਚੇ ਗਏ ਸਾਹਿਤ ਵਿਚ ਪੋਲੈਂਡ ਦੇ ਕੌਮੀ ਮੁਕਤੀ ਸੰਗਰਾਮ ਨੂੰ ਆਧਾਰ ਬਣਾ ਕੇ ਗੋਗੋਲ ਦੇ ਨਾਵਲ 'ਤਾਰਾਸ ਬੁਲਬਾ' ਜਾਂ ਯੂਨਾਨੀ ਟਾਪੂ ਕਰੀਟ ਵਿਚ ਤੁਰਕਾਂ ਵਿਰੁਧ ਮੁਕਤੀ ਸੰਗਰਾਮ ਨੂੰ ਆਧਾਰ ਬਣਾ ਕੇ ਨਿਕੋਸ ਕਜ਼ਾਂਤਕ੍ਰਿਸ ਦੇ ਅਮਰ ਨਾਵਲ 'ਫਰੀਡਮ ਆਰ ਡੈਥ' ਦੀ ਗੱਲ ਵਿਸ਼ੇਸ਼ ਤੌਰ ਤੇ ਕੀਤੀ ਜਾ ਸਕਦੀ ਹੈ। ਸਡੇ ਆਪਣੇ ਇਥੇ ਬੰਗਾਲੀ ਅਤੇ ਮਰਾਠੀ ਭਾਸ਼ਾਵਾਂ ਵਿਚ ਅਨੇਕਾਂ ਉਚ ਪਾਏ ਦੇ ਇਤਿਹਾਸਕ ਨਾਵਲ ਲਿਖੇ ਗਏ ਹਨ। ਬੰਗਾਲੀ ਵਿਚ ਦਾਰਾ ਸ਼ਿਕੋਹ ਦੇ ਜੀਵਨ ਸੰਘਰਸ਼ ਦੇ ਆਧਾਰ 'ਤੇ ਹਜ਼ਾਰ, ਹਜ਼ਾਰ ਪੰਨਿਆਂ ਵਿਚ ਫੈਲੇ ਨਾਵਲ (ਸ਼ਿਵਾ ਜੀ ਸਾਵੰਤ ਰਚਿਤ 'ਛਾਵਾ' ਅਤੇ ਸ਼ਮਅਲ ਗੰਗੋਪਾਧਿਆਇ) ਜਾਂ ਮਰਾਠੀ ਵਿਚ ਸ਼ਿਵਾ ਜੀ ਮਰਹੱਟਾ ਦੇ ਵੱਡੇ ਪੁੱਤਰ ਸ਼ੰਭਾ ਜੀ ਦੇ ਮੁਗਲਾਂ ਵਿਰੁਧ ਲਹੂ ਵੀਟਵੇਂ ਸੰਘਰਸ਼ ਦੇ ਆਧਾਰ 'ਤੇ ਲਿਖੇ ਗਏ 'ਛਾਵਾ' ਨਾਂ ਦੇ ਵੱਡ ਆਕਾਰੀ ਕਲਾਸਿਕੀ ਨਾਵਲਾਂ ਦਾ ਕੋਈ ਜਵਾਬ ਹੀ ਨਹੀਂ ਹੈ।

ਇਨਸਾਨ ਮੁੱਢ ਕਦੀਮ ਤੋਂ ਆਜ਼ਾਦੀ ਅਤੇ ਚੰਗੇਰੀ ਜ਼ਿੰਦਗੀ ਲਈ ਸੰਘਰਸ਼ ਕਰਦਾ ਅਤੇ ਮਰਦਾ ਆਇਆ ਹੈ ਪ੍ਰੰਤੂ ਸੱਚੀ ਆਜ਼ਾਦੀ ਦਾ ਖੁਆਬ ਹਜ਼ਾਰਾਂ ਲੱਖਾਂ ਵਾਰ ਹਕੀਕਤ ਬਣਦਾ ਨਜ਼ਰ ਆਇਆ ਪਰ ਵਾਰ-ਵਾਰ ਸੁਪਨਾ ਹੀ ਸਾਬਤ ਹੁੰਦਾ ਰਿਹਾ ਹੈ। ਸਪੇਨ ਜਾਂ ਇਟਲੀ ਦੀ ਮਿਸਾਲ ਲਈ ਜਾ ਸਕਦੀ ਹੈ। 16ਵੀਂ ਸਦੀ 'ਚ ਕਦੀ ਜਮਾਨਾ ਉਹ ਵੀ ਸੀ, ਜਰਮਨੀ, ਫਰਾਂਸ ਤਾਂ ਛੱਡੋ ਇੰਗਲੈਂਡ ਦੀ ਵੀ ਉਸ ਤਰ੍ਹਾਂ ਦੀ ਕਿਧਰੇ ਵਾਈ ਧਾਈ ਨਹੀਂ ਸੀ ਜਦੋਂ ਸਪੇਨ ਦੁਨੀਆਂ ਦੀ ਸਭ ਤੋਂ ਸ਼ਕਤੀਸ਼ਾਲੀ ਪਾਤਸ਼ਾਹੀ ਹੁੰਦੀ ਸੀ। ਅਜੋਕੇ ਅਮਰੀਕਾ ਤੇ ਕਨੇਡਾ ਵਿਚ ਜਿੱਤਣ ਵਾਲਾ ਕੁਝ ਹੈ ਨਹੀਂ ਸੀ ਅਤੇ ਲਾਤੀਨੀ ਅਮਰੀਕਾ ਦੇ ਬਰਾਜ਼ੀਲ ਨੂੰ ਛੱਡ ਕੇ ਬਾਕੀ ਸਾਰੇ ਦੇਸ਼ਾਂ ਨੂੰ ਜਿੱਤ ਕੇ ਸਪੇਨੀ ਤਾਕਤ ਦਾ ਝੰਡਾ ਉਨ੍ਹਾਂ ਨੇ ਸਹਿਜੇ ਹੀ ਝੁਲਾ ਛੱਡਿਆ ਸੀ। ਰੋਮਨ ਕੈਥੋਲਿਕ ਧਰਮ ਦਾ ਮੁਕੰਮਲ ਬੋਲਬਾਲਾ ਸੀ ਅਤੇ ਦੇਸ਼ ਵਿਚ ਧਰਮ ਦੇ ਆਧਾਰ 'ਤੇ ਵੀ ਕੋਈ ਐਡੀ ਵੱਡੀ ਵੰਡੀ ਨਹੀਂ ਸੀ। ਇਸ ਦੇ ਬਾਵਜੂਦ ਅਨੇਕਾਂ ਕਾਰਨ ਸਨ ਜਿਨ੍ਹਾਂ ਕਰਕੇ 20ਵੀਂ ਸਦੀ ਤਕ ਉਹ ਯੂਰਪੀ ਕੌਮੀ ਭਾਈਚਾਰੇ ਦੇ ਸਭ ਤੋਂ ਗਰੀਬ ਮੈਂਬਰ ਦੀ ਪੁਜ਼ੀਸ਼ਨ ਤਕ ਨਿਘਰ ਗਿਆ ਸੀ। ਸਪੇਨੀ ਲੋਕ ਬੇਹੱਦ ਬੇਚੈਨ ਸਨ। ਸਪੇਨੀਆਂ ਦੀ ਅਜ਼ਮਤ ਦੀ ਬਹਾਲੀ ਲਈ ਸਮਾਂ ਵਿਹਾ ਚੁੱਕੇ ਜਗੀਰੂ ਨਿਜ਼ਾਮ ਦੀ ਜਗ੍ਹਾ ਨਵਾਂ ਜਮਹੂਰੀ ਨਿਜ਼ਾਮ ਕਾਇਮ ਕਰਨ ਲਈ 20ਵੀਂ ਸਦੀ ਦੀ ਸਭ ਤੋਂ ਖੂੰਖਾਰ ਘਰੇਲੂ ਜੰਗ ਸਪੇਨ ਦੀ ਧਰਤੀ ਉਪਰ ਹੀ ਲੜੀ ਗਈ ਸੀ ਜਿਸ ਵਿਚ ਲੱਖਾਂ ਲੋਕ ਮਾਰੇ ਗਏ ਸਨ, ਜਮਹੂਰੀ ਧਿਰਾਂ ਬੁਰੀ ਤਰ੍ਹਾਂ ਹਾਰ ਗਈਆਂ ਸਨ ਅਤੇ ਅਗਲੇ ਕਈ ਦਹਾਕਿਆਂ ਤਕ ਜਨਰਲ ਫਰਾਂਕੋ ਦੀ ਅਗਵਾਈ ਹੇਠ ਫਾਸ਼ੀ ਧਿਰਾਂ ਨੇ ਸਪੇਨੀ ਲੋਕਾਂ ਦੀ ਆਜ਼ਾਦੀ ਨਾਲ ਜਿਉਣ ਦੀ ਸੱਧਰ ਨੂੰ ਪਹਿਲਾਂ ਦੇ ਕਿਸੇ ਸਮੇਂ ਨਾਲੋਂ ਵੀ ਕਿਤੇ ਵੱਧ ਸਖਤੀ ਨਾਲ ਦਬਾਈ ਰੱਖਿਆ ਸੀ। ਰੈਨੇਸਾਂ ਕਾਲ ਦੇ ਸ਼ੁਰੂ ਤੋਂ ਲੈ ਕੇ ਹੀ ਉਥੇ ਨਾ ਤਾਂ ਮੁਗਲਸ਼ਾਹੀ ਵਰਗੀ ਕੋਈ ਵਿਦੇਸ਼ੀ ਤਾਕਤ ਕਾਬਜ਼ ਰਹੀ ਸੀ, ਨਾ ਅੰਗਰੇਜ਼ਾਂ ਵਰਗਾ ਕੋਈ ਧਾੜਵੀ ਹੀ ਲੁੱਟਦਾ ਰਿਹਾ ਸੀ ਅਤੇ ਨਾ ਹੀ ਅਜੋਕੇ ਭਾਰਤ ਵਾਂਗ ਹਿੰਦੂ ਭਾਈਚਾਰੇ ਦੇ ਪੈਟਰਨ ਤੇ ਕਿਸੇ ਇਕ ਧਰਮ ਵਿਸ਼ੇਸ਼ ਦੇ ਬਹੁਗਿਣਤੀ ਲੋਕਾਂ ਦੀ ਧੌਂਸ ਵਰਗੀ ਹੀ ਸਪੇਨ ਵਿਚ ਕੋਈ ਕਹਾਣੀ ਸੀ।...ਤਾਂ ਫਿਰ ਉਹ ਕਿਹੜੇ ਸਮਾਜਿਕ-ਇਤਿਹਾਸਕ ਤੇ ਰਾਜਨੀਤਕ ਕਾਰਨ ਸਨ ਜਿਨ੍ਹਾਂ ਕਰਕੇ ਸਪੇਨ ਦੇ ਲੋਕ 20ਵੀਂ ਸਦੀ ਦਾ ਬਹੁਤਾ ਸਮਾਂ ਕੱਖੋਂ ਹੌਲੇ ਹੋਏ ਰਹੇ। ਅਜਿਹੇ ਕਾਰਨਾਂ ਦੀ ਥਾਹ ਨਿਸ਼ਚੇ ਹੀ ਅਜਿਹੇ ਸਤਹੀ ਕਾਰਨ ਗਿਣਾ ਕੇ ਨਹੀਂ ਪਾਈ ਜਾ ਸਕਦੀ ਜਿਵੇਂ ਕੰਵਲ ਨੇ ਹੋਰੀ ਸਿੰਘ ਵਰਗੇ ਪਾਤਰਾਂ ਰਾਹੀਂ ਸਿੱਖ ਭਾਈਚਾਰੇ ਦੇ ਅਜੋਕੇ ਰਸਾਤਲ ਨੂੰ ਸਮਝਾਉਣ ਦਾ ਅਡੰਬਰ ਕੀਤਾ ਹੈ।

ਸਪੇਨ ਨੂੰ ਛੱਡੋ, ਚਲੋ ਇਟਲੀ ਦੀ ਗੱਲ ਹੀ ਕਰ ਲਈਏ। ਸਿਕੰਦਰ ਮਹਾਨ ਤੋਂ ਤੁਰੰਤ ਬਾਅਦ ਦੇ ਜ਼ਮਾਨੇ ਸਨ ਜਦੋਂ ਉਨ੍ਹਾਂ ਵਕਤਾਂ ਦੇ ਕੁੱਲ ਸਭਿਅਕ ਸੰਸਾਰ ਅੰਦਰ ਰੋਮਨਾਂ ਦੀ ਨਿਰਪੇਖ



*ਗਿਓਆਨੀ ਅਰਘੀ*

ਤਾਕਤ ਦਾ ਝੰਡਾ ਝੂਲਦਾ ਸੀ। ਸਦੀਆਂ ਅਜਿਹੀ ਸ਼ਾਨ ਬਣੀ ਰਹਿਣ ਤੋਂ ਬਾਅਦ ਪੁਰਾਣੇ ਰੋਮਨ ਸਾਮਰਾਜ ਦਾ ਜੇਕਰ ਪਤਨ ਵੀ ਹੋਇਆ ਤਾਂ ਮੱਧਕਾਲ ਵਿਚ ਆ ਕੇ ਇਸੇ ਖਿੱਤੇ ਵਿਚੋਂ ਰੋਮਨ ਪੋਪ ਦੀ ਸਿਆਸੀ ਸਰਦਾਰੀ ਸਥਾਪਤ ਹੋ ਗਈ। ਮੁਕੰਮਲ ਚੜ੍ਹਤ ਦੇ ਅਜਿਹੇ ਲੰਮੇ ਦੌਰ ਵੀ 19ਵੀਂ ਸਦੀ ਤਕ ਆਉਂਦਿਆਂ ਇਤਾਲਵੀ ਲੋਕਾਈ ਨੂੰ ਯੂਰਪੀ ਕੌਮਾਂ ਦੇ ਭਾਈਚਾਰੇ ਵਿਚ ਸਭ ਤੋਂ ਗਰਕੀ ਅਤੇ ਨਮੋਸ਼ੀ ਭਰੀ ਹਾਲਤ ਵਿਚ ਨਿਘਰ ਜਾਣ ਤੋਂ ਬਚਾ ਨਾ ਸਕੇ। ਆਜ਼ਾਦੀ ਅਤੇ ਸਵੈਮਾਣ ਦੀ ਸਿੱਕ ਰੱਖਣ ਵਾਲਾ ਸ਼ਾਇਦ ਹੀ ਕੋਈ ਸੁਖਮ ਹੋਵੇ ਜੋ ਇਤਾਲਵੀ ਲੋਕਾਂ ਦੇ 19ਵੀਂ ਸਦੀ ਦੇ ਮਹਾਂ ਨਾਇਕ ਗੈਰੀਬਾਲਡੀ ਦੇ ਨਾਂ ਤੋਂ ਜਾਣੂ ਨਾ ਹੋਵੇ।

ਇਹ ਮੈਜ਼ਿਨੀ ਅਤੇ ਗੈਰੀਬਾਲਡੀ ਵਰਗੇ ਮਹਾਂ ਮਾਨਵ ਹੀ ਸਨ ਜਿਨ੍ਹਾਂ 19ਵੀਂ ਸਦੀ ਦੇ ਦੂਸਰੇ ਅੱਧ 'ਚ ਜੰਗਲੀ ਜਨੌਰਾਂ ਵਾਂਗ ਆਪਸ ਵਿਚ ਲੜੀ ਭਿੜੀ ਜਾ ਰਹੇ ਅਤੇ ਆਪਸੀ ਫੁੱਟ ਕਾਰਨ ਅੰਤਾਂ ਦੀ ਮੰਦਹਾਲੀ ਦਾ ਸ਼ਿਕਾਰ ਮਹਾਨ ਰੋਮਨ ਸਭਿਅਤਾ ਦੇ ਵਾਰਸ, ਆਪਣੇ ਲੋਕਾਂ ਨੂੰ ਸੁਤੰਤਰਤਾ ਦੇ ਕਿਸੇ ਨਵੇਂ ਖੁਆਬ ਦੀ ਪ੍ਰੇਰਨਾ ਨਾਲ ਇਕ ਸੂਤਰ ਵਿਚ ਪਰੋਇਆ ਸੀ, ਮਾਨਵੀ ਬਰਾਬਰੀ 'ਤੇ ਆਧਾਰਤ ਰਿਪਬਲਿਕ ਕਾਇਮ ਕਰਕੇ ਆਧੁਨਿਕ ਜਮਹੂਰੀ ਨਿਜ਼ਾਮ ਦਾ ਮੁੱਢ ਬੰਨ੍ਹਿਆ ਸੀ।

ਗੈਰੀਬਾਲਡੀ ਅਤੇ ਮੈਜ਼ਿਨੀ ਦੇ ਖੁਆਬਾਂ ਦਾ ਹਕੀਕਤ ਵਿਚ ਬਦਲਨਾ ਤਾਂ ਦੂਰ-ਅਗਲੇ 50 ਵਰ੍ਹਿਆਂ ਤਕ ਉਥੇ ਪਿਛਲੇ ਸਮਿਆਂ ਵਾਂਗ ਹੀ ਸਿਆਸੀ ਅੰਧਕਾਰ ਦੀ ਸਥਿਤੀ ਬਣੀ ਰਹੀ ਸੀ। 20ਵੀਂ ਸਦੀ ਦੇ ਦੂਜੇ ਦਹਾਕੇ ਦੇ ਅੰਤ ਤੱਕ ਇਤਾਲਵੀ ਸਮਾਜ ਦੀਆਂ ਭਾਰੂ ਸਮਾਜਿਕ ਧਿਰਾਂ ਆਮ ਲੋਕਾਈ ਦੇ ਸਮਾਜਵਾਦੀ ਪ੍ਰਾਜੈਕਟ ਵੱਲ ਝੁਕ ਜਾਣ ਤੋਂ ਇੰਨੀ ਬੁਰੀ ਤਰ੍ਹਾਂ ਤ੍ਰਹਿ ਗਈਆਂ ਸਨ ਕਿ ਉਨ੍ਹਾਂ ਲਾਲ ਕ੍ਰਾਂਤੀ ਵਾਪਰ ਜਾਣ ਤੋਂ ਡਰਦਿਆਂ ਲੜਖੜਾ ਰਹੇ ਜਮਹੂਰੀ ਨਿਜ਼ਾਮ ਦਾ ਭੋਗ ਪਾ ਕੇ ਰਾਜਸੀ ਸੱਤਾ ਮੁਸੋਲੀਨੀ ਵਰਗੇ ਫਾਸ਼ਿਸਟ ਬਦਮਾਸ਼ ਦੇ ਹੱਥੀਂ ਇਕ ਤਰ੍ਹਾਂ ਖੁਦ ਹੀ ਸੌਂਪ ਦਿੱਤੀ। ਇਹ ਗੱਲ ਹਮੇਸ਼ਾਂ ਯਾਦ ਰਹਿਣੀ ਅਤੇ ਰੱਖੀ ਜਾਣੀ ਚਾਹੀਦੀ ਹੈ ਕਿ ਇਸ ਅਨਪੜ੍ਹ ਕਿਸਮ ਦੇ ਲੁੰਬੜ ਤਾਨਾਸ਼ਾਹ ਨੇ ਮਿਹਨਤਕਸ਼ ਜਮਾਤਾਂ ਨੂੰ ਮਹਾਨ ਇਤਾਲਵੀ ਸਭਿਆਚਾਰਕ ਵਿਰਸੇ ਅਤੇ ਸ਼ਾਨ ਦੀ ਬਹਾਲੀ ਦਾ ਸੁਪਨਾ ਦਿਖਾ ਕੇ ਹੀ ਗੁੰਮਰਾਹ ਕੀਤਾ ਸੀ ਪ੍ਰੰਤੂ ਹਕੀਕਤ ਵਿਚ ਕੀ ਵਾਪਰਿਆ ਅਤੇ ਫਾਸ਼ੀ ਨਿਜ਼ਾਮ ਨੇ ਲੋਕਾਂ ਦੀ ਦੁਰਦਸ਼ਾ ਕਿੰਜ ਕੀਤੀ, ਉਸ ਬਾਰੇ ਲੂੰ ਕੰਡੇ ਖੜ੍ਹੇ ਕਰ ਦੇਣ ਵਾਲੀਆਂ ਕਹਾਣੀਆਂ ਨਾਲ ਸੰਸਾਰ ਭਰ ਦੀਆਂ ਲਾਇਬ੍ਰੇਰੀਆਂ ਭਰੀਆਂ ਪਈਆਂ ਹਨ।

ਦੂਸਰੇ ਵਿਸ਼ਵ ਯੁੱਧ 'ਚ ਫਾਸ਼ੀ ਧਿਰਾਂ ਦੀ ਸ਼ਰਮਨਾਕ ਹਾਰ ਤੋਂ ਤੁਰੰਤ ਬਾਅਦ ਆਖਰ ਇਟਲੀ ਵਿਚ ਸਹੀ ਅਰਥਾਂ ਵਿਚ ਲੋਕ ਪੱਖੀ, ਜਮਹੂਰੀ ਨਿਜ਼ਾਮ ਕਾਇਮ ਹੋਣ ਦੀਆਂ ਉਜਲ ਸੰਭਾਵਨਾਵਾਂ ਬਣ ਗਈਆਂ ਸਨ ਪ੍ਰੰਤੂ ਇਤਿਹਾਸ ਦਾ ਇਹ ਕੇਹਾ ਮੰਦਭਾਗਾ ਵਿਰੋਧਾਭਾਸ ਸੀ ਕਿ ਅਜਿਹਾ ਹੋ ਨਾ ਸਕਿਆ। ਪੱਛਮੀ ਯੂਰਪੀ ਦੇਸ਼ਾਂ ਵਿਚ ਰਾਜਨੀਤੀ ਦਾ ਸਰੂਪ ਤੇ ਦਿਸ਼ਾ ਹੁਣ ਠੰਢੀ ਜੰਗ ਦੇ ਤਕਾਜ਼ੇ ਨਿਰਧਾਰਿਤ ਕਰ ਰਹੇ ਸਨ। ਇਟਲੀ ਵਿਚ ਜਮਹੂਰੀ ਪ੍ਰਣਾਲੀ ਬਹਾਲ ਹੋਈ ਪ੍ਰੰਤੂ ਰਾਜਨੀਤਕ-ਸਮਾਜਿਕ ਅਸਥਿਰਤਾ ਬਣੀ ਰਹੀ ਅਤੇ ਇਸ ਦਾ ਸਬੂਤ ਇਸ ਤੋਂ ਹੀ ਭਲੀਭਾਂਤ ਮਿਲ ਸਕਦਾ ਹੈ ਕਿ ਅਗਲੇ 50 ਵਰ੍ਹਿਆਂ ਵਿਚ (ਜੇ ਮੈਂ ਭੁੱਲਦਾ ਨਹੀਂ ਤਾਂ) ਸ਼ਾਇਦ 60 ਸਰਕਾਰਾਂ ਬਦਲੀਆਂ। ਮਾਫੀਆ ਤੰਤਰ ਫੈਲਦਾ ਗਿਆ, ਭ੍ਰਿਸ਼ਟਾਚਾਰ ਸਭ ਹੱਦਾਂ ਬੰਨੇ ਤੋੜ ਗਿਆ।

ਇਟਲੀ ਵਿਚ ਸਿਪਰੋ ਵਰਗੇ ਇਕ ਨਹੀਂ, ਅਨੇਕ ਪੂਰਵਜਾਂ ਤੇ ਸ਼ਾਨਾਮੱਤੀਆਂ ਸਭਿਆਚਾਰਕ ਅਤੇ ਵਿਚਾਰਕ ਸਮੂਹਿਕ ਯਾਦਾਂ ਵਾਲੇ ਵਿਰਸੇ ਦੇ ਬਾਵਜੂਦ ਭਲਾ ਅਜਿਹੀ ਦੁਰਦਸ਼ਾ ਕਿਉਂ ਹੋਈ? ਯਾਦ ਰੱਖੋ, ਇਟਲੀ ਨੂੰ ਨਾ ਕਦੇ ਬਾਬਰ ਜਾਂ ਅਬਦਾਲੀ ਵਰਗੇ ਜਰਵਾਣਿਆਂ ਦੀ ਮਾਰ ਪਈ ਸੀ, ਨਾ ਹੀ ਉਥੇ ਯੂਨਾਨੀਆਂ ਜਾਂ ਤੁਰਾਨੀਆਂ ਦਾ ਕਬਜ਼ਾ ਹੀ ਰਿਹਾ ਸੀ ਅਤੇ ਨਾ ਹੀ ਹਿੰਦੂ ਬਹੁਗਿਣਤੀ ਵਰਗਾ ਕੋਈ ਚੰਦਰਾ ਬਿਪਰ ਪ੍ਰਵਾਹ ਹੀ ਮੌਜੂਦ ਸੀ। ਇਸ ਦੇ ਕਾਰਨ ਲੱਭਣ ਲਈ ਨਿੱਕੀ-ਵੱਡੀ ਲਾਇਬ੍ਰੇਰੀ ਦੇ ਇਤਾਲਵੀ ਰੈਕ ਤੇ ਜਾ ਕੇ ਜਰਾ ਕੁ ਤਰੱਦਦ ਕਰਨ ਦੀ ਲੋੜ ਹੈ। ਤੁਹਾਨੂੰ ਬਹੁਤ ਕੁਝ ਮਿਲੇਗਾ-ਖੁਦ ਬਖੁਦ ਹੀ ਅੱਖਾਂ ਖੁੱਲ੍ਹਦੀਆਂ ਜਾਣਗੀਆਂ। ਇੰਨੀ ਗੱਲ ਪੱਕੀ ਹੈ ਕਿ ਇਟਲੀ ਦੀ ਅਜਿਹੀ ਭਿਆਨਕ ਮੰਦਹਾਲੀ ਲਈ ਜ਼ਿੰਮੇਵਾਰ ਕਾਰਨ ਉਹ ਨਹੀਂ ਸਨ ਜਿਨ੍ਹਾਂ ਦੀ ਦੁਹਾਈ ਦੇ ਕੇ ਉਨ੍ਹਾਂ ਨੂੰ ਮੁਸੋਲੀਨੀ ਨੇ ਗੁੰਮਰਾਹ ਕੀਤਾ ਸੀ ਜਾਂ ਜਿਸ ਤਰ੍ਹਾਂ ਦੇ ਕਾਰਨ ਕਿ ਸਿੱਖਾਂ ਦੀ ਮੰਦਹਾਲੀ ਲਈ ਕੰਵਲ ਸਾਹਿਬ ਵੱਲੋਂ ਸਾਡੇ ਆਪਣੇ ਸਮਿਆਂ ਵਿਚ ਗਿਣਾਏ ਜਾ ਰਹੇ ਹਨ।

ਪਾਠਕਾਂ ਦੇ ਮਨ ਵਿਚ ਇਹ ਸਵਾਲ ਲਾਜ਼ਮੀ ਉਭਰਨਾ ਚਾਹੀਦਾ ਹੈ ਕਿ ਯੂਨਾਨ-ਜਿਸ ਨੇ ਮਹਾਨ ਯੂਰਪੀ ਸਭਿਅਤਾ ਦੀ ਸ੍ਰੇਸ਼ਠਤਾ ਦੀ ਬੁਨਿਆਦ ਰੱਖੀ; ਜਿਸ ਨੇ ਪਲੈਟੋ, ਅਰਸਤੂ ਅਤੇ ਹੋਰ ਉਨ੍ਹਾਂ




ਵਰਗੇ ਹੀ ਅਣਗਿਣਤ ਚਿੰਤਕ ਪੈਦਾ ਕੀਤੇ, ਜਿਸ ਧਰਤੀ 'ਤੇ ਪ੍ਰਾਚੀਨ ਇਨਸਾਨ ਨੇ ਪ੍ਰਮਾਣਿਕ ਜਮਹੂਰੀ ਨਿਜ਼ਾਮ ਕਾਇਮ ਕਰਨ ਦੇ ਤਜਰਬੇ ਕੀਤੇ, ਉਸ ਦੀ ਸਮਾਜਿਕ-ਆਰਥਿਕ ਦਸ਼ਾ ਅੱਜ ਸਪੇਨੀਆਂ ਅਤੇ ਇਤਾਲਵੀਆਂ ਤੋਂ ਕਿਤੇ ਮਾੜੀ ਕਿਉਂ ਹੈ? ਮੱਧਕਾਲੀ ਯੂਰਪੀ ਇਤਿਹਾਸ ਦਾ ਕੋਈ ਮਜ਼ਾਕ ਹੀ ਹੋਵੇਗਾ ਕਿ ਅਣਖੀਲੇ ਯੂਨਾਨੀ ਆਟੋਮਾਨ ਤੁਰਕਾਂ ਤੋਂ ਹਾਰ ਕੇ ਕਈ ਸਦੀਆਂ ਤਕ ਉਨ੍ਹਾਂ ਦੇ ਦੁਬੇਲ ਬਣੇ ਰਹੇ। ਪ੍ਰੰਤੂ 19ਵੀਂ ਸਦੀ ਦੇ ਸ਼ੁਰੂ ਦੇ ਸਾਲਾਂ 'ਚ ਹੀ ਉਹ ਜਦੋਂ ਤੁਰਕਾਂ ਦੀ ਗੁਲਾਮੀ ਦਾ ਜੂਲਾ ਗਲੋਂ ਲਾਹੁਣ ਵਿਚ ਸਮੇਂ ਸਿਰ ਹੀ ਸਫਲ ਹੋ ਗਏ ਸਨ ਤਾਂ ਬਾਅਦ ਵਿਚ ਆ ਕੇ ਉਹ ਕੇਰਾਂ ਮੁੜ ਕਿੱਥੇ ਗੁੰਮ ਗਵਾਚ ਗਏ?

ਯਾਦ ਰਹੇ, ਦੂਜੇ ਵਿਸ਼ਵ ਯੁੱਧ ਦੌਰਾਨ ਪੂਰਾ ਯੂਨਾਨ ਕੇਰਾਂ ਫਾਸ਼ੀ ਧਿਰਾਂ ਦੇ ਕਬਜ਼ੇ ਵਿਚ ਆ ਗਿਆ ਸੀ ਪ੍ਰੰਤੂ ਬਹਾਦਰ ਯੂਨਾਨੀ ਲੋਕਾਂ ਨੇ ਫਾਸ਼ੀ ਗਲਬੇ ਵਿਰੁਧ ਆਪਣਾ ਸੰਘਰਸ਼ ਇਕ ਦਿਨ ਲਈ ਵੀ ਮੱਠਾ ਨਾ ਪੈਣ ਦਿੱਤਾ ਅਤੇ ਯੂਨਾਨ ਦੀ ਕਮਿਊਨਿਸਟ ਪਾਰਟੀ ਨੇ ਇਸ ਸੰਘਰਸ਼ ਵਿਚ ਮੋਹਰੀ ਭੂਮਿਕਾ ਨਿਭਾਈ। ਫਾਸ਼ੀ ਧਿਰਾਂ ਦੀ ਹਾਰ ਤੋਂ ਬਾਅਦ ਯੂਨਾਨ ਵਿਚ ਸਹੀ ਅਰਥਾਂ ਵਿਚ ਮਾਨਵੀ ਇਨਸਾਫ ਅਤੇ ਬਰਾਬਰੀ 'ਤੇ ਆਧਾਰਤ ਨਿਜ਼ਾਮ ਕਾਇਮ ਕਰਨ ਲਈ ਬੇਹੱਦ ਖੂੰਖਾਰ ਖਾਨਾਜੰਗੀ ਸ਼ੁਰੂ ਹੋ ਗਈ ਜਿਸ ਵਿਚ ਸਪੇਨ ਵਾਂਗ ਹੀ ਇਕ ਵਾਰ ਮੁੜ ਖਰੀਆਂ ਜਮਹੂਰੀ ਧਿਰਾਂ ਹਾਰ ਗਈਆਂ। ਯੂਨਾਨ ਦੀ ਘਰੋਗੀ ਜੰਗ ਦਾ ਭਿਆਨਕ ਨਜ਼ਾਰਾ ਕਿਨੇ ਕਰਨਾ ਹੋਵੇ ਤਾਂ ਉਹ ਹੋਰ ਅਨੇਕਾਂ ਇਤਿਹਾਸਕ ਕਿਤਾਬਾਂ ਤੋਂ ਕਿਤੇ ਵੱਧ ਸਜੀਵ ਰੂਪ 'ਚ ਨਿਕੋਸ ਕਜ਼ਾਂਤਜੈਕਿਸ ਦਾ 'ਫਰੈਟਰੀਸਾਈਡਜ਼' ਨਾਂ ਦਾ ਜਗਤ ਪ੍ਰਸਿੱਧ ਨਾਵਲ ਪੜ੍ਹ ਕੇ ਕਰ ਸਕਦਾ ਹੈ।


ਘਰੇਲੂ ਜੰਗ ਵਿਚ ਜਮਹੂਰੀ ਧਿਰਾਂ ਦੀ ਹਾਰ ਦੇ ਬਾਵਜੂਦ ਕੁਝ ਵਰ੍ਹਿਆਂ ਬਾਅਦ ਯੂਨਾਨੀ ਦੇਸ਼ ਵਿਚ ਜਮਹੂਰੀ ਪ੍ਰਣਾਲੀ ਕਾਇਮ ਕਰਨ ਵਿਚ ਸਫਲ ਤਾਂ ਹੋਏ ਪ੍ਰੰਤੂ ਇਹ ਯਤਨ ਦੇਰ ਪਾ ਸਾਬਤ ਨਾ ਹੋ ਸਕਿਆ। 60ਵਿਆਂ ਦੇ ਦਹਾਕੇ ਦੌਰਾਨ ਦੁਨੀਆਂ ਦੇ ਅਜਿਹੇ ਮਹਾਨ ਵਿਰਸੇ ਤੇ ਗੌਰਵ ਵਾਲੀ ਸਭਿਅਤਾ ਦੇ ਇਹ ਵਾਰਸ ਸੋਵੀਅਤ ਰੂਸ ਅਤੇ ਅਮਰੀਕਾ ਵਿਚਾਲੇ ਚਲ ਰਹੀ ਠੰਢੀ ਜੰਗ ਦੀ ਬਹੁਤ ਹੀ ਬੁਰੀ ਫੇਟ ਵਿਚ ਆ ਗਏ ਅਤੇ ਅਮਰੀਕਨ ਸੀ.ਆਈ.ਏ. ਦੀ ਸਰਗਰਮ ਸ਼ਹਿ 'ਤੇ ਫੌਜੀ ਹੁਕਮਰਾਨਾਂ ਨੇ ਦੇਸ਼ ਦੇ ਲੋਕਾਂ 'ਤੇ ਬਹੁਤ ਕਰੂਰ ਕਿਸਮ ਦੀ ਤਾਨਾਸ਼ਾਹੀ ਠੋਸ ਦਿੱਤੀ।

ਮਨ 'ਚ ਆਉਂਦਾ ਹੈ ਕਿ ਭਾਰਤ ਦੀ ਆਜ਼ਾਦੀ ਤੋਂ ਬਾਅਦ ਦੀ ਆਮ ਸਥਿਤੀ, ਸਿੱਖ ਸਮੱਸਿਆ ਅਤੇ ਉਸ ਬਾਰੇ ਕੰਵਲ ਦੀ ਸਿਰੇ ਦੀ ਸਿੱਧ ਪੱਧਰੀ ਅਤੇ ਨਿਰਛਲ ਜਿਹੀ ਸਮਝ ਅਤੇ ਇਸ ਦੀ 'ਖੂਨ ਦੇ ਸੋਹਿਲੇ ਗਾਵੀਅਹਿ ਨਾਨਕ' ਵਰਗੇ ਉਨ੍ਹਾਂ ਦੇ ਸਿਖਰਲੇ ਇਤਿਹਾਸਕ-ਦਸਤਾਵੇਜ਼ੀ ਨਾਵਲ ਵਿਚ ਪੇਸ਼ਕਾਰੀ ਬਾਰੇ ਹੋਰ ਚਰਚਾ ਤੋਂ ਪਹਿਲਾਂ ਚੀਨ, ਜਪਾਨ, ਇੰਡੋਨੇਸ਼ੀਆ, ਥਾਈਲੈਂਡ ਅਤੇ ਫਿਲੀਪੀਨ ਜਾਂ ਪਾਕਿਸਤਾਨ ਤੇ ਅਫਗਾਨਿਸਤਾਨ ਦੇ 20ਵੀਂ ਸਦੀ ਦੇ ਦੂਸਰੇ ਅੱਧ ਦੇ ਇਤਿਹਾਸ 'ਤੇ ਮੋਟੀ ਜਿਹੀ ਨਿਗਾਹ ਤਾਂ ਮਾਰੀਏ ਹੀ, ਬਰਮਾ ਅਤੇ ਸ੍ਰੀਲੰਕਾ ਦੇ ਬੇਹਦ ਭਿਆਨਕ ਇਤਿਹਾਸਕ ਤਜਰਬਿਆਂ ਦੇ ਕੁਝ ਵੇਰਵੇ ਵੀ ਜ਼ਰੂਰ ਸਾਂਝੇ ਕੀਤੇ ਜਾਣ। ਲੇਖ ਦੀ ਸੀਮਾ ਕਾਰਨ ਹਾਲ ਦੀ ਘੜੀ ਅਜਿਹਾ ਸ਼ਾਇਦ ਹੋ ਨਹੀਂ ਸਕਦਾ।

ਫਿਰ ਵੀ ਸ੍ਰੀਲੰਕਾ 'ਚ ਚੱਲੀ ਬੇਸਿਰਪੈਰ ਤੇ ਅੰਤਾਂ ਦੀ ਖੂੰਖਾਰ ਘਰੋਗੀ ਜੰਗ ਬਾਰੇ ਥੋੜ੍ਹੀ ਜਿਹੀ ਚਰਚਾ ਤਾਂ ਕਰ ਹੀ ਲੈਣੀ ਚਾਹੀਦੀ ਹੈ। ਇਹ ਨਿੱਕਾ ਜਿਹਾ ਟਾਪੂਨੁਮਾ ਦੇਸ਼ ਵੀ ਅੰਗਰੇਜ਼ਾਂ ਦੇ ਕਬਜ਼ੇ ਦਾ ਸ਼ਿਕਾਰ ਰਿਹਾ ਅਤੇ ਭਾਰਤ ਤੋਂ ਜਲਦੀ ਪਿਛੋਂ ਹੀ ਬਿਨਾ ਕਿਸੇ ਵੱਡੇ ਸਿਆਸੀ ਵਿਰੋਧ ਦੇ ਅੰਗਰੇਜ਼ ਆਜ਼ਾਦੀ ਦੇ ਕੇ ਚਲੇ ਗਏ। ਸ੍ਰੀਲੰਕਾ ਦੇ ਬਹੁਗਿਣਤੀ ਲੋਕ ਬੁੱਧ ਧਰਮ ਦੇ ਅਨੁਆਈ ਹਨ ਅਤੇ ਰਵਾਇਤੀ ਤੌਰ 'ਤੇ ਸ਼ਾਂਤ ਸੁਭਾਅ ਮੰਨੇ ਜਾਂਦੇ ਰਹੇ ਹਨ। ਦੇਸ਼ ਦੇ ਇਕ ਚੌਥਾਈ ਤੋਂ ਵੀ ਘੱਟ ਲੋਕ ਤਾਮਿਲ ਹਨ। 20ਵੀਂ ਸਦੀ ਦੇ ਦੂਸਰੇ ਅੱਧ ਦੌਰਾਨ ਦੁਨੀਆਂ ਦੇ ਹੋਰ ਅਨੇਕਾਂ ਦੇਸ਼ਾਂ ਵਾਂਗ ਸ੍ਰੀਲੰਕਾ ਵਿਚ ਵੀ ਮਾਰਕਸੀ-ਕਮਿਊਨਿਸਟ ਵਿਚਾਰਧਾਰਾ ਦਾ ਚੋਖਾ ਪ੍ਰਭਾਵ ਸੀ। ਇਕ ਜ਼ਮਾਨਾ ਸੀ ਕਿ ਦੇਸ਼ ਅੰਦਰ ਲਿਓਨ ਟਰਾਟਸਕੀ ਦੀ ਵਿਚਾਰਧਾਰਾ ਅਤੇ ਸ਼ਖਸੀਅਤ ਤੋਂ ਪ੍ਰੇਰਿਤ ਮਾਰਕਸੀ ਪਾਰਟੀ ਦਾ ਤਕੜਾ ਬੋਲਬਾਲਾ ਸੀ। ਅਸੀਂ ਪਹਿਲਾਂ ਹੀ ਕਹਿ ਚੁੱਕੇ ਹਾਂ ਕਿ ਮਾਨਵੀ ਆਜ਼ਾਦੀ ਦੀ ਸ਼ਾਹਰਾਹ ਕਦੀ ਵੀ ਸਿੱਧੀ ਨਹੀਂ ਹੁੰਦੀ ਬਲਕਿ ਬੜੀ ਗੁੰਝਲਦਾਰ ਹੁੰਦੀ ਹੈ। ਬਰਤਾਨਵੀ ਹਾਕਮਾਂ ਤੋਂ ਮੁਕਤੀ ਮਿਲਣ 'ਤੇ ਇਹ ਦੇਸ਼ ਅੰਦਰਲੀ ਘੱਟਗਿਣਤੀ ਤਾਮਿਲ ਧਿਰ ਨਹੀਂ ਸੀ ਜਿਸ ਨੇ ਇਸ ਆਜ਼ਾਦੀ ਦੇ ਹਕੀਕੀ ਖਾਸੇ 'ਤੇ ਸਵਾਲੀਆ ਨਿਸ਼ਾਨ ਲਾਉਣਾ ਸ਼ੁਰੂ ਕੀਤਾ ਬਲਕਿ ਇਹ ਤਾਂ ਬੁੱਧ ਧਰਮ ਨਾਲ ਸਬੰਧਤ ਸਿਨਹਾਲੀ ਲੋਕਾਈ ਹੀ ਸੀ ਜਿਸ ਨੇ ਦੇਸ਼ ਦੀਆਂ ਨਵੀਆਂ

**ਵਿਚਾਰ-ਚਰਚਾ**

ਹਕੂਮਤੀ ਧਿਰਾਂ ਵਿਰੁਧ ਰੋਹਪੂਰਨ ਖਾੜਕੂ ਸੰਘਰਸ਼ ਲਈ ਪ੍ਰਚਮ ਬੁਲੰਦ ਕਰਨਾ ਸ਼ੁਰੂ ਕੀਤਾ। ਭਾਰਤ ਵਿਚ ਨਕਸਲੀ ਅੰਦੋਲਨ ਦੇ ਪੈਟਰਨ 'ਤੇ ਲਗਭਗ ਉਸੇ ਸਮੇਂ ਹੀ ਦੇਸ਼ ਦੀ ਰਵਾਇਤੀ ਕਮਿਊਨਿਸਟ ਪਾਰਟੀ ਨੂੰ ਬੇਦਾਵਾ ਦੇ ਕੇ ਉਨ੍ਹਾਂ ਵਰ੍ਹਿਆਂ ਦੇ ਮਹਾਨ ਇਨਕਲਾਬੀ ਨਾਇਕ ਚੀ ਗਵੇਰਾ ਦੀ ਮਿਸਾਲ ਤੋਂ ਪ੍ਰੇਰਨਾ ਲੈਂਦਿਆਂ ਰੋਹਾਨ ਵਿਜੇਵੀਰਾ ਨਾਂ ਦੇ ਮਾਰਕਸਵਾਦੀ ਆਦਰਸ਼ਵਾਦੀ ਨੌਜਵਾਨ ਨੇ ਦੇਸ਼ ਭਰ 'ਚ ਨਵੀਂ ਪੀੜ੍ਹੀ ਨੂੰ ਦਿਨਾਂ ਵਿਚ ਹੀ ਇਕ ਤਾਰ ਵਿਚ ਪਰੋ ਕੇ ਸਰਕਾਰ ਨੂੰ ਤਕੜੀ ਹਥਿਆਰਬੰਦ ਚੁਣੌਤੀ ਦੇ ਦਿੱਤੀ। ਇਨਕਲਾਬੀਆਂ ਨੇ ਸਰਕਾਰ ਦਾ ਤਖਤਾ ਪਲਟਾ ਹੀ ਦਿੱਤਾ ਸੀ ਕਿ ਦੇਸ਼ ਦੀ ਰਾਸ਼ਟਰਪਤੀ ਸ੍ਰੀਮਤੀ ਭੰਡਾਰਨਾਇਕੇ ਦੀ ਹਾਲ ਪਾਹਰਿਆ 'ਤੇ ਕੌਮਾਂਤਰੀ ਭਾਈਚਾਰਾ ਇਨਕਲਾਬੀ-ਆਦਰਸ਼ਵਾਦੀਆਂ ਦੇ ਵਿਰੁਧ ਉਸ ਦੀ ਹਮਾਇਤ 'ਤੇ ਆ ਗਿਆ। ਸਥਿਤੀ ਦੀ ਵਿਡੰਬਨਾ ਇਹ ਹੈ ਕਿ ਇਹ ਪਹਿਲਾ ਮੌਕਾ ਸੀ ਕਿ ਜਦੋਂ ਭਾਰਤੀ, ਅਮਰੀਕੀ, ਰੂਸੀ ਤਾਂ ਛੱਡੋ




ਯਾਹੀਆ ਖਾਨ ਅਤੇ ਕਾਮਰੇਡ ਚੂ ਐਨ ਲਾਈ ਤੱਕ ਸਭ 'ਕੌਮਾਂਤਰੀ ਖਿਡਾਰੀ' ਰੋਹਾਨ ਵਿਜੇਵੀਰਾ ਅਤੇ ਉਸ ਦੇ ਪੈਰੋਕਾਰਾਂ ਵਿਰੁਧ ਭੁਗਤ ਗਏ। ਇਸ ਤਰ੍ਹਾਂ ਸ੍ਰੀਲੰਕਾ ਦੇ ਆਵਾਮ ਵਲੋਂ ਹਕੀਕੀ ਆਜ਼ਾਦੀ ਲਈ ਲਏ ਉਸ ਖਵਾਬ ਦਾ ਨਾ ਕੇਵਲ ਗਲਾ ਹੀ ਘੁਟਿਆ ਗਿਆ ਤੇ ਦੇਸ਼ ਦੇ ਹਜ਼ਾਰਾਂ ਸਪੁੱਤਰਾਂ ਦਾ ਖੂਨ ਹੀ ਵਹਾਇਆ ਗਿਆ ਸਗੋਂ ਕੁਦਰਤੀ ਸੁਹੱਪਣ ਨਾਲ ਮਾਲਾਮਾਲ ਇਸ ਖੂਬਸੂਰਤ ਖਿੱਤੇ ਦੇ ਲੋਕਾਂ ਵਿਚ ਫਿਰਕੂ-ਫਾਸ਼ਿਸਟ ਵੰਡ ਦੇ ਆਧਾਰ 'ਤੇ ਭਿਆਨਕ ਅਤੇ ਮਨਹੂਸ ਕਤਲੋਗਾਰਤ ਦਾ ਮੁੱਢ ਵੀ ਬੰਨ੍ਹ ਦਿੱਤਾ ਗਿਆ।

ਸਾਲ 1970 ਦੀ ਬਗਾਵਤ ਦੀ ਅਸਫਲਤਾ ਪਿੱਛੋਂ ਗ੍ਰਿਫਤਾਰ ਹੋ ਜਾਣ 'ਤੇ ਰੋਹਾਨ ਵਿਜੇਵੀਰਾ ਨੂੰ ਉਮਰ ਕੈਦ ਹੋਈ। ਮੁਕੱਦਮੇ ਦੌਰਾਨ ਆਪਣਾ ਪੱਖ ਸਪੱਸ਼ਟ ਕਰਨ ਲਈ ਕਚਹਿਰੀ ਵਿਚ ਦਿੱਤਾ ਗਿਆ ਉਸ ਦਾ ਭਾਸ਼ਨ ਆਜ਼ਾਦੀ ਅਤੇ ਮਾਨਵੀ ਸਵੈਮਾਨ ਦੀ ਚਾਹਤ ਲਈ ਇਕ ਮਿਸਾਲੀ ਦਸਤਾਵੇਜ਼ ਹੈ। ਪ੍ਰੰਤੂ ਸਥਿਤੀ ਦੀ ਪਹਿਲਾਂ ਤੋਂ ਕਿਤੇ ਵਡੇਰੀ ਦੂਸਰੀ ਵਿਡੰਬਨਾ ਇਹ ਹੈ ਕਿ ਕੋਈ 7 ਵਰ੍ਹੇ ਲੰਮੀ ਕਰੜੀ ਕੈਦ ਕੱਟਣ ਤੋਂ ਬਾਅਦ ਰਿਹਾ ਹੋ ਕੇ ਬਾਹਰ ਆਉਣ 'ਤੇ ਰੋਹਾਨ ਵਿਜੇਵੀਰਾ ਨੇ ਸਿਆਸੀ ਹਾਰਾਕੀਰੀ ਇਹ ਕੀਤੀ ਕਿ ਆਪਣੇ ਆਪ ਨੂੰ ਰੈਡੀਕਲ ਸਿਨਹਾਲੀ ਕੌਮਵਾਦ ਦਾ ਦੂਤ ਬਣਾ ਕੇ ਪੇਸ਼ ਕਰਨਾ ਸ਼ੁਰੂ ਕਰ ਦਿੱਤਾ। ਜੇਲ੍ਹ ਵਿਚ ਰਹਿੰਦਿਆਂ ਉਸ ਨੂੰ ਮਾਰਕਸੀ ਸਿਧਾਂਤ ਅੰਦਰ ਖੁਸ਼ਕ ਨਿਰਪੇਖਤਾ ਦੀ ਕਾਣ ਨਜ਼ਰ ਆਉਣ ਲੱਗੀ। ਇਸ ਦਾ 'ਇਲਾਜ' ਉਹ ਆਪਣੇ ਨਵੇਂ 'ਇਲਹਾਮੀ' ਸੁਰ ਵਾਲੇ ਲੇਖਾਂ ਵਿਚ ਬੁੱਧ ਮੱਤ ਦੀ ਕਥਿਤ ਰੈਡੀਕਲ ਰੂਹਾਨੀ-ਮਾਨਵਵਾਦੀ ਵਿਚਾਰਧਾਰਾ ਦੀ ਪੁੱਠ ਦੇ ਕੇ ਕਰਨ ਲੱਗਾ।

*(ਅਗਲੇ ਸਫੇ 'ਤੇ ਜਾਰੀ)*

ਪੰਥ ਖਾਲਸਾ

# ਸਹਿਜਧਾਰੀ:ਸਮੱਸਿਆ ਕਿ ਸਿਆਸਤ

ਬਲਕਾਰ ਸਿੰਘ, ਪ੍ਰੋਫੈਸਰ (ਰਿਟਾ.)
ਫੋਨ:91-93163-01328

***ਜਿਸ ਮੋੜ 'ਤੇ ਸਹਿਜਧਾਰੀ ਮਸਲਾ ਇਸ ਵੇਲੇ ਪਹੁੰਚ ਗਿਆ ਹੈ, ਇਸ ਨੂੰ ਕਿਸੇ ਪਰੰਪਰਕ ਹਵਾਲੇ ਨਾਲ ਨਹੀਂ ਸਮਝਿਆ ਜਾ ਸਕਦਾ। ਪਰੰਪਰਾ ਵਿਚ ਤਾਂ ਸਹਿਜਧਾਰੀ, ਸ਼੍ਰੋਮਣੀ ਕਮੇਟੀ ਦੇ ਨੁਮਾਇੰਦੇ ਚੁਣਨ ਵਾਸਤੇ ਵੋਟ ਪਾਉਂਦੇ ਰਹੇ ਹਨ। ਇਕ ਵਾਰ ਤਾਂ ਇਕ ਸਹਿਜਧਾਰੀ ਸ਼੍ਰੋਮਣੀ ਕਮੇਟੀ ਦਾ ਮੈਂਬਰ ਵੀ ਬਣ ਗਿਆ ਸੀ ਅਤੇ ਇਸ ਉਤੇ ਕਿਸੇ ਨੂੰ ਇਤਰਾਜ਼ ਵੀ ਨਹੀਂ ਹੋਇਆ ਸੀ। ਕਾਰਨ ਇਹੋ ਸੀ ਕਿ ਉਸ ਵੇਲੇ ਸ਼੍ਰੋਮਣੀ ਕਮੇਟੀ ਨੂੰ ਸਿਆਸੀ ਪ੍ਰਾਪਤੀਆਂ ਲਈ ਨਹੀਂ ਵਰਤਿਆ ਜਾ ਰਿਹਾ ਸੀ। ਇਹ ਸਹਿਜਧਾਰੀ ਵਰਤਾਰਾ ਪ੍ਰੋ. ਪੂਰਨ ਸਿੰਘ ਦੇ ਸ਼ਬਦਾਂ ਵਿਚ "ਪੰਜਾਬ ਸਾਰਾ ਜੀਂਦਾ ਗੁਰੂ ਦੇ ਨਾਮ 'ਤੇ" ਵਿਚ ਰੰਗਿਆ ਹੋਇਆ ਸੀ। ਇਸ ਵਰਤਾਰੇ ਦੀ ਕੇਂਦਰੀ ਸੁਰ "ਮੈਂ ਗੁਰੂ ਦਾ ਹਾਂ" ਸੀ ਪਰ ਸ਼੍ਰੋਮਣੀ ਕਮੇਟੀ ਦੀ ਐਕਟਨੁਮਾ ਸਥਾਪਨਾ ਨਾਲ ਪ੍ਰਧਾਨ ਸੁਰ ਇਹ ਹੋ ਗਈ ਹੈ ਕਿ "ਗੁਰੂ ਮੇਰਾ ਹੈ"।***

ਸਿੱਖ ਧਰਮ ਵਿਚ ਸਿਆਸਤ ਦਾ ਦਖਲ ਸਿੱਖ-ਮਿਸਲਾਂ ਨਾਲ ਸ਼ੁਰੂ ਹੁੰਦਾ ਹੈ। ਇਹ ਸ਼ੁਰੂਆਤ ਵੀ ਆਪਣੇ ਸੁਭਾ ਅਤੇ ਪ੍ਰਗਟਾਵੇ ਵਿਚ ਸੋਚੀ-ਸਮਝੀ ਨਹੀਂ ਸੀ, ਸਗੋਂ ਨਹਿਲੇ 'ਤੇ ਦਹਿਲੇ ਵਰਗੀ (ਰੀਐਕਟਿਵ) ਹੀ ਸੀ। ਕਹਿਣ ਦਾ ਭਾਵ ਇਹ ਕਿ ਮਿਸਲ ਸਿਆਸਤ ਦਾ ਪ੍ਰੇਰਨਾ ਸ੍ਰੋਤ ਨਿਰਸੰਦੇਹ ਸਿੱਖ ਧਰਮ ਹੀ ਸੀ ਅਤੇ ਮਿਸਲ ਕਾਲ ਦੌਰਾਨ ਦਿਖਾਈ ਗਈ ਬਹਾਦਰੀ ਅਤੇ ਦ੍ਰਿੜ੍ਹਤਾ ਵੀ ਸਿੱਖ ਭਾਵਨਾ ਵਿਚ ਹੀ ਸੀ। ਮਿਸਲ ਕਾਲ ਦਾ ਸਿਆਸੀ ਸਰੂਪ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਹੀ ਸਿਖਰ ਨੂੰ ਪਹੁੰਚਿਆ ਸੀ। ਅਜਿਹਾ ਮਿਸਲਦਾਰੀਆਂ ਦੀ ਮੜ੍ਹੀ 'ਤੇ ਹੀ ਸੰਭਵ ਹੋ ਸਕਿਆ ਸੀ। ਮਿਸਲਾਂ ਅਕਾਲ ਤਖਤ ਸਾਹਿਬ ਦੀ ਅਗਵਾਈ ਵਿਚ ਗੁਰਮਤੇ ਦੀਆਂ ਪਾਬੰਦ ਰਹਿੰਦੀਆਂ ਸਨ, ਉਸ ਦਾ ਭੋਗ ਵੀ ਮਹਾਰਾਜਾ ਰਣਜੀਤ ਸਿੰਘ ਨੇ ਹੀ ਪਾਇਆ ਸੀ। ਸਿੱਖ ਸਿਆਸਤ ਨੂੰ ਮੀਰੀ-ਪੀਰੀ ਨਾਲ ਜੋੜਨ ਦੀ ਸਿਆਸਤ ਵੀ ਇਸ ਤੋਂ ਬਾਅਦ ਹੀ ਹੋਣੀ ਸ਼ੁਰੂ ਹੋਈ ਸੀ। ਸਿਆਸਤ ਵਲ ਸਿੱਖਾਂ ਨੂੰ ਤੋਰਨ ਵਲ ਪਹਿਲੀ ਕੋਸ਼ਿਸ਼, ਨਵਾਬ ਕਪੂਰ ਸਿੰਘ ਦੀ ਨਵਾਬੀ ਨਾਲ ਸ਼ੁਰੂ ਹੋਈ ਸੀ। ਮਹਾਰਾਜਾ ਰਣਜੀਤ ਸਿੰਘ ਨੂੰ ਸਿੱਖ ਸਿਆਸਤ ਦੀ ਸਿਖਰ ਕਿਹਾ ਜਾ ਸਕਦਾ ਹੈ ਪਰ ਉਸ ਦੀ ਸਿਆਸਤ ਵਿਚੋਂ ਪੰਥਕਤਾ ਨਿਰਸੰਦੇਹ ਮਨਫੀ ਸੀ। ਪੰਜਾਬ ਉਤੇ ਅੰਗਰੇਜ਼ਾਂ ਦੇ ਕਬਜ਼ੇ (1849) ਨਾਲ ਉਸ ਸਿੱਖ ਸਿਆਸਤ ਦਾ ਭੋਗ ਪੈ ਗਿਆ ਸੀ ਅਤੇ ਇਸ ਤੋਂ ਬਾਅਦ ਸਿੱਖ ਸਿਆਸਤ ਦੀ ਸੁਤੰਤਰ ਭੂਮਿਕਾ ਦਾ ਖਾਤਮਾ 1920 ਤੱਕ ਹੋਇਆ ਰਿਹਾ ਸੀ। ਸੋ, ਕਹਿ ਸਕਦੇ ਹਾਂ ਕਿ ਸਿੱਖ ਭਾਈਚਾਰੇ ਦੇ ਸਿੱਧੇ ਜਾਂ ਅਸਿੱਧੇ ਸਿਆਸੀ-ਵਰਤਾਰੇ ਵਿਚ ਸਿੱਖੀ ਨੂੰ ਕੇਂਦਰੀਅਤਾ ਕਦੇ ਵੀ ਪ੍ਰਾਪਤ ਨਹੀਂ ਸੀ। ਸਿੱਖ ਸਿਆਸਤ ਦਾ ਸੁਭਾ ਪੰਥਕ ਨਾਲੋਂ ਵਧ ਜਗੀਰਦਾਰੀ ਸੀ ਅਤੇ ਇਸੇ ਕਰਕੇ ਸਾਰੀਆਂ ਪ੍ਰਾਪਤੀਆਂ ਨੂੰ ਖਾਨਦਾਨੀ ਹੀ ਸਮਝਿਆ ਜਾਂਦਾ ਰਿਹਾ ਸੀ। ਇਸੇ ਸਿਆਸੀ-ਤਰਜ਼ ਦੀ ਲੀਹ 'ਤੇ ਗੁਰਦੁਆਰਿਆਂ ਉਤੇ ਮਹੰਤਾਂ ਦਾ ਕਬਜ਼ਾ ਹੋ ਗਿਆ ਸੀ। ਸਿੰਘ ਸਭਾ ਲਹਿਰ, ਇਸ ਵਿਚੋਂ ਬਾਹਰ ਨਿਕਲਣ ਦੇ ਯਤਨਾਂ ਨਾਲ ਹੀ ਜੁੜੀ ਹੋਈ ਸੀ। ਮਿਸਲਦਾਰੀਆਂ ਤੋਂ ਸਿੰਘ ਸਭਾ ਤੱਕ ਸਹਿਜਧਾਰੀਆਂ ਦਾ ਕੋਈ ਮਸਲਾ ਨਹੀਂ ਸੀ। ਇਸ ਨਾਲ ਇਹ ਕਹਿਣ ਦਾ ਯਤਨ ਕਰ ਰਿਹਾ ਹਾਂ ਕਿ ਸਜਿਧਾਰੀਆਂ ਦਾ ਮਸਲਾ, ਸਿੱਖ ਧਰਮ ਦੀ ਰੌਸ਼ਨੀ ਵਿਚ ਸਿੱਖ ਸਮੱਸਿਆ ਕਦੇ ਵੀ ਨਹੀਂ ਸੀ ਪਰ ਸਿੱਖ ਸਿਆਸਤ ਦੀ ਸਮੱਸਿਆ ਸਹਿਜਧਾਰੀ ਰਹੇ ਵੀ ਹਨ ਅਤੇ ਰਹਿਣੇ ਵੀ ਹਨ।

ਬੇਸ਼ਕ ਸਿੱਖ ਧਰਮ ਦੀਆਂ ਪੈੜਾਂ ਗੁਰੂ ਨਾਨਕ ਦੇਵ ਦੇ ਜਨਮ (1469) ਤੋਂ ਪੈਣੀਆਂ ਸ਼ੁਰੂ ਹੋ ਗਈਆਂ ਸਨ ਪਰ ਇਨ੍ਹਾਂ ਪੈੜਾਂ ਦੀ ਨਿਸ਼ਾਨਦੇਹੀ ਤਾਂ ਸਿੱਖ ਧਰਮ ਦੇ ਐਲਾਨਨਾਮੇ ਜਾਂ ਵੇਈਂ ਨਦੀ ਪਰਵੇਸ਼ (1499) ਤੋਂ ਹੀ ਮੰਨੀ ਜਾਂਦੀ ਹੈ। ਗੁਰਬਾਣੀ ਵਿਚ ਸਿੱਖ ਪਛਾਣ ਦੀ ਨਿਸ਼ਾਨਦੇਹੀ ਸਾਕੇਸ਼-ਵਿਅਕਤੀ ਵਜੋਂ ਹੀ ਹੁੰਦੀ ਰਹੀ ਹੈ। ਇਸ ਦੇ ਬਾਵਜੂਦ ਸਿੱਖ ਧਰਮ ਵਿਚ ਕੇਂਦਰੀਅਤਾ, ਅਧਿਆਤਮਿਕਤਾ ਨੂੰ ਹੀ ਪ੍ਰਾਪਤ ਰਹੀ ਹੈ। ਇਸ ਦਾ ਅਰਥ ਇਹ ਹੈ ਕਿ ਹਰ ਕਿਸੇ ਨੂੰ ਸਿੱਖ ਕਹਾਉਣ ਜਾਂ ਸਿੱਖ ਰਹਿਣ ਦਾ ਅਧਿਕਾਰ ਸੀ। ਜੇ ਸਹਿਜਧਾਰੀ ਦੇ ਵੋਟ ਦੇ ਅਧਿਕਾਰ ਨੂੰ ਅਤੇ ਸਿੱਖ ਵਿਦਿਅਕ ਸੰਸਥਾਵਾਂ ਵਿਚ ਸਹਿਜਧਾਰੀਆਂ ਦੇ ਪ੍ਰਬੰਧਕੀ ਦਾਖਲੇ ਦੇ ਅਧਿਕਾਰ ਨੂੰ ਪਾਸੇ ਰਖ ਕੇ ਵੇਖੀਏ ਤਾਂ ਅੱਜ ਵੀ ਕਿਸੇ ਦੇ ਸਿੱਖ ਹੋਣ ਜਾਂ ਸਿੱਖ ਕਹਾਉਣ ਉਤੇ ਕੋਈ ਪਾਬੰਦੀ ਨਹੀਂ ਹੈ। ਸਮਝਣ ਵਾਲੀ ਗੱਲ ਤਾਂ ਏਨੀ ਕੁ ਹੈ ਕਿ ਕਿਸੇ ਵੀ ਧਾਰਮਿਕ ਭਾਈਚਾਰੇ ਦੀ ਇਕ ਮੁੱਖ ਧਾਰਾ ਹੁੰਦੀ ਹੈ। ਇਸ ਮੁੱਖ ਧਾਰਾ ਦਾ ਹਿੱਸਾ ਹੋ ਕੇ ਚਲਣ ਵਾਲਿਆਂ ਨੂੰ ਕੋਈ ਮੁਸ਼ਕਲ ਨਹੀਂ ਆਉਂਦੀ। ਦੇਸ਼ ਦੀ ਆਜ਼ਾਦੀ (1947) ਤੋਂ ਪਿਛੋਂ ਸਿੱਖ ਧਰਮ ਦੀ ਮੁੱਖ ਧਾਰਾ ਅਕਾਲੀ ਹੀ ਰਹੇ ਹਨ। ਅਕਾਲੀਆਂ ਦੇ ਅੰਦਰ ਵੀ ਬਹੁਤ ਸਾਰੇ ਅਕਾਲੀ ਰੰਗ ਚਲਦੇ ਰਹਿੰਦੇ ਹਨ ਪਰ ਮੁੱਖ ਧਾਰਾ ਉਹੀ ਰਹਿੰਦੀ ਹੈ, ਜਿਸ ਨਾਲ ਸਿੱਖਾਂ ਦੀ ਬਹੁਸੰਮਤੀ ਹੁੰਦੀ ਹੈ। ਗੁਰਦੁਆਰਾ ਐਕਟ 1925 ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਮੁੱਖ ਧਾਰਾ ਦਾ ਫੈਸਲਾ ਅਕਾਲ ਤਖਤ ਸਾਹਿਬ ਦੀ ਅਗਵਾਈ ਵਿਚ ਕੀਤਾ ਜਾਂਦਾ ਸੀ। ਵਰਤਮਾਨ ਵਿਚ ਇਸ ਬਹੁਸੰਮਤੀ ਦਾ ਫੈਸਲਾ 1925 ਦੇ ਗੁਰਦੁਆਰਾ ਐਕਟ ਮੁਤਾਬਿਕ ਹੁੰਦਾ ਆ ਰਿਹਾ ਹੈ। ਇਸ ਵੇਲੇ ਇਸ ਐਕਟ ਨੂੰ ਦੇਸ਼ ਦੀ ਪਾਰਲੀਮੈਂਟ ਦੀ ਪੁਸ਼ਟੀ ਮਿਲੀ ਹੋਈ ਹੈ। ਇਸ ਕਰਕੇ ਸਹਿਜਧਾਰੀ ਮਸਲਾ ਸਿੱਖ ਪ੍ਰਸੰਗ ਵਿਚੋਂ ਨਿਕਲ ਕੇ ਭਾਰਤੀ ਕਾਨੂੰਨ ਦੇ ਹੱਥ ਵਿਚ ਚਲਾ ਗਿਆ ਹੈ। ਸਿੱਖ ਸਿਆਸਤਦਾਨ ਨੂੰ ਇਸ ਦਾ ਕੋਈ ਨੁਕਸਾਨ ਨਹੀਂ ਹੈ ਪਰ ਸਿੱਖ ਧਰਮ ਨੂੰ ਨੁਕਸਾਨ ਹੋਣ ਜਾਂ ਨਾ ਹੋਣ ਦੀਆਂ ਸੰਭਾਵਨਾਵਾਂ ਬਣੀਆਂ ਹੋਈਆਂ ਹਨ। ਦੇਸ਼ ਦੇ ਧਰਮ ਨਿਰਪੇਖ ਵਿਧਾਨ ਕਰਕੇ ਸਰਕਾਰ ਨੂੰ ਕਿਸੇ ਵੀ ਧਰਮ ਵਿਚ ਦਖਲ ਦੇਣ ਦਾ ਕੋਈ ਅਧਿਕਾਰ ਨਹੀਂ ਹੈ। ਇਸਲਾਮ ਅਤੇ ਹਿੰਦੂ ਧਰਮ ਵਿਚ ਸਰਕਾਰ ਕੋਈ ਦਖਲ ਨਹੀਂ ਦੇ ਰਹੀ ਪਰ ਸਿੱਖਾਂ ਦੇ ਮਸਲੇ ਵਿਚ ਦਖਲ ਦੇਣ ਦੇ ਅਵਸਰ ਕਦੇ ਅੰਦਰੋਂ ਅਤੇ ਕਦੇ ਬਾਹਰੋਂ ਪੈਦਾ ਹੁੰਦੇ ਰਹਿੰਦੇ ਹਨ। ਸਹਿਜਧਾਰੀ ਮਸਲਾ ਹੋਵੇ ਜਾਂ ਅਨੰਦ ਮੈਰਿਜ ਐਕਟ ਦਾ, ਸਰਕਾਰ ਦੇ ਕਿਸੇ ਵੀ ਫੈਸਲੇ ਦੀ ਸਿਆਸਤ ਹੋਵੇਗੀ ਹੀ ਹੋਵੇਗੀ? ਚਾਹੀਦਾ ਤਾਂ ਇਹ ਹੈ ਕਿ ਇਨ੍ਹਾਂ ਦੋਹਾਂ ਮਸਲਿਆਂ ਬਾਰੇ ਭਾਈਚਾਰਕ ਫੈਸਲਾ ਸ਼੍ਰੋਮਣੀ ਗੁਰਦੁਅਰਾ ਪ੍ਰਬੰਧਕ ਕਮੇਟੀ ਲਵੇ ਅਤੇ ਇਸ ਬਾਰੇ ਕਾਨੂੰਨੀ ਫੈਸਲਾ ਗੁਰਦੁਆਰਾ ਜੁਡੀਸ਼ਲ ਕਮਿਸ਼ਨ ਦੀ ਸਹਿਮਤੀ ਨਾਲ ਲਿਆ ਜਾਵੇ? ਪਰ ਇਹ ਦੋਵੇਂ ਧਾਰਮਿਕ ਸੰਸਥਾ (ਸ਼੍ਰੋਮਣੀ ਕਮੇਟੀ) ਅਤੇ ਕਾਨੂੰਨੀ ਸੰਸਥਾ (ਜੁਡੀਸ਼ਲ ਕਮਿਸ਼ਨ) ਦਾ ਸਿਆਸੀ ਅਪਹਰਣ ਹੋ ਚੁੱਕਾ ਹੈ। ਸ਼੍ਰੋਮਣੀ ਕਮੇਟੀ ਨੂੰ ਸਿੱਖਾਂ ਨੇ ਆਪਣੀ ਮਰਜ਼ੀ ਨਾਲ ਅਕਾਲੀ ਦਲ ਨੂੰ ਸੌਂਪ ਦਿਤਾ ਹੈ। ਇਸ ਨਾਲ ਜੁਡੀਸ਼ਲ ਕਮਿਸ਼ਨ ਆਪਣੇ ਆਪ ਅਕਾਲੀ ਦਲ ਦੇ ਰਹਿਮੋ-ਕਰਮ 'ਤੇ ਹੋ ਜਾਂਦਾ ਹੈ। ਹੁੰਦਾ ਇਹ ਵੀ ਰਿਹਾ ਹੈ ਕਿ ਜੁਡੀਸ਼ਲ ਕਮਿਸ਼ਨ ਵਲੋਂ ਸਿੱਖ ਭਾਵਨਾ ਵਿਚ ਲਏ ਗਏ ਫੈਸਲਿਆਂ ਨੂੰ ਦੇਸ਼ ਦੀਆਂ ਅਦਾਲਤਾਂ ਵਲੋਂ ਉਲੱਦੇ ਜਾਣ ਵੇਲੇ, ਮੂਲ ਪੰਥਕ ਭਾਵਨਾ ਵਿਚ ਲਏ ਗਏ ਫੈਸਲੇ ਨੂੰ ਧਿਆਨ ਵਿਚ ਨਹੀਂ ਰਖਿਆ ਜਾਂਦਾ। ਚਾਹੀਦਾ ਤਾਂ ਇਹ ਵੀ ਹੈ ਕਿ ਕਿਸੇ ਵੀ ਸਿੱਖ ਮਸਲੇ ਬਾਰੇ ਕਾਨੂੰਨੀ ਫੈਸਲਾ ਲਏ ਜਾਣ ਤੋਂ ਪਹਿਲਾਂ ਦੇਸ਼ ਦੀਆਂ ਅਦਾਲਤਾਂ ਗੁਰਦੁਆਰਾ ਜੁਡੀਸ਼ਲ ਕਮਿਸ਼ਨ ਤੋਂ ਫੈਸਲਾ ਕਰਵਾਉਣ। ਇਸ ਦਾ ਅਰੰਭ ਸਹਿਜਧਾਰੀ ਕੇਸ ਤੋਂ ਵੀ ਕੀਤਾ ਜਾ ਸਕਦਾ ਹੈ।

ਜਿਸ ਮੋੜ 'ਤੇ ਸਹਿਜਧਾਰੀ ਮਸਲਾ ਇਸ ਵੇਲੇ ਪਹੁੰਚ ਗਿਆ ਹੈ, ਇਸ ਨੂੰ ਕਿਸੇ ਪਰੰਪਰਕ ਹਵਾਲੇ ਨਾਲ ਨਹੀਂ ਸਮਝਿਆ ਜਾ ਸਕਦਾ। ਪਰੰਪਰਾ ਵਿਚ ਤਾਂ ਸਹਿਜਧਾਰੀ, ਸ਼੍ਰੋਮਣੀ ਕਮੇਟੀ ਦੇ ਨੁਮਾਇੰਦੇ ਚੁਣਨ ਵਾਸਤੇ ਵੋਟ ਪਾਉਂਦੇ ਰਹੇ ਹਨ। ਇਕ ਵਾਰ ਤਾਂ ਇਕ ਸਹਿਜਧਾਰੀ ਸ਼੍ਰੋਮਣੀ ਕਮੇਟੀ ਦਾ ਮੈਂਬਰ ਵੀ ਬਣ ਗਿਆ ਸੀ ਅਤੇ ਇਸ ਉਤੇ ਕਿਸੇ ਨੂੰ ਇਤਰਾਜ਼ ਵੀ ਨਹੀਂ ਹੋਇਆ ਸੀ। ਕਾਰਨ ਇਹੋ ਸੀ ਕਿ ਉਸ ਵੇਲੇ ਸ਼੍ਰੋਮਣੀ ਕਮੇਟੀ ਨੂੰ ਸਿਆਸੀ ਪ੍ਰਾਪਤੀਆਂ ਲਈ ਨਹੀਂ ਵਰਤਿਆ ਜਾ ਰਿਹਾ ਸੀ। ਇਹ ਸਹਿਜਧਾਰੀ ਵਰਤਾਰਾ ਪ੍ਰੋ. ਪੂਰਨ ਸਿੰਘ ਦੇ ਸ਼ਬਦਾਂ ਵਿਚ "ਪੰਜਾਬ ਸਾਰਾ ਜੀਂਦਾ ਗੁਰੂ ਦੇ ਨਾਮ 'ਤੇ" ਵਿਚ ਰੰਗਿਆ ਹੋਇਆ ਸੀ। ਇਸ ਵਰਤਾਰੇ ਦੀ ਕੇਂਦਰੀ ਸੁਰ "ਮੈਂ ਗੁਰੂ ਦਾ ਹਾਂ" ਸੀ ਪਰ ਸ਼੍ਰੋਮਣੀ ਕਮੇਟੀ ਦੀ ਐਕਟਨੁਮਾ ਸਥਾਪਨਾ ਨਾਲ ਪ੍ਰਧਾਨ ਸੁਰ ਇਹ ਹੋ ਗਈ ਹੈ ਕਿ "ਗੁਰੂ ਮੇਰਾ ਹੈ"। ਸਿੱਖ ਧਰਮ ਦੀ ਸੁਤੰਤਰ ਸਥਾਪਨਾ ਦਾ ਇਕ ਅਹਿਮ ਆਧਾਰ ਇਹ ਸੀ ਕਿ ਧਰਮ, ਜਨਮ ਤੋਂ ਨਹੀਂ ਹੁੰਦਾ, ਕਰਮ ਤੋਂ ਹੁੰਦਾ ਹੈ। ਏਸੇ ਦੀ ਪੰਥਕ ਪਰਤ ਖਾਲਸਾ ਸੀ, ਜਿਸ ਦਾ ਪ੍ਰਗਟਾਵਾ ਦਸਮ ਪਾਤਸ਼ਾਹ ਹਜ਼ੂਰ ਨੇ 1699 ਦੀ ਵਿਸਾਖੀ ਨੂੰ ਕੀਤਾ ਸੀ। ਵੇਖਣ ਨੂੰ ਜਾਂ ਓਪਰੀ ਨਜ਼ਰੇ ਇਹੀ ਲਗਦਾ ਹੈ ਕਿ ਕਕਾਰਧਾਰੀ ਸਿੱਖ ਦੇ ਪ੍ਰਗਟਾਵੇ ਨਾਲ ਸਹਿਜਧਾਰੀ ਸਿੱਖ ਦੀ ਸਿੱਖ ਕੋਟੀ ਜਾਂ ਸਹਿਜਧਾਰੀ ਪਛਾਣ ਸਾਹਮਣੇ ਆ ਗਈ ਸੀ ਪਰ ਜੇ ਸਿੰਘ ਸਭਾ ਲਹਿਰ ਨੂੰ ਧਿਆਨ ਵਿਚ ਰਖੀਏ ਤਾਂ ਇਹ ਤੱਥ ਸਾਹਮਣੇ ਆ ਜਾਵੇਗਾ ਕਿ ਸਿੰਘ ਸਭਾ ਲਹਿਰ ਵਾਸਤੇ ਵੀ ਸਹਿਜਧਾਰੀਆਂ ਦੀ ਕੋਈ ਸਮੱਸਿਆ ਨਹੀਂ ਸੀ। ਹਾਲਾਂਕਿ ਸਿੰਘ ਸਭਾ ਲਹਿਰ ਸਾਕੇਸ਼ ਸਿੱਖ ਪਛਾਣ ਦੀ ਲੜਾਈ ਲੜ ਰਹੀ ਸੀ। ਇਸ ਲੜਾਈ ਵਿਚ ਸਹਿਜਧਾਰੀ, ਸਿੱਖ ਭਾਈਚਾਰੇ ਨਾਲ ਇਸ ਤਰ੍ਹਾਂ ਟਕਰਾਉ 'ਚ ਨਹੀਂ ਆਏ, ਜਿਵੇਂ ਵਰਤਮਾਨ ਵਿਚ ਵੋਟ ਦੇ ਅਧਿਕਾਰ ਨੂੰ ਲੈ ਕੇ ਆਏ ਹੋਏ ਹਨ। ਪਹਿਲਾਂ ਸਥਿਤੀ ਇਸ ਨਾਲੋਂ ਬਿਲਕੁਲ ਉਲਟ ਸੀ। ਸਿੰਘ ਸਭੀਆਂ ਸਾਹਮਣੇ ਤਾਂ ਸਮੱਸਿਆ ਇਹ ਸੀ ਕਿ ਸਾਕੇਸ਼ ਪਛਾਣ ਵਾਲੇ ਆਰੀਆ ਸਮਾਜੀਆਂ ਨਾਲ ਕਿਵੇਂ ਨਜਿੱਠਿਆ ਜਾਵੇ?

ਸਾਕੇਸ਼ ਸਿੱਖ ਪਛਾਣ ਦੀ ਲੜਾਈ ਸਿੱਖਾਂ ਨੂੰ ਸਦਾ ਹੀ ਲੜਨੀ ਪਈ ਹੈ। ਕਦੇ ਇਹ ਲੜਾਈ ਉਦਾਸੀ ਪਰਤ ਨਾਲ ਸੀ ਅਤੇ ਕਦੇ ਮਹੰਤੀ ਪਰਤ ਨਾਲ। ਅੱਜ ਇਹ ਲੜਾਈ ਅਗਾਂਹਵਧੂ ਪੰਜਾਬੀ ਚੇਤਨਾ ਨਾਲ ਹੈ। ਏਸੇ ਨੂੰ ਖੱਬੇ ਪੱਖੀ ਚੇਤਨਾ ਨੇ ਅਕਾਦਮਿਕ ਅਤੇ ਸਿਆਸੀ ਏਜੰਡੇ ਦਾ ਹਿੱਸਾ ਬਣਾ ਲਿਆ ਹੈ। ਇਸ ਨਾਲ ਪੈਦਾ ਹੋਇਆ ਪੰਜਾਬੀਅਤ ਦਾ ਸਿਧਾਂਤ, ਸਿੱਖ ਪਛਾਣ ਦੇ ਸ਼ਰੀਕੇ ਵਿਚ ਭੁਗਤਣ ਲੱਗ ਪਿਆ ਹੈ। 1947 ਤੋਂ ਪਿੱਛੋਂ ਲਾਗੂ ਹੋਈ ਧਰਮ ਨਿਰਪੇਖਤਾ ਨੇ ਪੰਜਾਬੀਆਂ ਵਿਚਕਾਰ ਪੈਦਾ ਹੋ ਰਹੀ ਸਿਆਸੀ ਸ਼ਰੀਕੇਬਾਜ਼ੀ ਦੀ ਸਿਆਸਤ ਵਾਸਤੇ ਸਾਜ਼ਗਾਰ ਮਾਹੌਲ ਪੈਦਾ ਕੀਤਾ ਹੈ। ਇਸ ਨਾਲ ਸਿੱਖਨੁਮਾ ਸਿਆਸਤਦਾਨ ਅਤੇ ਸਿਆਸਤਨੁਮਾ ਸਿੱਖ ਦੀਆਂ ਕੋਟੀਆਂ ਪੈਦਾ ਹੋ ਗਈਆਂ ਹਨ। ਇਸ ਸਾਰੇ ਕੁਝ ਦਾ ਸਿੱਖ ਧਰਮ ਦੇ ਸਰੋਕਾਰਾਂ ਉਤੇ ਸਿੱਧਾ ਪ੍ਰਭਾਵ ਸਹਿਜਧਾਰੀ ਸਿਆਸਤ ਰਾਹੀਂ ਪੈ ਰਿਹਾ ਹੈ। ਇਸ ਨਾਲ ਗੁਰੂ ਦੇ ਰੰਗ (ਪਰੋਐਕਟਿਵ) ਵਿਚ ਨਜਿੱਠਿਆ ਜਾ ਸਕਦਾ ਸੀ ਪਰ ਰਖਿਅਕ ਢੰਗ (ਰੀਐਕਟਿਵ) ਨਾਲ ਨਜਿੱਠਣ ਦੀ ਸਿਆਸਤ ਨਾਲ ਮਾਮਲਾ ਉਲਝਦਾ ਜਾ ਰਿਹਾ ਹੈ? ਇਸ ਨਾਲ ਇਹ ਪ੍ਰਭਾਵ ਪੈਦਾ ਹੁੰਦਾ ਜਾ ਰਿਹਾ ਹੈ ਕਿ ਸਿੱਖਾਂ ਨੂੰ ਕਿਸੇ ਹੋਰ ਵਲੋਂ ਤੈਅ ਏਜੰਡੇ ਮੁਤਾਬਿਕ ਲੜਨ ਦੀ ਮਜਬੂਰੀ ਹੰਢਾਉਣੀ ਪੈ ਰਹੀ ਹੈ। ਇਸੇ ਮਜਬੂਰੀ ਦੀ ਭਾਈਚਾਰਕ ਪਰਤ ਸਿੱਖ ਸਿਆਸਤ ਵਜੋਂ ਵੀ ਸਾਹਮਣੇ ਆਉਂਦੀ ਰਹਿੰਦੀ ਹੈ। ਇਸ ਰਸਤੇ 'ਤੇ ਤੁਰਦਿਆਂ ਸਿੱਖ ਭਾਈਚਾਰਾ ਆਪ ਹੀ "ਰੰਗੇ ਹੋਏ ਮਨਾਂ ਵਾਲੇ ਸਿੱਖਾਂ" ਅਤੇ "ਅਣਰੰਗੇ ਮਨਾਂ ਵਾਲੇ ਸਿੱਖਾਂ" ਵਿਚ ਵੰਡਿਆ ਜਾ ਚੁੱਕਾ ਹੈ। "ਰੰਗੇ ਹੋਏ ਮਨਾਂ" ਦੀ ਸਿਆਸਤ ਪਹਿਲਾਂ ਸਿੱਖ ਡੇਰੇਦਾਰੀਆਂ ਕਰਦੀਆਂ ਆ ਰਹੀਆਂ ਸਨ ਅਤੇ ਹੁਣ ਅਕਾਲੀ ਮਿਸਲਦਾਰੀਆਂ ਕਰਨ ਲੱਗ ਪਈਆਂ ਹਨ। ਇਨ੍ਹਾਂ ਦੋਹਾਂ ਨੂੰ ਬੰਧੂਆ ਮਾਨਸਿਕਤਾ ਦੀ ਲੋੜ ਪੈਂਦੀ ਹੈ। ਇਹ ਦੋਵੇਂ ਧਿਰਾਂ ਵੋਟਰਾਂ ਮੁਤਾਬਿਕ ਨਹੀਂ ਢਲਦੀਆਂ ਸਗੋਂ ਇਸ ਦੇ ਉਲਟ ਵੋਟਰਾਂ ਨੂੰ ਇਨ੍ਹਾਂ ਮੁਤਾਬਿਕ ਢਲਣਾ ਪੈਂਦਾ ਹੈ। ਜਦੋਂ ਸ਼ਰਧਾ ਅਤੇ ਚੇਤਨਾ ਵਿਚ ਲੋੜੀਂਦਾ ਤਵਾਜ਼ਨ ਵਿਗੜ ਜਾਵੇ ਤਾਂ ਬੰਧੂਆ-ਮਾਨਸਿਕਤਾ ਪੈਦਾ ਹੋਣ ਦਾ ਰਾਹ ਪੱਧਰਾ ਹੋ ਜਾਂਦਾ ਹੈ। ਉਲਾਰ ਸ਼ਰਧਾ ਤੇ ਉਲਾਰ ਚੇਤਨਾ, ਮਸਲਿਆਂ ਦੇ ਹੱਲ ਵਾਲੇ ਰਾਹੇ ਤੁਰਨਾ ਹੀ ਨਹੀਂ ਜਾਣਦੀ ਅਤੇ ਸੁਲਝਾਉਣ ਦੀ ਥਾਂ ਉਲਝਾਉਣ ਨਾਲ ਹੀ ਸੰਤੁਸ਼ਟ ਹੋਈ ਰਹਿੰਦੀ ਹੈ। ਸਹਿਜਧਾਰੀ ਸਿਆਸਤ ਨੂੰ ਵੀ ਇਸੇ ਪ੍ਰਸੰਗ 'ਚ ਸਮਝੇ ਜਾਣ ਦੀ ਲੋੜ ਹੈ।

ਜਦੋਂ ਦਾ ਸਿੱਖ ਧਰਮ, ਸਿਆਸਤ ਦਾ ਮੁਥਾਜ ਹੋਇਆ ਹੈ, ਸਿੱਖ ਭਾਈਚਾਰਾ ਨਿੱਤ ਨਵੀਆਂ ਅਤੇ ਬੇਲੋੜੀਆਂ ਸਮੱਸਿਆਵਾਂ ਦਾ ਸ਼ਿਕਾਰ ਹੁੰਦਾ ਰਿਹਾ ਹੈ। ਹਾਲੀਆ ਸ਼੍ਰੋਮਣੀ ਕਮੇਟੀ ਚੋਣਾਂ ਵੇਲੇ ਜਿਵੇਂ ਸਹਿਜਧਾਰੀ ਵੋਟਰ ਦਾ ਮਸਲਾ ਉਭਾਰਿਆ ਗਿਆ, ਇਸ ਨਾਲ ਤਾਂ ਇਹੀ ਲੱਗਣ ਲੱਗ ਪਿਆ ਹੈ ਕਿ ਪੰਥਕ ਮਸਲਿਆਂ ਦਾ ਹੱਲ ਜਿਵੇਂ ਚੋਣ ਨਤੀਜਿਆਂ ਉਤੇ ਹੀ ਨਿਰਭਰ ਹੋਵੇ? ਚੋਣਾਂ ਨਾਲ ਪ੍ਰਾਪਤ ਕੀਤੇ ਅਹੁਦਿਆਂ ਦੇ ਅਧਿਕਾਰਾਂ ਨੂੰ ਸਿੱਖ-ਸੁਰ ਵਿਚ ਨਹੀਂ ਭੁਗਤਾਇਆ ਜਾ ਸਕਦਾ ਕਿਉਂਕਿ ਸਿੱਖ ਧਰਮ ਵਿਚ ਅਹੁਦੇ ਦੇ ਅਧਿਕਾਰ ਦੀ ਥਾਂ ਅਹੁਦੇ ਦੀ ਨੈਤਿਕਤਾ ਨੂੰ ਪਹਿਲ ਮਾਨਤਾ ਦਿੱਤੀ ਗਈ ਹੈ। ਜੇ ਇਸ ਅੰਤਰ ਦੇ ਬਿਬੇਕ ਨਾਲ ਨਹੀਂ ਜੁੜਾਂਗੇ ਤਾਂ ਸਿੱਖ ਧਰਮ ਵਿਰਾਸਤ ਦੀ ਥਾਂ ਉਤੇ ਜਾਇਦਾਦ ਹੋ ਜਾਏਗਾ। ਇਸ ਪਾਸੇ ਤੁਰਾਂਗੇ ਤਾਂ ਜਿਸ ਦਾ ਜਿਥੇ ਕਬਜ਼ਾ ਹੋ ਜਾਏਗਾ, ਉਥੇ ਦਾ ਉਹ ਵਾਹਦ ਮਾਲਕ ਵਾਂਗ ਵਿਚਰਨ ਲਗ ਪਵੇਗਾ? ਸੋਚਣਾ ਚਾਹੀਦਾ ਹੈ ਕਿ ਕਿਧਰੇ ਸਹਿਜਧਾਰੀ ਵੀ ਇਸੇ ਰਾਹ ਤਾਂ ਨਹੀਂ ਤੁਰੇ ਜਾ ਰਹੇ?

ਸਹਿਜਧਾਰੀ ਸਿੱਖ, ਸਿੱਖ ਧਰਮ ਦਾ ਇਸ ਕਰਕੇ ਅਤੁਟ ਅੰਗ ਰਹੇ ਹਨ ਕਿ ਉਨ੍ਹਾਂ ਨੂੰ ਅਹਿਸਾਸ ਸੀ ਕਿ ਸਿੱਖ ਭਾਈਚਾਰੇ ਦੀ ਮੁੱਖਧਾਰਾ ਸਾਕੇਸ਼ ਸਿੱਖ ਹੀ ਹਨ ਅਤੇ ਇਨ੍ਹਾਂ ਵਿਚੋਂ ਵੀ ਅੰਮ੍ਰਿਤਧਾਰੀ ਸਿੱਖ ਮੁੱਖ ਧਾਰਾ ਦੀ ਵੀ ਮੁੱਖ ਧਾਰਾ ਦੀ ਵੀ ਮੁੱਖ ਧਾਰਾ ਹਨ। ਸਿੱਖ ਧਰਮ ਦੀਆਂ ਇਹ ਤਿੰਨੇ ਪਰਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰਦੁਆਰਾ ਸੰਸਥਾ ਨਾਲ ਬਿਨਾ ਪਰਸਪਰ ਭਿੰਨ ਭੇਦ ਦੇ ਇਕ ਦੂਜੇ ਦੇ ਪੂਰਕ ਵਾਂਗ, ਜੁੜੀਆਂ ਹੋਈਆਂ ਸਨ। ਜਦੋਂ ਤੋਂ ਗੁਰਦੁਆਰਾ ਐਕਟ 1925 ਨੇ ਗੁਰਦੁਆਰਾ ਸੰਸਥਾ ਨੂੰ ਗੁਰਦੁਆਰਾ ਪ੍ਰਬੰਧ ਬਣਾਉਣ ਲਈ ਧਾਰਮਿਕ ਪ੍ਰਸੰਗ ਵਿਚੋਂ ਕੱਢ ਕੇ ਕਾਨੂੰਨੀ ਤਕਨੀਕੀਆਂ ਨਾਲ ਜੋੜ ਦਿਤਾ ਹੈ, ਗੁਰਦੁਆਰਾ ਸੰਸਥਾ ਪ੍ਰਬੰਧਕੀ ਕਮੇਟੀਆਂ ਤੱਕ ਮਹਿਦੂਦ ਹੋ ਗਿਆ ਹੈ। ਇਸ ਵਿਚ ਵਾਧਾ ਇਹ ਕਿ ਐਕਟ ਮੁਤਾਬਿਕ ਗੁਰਦੁਆਰੇ ਦੀ ਆਮਦਨ ਹੀ ਗੁਰਦੁਆਰੇ ਦਾ ਕੇਂਦਰੀ ਸਰੋਕਾਰ ਹੋ ਗਈ ਹੈ। ਇਸ ਵਿਚੋਂ ਹੀ ਗੁਰਦੁਆਰੇ 'ਤੇ ਕਬਜ਼ਾ ਕਰਨ ਦਾ ਅਧਿਕਾਰ ਪੈਦਾ ਹੋ ਗਿਆ ਹੈ।

ਸਹਿਜਧਾਰੀ ਵੋਟਰ ਨੂੰ ਸਹਿਜਧਾਰੀ ਸਿੱਖ ਨਾਲ ਉਲਝਾਉਣ ਦੀ ਲੋੜ ਨਹੀਂ। ਦਿੱਲੀ ਕਮੇਟੀ ਦਾ ਨਾਮ ਹੀ "ਦਿੱਲੀ ਗੁਰਦੁਆਰਾ ਸਿੱਖ ਮੈਨੇਜਮੈਂਟ ਕਮੇਟੀ" ਹੈ। ਉਥੇ ਸਾਕੇਸ਼ ਸਿੱਖ ਹੀ ਵੋਟਰ ਹੋ ਸਕਦਾ ਹੈ। ਇਸ ਨੂੰ ਵੀ ਪਾਰਲੀਮੈਂਟ ਨੇ ਪਾਸ ਕੀਤਾ ਹੈ। ਸਿੱਖ ਵੋਟਰ ਵਾਸਤੇ ਦੇਸ਼ ਦੇ ਕਾਨੂੰਨ ਦੀ ਇਸ ਵੇਲੇ ਇਹੋ ਪੁਜ਼ੀਸ਼ਨ ਹੈ। ਸਹਿਜਧਾਰੀ ਨੂੰ ਪਤਿਤ ਨਾਲ ਉਲਝਾਉਣ ਦੀ ਸਿਆਸਤ ਵੀ ਨਹੀਂ ਕਰਨੀ ਚਾਹੀਦੀ ਕਿਉਂਕਿ ਸਹਿਜਧਾਰੀ, ਸਾਕੇਸ਼ ਹੋਣ ਵਾਲੇ ਰਾਹ ਪਿਆ ਹੋਇਆ ਹੈ। ਪਤਿਤ, ਉਹ ਹੈ ਜਿਹੜਾ ਸਾਕੇਸ਼ ਸੀ ਅਤੇ ਕੇਸਾਂ ਦੀ ਬੇਅਦਬੀ ਕਰ ਚੁੱਕਾ ਹੈ। ਸਿੱਖ ਵੋਟਰ ਦੇ ਅਧਿਕਾਰ ਵਾਸਤੇ ਇਹ ਦੋਵੇਂ ਕੋਟੀਆਂ ਯੋਗ ਨਹੀਂ ਮੰਨੀਆਂ ਗਈਆਂ। ਕਾਰਨ ਇਹ ਹੈ ਕਿ ਜੋ ਵੋਟਰ ਹੈ, ਉਹ ਪ੍ਰਬੰਧਕ ਵੀ ਹੋ ਸਕਦਾ ਹੈ। ਜਿਸ ਨੂੰ ਪ੍ਰਬੰਧਕ ਵਜੋਂ ਮਾਨਤਾ ਨਹੀਂ ਮਿਲ ਸਕਦੀ, ਉਸ ਨੂੰ ਵੋਟ ਦਾ ਅਧਿਕਾਰ ਵੀ ਨਹੀਂ ਹੋਣਾ ਚਾਹੀਦਾ। ਸਿੱਖ ਧਰਮ ਦੀ ਵਿਲਖਣਤਾ ਇਹ ਵੀ ਹੈ ਕਿ ਇਸ ਨੇ ਕਦੇ ਕਿਸੇ ਜਗਿਆਸੂ ਵਾਸਤੇ ਦਰਵਾਜੇ ਬੰਦ ਨਹੀਂ ਕੀਤੇ ਪਰ ਨਾਲ ਹੀ ਪ੍ਰਬੰਧਕੀ ਰੋਲ ਮਾਡਲ ਸਾਕੇਸ਼ ਹੀ ਪ੍ਰਵਾਨ ਕੀਤਾ ਹੈ। ਜਿਵੇਂ ਘਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਵਾਲਾ ਕਮਰਾ ਗੁਰਦੁਆਰਾ ਨਹੀਂ ਹੁੰਦਾ, ਉਵੇਂ ਹੀ ਸਹਿਜਧਾਰੀ ਦਾ ਅਰਥ ਪੰਥਕ ਨਹੀਂ ਹੁੰਦਾ। ਸਿਧਾਂਤ ਦੀ ਰੌਸ਼ਨੀ ਵਿਚ ਪਰੰਪਰਾ ਵਲੋਂ ਪੁਸ਼ਟ ਇਸ ਧਾਰਨਾ ਦੀ ਵਰਤੋਂ ਨਾਲ ਸਹਿਜਧਾਰੀ ਮਸਲਾ ਤਾਂ ਹੱਲ ਕੀਤਾ ਜਾ ਸਕਦਾ ਹੈ ਪਰ ਇਸ ਦੀ ਸਿਆਸਤ ਦਾ ਕੁਝ ਨਹੀਂ ਕੀਤਾ ਜਾ ਸਕਦਾ। ਸਹਿਜਧਾਰੀ, ਸਿੱਖ ਸਭਿਆਚਾਰ ਦਾ ਹਿੱਸਾ ਹਨ ਅਤੇ ਸਿੱਖ ਧਰਮ ਦੀ ਰਹਿਤ ਨੂੰ ਛੜੱਪ ਕੇ ਸਿੱਖ ਅਧਿਆਤਮਿਕਤਾ ਵਿਚ ਚਲੇ ਜਾਣ ਦੀ ਖੁਲ੍ਹ ਲੈ ਸਕਦੇ ਹਨ। ਅਜਿਹਾ ਮਾਰਗ ਅਪਨਾਉਣ ਵਾਲੇ ਸਿੱਖ ਸਹਿਜਧਾਰੀਆਂ ਦੀ ਮੁੱਖ ਧਾਰਾ ਸਿੰਧੀ ਹਨ ਅਤੇ ਉਨ੍ਹਾਂ ਵਿਚੋਂ ਵੀ ਦਾਦਾ ਚੇਲਾ ਰਾਮ ਦੀ ਪਰੰਪਰਾ ਵਾਲੇ ਸਿੰਧੀਆਂ ਨੂੰ ਪਹਿਲ ਪ੍ਰਾਪਤ ਹੈ। ਉਨ੍ਹਾਂ ਵਲੋਂ ਸ਼੍ਰੋਮਣੀ ਕਮੇਟੀ ਦੇ ਵੋਟਰ ਦੀ ਦਾਅਵੇਦਾਰੀ ਦਾ ਮਸਲਾ ਇਸ ਲਈ ਨਹੀਂ ਉਠਾਇਆ ਗਿਆ ਕਿਉਂਕਿ ਉਨ੍ਹਾਂ ਦੀ ਕੋਈ ਵੋਟ ਸਿਆਸਤ ਨਹੀਂ ਹੈ। ਉਨ੍ਹਾਂ ਦੇ ਆਪਣੇ ਗੁਰਦੁਆਰੇ ਹਨ ਜਿਥੇ ਉਹ ਪੰਥਕ ਮਰਿਆਦਾ ਨਿਭਾਉਣ ਦੀ ਕੋਸ਼ਿਸ਼ ਕਰਦੇ ਹਨ। ਮੁੱਖ ਧਾਰਾ ਨਾਲ ਟਕਰਾਉ ਵਿਚ ਆਏ ਬਿਨਾ ਗੁਰੂ ਘਰ ਨਾਲ ਜੁੜੇ ਰਹਿਣ ਦੀ ਜਗਿਆਸਾ ਨੂੰ ਹੀ ਸਹਿਜਧਾਰੀ ਪਰੰਪਰਾ ਵਜੋਂ ਜਾਣਿਆ ਜਾਂਦਾ ਰਿਹਾ ਹੈ। ਇਸ ਵਿਧੀ ਵਿਚ ਸਹਿਜਧਾਰੀ ਮਸਲੇ ਨੂੰ ਨਾ ਕੇਵਲ ਸਮਝਿਆ ਤੇ ਸਮਝਾਇਆ ਜਾ ਸਕਦਾ ਹੈ ਸਗੋਂ ਇਸ ਦਾ ਹੱਲ ਵੀ ਕੱਢਿਆ ਜਾ ਸਕਦਾ ਹੈ।

---

## ਜਸਵੰਤ ਸਿੰਘ ਕੰਵਲ

*(ਪਿਛਲੇ ਸਫੇ ਤੋਂ ਜਾਰੀ)*

ਧਾਰਮਿਕ-ਭਾਈਚਾਰਕ ਘੱਟਗਿਣਤੀਆਂ ਨਾਲ ਹਰ ਦੇਸ਼ ਵਿਚ ਹਰ ਸਮੇਂ ਘੱਟ ਜਾਂ ਵੱਧ ਵਿਤਕਰਾ ਤਾਂ ਹੁੰਦਾ ਹੀ ਹੈ। ਨਿਰਸੰਦੇਹ ਸ੍ਰੀਲੰਕਾ ਦੇ ਤਾਮਿਲਾਂ ਨੂੰ ਇਨਸਾਨੀ ਫਿਤਰਤ ਦੇ ਇਸ ਸਿਰੇ ਦੇ ਭੈੜੇ ਐਬ ਦਾ ਸ਼ਿਕਾਰ ਹੋਣਾ ਪੈ ਰਿਹਾ ਹੋਵੇਗਾ।

ਇਤਿਹਾਸ ਦਾ ਇਹ ਅਜਬ ਸੰਜੋਗ ਹੀ ਸਮਝੋ ਕਿ ਜਿਸ ਸਮੇਂ ਵਿਜੈਵੀਰਾ ਵਰਗੇ ਜ਼ਹੀਨ ਇਨਸਾਨ ਦੇ ਸਿਰ ਨੂੰ ਸਿਨਹਾਲੀ ਕੌਮਪ੍ਰਸਤੀ ਦਾ ਸਰਸ਼ਾਮ ਚੜ੍ਹਨਾ ਸ਼ੁਰੂ ਹੋਇਆ, ਕਰੀਬ ਉਸੇ ਸਮੇਂ ਅਨੇਕਾਂ ਹੀ ਕੌਮੀ ਤੇ ਕੌਮਾਂਤਰੀ ਸ਼ਾਤਰ ਧਿਰਾਂ ਦੀਆਂ ਚਾਲਾਂ ਦੇ ਜਮ੍ਹਾ-ਜੋੜ ਵਜੋਂ ਤਾਮਿਲ ਘਟਗਿਣਤੀ ਭਾਈਚਾਰੇ ਵਿਚ ਵੀ ਉਸ ਦੇ ਕਈ ਗੁਣਾ ਵੱਧ ਵਿਕਰਾਲ ਰੂਪ ਵੇਲਾਪਲੀ ਪ੍ਰਭਾਕਰਨ ਦੇ ਮਾਅਰਕੇਬਾਜ਼ ਕੈਰੀਅਰ ਦਾ ਮੁੱਢ ਬੱਝਣਾ ਸ਼ੁਰੂ ਹੋ ਗਿਆ।

ਇਨ੍ਹਾਂ ਦੋਵਾਂ ਨੌਜਵਾਨ ਨੇਤਾਵਾਂ ਦੀ ਪ੍ਰੇਰਨਾ ਨਾਲ ਲੱਖਾਂ ਲੋਕਾਂ ਨੇ ਆਪਣੀਆਂ ਜਾਨਾਂ ਦੀ ਆਹੂਤੀ ਤਾਂ ਦੇ ਦਿੱਤੀ, ਦਹਾਕਿਆਂ ਬੱਧੀ ਆਮ ਲੋਕ ਭਿਆਨਕ ਖੂਨੀ ਟਕਰਾਓ ਦੀ ਜ਼ੱਦ ਵਿਚ ਵੀ ਆਏ ਰਹੇ ਪ੍ਰੰਤੂ ਦੋਵਾਂ ਵਿਚੋਂ ਕਿਸੇ ਦੀ ਵਿਚਾਰਧਾਰਾ ਵੀ ਆਵਾਮ ਲਈ ਸਹੀ ਅਰਥਾਂ ਵਿਚ ਜਮਹੂਰੀ ਨਿਜ਼ਾਮ ਸਿਰਜਣ ਜਾਂ ਹੱਕ, ਸੱਚ, ਇਨਸਾਫ ਦਾ ਦਾਇਰਾ ਮੋਕਲਾ ਕਰਨ ਲਈ ਇਤਿਹਾਸ ਨੂੰ ਸਹੀ ਦਿਸ਼ਾ ਦੇਣ ਦੇ ਸਮਰੱਥ ਨਹੀਂ ਸੀ। ਸ੍ਰੀਲੰਕਾ ਦੇ ਇਤਿਹਾਸ ਦੇ ਇਨ੍ਹਾਂ ਖਲਨਾਇਕਾਂ ਵਿਚੋਂ ਕੋਈ ਇਕ ਜਾਂ ਦੂਸਰਾ ਜੇ ਆਪਣੇ ਮਿਸ਼ਨ ਵਿਚ ਕਾਮਯਾਬ ਹੋ ਵੀ ਜਾਂਦਾ ਤਾਂ ਵੀ ਹਾਲਤ ਵਧ ਤੋਂ ਵਧ ਮੁਸੋਲਿਨੀ ਹੇਠਲੇ ਫਾਸ਼ਿਸਟ ਇਟਲੀ ਤੋਂ ਬੇਹਤਰ ਨਹੀਂ ਹੋਣੀ ਸੀ। ਪ੍ਰਭਾਕਰਨ ਅਤੇ ਉਸ ਦੇ ਸੰਗਠਨ ਲਿਟੇ ਬਾਰੇ ਸਾਡੇ ਕੋਲ ਨਿੱਗਰ ਪੁਸਤਕਾਂ ਐਮ.ਆਰ. ਨਰਾਇਨਸਵਾਮੀ ਰਚਿਤ 'ਟਾਈਗਰਜ਼ ਆਫ ਲੰਕਾ' ਅਤੇ 'ਇਨਸਾਈਟ ਐਂਡ ਇਲੂਸਿਵ ਮਾਈਂਡ' ਨਾਂ ਦੀ ਪ੍ਰਭਾਕਰਨ ਦੀ ਜੀਵਨੀ ਦੇ ਰੂਪ ਵਿਚ ਜੋ ਜਾਣਕਾਰੀ ਉਪਲਬਧ ਹੈ, ਉਸ ਦੇ ਆਧਾਰ 'ਤੇ ਸਾਡੀ ਇਸ ਧਾਰਨਾ ਦੀ ਪੁਸ਼ਟੀ ਵੀ ਹੋ ਜਾਂਦੀ ਹੈ।

ਸ੍ਰੀਲੰਕਾ, ਭਾਰਤ ਜਾਂ ਇਸ ਖਿੱਤੇ ਦੇ ਕਿਸੇ ਵੀ ਹੋਰ ਦੇਸ਼ ਵਿਚੋਂ ਅੰਗਰੇਜ ਫਰਾਂਸੀਸੀ ਜਾਂ ਡੱਚ ਬਸਤੀਵਾਦੀਆਂ ਨੂੰ ਬਾਹਰ ਕੱਢ ਦੇਣ ਨਾਲ ਉਥੋਂ ਦੇ ਸਧਾਰਨ ਅਵਾਮ ਨੂੰ ਨਿਰਸੰਦੇਹ ਨਾ ਤਾਂ ਹਕੀਕੀ ਅਜਾਦੀ ਹੀ ਨਸੀਬ ਹੋਈ ਸੀ ਅਤੇ ਨਾ ਹੀ ਕਿਧਰੇ ਖਰੇ ਜਮਹੂਰੀ ਸਮਾਜਾਂ ਦੀ ਸਿਰਜਣਾ ਹੀ ਹੋਈ ਹੈ। ਅਜਿਹੇ ਇਨਸਾਨੀ ਖੁਆਬਾਂ ਜਾਂ ਆਦਰਸ਼ਾਂ ਦੀ ਪੂਰਤੀ ਲਈ ਤਾਂ ਸੰਘਰਸ਼ ਜਾਰੀ ਰਹਿਣੇ ਹੀ ਰਹਿਣੇ ਸਨ। ਵਿਦੇਸ਼ੀ ਹਾਕਮਾਂ ਹੱਥੋਂ ਮੁਕਤੀ ਤਾਂ ਉਸ ਸਦੀਵੀ ਜਦੋਜਹਿਦ ਦੇ ਮਹਿਜ ਮੁਢਲੇ ਪੜਾਅ ਸਨ। ਮਸਲਾ ਇਟਲੀ ਤੇ ਯੂਨਾਨ ਦਾ ਹੋਵੇ ਜਾਂ ਭਾਰਤ ਤੇ ਸ੍ਰੀਲੰਕਾ ਦਾ, ਸਵਾਲ ਤਾਂ ਇਹ ਹੈ ਕਿ ਕਿਸੇ ਵੀ ਦੇਸ਼ ਦੀ ਸਥਿਤੀ ਵਿਸ਼ੇਸ਼ ਦੇ ਵਿਲੱਖਣ ਪਹਿਲੂਆਂ ਦੇ ਮੱਦੇਨਜ਼ਰ ਆਜ਼ਾਦੀ ਦੀ ਡਾਇਲੈਕਟਿਕ (ਦਵੰਦ) ਨੂੰ ਕਿੰਜ ਸਮਝਿਆ ਜਾਵੇ ਅਤੇ ਸਹੀ ਅਰਥਾਂ ਵਿਚ ਜਮਹੂਰੀ ਨਿਜਾਮਾਂ ਦੀ ਸਿਰਜਣਾ ਦੇ ਸੰਘਰਸ਼ਾਂ ਨੂੰ ਕਿਸ ਕਿਸਮ ਦੇ ਵਿਚਾਰਾਂ ਦੀ ਰੌਸ਼ਨੀ ਵਿਚ ਅਗਾਂਹ ਤੋਰਿਆ ਜਾਵੇ। ਸਾਡਾ ਵਿਸ਼ਵਾਸ ਹੈ ਕਿ ਅਜਿਹੇ ਕਠਿਨ ਉਦੇਸ਼ ਲਈ ਲੈਨਿਨ ਜਾਂ ਅਨਤੋਨੀਓ ਗਰਾਮਸ਼ੀ ਵਰਗੇ ਚਿੰਤਕਾਂ ਦੀ ਜਰੂਰਤ ਹੁੰਦੀ ਹੈ-ਜਸਵੰਤ ਸਿੰਘ ਕੰਵਲ ਜਾਂ ਪ੍ਰਭਾਕਰਨ ਵਰਗੇ ਲੋਕਾਂ ਦੀ ਕੱਤਈ ਤੌਰ 'ਤੇ ਨਹੀਂ।

ਅੱਜ ਦੇ ਜੁੱਗ ਨੂੰ ਸਮਝਣਾ-ਸਮਝਾਉਣਾ ਕੰਵਲ ਦੇ ਵੱਸ ਦਾ ਰੋਗ ਨਹੀਂ ਹੈ। ਇਸ ਵਰਤਾਰੇ ਨੂੰ ਸਮਝਣ ਲਈ ਅਰੀਗੀ ਦੀਆਂ ਲਿਖੀਆਂ ਦੋ ਅਹਿਮ ਕਿਤਾਬਾਂ- 'ਦਿ ਲੌਂਗ ਟਵੈਂਟੀਅਥ ਸੈਂਚਰੀ' ਅਤੇ 'ਐਡਮ ਸਮਿਥ ਇਨ ਪੀਕਿੰਗ' ਸਾਡੀ ਮੱਦਦ ਕਰ ਸਕਦੀਆਂ ਹਨ। ਇਨ੍ਹਾਂ ਵਿਚੋਂ 'ਐਡਮ ਸਮਿਥ ਇਨ ਪੀਕਿੰਗ' ਤਾਂ ਲਾਜ਼ਮੀ ਤੌਰ 'ਤੇ ਪੜ੍ਹਨੀ ਚਾਹੀਦੀ ਹੈ। ਅੱਜ ਦੇ ਜੁੱਗ ਨੂੰ ਸਮਝਣ ਅਤੇ ਅਗਾਂਹ ਕਦਮ ਵਧਾਉਣ ਲਈ ਹੋਰ ਕੋਈ ਚਾਰਾ ਵੀ ਨਹੀਂ ਹੈ।

*(ਚਲਦਾ)*

ਵਿਚਾਰ-ਚਰਚਾ

# ਆਪਨੜੈ ਗਿਰੇਵਾਨ ਮੈ ਸਿਰ ਨੀਵਾ ਕਰ ਵੇਖ

***ਪੰਜਾਬ ਟਾਈਮਜ਼ ਦੀ ਇਹ ਆਮ ਨੀਤੀ ਰਹੀ ਹੈ ਕਿ ਉਨ੍ਹਾਂ ਲੇਖਾਂ ਦੇ ਹੀ ਪ੍ਰਤੀਕਰਮ ਅਖਬਾਰ ਵਿਚ ਛਾਪੇ ਜਾਣ ਜਿਹੜੇ ਇਸ ਵਿਚ ਛਪਦੇ ਹਨ ਪ੍ਰੰਤੂ ਕਈ ਵਾਰ ਕੋਈ ਮਸਲਾ ਇੰਨਾ ਗੰਭੀਰ ਹੁੰਦਾ ਹੈ ਕਿ ਇਸ ਨੀਤੀ ਨਾਲ ਖੁਲ੍ਹ ਲੈਣੀ ਪੈਂਦੀ ਹੈ। ਸਾਡੇ ਇਕ ਸਮਕਾਲੀ ਅਖਬਾਰ ਵਿਚ ਪਿਛਲੇ ਕੁਝ ਸਮੇਂ ਦੌਰਾਨ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਦੇ ਪੰਥਕ ਸੰਘਰਸ਼ ਵਿਚ ਰੋਲ ਨੂੰ ਲੈ ਕੇ ਕਈ ਕੁਝ ਲਿਖਿਆ ਗਿਆ ਹੈ। ਸਾਡੇ ਕੁਝ ਪਾਠਕਾਂ ਦੀ ਜ਼ੋਰਦਾਰ ਮੰਗ ਸੀ ਕਿ ਤਸਵੀਰ ਦਾ ਦੂਸਰਾ ਪੱਖ ਵੀ ਛਾਪਿਆ ਜਾਵੇ। ਇਸੇ ਮੰਗ ਨੂੰ ਮੁੱਖ ਰੱਖਦਿਆਂ ਅਸੀਂ ਹਥਲਾ ਲੇਖ ਛਾਪ ਰਹੇ ਹਾਂ। ਇਕ ਵਾਰ ਫਿਰ ਸਪਸ਼ਟ ਕਰ ਦਈਏ ਕਿ ਲੇਖ ਵਿਚ ਛਪੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਜਾਂ ਅਸਹਿਮਤ ਹੋਣਾ ਜ਼ਰੂਰੀ ਨਹੀਂ ਹੈ। -ਸੰਪਾਦਕ***

ਸਿੱਖ ਯੂਥ ਆਫ ਅਮੈਰਿਕਾ ਦੇ ਇਕ ਆਗੂ ਜਸਜੀਤ ਸਿੰਘ ਉਰਫ ਚੇਲਾ ਨੇ ਆਪਣੀ ਅਖਬਾਰ 'ਅੰਮ੍ਰਿਤਸਰ ਟਾਈਮਜ਼' ਵਿਚ ਸ. ਸਿਮਰਨਜੀਤ ਸਿੰਘ ਮਾਨ ਦੀ ਸਿੱਖ ਰਾਜਨੀਤੀ ਦੇ ਵਿਸ਼ੇ ਨੂੰ ਲੈ ਕੇ ਪਿਛਲੇ ਕੁਝ ਹਫਤਿਆਂ ਤੋਂ ਇਕ ਲੇਖ ਲੜੀ ਵਿੱਢੀ ਹੋਈ ਹੈ, ਜਿਸ ਨੂੰ ਭੰਡੀ ਪ੍ਰਚਾਰ ਦੀ ਮੁਹਿੰਮ ਹੀ ਕਿਹਾ ਜਾਣਾ ਚਾਹੀਦਾ ਹੈ। ਇਸ ਕਾਰਜ ਵਿਚ ਉਨ੍ਹਾਂ ਦੇ ਇਕ ਸਾਥੀ ਪੱਤਰਕਾਰ ਕਰਮਜੀਤ ਸਿੰਘ ਚੰਡੀਗੜ੍ਹ ਵੀ ਉਨ੍ਹਾਂ ਦਾ ਪੂਰਾ ਸਾਥ ਦੇ ਰਹੇ ਹਨ। ਜੇ ਇਨ੍ਹਾਂ ਲੇਖਾਂ ਨੂੰ ਧਿਆਨ ਨਾਲ ਪੜ੍ਹਿਆ ਜਾਏ ਤਾਂ ਇਨ੍ਹਾਂ ਪਿਛੇ ਕਿਸੇ ਗਿਣੀ ਮਿਥੀ ਸਾਜ਼ਿਸ਼ ਦੀ ਝਲਕ ਪ੍ਰਤੱਖ ਨਜ਼ਰ ਆਉਣ ਲਗਦੀ ਹੈ। ਸਾਫ ਜਾਹਰ

**ਦਰਸ਼ਨ ਸਿੰਘ ਫਰੀਮਾਂਟ**
**ਫੋਨ:510-377-1140**

ਹੁੰਦਾ ਹੈ ਕਿ ਇਹ ਭੰਡੀ ਪ੍ਰਚਾਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਮਾਨ ਸਾਹਿਬ ਦਾ ਸਿੱਖ ਸੰਘਰਸ਼ ਨਾਲ ਕੋਈ ਵਾਹ ਵਾਸਤਾ ਨਹੀਂ, ਉਹ ਤਾਂ ਧੱਕੇ ਨਾਲ ਸਿੱਖ ਸਿਆਸਤ ਵਿਚ ਪੰਥਕ ਧਿਰ ਬਣ ਕੇ ਪਾਰਟੀ ਉਤੇ ਕਬਜ਼ਾ ਕਰੀ ਬੈਠਾ ਹੈ।

ਸ. ਜਸਜੀਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਵਲੋਂ ਇਹ ਸਾਬਤ ਕਰਨ ਦੀ ਸਿਰ ਤੋੜ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਜੇ ਸਿੱਖ ਸੰਘਰਸ਼ ਨਾਲ ਵਾਸਤਾ ਰੱਖਦਾ ਕੋਈ ਸਿੱਖ ਆਗੂ ਹੈ, ਤਾਂ ਉਹ ਸਿਰਫ ਤੇ ਸਿਰਫ ਭਾਈ ਦਲਜੀਤ ਸਿੰਘ ਬਿੱਟੂ ਹੈ। ਇਹੋ ਹੈ ਅਸਲੀ ਲੜਾਈ ਦੀ ਜੜ੍ਹ, ਜਿਸ ਕਰਕੇ ਇਨ੍ਹਾਂ ਨੂੰ ਰਾਤ ਨੂੰ ਨੀਂਦ ਨਹੀਂ ਆਉਂਦੀ। ਇਨ੍ਹਾਂ ਦਾ ਦੂਜਾ ਮਕਸਦ ਇਹ ਵੀ ਹੈ ਕਿ ਦੋ ਦਹਾਕੇ ਬਾਅਦ ਜੁਆਨ ਹੋਏ ਸਿੱਖ ਬੱਚਿਆਂ ਵਿਚ ਪ੍ਰਚਾਰਿਆ ਜਾਵੇ ਕਿ 20ਵੀਂ ਸਦੀ ਦੇ ਮਹਾਨ ਸਿੱਖ ਜਰਨੈਲਾਂ ਦੇ ਜਰਨੈਲ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਅਰੰਭੇ ਸੰਘਰਸ਼ ਦਾ ਜੇ ਕੋਈ ਅਸਲੀ ਵਾਰਸ ਹੈ ਤਾਂ ਉਹ ਕੇਵਲ ਤੇ ਕੇਵਲ ਭਾਈ ਦਲਜੀਤ ਸਿੰਘ ਬਿੱਟੂ ਹੀ ਹੈ। ਇਹ ਹੀ ਹੈ ਕਹਾਣੀ ਦਾ ਅਸਲ ਮਾਜਰਾ।

ਜੂਨ 1984 ਦੇ ਘੱਲੂਘਾਰੇ ਅਤੇ ਨਵੰਬਰ 1984 ਦੇ ਸਿੱਖ ਕਤਲੇਆਮ ਤੋਂ ਬਾਅਦ ਸਿੱਖ ਕੌਮ ਜਿੱਥੇ ਆਪਣੇ ਆਪ ਨੂੰ ਬੇਪਤ ਹੋਈ ਮਹਿਸੂਸ ਕਰ ਰਹੀ ਸੀ, ਉਥੇ ਕੌਮ ਵਿਚ ਰੋਸ ਵੀ ਬਹੁਤ ਜ਼ਿਆਦਾ ਸੀ। ਹੁੰਦਾ ਵੀ ਕਿਉਂ ਨਾ? ਜਿਨ੍ਹਾਂ ਦਾ ਧਰਮ ਸਾਡੇ ਗੁਰੂਆਂ ਨੇ ਬਚਾਇਆ ਅਤੇ ਦੇਸ਼ ਆਜ਼ਾਦ ਕਰਾਇਆ, ਉਸੇ ਦੇਸ਼ ਦੀ ਹਕੂਮਤ ਨੇ ਸਿੱਖਾਂ ਉਤੇ ਬੇਹਿਸਾਬ ਜ਼ੁਲਮ ਕੀਤਾ ਜਿਸ ਦਾ ਜੁਆਬ ਸਿੱਖ ਨੌਜਵਾਨਾਂ ਨੇ ਹਥਿਆਰਬੰਦ ਹੋ ਕੇ ਦੇਣਾ ਸ਼ੁਰੂ ਕੀਤਾ। ਦੁਨੀਆਂ ਭਰ ਵਿਚ ਬੈਠਾ ਸੁਹਿਰਦ ਸਿੱਖ ਆਪਣੇ ਕੌਮੀ ਘਰ ਲਈ ਹਿੱਸਾ ਪਾਉਣ ਲੱਗਾ ਅਤੇ ਚੜ੍ਹਦੀ ਕਲਾ ਦਾ ਦੌਰ ਅਰੰਭ ਹੋਇਆ। ਇਸ ਸਭ ਦੇ ਨਤੀਜੇ ਵਜੋਂ ਸਰਬੱਤ ਖਾਲਸਾ ਦੀ ਮਹਾਨ ਪਰੰਪਰਾ ਫਿਰ ਜਾਗ੍ਰਿਤ ਹੋਈ, ਪੰਥਕ ਕਮੇਟੀ ਬਣੀ ਅਤੇ ਖਾਲਿਸਤਾਨ ਦੀ ਪ੍ਰਾਪਤੀ ਲਈ ਇਕ ਵੱਡੀ ਜੰਗ ਵਿੱਢੀ ਗਈ। ਸਿੱਖ ਗੱਭਰੂਆਂ ਨੇ ਆਪਣੇ ਘਰ-ਘਾਟ ਛੱਡ ਕੇ ਖਾਲਿਸਤਾਨ ਦੀ ਪ੍ਰਾਪਤੀ ਲਈ ਸ਼ਹਾਦਤਾਂ ਦਾ ਜਾਮ ਪੀਤਾ। ਇਹ ਸਭ ਇਸ ਕਰਕੇ ਲਿਖਣਾ ਪਿਆ ਹੈ ਕਿ ਜਸਜੀਤ ਸਿੰਘ ਅਤੇ ਉਸ ਦੇ ਸਾਥੀ ਕਰਮਜੀਤ ਸਿੰਘ ਤੇ ਹੋਰਨਾਂ ਦੇ ਲੇਖਾਂ ਵਿਚ ਸ. ਮਾਨ ਉਤੇ ਲਾਏ ਗਏ ਸਾਰੇ ਇਲਜ਼ਾਮ ਇਸੇ ਦੁਆਲੇ ਘੁੰਮ ਰਹੇ ਹਨ। ਦੁੱਖ ਦੀ ਗੱਲ ਤਾਂ ਇਹ ਹੈ ਕਿ ਇਹ ਸਾਰਾ ਲੇਖਾ-ਜੋਖਾ ਉਹ ਜਸਜੀਤ ਸਿੰਘ ਕਰ ਰਿਹਾ ਹੈ ਜਿਸ ਦਾ ਸਿੱਖ ਸੰਘਰਸ਼ ਨਾਲ ਆਪਣਾ ਕੋਈ ਵਾਹ ਵਾਸਤਾ ਹੀ ਨਹੀਂ ਰਿਹਾ। ਹਾਂ, ਇਕ ਗੱਲ ਨਿਸ਼ਚਿਤ ਤੌਰ 'ਤੇ ਆਖੀ ਜਾ ਸਕਦੀ ਹੈ ਕਿ ਉਸ ਨੇ ਸੰਘਰਸ਼ ਦੀਆਂ ਜੜ੍ਹਾਂ ਵਿਚ ਤੇਲ ਦੇਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ।

ਆਓ, ਹੁਣ ਇਸ ਸਿੱਖ ਸੰਘਰਸ਼ ਦੇ ਸਿਆਸੀ ਪੱਖ ਦੀ ਗੱਲ ਕਰਦੇ ਹਾਂ ਜਿਸ ਦਾ ਆਗੂ ਸ. ਸਿਮਰਨਜੀਤ ਸਿੰਘ ਮਾਨ ਹੈ। ਫਰੀਦਕੋਟ ਵਿਚ ਸੀਨੀਅਰ ਪੁਲਿਸ ਕਪਤਾਨ (ਐਸ ਐਸ ਪੀ) ਹੁੰਦਿਆਂ ਸ. ਮਾਨ ਦੀ ਨੇੜਤਾ ਸੰਤ ਭਿੰਡਰਾਂਵਾਲਿਆਂ ਨਾਲ ਬਣੀ ਅਤੇ ਉਸ ਪਿਛੋਂ ਉਨ੍ਹਾਂ ਕਦੇ ਪਿਛੇ ਮੁੜ ਕੇ ਨਹੀਂ ਵੇਖਿਆ। ਜਿਸ ਤਰ੍ਹਾਂ ਦਾ ਸਹਿਯੋਗ ਮਾਨ ਸਾਹਿਬ ਨੇ ਸੰਤਾਂ ਨੂੰ ਦਿਤਾ, ਉਹ ਆਪਣੇ ਆਪ ਵਿਚ ਇਕ ਮਿਸਾਲ ਹੈ। ਨੌਕਰੀ ਤੋਂ ਅਸਤੀਫਾ ਦੇਣ ਤੋਂ ਲੈ ਕੇ ਜੇਲ੍ਹ ਕੱਟਣ ਤੋਂ ਬਾਅਦ ਜਦੋਂ ਉਹ ਲੋਕ ਸਭਾ ਮੈਂਬਰ ਬਣ ਕੇ ਆਏ ਤਾਂ ਸ. ਮਾਨ ਦਾ ਸਿਆਸੀ ਸਫਰ ਸ਼ੁਰੂ ਹੋਇਆ। ਉਦੋਂ ਖਾੜਕੂ ਸੰਘਰਸ਼ ਵੀ ਪੂਰੇ ਜੋਬਨ 'ਤੇ ਸੀ। ਸਰਬੱਤ ਖਾਲਸਾ ਵਾਲੀ ਪੰਥਕ ਕਮੇਟੀ ਤੋਂ ਬਿਨਾ ਦੋ ਹੋਰ ਪੰਥਕ ਕਮੇਟੀਆਂ ਹੋਂਦ ਵਿਚ ਆ ਚੁਕੀਆਂ ਸਨ ਅਤੇ ਫੈਡਰੇਸ਼ਨਾਂ ਵੀ ਤਿੰਨ ਬਣ ਗਈਆਂ ਸਨ ਪਰ ਸੰਘਰਸ਼ ਦੀ ਸਿਆਸੀ ਧਿਰ ਸਿਰਫ ਅਕਾਲੀ ਦਲ (ਮਾਨ) ਹੀ ਬਣਿਆ। ਬਾਦਲ ਦਲ ਵਿਚ ਜਿੰਨੇ ਨਿਜਪ੍ਰਸਤ ਲੀਡਰ ਸਨ, ਉਹ ਝੱਟ ਅਕਾਲੀ ਦਲ (ਮਾਨ) ਵਿਚ ਆ ਰਲੇ ਤਾਂ ਕਿ ਆਪਣਾ ਕੁਰਸੀ-ਰਸ ਪੂਰਾ ਕਰ ਸਕਣ। ਜਦੋਂ ਅਕਾਲੀ ਦਲ (ਮਾਨ) ਵਿਚ ਕੁਰਸੀ-ਰਸ ਪੂਰਾ ਨਾ ਹੁੰਦਾ ਦਿਸਿਆ ਤਾਂ ਇਕ ਇਕ ਕਰਕੇ ਭੱਜਣੇ ਸ਼ੁਰੂ ਹੋ ਗਏ ਅਤੇ ਇਹ ਸਿਲਸਿਲਾ ਅੱਜ ਤੱਕ ਜਾਰੀ ਹੈ।

ਇਸ ਸਮੇਂ ਦੌਰਾਨ ਸ. ਮਾਨ ਦਾ ਬਾਬਾ ਗੁਰਬਚਨ ਸਿੰਘ ਮਨੋਚਾਹਲ, ਬੱਬਰ ਖਾਲਸਾ ਅਤੇ ਹੋਰ ਕਰੀਬ ਸਾਰੀਆਂ ਹੀ ਖਾੜਕੂ ਧਿਰਾਂ ਨਾਲ ਬਰਾਬਰ ਰਾਬਤਾ ਕਾਇਮ ਸੀ। ਉਹ ਜੋ ਕੁਝ ਵੀ ਸਿਆਸੀ ਤੌਰ 'ਤੇ ਕਰਨਾ ਚਾਹੁੰਦੇ ਸਨ, ਸੱਚੇ ਸੁੱਚੇ ਖਾੜਕੂ ਜਰਨੈਲਾਂ ਦੀ ਸਹਿਮਤੀ ਨਾਲ ਹੀ ਕਰਨਾ ਚਾਹੁੰਦੇ ਸਨ। ਇਸ ਗੱਲ ਦੀ ਸ਼ਾਹਦੀ



*ਸਿਮਰਨਜੀਤ ਸਿੰਘ ਮਾਨ*

1990-91 ਦੀਆਂ ਅਖਬਾਰਾਂ ਵੀ ਭਰਦੀਆਂ ਹਨ। ਖੁਦ ਪੜ੍ਹੇ-ਲਿਖੇ ਹੋਣ ਕਰਕੇ ਮਾਨ ਸਾਹਿਬ ਨੇ ਪੰਜਾਬ ਵਿਚ ਸਿੱਖਾਂ ਨਾਲ ਜੋ ਧੱਕਾ ਹੋ ਰਿਹਾ ਸੀ, ਉਸ ਬਾਰੇ ਅਮਰੀਕਾ ਸਮੇਤ ਦੁਨੀਆਂ ਦੇ ਵੱਖ ਵੱਖ ਮੁਲਕਾਂ ਦੀਆਂ ਸਰਕਾਰਾਂ ਨੂੰ ਜਾਣਕਾਰੀ ਦਿੱਤੀ। ਇਸੇ ਹੀ ਕਰਕੇ ਅਮਰੀਕਾ ਵਰਗੀ ਸੁਪਰ ਪਾਵਰ ਵੀ ਆਪਣੇ ਬੰਦੇ ਮਾਨ ਸਾਹਿਬ ਕੋਲ ਪੰਜਾਬ ਭੇਜਦੀ ਰਹੀ ਕਿਉਂਕਿ ਉਹ ਵੀ ਸਮਝਦੇ ਸਨ ਕਿ ਕੌਮਾਂਤਰੀ ਪੱਧਰ ਦੀ ਸੂਝ ਰੱਖਣ ਵਾਲਾ ਪੜ੍ਹਿਆ ਲਿਖਿਆ ਲੀਡਰ ਜੁਝਾਰੂ ਧਿਰਾਂ ਵਿਚ ਹੈ ਤਾਂ ਉਹ ਸਿਰਫ ਸ. ਸਿਮਰਨਜੀਤ ਸਿੰਘ ਮਾਨ ਹੀ ਹੈ। ਉਧਰ ਖਾੜਕੂ ਸਿੱਖ ਸੰਘਰਸ਼ ਆਪਣੀ ਤੋਰੇ ਤੁਰ ਰਿਹਾ ਸੀ ਅਤੇ ਇਸੇ ਸਮੇਂ ਦੌਰਾਨ ਸਿੱਖ ਸੰਘਰਸ਼ ਵਿਚ ਸਰਕਾਰੀ ਘੁਸਪੈਠ ਵੀ ਹੋ ਚੁਕੀ ਸੀ। 1992 ਦੀਆਂ ਵਿਧਾਨ ਸਭਾ ਚੋਣਾਂ ਦਾ ਐਲਾਨ ਵੀ ਹੋ ਚੁਕਾ ਸੀ। ਬਾਬਾ ਮਾਨੋਚਾਹਲ, ਬੱਬਰ ਖਾਲਸਾ ਅਤੇ ਹੋਰ ਕਈ ਖਾੜਕੂ ਜਥੇਬੰਦੀਆਂ ਸਮੇਤ ਮਾਨ ਸਾਹਿਬ ਚੋਣਾਂ ਲੜਨ ਦੇ ਹੱਕ ਵਿਚ ਸਨ। ਇਹ ਗੱਲ ਕਿਸੇ ਤੋਂ ਲੁਕੀ ਛਿਪੀ ਨਹੀਂ ਕਿ 1992 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੇ ਬਾਈਕਾਟ ਦਾ ਐਲਾਨ ਸਭ ਤੋਂ ਪਹਿਲਾਂ ਡਾ. ਸੋਹਣ ਸਿੰਘ ਵਾਲੀ ਪੰਥਕ ਕਮੇਟੀ ਨੇ ਕੀਤਾ ਜਿਸ ਦਾ ਮੈਂਬਰ ਭਾਈ ਦਲਜੀਤ ਸਿੰਘ ਬਿੱਟੂ ਵੀ ਸੀ।

ਇਹ ਗੱਲ ਵੀ ਗੁੱਝੀ ਨਹੀਂ ਕਿ ਅਮਰੀਕੀ ਖੁਫੀਆ ਤੰਤਰ ਨੇ ਵੀ ਸ. ਮਾਨ ਦੇ ਫੈਸਲੇ ਦੀ ਪ੍ਰੋੜਤਾ ਕਰਦਿਆਂ ਉਨ੍ਹਾਂ ਨੂੰ ਕਿਹਾ ਸੀ ਕਿ ਜੇ ਤੁਸੀਂ ਚੋਣਾਂ ਦਾ ਬਾਈਕਾਟ ਕਰੋਗੇ ਤਾਂ ਤੁਹਾਡੀ ਆਜ਼ਾਦੀ ਦਾ ਸੰਘਰਸ਼ ਖਤਮ ਹੋ ਜਾਵੇਗਾ ਅਤੇ ਸਿੱਖਾਂ ਦਾ ਬਹੁਤ ਭਾਰੀ ਨੁਕਸਾਨ ਹੋਵੇਗਾ, ਜੇ ਤੁਸੀਂ ਦੁਨੀਆਂ ਦੇ ਨਕਸ਼ੇ 'ਤੇ ਆਪਣਾ ਘਰ ਚਾਹੁੰਦੇ ਹੋ ਤਾਂ ਤੁਹਾਨੂੰ ਆਪਣਾ ਸਿਆਸੀ ਫਰੰਟ ਕਾਇਮ ਰੱਖਣਾ ਪਵੇਗਾ। ਸਵਾਲ ਹੈ ਕਿ ਖਾੜਕੂ ਜਥੇਬੰਦੀਆਂ ਵਿਚ ਕਿਹੜੀ ਸਰਕਾਰੀ ਸ਼ਕਤੀ ਇੰਨੀ ਭਾਰੂ ਹੋਈ ਜਿਸ ਨੇ ਚੋਣਾਂ ਦਾ ਬਾਈਕਾਟ ਕਰਵਾ ਕੇ ਸਿੱਖ ਸੰਘਰਸ਼ ਦਾ ਦਮ ਹੀ ਘੁਟ ਦਿੱਤਾ? ਇਹ ਤਾਂ ਹੁਣ ਸ. ਕਰਮਜੀਤ ਸਿੰਘ ਚੰਡੀਗੜ੍ਹ ਹੀ ਦੱਸ ਸਕਦੇ ਹਨ, ਜੋ ਉਦੋਂ ਪੰਥਕ ਕਮੇਟੀ (ਡਾ. ਸੋਹਣ ਸਿੰਘ) ਦੇ ਬਹੁਤ ਕਰੀਬੀ ਸਨ। ਉਸ ਸਭ ਦਾ ਫਲ ਅਸੀਂ ਅੱਜ ਤੀਕਰ ਭੁਗਤ ਰਹੇ ਹਾਂ। ਅਸਲ ਵਿਚ ਇਥੋਂ ਹੀ ਸ਼ੁਰੂ ਹੁੰਦੀ ਹੈ ਕੌਮ ਦੀ ਢਹਿੰਦੀ ਕਲਾ ਅਤੇ ਦੁਖਦਾਈ ਦਾਸਤਾਨ, ਜਿਸ ਤੋਂ ਸਾਡੇ ਇਹ ਸੱਜਣ ਕਬੂਤਰ ਵਾਂਗ ਅੱਖਾਂ ਮੀਚ ਕੇ ਬਚਣਾ ਚਾਹੁੰਦੇ ਹਨ। 1992 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੇ ਬਾਈਕਾਟ ਤੋਂ ਬਾਅਦ ਬਣੀ ਬੇਅੰਤ ਸਿੰਘ ਦੀ ਅਗਵਾਈ ਹੇਠਲੀ ਕਾਂਗਰਸ ਸਰਕਾਰ ਹੀ ਖਾੜਕੂ ਸਿੱਖ ਸੰਘਰਸ਼ ਲਈ ਸਭ ਤੋਂ ਵੱਧ ਘਾਤਕ ਸਾਬਤ ਹੋਈ। ਬੇਅੰਤ ਸਿੰਘ ਅਤੇ ਉਸ ਦੇ ਲਫਟੈਣ ਕੇ ਪੀ ਐਸ ਗਿੱਲ ਨੇ ਸਰਕਾਰੀ ਅਤਿਵਾਦ ਦੀ ਅਜਿਹੀ ਹਨੇਰੀ ਝੁਲਾਈ ਕਿ ਨਾ ਸਿਰਫ ਸਿੱਖ ਸੰਘਰਸ਼ ਨੂੰ ਹੀ ਬਹੁਤ ਵੱਡੀ ਸੱਟ ਲੱਗੀ ਸਗੋਂ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਨੌਜਵਾਨ ਬੇਪਨਾਹ ਤਸ਼ੱਦਦ ਅਤੇ ਗੋਲੀ ਦਾ ਸ਼ਿਕਾਰ ਹੋਏ। ਉਹ ਕਿਹੜਾ ਜ਼ੁਲਮ ਸੀ ਜੋ ਬੇਅੰਤ ਸਿੰਘ ਅਤੇ ਕੇ ਪੀ ਐਸ ਗਿੱਲ ਦੀ ਜੋੜੀ ਨੇ ਸਾਡੇ ਉਤੇ ਨਹੀਂ ਢਾਹਿਆ, ਘਰਾਂ ਵਿਚੋਂ ਨੌਜੁਆਨਾਂ ਨੂੰ ਦਿਨ ਦਿਹਾੜੇ ਚੁੱਕ ਕੇ ਝੂਠੇ ਮੁਕਾਬਲਿਆਂ ਵਿਚ ਖਪਾ ਦਿੱਤਾ ਗਿਆ, ਧੀਆਂ-ਭੈਣਾਂ ਦੀਆਂ ਇੱਜ਼ਤਾਂ ਲੁੱਟੀਆਂ ਗਈਆਂ, ਬਜ਼ੁਰਗਾਂ ਨੂੰ ਸ਼ਰ੍ਹੇਆਮ ਬੇਇੱਜ਼ਤ ਕੀਤਾ ਗਿਆ। ਬੱਚਿਆਂ ਤੱਕ ਨੂੰ ਬਖਸ਼ਿਆ ਨਹੀਂ ਗਿਆ। ਜਥੇਦਾਰ ਗੁਰਦੇਵ ਸਿੰਘ ਕਾਉਂਕੇ ਵਰਗੀ ਧਾਰਮਿਕ ਸ਼ਖਸੀਅਤ ਨੂੰ ਸ਼ਹੀਦ ਕੀਤਾ ਗਿਆ। ਕਰੀਬ 50 ਹਜ਼ਾਰ ਨੌਜੁਆਨ ਇਸ ਦੌਰ ਦੀ ਭੇਟ ਚੜ੍ਹਿਆ। ਪੰਝੀ ਹਜ਼ਾਰ ਲਾਸ਼ਾਂ ਨੂੰ ਲਾਵਾਰਸ ਕਰਾਰ ਦੇ ਕੇ ਬਿਲੇ ਲਾ ਦਿੱਤਾ ਗਿਆ। ਇਨ੍ਹਾਂ ਕਥਿਤ ਲਾਵਾਰਸ ਲਾਸ਼ਾਂ ਦਾ ਮਾਮਲਾ ਉਠਾਉਣ ਵਾਲਾ ਭਾਈ ਜਸਵੰਤ ਸਿੰਘ ਖਾਲੜਾ ਖੁਦ ਇਕ ਲਾਵਾਰਸ ਲਾਸ਼ ਬਣਾ ਦਿੱਤਾ ਗਿਆ। ਸਿੱਖ ਸੰਘਰਸ਼ ਵਿਚ ਸਰਕਾਰ ਦੇ ਪਤਾ ਨਹੀਂ ਉਹ ਕਿਹੜੇ ਸੈਲ ਸਨ ਜਿਨ੍ਹਾਂ ਕਰਕੇ ਖਾੜਕੂ ਜਰਨੈਲ ਦਿਨਾਂ ਵਿਚ ਹੀ ਸ਼ਹੀਦ ਹੋ ਗਏ?

ਸ. ਸਿਮਰਨਜੀਤ ਸਿੰਘ ਮਾਨ ਉਪਰ ਉਂਗਲ ਉਠਾਉਣ ਵਾਲੇ ਇਨ੍ਹਾਂ ਲੇਖਕਾਂ ਨੂੰ ਅਸੀਂ ਪੁਛਣਾ ਚਾਹੁੰਦੇ ਹਾਂ ਕਿ ਜਦੋਂ ਪੰਜਾਬ ਵਿਚ ਬੇਅੰਤ ਸਿੰਘ ਅਤੇ ਕੇ ਪੀ ਐਸ ਗਿੱਲ ਦੇ ਜ਼ੁਲਮਾਂ ਦੀ ਹਨੇਰੀ ਚਾਰ ਚੁਫੇਰੇ ਝੁਲ ਰਹੀ ਸੀ ਤਾਂ ਉਸ ਵਕਤ ਇਸ ਜ਼ੁਲਮ ਨੂੰ ਟੱਕਰ ਕਿਸ ਆਗੂ ਨੇ ਦਿੱਤੀ ਸੀ? ਜਦੋਂ ਰਵਾਇਤੀ ਅਕਾਲੀ ਅਤੇ ਫੈਡਰੇਸ਼ਨੀਏ ਜਾਂ ਤਾਂ ਸਰਕਾਰੀ ਮਸ਼ੀਨਰੀ ਨਾਲ ਜਾ ਖੜ੍ਹੇ ਹੋਏ ਸਨ ਜਾਂ ਦੜ ਵੱਟ ਕੇ ਆਪੋ ਆਪਣੇ ਘਰੀਂ ਬੈਠ ਗਏ ਸਨ, ਉਦੋਂ ਸਿੱਖ ਸੰਘਰਸ਼ ਦੀ ਸਿਆਸੀ ਜੋਤ ਨੂੰ ਕਿਸ ਨੇ ਜਾਗਦੀ ਰੱਖਿਆ ਸੀ? ਇਹ ਸ. ਸਿਮਰਨਜੀਤ ਸਿੰਘ ਮਾਨ ਹੀ ਸੀ ਜਿਸ ਨੇ ਜ਼ੁਲਮ ਅੱਗੇ ਗੋਡੇ ਨਹੀਂ ਟੇਕੇ, ਆਪਣੀ ਜਾਨ ਬਚਾਉਣ ਲਈ ਕਿਤੇ ਸ਼ਹਿ ਕੇ ਨਹੀਂ ਬੈਠਾ, ਸਗੋਂ ਉਸ ਔਖੇ ਵੇਲੇ ਕੌਮ ਦੀ ਬਾਂਹ ਘੁੱਟ ਕੇ ਫੜ੍ਹੀ ਰੱਖੀ। ਸਿੱਖ ਸੰਘਰਸ਼ ਦੀ ਇਹ ਵਿਲੱਖਣ ਮਿਸਾਲ ਹੈ, ਜਿਸ ਨੂੰ ਜਾਗਦੀਆਂ ਜਮੀਰਾਂ ਵਾਲੇ ਸਿੱਖ ਕਦੇ ਵੀ ਭੁਲਾ ਨਹੀਂ ਸਕਦੇ। ਸ. ਮਾਨ ਨੇ ਭਾਰਤ ਅੰਦਰ ਸਿੱਖ ਕੌਮ ਉਤੇ ਹੋਏ ਜ਼ੁਲਮਾਂ ਨੂੰ ਕੌਮਾਂਤਰੀ ਪੱਧਰ ਉਤੇ ਉਭਾਰਿਆ ਜਿਸ ਦੀ ਬਦੌਲਤ ਅੱਜ ਤੀਕਰ ਸ. ਮਾਨ ਦੀ ਇਕ ਚਿੱਠੀ ਦੇ ਆਧਾਰ ਉਤੇ ਦੁਨੀਆਂ ਭਰ ਦੇ ਦੇਸ਼ਾਂ ਵਿਚ ਸਿਆਸੀ ਸ਼ਰਣ ਮਿਲਦੀ ਹੈ। ਕੀ ਇਨ੍ਹਾਂ ਮੁਲਕਾਂ ਦੀਆਂ ਸਰਕਾਰਾਂ ਜਾਂ ਖੁਫੀਆ ਏਜੰਸੀਆਂ ਮੂਰਖ ਹਨ?

ਸ. ਜਸਜੀਤ ਸਿੰਘ ਅਤੇ ਉਸ ਦੇ ਸਾਥੀਆਂ ਦਾ ਇਹ ਕਹਿਣਾ ਹੈ ਕਿ ਮਾਨ ਸਾਹਿਬ ਦਾ ਸੰਘਰਸ਼ ਨਾਲ ਕੋਈ ਲੈਣਾ ਦੇਣਾ ਨਹੀਂ, ਜਦੋਂ ਕਿ ਸੱਚ ਇਹ ਹੈ ਕਿ ਸ. ਮਾਨ ਦੀ ਪਾਰਟੀ ਦੇ ਕਈ ਜਥੇਦਾਰ, ਵਰਕਰ ਅਤੇ ਹਮਦਰਦ ਨਾ ਸਿਰਫ ਸਰਕਾਰੀ ਤਸ਼ੱਦਦ ਦਾ ਸ਼ਿਕਾਰ ਬਣੇ ਸਗੋਂ ਕਈਆਂ ਨੂੰ ਆਪਣੀਆਂ ਜਾਨਾਂ ਵੀ ਗਵਾਉਣੀਆਂ ਪਈਆਂ। ਇਥੋਂ ਤੱਕ ਕਿ 1992 ਦੀਆਂ ਵਿਧਾਨ ਸਭਾ ਚੋਣਾਂ ਵੇਲੇ ਬਾਈਕਾਟੀਆਂ ਨੇ ਉਨ੍ਹਾਂ ਦੀ ਪਾਰਟੀ ਦੇ 2 ਉਮੀਦਵਾਰਾਂ ਨੂੰ ਮਾਰ ਮੁਕਾਇਆ। ਖੁਦ ਸ. ਮਾਨ ਵਿਰੁਧ ਸਰਕਾਰ ਵਲੋਂ 34 ਕੇਸ ਦਰਜ ਕੀਤੇ ਗਏ ਜਿਨ੍ਹਾਂ ਦੀ ਤਾਰੀਖ ਅੱਜ ਤੱਕ ਕਦੇ ਫਿਰੋਜ਼ਪੁਰ, ਕਦੇ ਪਟਿਆਲਾ ਅਤੇ ਕਦੇ ਅੰਮ੍ਰਿਤਸਰ ਪੈਂਦੀ ਰਹਿੰਦੀ ਹੈ। ਸਦਕੇ ਜਾਈਏ ਇਸ ਸਿਆਸੀ ਜਰਨੈਲ ਦੇ, ਜਿਸ ਨੇ ਆਪਣਾ ਸਿਰੜ ਤੇ ਸਿਦਕ ਨਹੀਂ ਹਾਰਿਆ।

ਸ. ਕਰਮਜੀਤ ਸਿੰਘ ਹੋਰਾਂ ਨੂੰ ਯਾਦ ਹੋਵੇਗਾ ਕਿ ਸ. ਮਾਨ ਹੀ ਉਦੋਂ ਉਨ੍ਹਾਂ ਲੋਕਾਂ ਲਈ ਆਸ ਦੀ ਇਕ ਕਿਰਨ ਸਨ ਜਿਨ੍ਹਾਂ ਪਰਿਵਾਰਾਂ ਦੇ ਜੀਅ ਚੁੱਕ ਕੇ ਪੁਲਿਸ ਲਾਪਤਾ ਕਰ ਦਿੰਦੀ ਸੀ ਅਤੇ ਉਹ ਸੈਂਕੜਿਆਂ ਦੀ ਗਿਣਤੀ ਵਿਚ ਸ. ਮਾਨ ਦੇ ਦਫਤਰ ਬੈਠੇ ਹੁੰਦੇ ਸਨ। ਪਰਖ ਦੀ ਉਸ ਘੜੀ ਸ. ਮਾਨ ਸ਼ਾਨ ਨਾਲ ਪੂਰੇ ਉਤਰਦੇ ਰਹੇ। ਪੰਥ ਲਈ ਬਥੇਰੇ ਲੋਕਾਂ ਨੇ ਕੁਰਬਾਨੀਆਂ ਕੀਤੀਆਂ। ਇਕ ਵਾਰ ਕੁਰਬਾਨੀ ਕਰਕੇ ਮੁੜ ਚੁਪ ਚਾਪ ਘਰ ਬੈਠ ਜਾਣਾ ਅਤੇ ਬਿਨਾ ਅੱਕਿਆਂ ਥੱਕਿਆਂ ਲਗਾਤਾਰ ਕੁਰਬਾਨੀ ਕਰੀ ਜਾਣ ਵਿਚ ਜ਼ਮੀਨ ਅਸਮਾਨ ਦਾ ਫਰਕ ਹੈ। ਇਹ ਸਿਰੜ ਸਿਰਫ ਸ. ਮਾਨ ਦੇ ਹੀ ਹਿੱਸੇ ਆਇਆ ਹੈ। ਸਿੱਖ ਕੌਮ ਐਵੇਂ ਹੀ ਮਾਨ ਨੂੰ ਕੌਮ ਦੀ ਸ਼ਾਨ ਨਹੀਂ ਕਹਿੰਦੀ। ਸਿਆਣੇ ਸੱਚ ਕਹਿੰਦੇ ਹਨ ਕਿ ਚੰਨ 'ਤੇ ਥੁੱਕਿਆਂ ਛਿੱਟੇ ਆਪਣੇ ਹੀ ਮੂੰਹ 'ਤੇ ਪੈਂਦੇ ਹਨ।

ਦੂਸਰੇ ਪਾਸੇ ਹਥਿਆਰਬੰਦ ਸੰਘਰਸ਼ ਦਾ ਉਹ ਆਗੂ ਵੀ ਸੀ ਜੋ ਜਦੋਂ ਪਰਖ ਦੀ ਘੜੀ ਆਈ, ਇਕ ਜਰਨੈਲ ਦੀ ਬਣਦੀ ਜ਼ਿੰਮੇਵਾਰੀ ਨਿਭਾਉਣ ਦੀ ਥਾਂ ਆਪਣੇ ਸਿਪਾਹੀਆਂ ਨੂੰ ਮੈਦਾਨੇ ਜੰਗ ਵਿਚ ਇਕੱਲਿਆਂ ਹੀ ਛੱਡ ਕੇ ਰੂਪੋਸ਼ ਹੋ ਗਿਆ। ਇਹ ਜਰਨੈਲ ਆਪਣੇ ਸਿਪਾਹੀਆਂ ਨੂੰ ਇਹ ਵੀ ਨਾ ਆਖ ਸਕਿਆ ਕਿ ਭਾਈ ਹੁਣ ਸਰਕਾਰੀ ਧਿਰ ਭਾਰੂ ਹੋ ਚੁਕੀ ਹੈ, ਰਣਨੀਤੀ ਦੇ ਤੌਰ 'ਤੇ ਪਿਛੇ ਹਟਣ ਵਿਚ ਹੀ ਭਲਾ ਹੈ, ਸੋ ਆਪੋ ਆਪਣਾ ਬਚਾਓ ਕਰ ਲਓ। ਖੁਦ ਇਹ ਜਰਨੈਲ ਚਾਰ ਸਾਲ ਬਾਅਦ 1996 ਵਿਚ ਨੂਰਪੁਰਬੇਦੀ ਦੇ ਕੋਲ ਆਪਣੇ



*ਜਗਤਾਰ ਸਿੰਘ ਹਵਾਰਾ*

ਫਾਰਮ ਹਾਊਸ ਤੋਂ ਲੱਭਿਆ। ਸ. ਕਰਮਜੀਤ ਸਿੰਘ ਦੇ ਧਿਆਨ ਵਿਚ ਲਿਆ ਦਈਏ ਕਿ ਉਹ ਭਾਵੇਂ ਲੱਖ ਲਿਖੀ ਜਾਣ ਪਰ ਮੈਦਾਨ ਛੱਡ ਕੇ ਭੱਜਣ ਵਾਲੇ ਜਰਨੈਲ ਕਦੇ ਵੀ ਸੰਘਰਸ਼ਾਂ ਦੇ ਵਾਰਸ ਨਹੀਂ ਹੁੰਦੇ। ਇਤਿਹਾਸ ਨੇ ਉਨ੍ਹਾਂ ਨੂੰ ਬੁਜ਼ਦਿਲ ਅਤੇ ਕਾਇਰ ਹੀ ਕਰਾਰ ਦੇਣਾ ਹੁੰਦਾ ਹੈ। ਮੈਦਾਨ ਵਿਚੋਂ ਪਿਠ ਵਿਖਾ ਕੇ ਭੱਜਣ ਵਾਲਿਆਂ ਨੂੰ ਜਾਂਬਾਜ਼ ਕੌਮਾਂ ਕਦੇ ਵੀ ਚੰਗਾ ਨਹੀਂ ਸਮਝਦੀਆਂ ਅਤੇ ਨਾ ਹੀ ਕਦੇ ਉਨ੍ਹਾਂ 'ਤੇ ਯਕੀਨ ਕਰਦੀਆਂ ਹਨ।

ਦੂਜੇ ਪਾਸੇ ਸ. ਸਿਮਰਨਜੀਤ ਸਿੰਘ ਮਾਨ ਹਨ ਜੋ ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਆਪਣੀ ਸਿਆਸੀ ਜ਼ਿੰਮੇਵਾਰੀ ਨਿਭਾਉਂਦਿਆਂ ਜ਼ੁਲਮ ਦੇ ਖਿਲਾਫ ਹਮੇਸ਼ਾ ਡਟੇ ਰਹੇ। ਇਹੋ ਕਾਰਨ ਹੈ ਕਿ ਭਾਈ ਦਲਜੀਤ ਸਿੰਘ ਬਿੱਟੂ ਮਾਨ ਸਾਹਿਬ ਵਾਲਾ ਰੁਤਬਾ ਨਹੀਂ ਪਾ ਸਕੇ। ਸ. ਮਾਨ ਅੱਜ ਵੀ ਸਿੱਖ ਕੌਮ ਦੇ ਲੀਡਰ ਵਜੋਂ ਸਥਾਪਤ ਹਨ ਜੋ ਸ. ਜਸਜੀਤ ਸਿੰਘ ਚੇਲਾ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਹਜ਼ਮ ਨਹੀਂ ਹੋ ਰਿਹਾ। ਸ. ਮਾਨ ਪ੍ਰਤੀ ਸਿੱਖਾਂ ਦੇ ਦਿਲਾਂ ਵਿਚ ਜੋ ਸਤਿਕਾਰ ਹੈ, ਉਸ ਨੂੰ ਇਹ ਲੋਕ ਸ. ਮਾਨ ਨੂੰ ਬਦਨਾਮ ਕਰਨ ਦੀਆਂ ਕੋਸ਼ਿਸ਼ਾਂ ਕਰਕੇ ਨਹੀਂ ਕੱਢ ਸਕਦੇ ਅਤੇ ਨਾ ਹੀ ਆਪਣੇ ਫੀਲਡ (ਹਥਿਆਰਬੰਦ ਸੰਘਰਸ਼) ਵਿਚ ਫੇਲ੍ਹ ਹੋਏ ਬੰਦੇ ਨੂੰ ਧੱਕੇ ਨਾਲ ਮਾਨ ਸਾਹਿਬ ਦੀ ਜਗ੍ਹਾ ਲੀਡਰ ਸਥਾਪਤ ਕਰਕੇ ਸਿੱਖਾਂ ਦੇ ਸਿਰ ਮੜ੍ਹ ਸਕਦੇ ਹਨ।

ਹੁਣ ਗੱਲ ਕਰਦੇ ਹਾਂ ਹਥਿਆਰਬੰਦ ਸੰਘਰਸ਼ ਦੇ ਅਸਲੀ ਵਾਰਸ ਦੀ, ਜਿਸ ਬਾਰੇ ਇਨ੍ਹਾਂ ਦਾ ਵਿਚਾਰ ਹੈ ਕਿ ਭਾਈ ਬਿੱਟੂ ਇਸ ਦਾ ਅਸਲ ਵਾਰਸ ਹੈ ਜੋ ਖਾੜਕੂ ਸੰਘਰਸ਼ ਦਾ ਕੰਬਲ ਲਾਹ ਕੇ ਪਿਛਲੇ ਲੰਮੇ ਸਮੇਂ ਤੋਂ "ਸਿਆਸੀ ਲੋਈ" ਦੀ ਬੁੱਕਲ ਮਾਰਨ ਲਈ ਬੜਾ ਕਾਹਲਾ ਹੈ। ਜਦੋਂ ਖਾੜਕੂ ਜਰਨੈਲ ਆਪਣਾ ਕੌਮੀ ਫਰਜ਼ ਨਿਭਾਉਂਦੇ ਸ਼ਹੀਦ



*ਸੰਤ ਜਰਨੈਲ ਸਿੰਘ ਭਿੰਡਰਾਂਵਾਲੇ*

ਹੋ ਗਏ, ਕੁਝ ਸਰਹੱਦ ਪਾਰ ਕਰ ਗਏ ਤੇ ਭਾਈ ਬਿੱਟੂ ਸੰਘਰਸ਼ ਤੋਂ ਰੂਪੋਸ਼ ਹੋ ਗਏ ਤਾਂ ਉਦੋਂ ਪੰਜਾਬ ਦੀ ਧਰਤੀ 'ਤੇ ਅਨੇਕਾਂ ਹੀ ਸਿਪਾਹੀਆਂ ਵਿਚੋਂ ਇਕ ਜਾਂਬਾਜ਼ ਸਿਪਾਹੀ ਜੋ ਪੁਲਿਸ ਮੁਕਾਬਲਿਆਂ ਵਿਚ ਆਪਣੇ ਸਾਥੀਆਂ ਨੂੰ ਸ਼ਹੀਦ ਹੁੰਦਾ ਵੇਖ ਬਚਦਾ ਬਚਾਉਂਦਾ ਇਸ ਜ਼ੁਲਮ ਦਾ ਅੰਤ ਕਰਨ ਲਈ ਸਾਥੀਆਂ ਦੀ ਭਾਲ ਵਿਚ ਤੁਰਿਆ ਫਿਰਦਾ ਹੈ। ਉਸ ਦਾ ਨਾਂ ਹੈ, ਬੱਬਰ ਭਾਈ ਜਗਤਾਰ ਸਿੰਘ ਹਵਾਰਾ ਜੋ 31 ਅਗਸਤ 1995 ਨੂੰ ਆਪਣੇ ਸਾਥੀਆਂ ਸ਼ਹੀਦ ਭਾਈ ਦਿਲਾਵਰ ਸਿੰਘ ਤੇ ਭਾਈ ਬਲਵੰਤ ਸਿੰਘ ਰਾਜੋਵਾਲ ਨੂੰ ਨਾਲ ਲੈ ਕੇ ਜ਼ਾਲਮ ਸੂਬੇਦਾਰ ਦਾ ਅੰਤ ਕਰ ਗਿਆ। ਉਹ ਜਰਨੈਲ ਜਿਸ ਨੂੰ ਲੋਕ ਇਲਾਕਾ ਪੱਧਰ 'ਤੇ ਹੀ ਜਾਣਦੇ ਸਨ, ਪੂਰੀ ਦੁਨੀਆਂ ਵਿਚ ਸਿੱਖਾਂ ਦਾ ਜਰਨੈਲ ਬਣ ਗਿਆ। ਉਹ ਇੰਨਾ ਹਰਮਨ ਪਿਆਰਾ ਹੋ ਗਿਆ ਕਿ ਉਸ ਦਾ ਨਾਂ ਲੈਂਦਿਆਂ ਹੀ ਕੌਮ ਦੇ ਸੱਚੇ ਆਸ਼ਕਾਂ ਦੇ ਚਿਹਰਿਆਂ ਉਤੇ ਰੌਣਕ ਆ ਜਾਂਦੀ ਹੈ।

ਕਿੰਨੀਆਂ ਅਸੀਸਾਂ ਦਿੱਤੀਆਂ ਹੋਣਗੀਆਂ ਪੰਜਾਬ ਦੀ ਪਾਕ ਧਰਤੀ ਦੀਆਂ ਮਾਂਵਾਂ-ਭੈਣਾਂ ਨੇ, ਬਜ਼ੁਰਗਾਂ ਅਤੇ ਬੱਚਿਆਂ ਨੇ ਜਿਸ ਦਿਨ ਉਸ ਜ਼ਕਰੀਏ ਦਾ ਇਨ੍ਹਾਂ ਸਿੰਘਾਂ ਨੇ ਅੰਤ ਕੀਤਾ। ਪੂਰੀ ਦੁਨੀਆਂ ਵਿਚ ਸਿੱਖ ਕੌਮ ਨੇ ਕਿੰਨੀ ਖੁਸ਼ੀ ਮਨਾਈ ਹੋਵੇਗੀ, ਇਹ ਉਹ ਲੋਕ ਹੀ ਦੱਸ ਸਕਦੇ ਹਨ ਜਿਨ੍ਹਾਂ ਨੇ ਬੇਅੰਤ ਸਿੰਘ-ਕੇ ਪੀ ਐਸ ਗਿੱਲ ਦੇ ਜ਼ੁਲਮ ਦਾ ਸੇਕ ਆਪ ਸਹਿਆ ਹੈ ਜਾਂ ਇਸ ਨੂੰ ਆਪਣੀ ਜਾਗਦੀ ਜਮੀਰ ਨਾਲ ਮਹਿਸੂਸ ਕੀਤਾ ਹੈ। ਉਸ ਤੋਂ ਬਾਅਦ ਵੀ ਇਹ ਵੀਰ ਜਗਤਾਰ ਸਿੰਘ ਹਵਾਰਾ ਦੇ ਅੰਦਰ ਦੇ ਸੰਘਰਸ਼ ਦੀ ਤਾਂਘ ਹੀ ਸੀ ਜਿਸ ਕਰਕੇ ਉਹ ਜਨਵਰੀ 2004 ਵਿਚ ਬੜੈਲ ਜੇਲ੍ਹ ਤੋੜ ਕੇ ਭੱਜਣ ਲਈ ਮਜਬੂਰ ਹੋਇਆ। ਜੇਲ੍ਹ ਤੋਂ ਭੱਜ ਕੇ ਵੀ ਉਸ ਨੇ ਆਪਣੀ ਜਾਨ ਬਚਾਉਣ ਜਾਂ ਕਿਤੇ ਲੁਕ ਛਿਪ ਕੇ ਆਰਾਮ ਨਾਲ ਬੈਠਣ ਦੀ ਕੋਸ਼ਿਸ਼ ਨਹੀਂ ਕੀਤੀ ਸਗੋਂ ਸੰਘਰਸ਼ ਨੂੰ ਪ੍ਰਚੰਡ ਕਰਨ ਦੀ ਨਿਰੰਤਰ ਕੋਸ਼ਿਸ਼ ਕਰਦਾ ਰਿਹਾ। ਕਿਸੇ ਕੌਮ ਦੇ ਅਸਲ ਜੁਝਾਰੂ ਜਰਨੈਲ ਦਾ ਇਹੋ ਧਰਮ ਹੈ। ਸੋ, ਇਹੋ ਜਿਹੇ ਯੋਧੇ ਨੇ, "ਸੰਘਰਸ਼ ਦੇ ਵਾਰਸ!" ਪਤਾ ਨਹੀਂ ਜਸਜੀਤ ਸਿੰਘ, ਕਰਮਜੀਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀ ਕੀ ਮਜਬੂਰੀ ਹੈ ਕਿ ਉਨ੍ਹਾਂ ਦੀ ਕਲਮ ਭਾਈ ਦਲਜੀਤ ਸਿੰਘ ਬਿੱਟੂ ਤੋਂ ਅੱਗੇ ਨਹੀਂ ਤੁਰਦੀ। ਸਾਨੂੰ ਸ. ਕਰਮਜੀਤ ਸਿੰਘ ਜਾਂ ਅਖਬਾਰ ਦੇ ਸੰਪਾਦਕ ਦਲਜੀਤ ਸਿੰਘ ਸਰਾਂ ਦੀ ਪੱਤਰਕਾਰੀ ਸਮਰਥਾ ਬਾਰੇ ਕੋਈ ਭਰਮ ਨਹੀਂ। ਪਰ ਸਵਾਲ ਇਹ ਹੈ ਕਿ ਉਹ ਇਸ ਸਮਰਥਾ ਨੂੰ ਵਰਤਦਿਆਂ ਪੱਤਰਕਾਰੀ ਦੀ ਮਰਿਆਦਾ ਦੀ ਕਿੰਨੀ ਕੁ ਪਾਲਣਾ ਕਰਦੇ ਹਨ? ਇਨ੍ਹਾਂ ਸੱਜਣਾਂ ਨੇ ਮੇਰੇ ਬਾਰੇ ਲਿਖਿਆ ਹੈ ਕਿ ਜੇ ਮੱਛੀ ਨਹੀਂ ਫੜਨੀ ਆਉਂਦੀ ਤਾਂ ਪਾਣੀ ਨਾਲ ਛੇੜ-ਛਾੜ ਕਿਉਂ? ਮੇਰੀ ਬੇਨਤੀ ਹੈ ਕਿ ਵੀਰ ਜੀ, ਅਸੀਂ ਮੱਛੀ ਫੜਨੀ ਵੀ ਜਾਣਦੇ ਹਾਂ ਤੇ ਪਾਣੀ ਵਿਚ ਤੈਰਨਾ ਵੀ। ਹੁਣ ਇੰਨਾ ਹੀ ਕਾਫੀ ਹੈ, ਬਾਕੀ ਕਿਤੇ ਫਿਰ ਸਹੀ।

# ਉਮਰ ਦੀਆਂ ਤਰਕਾਲਾਂ ਦਾ ਰੰਗ ਬਹੁਤ ਪੁਰਾਣਾ ਹੈ...

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaikalan.com

ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਅਰਦਾਸ ਕਰਵਾ ਕੇ ਹੁਕਮਨਾਮੇ ਅਨੁਸਾਰ ਮਾਂ ਨੇ ਉਹਦਾ ਨਾਂ ਗੁਰਮੀਤ ਸਿੰਘ ਰੱਖ ਦਿੱਤਾ ਸੀ ਪਰ ਉਹਨੇ ਅਮਰੀਕਾ ਦੀ ਧਰਤੀ ਨਾਲ ਪਹਿਲੀ ਮੁਲਾਕਾਤ ਵਿਚ ਹੀ ਆਪਣਾ ਨਾਂ ਛੋਟਾ ਕਰਦਿਆਂ ਬਦਲ ਕੇ "ਗੈਰੀ ਜੱਟ" ਰੱਖ ਲਿਆ। ਬਾਪੂ ਨੇ ਸਾਂਝੇ ਹਿੱਸੇ ਵਿਚੋਂ ਜ਼ਮੀਨ ਵੇਚ ਕੇ ਉਹਨੂੰ ਅਮਰੀਕਾ ਭੇਜਿਆ ਸੀ। ਪਿੱਛੇ ਰਹਿੰਦੇ ਦੋ ਭਰਾ ਖੇਤੀ ਕਰਦੇ ਸਨ ਜਿਨ੍ਹਾਂ ਦਾ ਹਾੜ੍ਹੀ ਸਾਉਣੀ ਮਸਾਂ ਹੀ ਝੱਗਾ ਮੇਚ ਆਉਂਦਾ ਸੀ। ਪੰਜ-ਸੱਤ ਪੜ੍ਹਿਆ ਹੋਣ ਕਰਕੇ ਹੀ ਘਰਦਿਆਂ ਨੇ ਗੈਰੀ ਨੂੰ ਘਰ ਦੀ ਗਰੀਬੀ ਦੂਰ ਕਰਨ ਲਈ ਸੱਤ ਸਮੁੰਦਰੋਂ ਦੂਰ ਭੇਜਿਆ ਸੀ। ਦੋਵੇਂ ਭਰਾ ਗੈਰੀ ਨੂੰ ਸਾਇਕਲ 'ਤੇ ਬਿਠਾ ਕੇ ਲੁਧਿਆਣੇ ਤੋਂ ਦਿੱਲੀ ਵਾਲੀ ਬੱਸ ਚੜ੍ਹਾ ਕੇ ਗਏ ਸੀ। ਅਮਰੀਕਾ ਪਹੁੰਚਦਿਆਂ ਤੱਕ ਸਾਰੇ ਪਰਿਵਾਰ ਨੇ ਪਰਮਾਤਮਾ ਅੱਗੇ ਨੱਕ ਰਗੜ-ਰਗੜ ਕੇ ਘਸਾ ਲਏ ਸਨ। ਫਿਰ ਪਰਮਾਤਮਾ ਦਾ ਸ਼ੁਕਰਾਨਾ ਕੀਤਾ, ਜਦੋਂ ਗੈਰੀ ਅਮਰੀਕਾ ਪਹੁੰਚ ਗਿਆ।

ਪੜ੍ਹਾਈ ਘੱਟ ਹੋਣ ਕਰਕੇ ਅਤੇ ਪੇਪਰ ਨਾ ਹੋਣ ਕਰਕੇ ਗੈਰੀ ਨੇ ਖੇਤਾਂ ਵਿਚ ਕੰਮ ਕਰਨਾ ਸ਼ੁਰੂ ਕਰ ਦਿੱਤਾ। ਖੇਤ ਵਿਚ ਹੀ ਬਣੇ ਇਕ ਮਕਾਨ ਵਿਚ ਦੂਜੇ ਮੁੰਡਿਆਂ ਨਾਲ ਰਹਿਣ ਲੱਗ ਗਿਆ। ਅੰਗਰੇਜ਼ੀ 'ਹੈਲੋ', 'ਹਾਏ' ਤੋਂ ਅੱਗੇ ਨਾ ਤੁਰੀ। ਮਿੱਟੀ ਨਾਲ ਮਿੱਟੀ ਹੋਇਆ ਰਹਿੰਦਾ। ਚਾਰ ਡਾਲਰ ਜੋੜੇ ਤਾਂ ਖੇਤੋਂ ਬਾਹਰ ਨਿਕਲਣ ਦੀ ਤਾਂਘ ਅੰਗੜਾਈ ਲੈਣ ਲੱਗੀ। ਫਿਰ ਖੇਤਾਂ ਦੀ ਹੱਦ ਟੱਪੀ ਅਤੇ ਸ਼ਹਿਰ ਦੇ ਬੂਹੇ ਵੜ ਗਿਆ। ਆਪਣੇ ਤੋਂ ਪੰਦਰਾਂ ਸਾਲ ਵੱਡੀ ਉਮਰ ਦੀ ਕਿਸੇ ਅਮਰੀਕਨ ਕਾਲੀ ਨਾਲ ਇਸ਼ਕ ਦਾ ਪੇਚਾ ਲੜਾਉਂਦਾ ਉਸ ਨਾਲ ਦਿਲ ਵਟਾ ਬੈਠਾ; ਕੁਝ ਕੁ ਹੱਥਾਂ ਦੀ ਭੰਨ-ਤੋੜ ਕਰ ਲੈਂਦਾ ਅਤੇ ਕੁਝ ਕੁ ਬੁੱਲਾਂ ਦੀ ਹਰਕਤ ਨਾਲ ਕਾਲੀ ਨਾਲ ਆਪਣੀ ਅੰਗਰੇਜ਼ੀ ਵਟਾ ਲੈਂਦਾ। ਕਾਲੀ ਨੇ ਆਪਣੀ ਜ਼ਿੰਦਗੀ ਵਿਚ ਪੰਦਰਾਂ ਮਰਦਾਂ ਦਾ ਸਾਥ ਮਾਣਿਆ ਸੀ ਪਰ ਬੱਚਾ ਕਿਸੇ ਕੋਲੋਂ ਨਹੀਂ ਸੀ ਮਿਲਿਆ। ਜਿਵੇਂ ਕਹਿੰਦੇ ਨੇ "ਟੁੱਟੀ ਭੱਜੀ ਦਾ ਯਾਰ ਮਕੰਦਾ", ਇਸ ਤਰ੍ਹਾਂ ਹੀ ਕਾਲੀ ਦਾ ਸਭ ਕੁਝ ਹੁਣ ਗੈਰੀ ਸੀ। ਕਾਲੀ ਨੂੰ ਆਪਣੇ ਤੋਂ ਛੋਟੀ ਉਮਰ ਦਾ ਰਾਂਝਾ ਮਿਲ ਗਿਆ ਤੇ ਗੈਰੀ ਨੂੰ ਗਰੀਨ ਕਾਰਡ ਬਣਾਉਣ ਵਾਲਾ ਛੰਦ।

ਗੈਰੀ ਪੰਜ ਦਿਨ ਖੇਤ ਕੰਮ ਕਰਦਾ ਅਤੇ ਦੋ ਦਿਨ ਕਾਲੀ ਦੀ ਪੁਰਾਣੀ ਫੋਰਡ ਕਾਰ ਵਿਚ ਘੁੰਮਦਾ। ਪੰਜਾਂ ਦਿਨਾਂ ਦੀ ਕਮਾਈ ਦੋ ਦਿਨਾਂ ਵਿਚ ਉਡਾ ਛੱਡਦਾ। ਕਾਲੀ ਦੇ ਸਾਥ ਨੇ ਗੈਰੀ ਦੀ ਅੰਗਰੇਜ਼ੀ ਵਿਚ ਚੰਗੀ ਤਰੱਕੀ ਕਰ ਦਿੱਤੀ। ਕਾਲੀ ਦੀ ਕੁੱਖ ਨੂੰ ਭਾਗ ਲੱਗ ਗਏ, ਉਹਨੇ ਮੁੰਡਾ ਜੰਮਿਆ। ਖੁਸ਼ੀਆਂ ਵਿਚ ਭੰਗੜੇ ਪਏ ਅਤੇ ਮੁੰਡੇ ਦਾ ਨਾਂ "ਨਾਗ ਜੱਟ" ਰੱਖ ਦਿੱਤਾ।

ਫਿਰ ਇਕ ਦਿਨ ਗੈਰੀ ਅਤੇ ਕਾਲੀ ਨੇ ਵਿਆਹ ਕਰਵਾ ਲਿਆ। ਜਿੱਥੇ ਕਿਤੇ ਜਾਂਦੇ ਤਾਂ ਗੈਰੀ ਮੋਢੇ 'ਤੇ ਨਾਗ ਜੱਟ ਨੂੰ ਚੁੱਕੀ ਫਿਰਦਾ। ਵਿਆਹ ਪੱਕਾ ਲਾਇਸੰਸ ਦੇਖ ਕੇ ਕੋਈ ਵੀ ਸ਼ੱਕ ਨਾ ਕਰਦਾ ਕਿ ਇਹ ਗਰੀਨ ਕਾਰਡ ਲੈਣ ਦੀ ਹੀ ਚਾਲ ਹੈ। ਕਾਲੀ ਨੇ ਮੇਲ ਬਾਕਸ ਵਿਚੋਂ ਗਰੀਨ ਕਾਰਡ ਗੈਰੀ ਦੇ ਹੱਥ ਉਤੇ ਰੱਖ ਦਿੱਤਾ ਅਤੇ ਗੈਰੀ ਨੇ ਛਾਲ ਮਾਰ ਕੇ ਗਰੀਨ ਕਾਰਡ ਚੁੰਮ ਲਿਆ। ਖੇਤਾਂ ਦਾ ਖਹਿੜਾ ਛੱਡ ਕੇ ਟਰੱਕ 'ਤੇ ਚੜ੍ਹ ਗਿਆ। ਪਿੱਛੇ ਕਾਲੀ "ਨਾਗ ਜੱਟ" ਨਾਲ ਖੇਡਦੀ ਰਹਿੰਦੀ। ਗੈਰੀ ਤੋਂ ਰਾਸ਼ਨ ਮੰਗਾ ਲੈਂਦੀ ਅਤੇ ਮੁੜਦੇ ਨੂੰ ਭਾਂਡੇ ਖਾਲੀ ਕਰ ਛੱਡਦੀ।

ਗੈਰੀ ਨੂੰ ਪਿੰਡੋਂ ਆਏ ਨੂੰ ਦਸ ਸਾਲ ਹੋ ਚੁੱਕੇ ਸਨ। ਇਨ੍ਹਾਂ ਦਸ ਸਾਲਾਂ ਵਿਚ ਉਸ ਨੇ ਸਿਰਫ ਗਰੀਨ ਕਾਰਡ ਹੀ ਬਣਾਇਆ ਸੀ। ਪਿੰਡ ਨਾ ਤਾਂ ਕੋਈ ਨਵੀਂ ਇੱਟ ਲਾਈ ਸੀ, ਨਾ ਕੋਈ ਸਿਆੜ ਲਿਆ ਸੀ। ਬਾਪੂ ਕਦੇ ਕਦੇ ਸੁਨੇਹਾ ਭੇਜਦਾ ਕਿ ਪੈਸਾ ਧੇਲਾ ਜੇ ਨਹੀਂ ਭੇਜਣਾ ਤਾਂ ਨਾ ਭੇਜ ਪਰ 'ਲੋਹੜੀ ਦਾ ਵੰਡਿਆ ਗੁੜ ਹੀ ਵਾਪਸ ਕਰਦੇ'। ਸਾਨੂੰ ਕਿਹੜੇ ਹਾਲੀਂ ਛੱਡ ਕੇ ਗਿਆ ਸੀ ਕਿ ਅਸੀਂ ਇਕ-ਦੂਜੇ ਦੀ ਸੁੱਖ-ਸਾਂਦ ਲਈ ਤੜਫੀ ਜਾਵਾਂਗੇ। ਦੋਹਾਂ ਭਰਾਵਾਂ ਦਾ ਪਰਿਵਾਰ ਵੱਡਾ ਹੋ ਗਿਆ। ਖਰਚਾ ਵੱਧ ਅਤੇ ਆਮਦਨ ਘੱਟ ਹੋਣ ਲੱਗ ਪਈ। ਫਿਰ ਘਰ ਵਿਚ ਝਗੜਾ ਰਹਿਣ ਲੱਗ ਗਿਆ। ਦੋਵੇਂ ਭਰਾ ਕਹਿੰਦੇ ਕਿ ਗੈਰੀ ਸਾਂਝੇ ਹਿੱਸੇ 'ਚੋਂ ਜ਼ਮੀਨ ਵੇਚ ਕੇ ਗਿਆ ਤੇ ਸਾਨੂੰ ਨਾ ਜ਼ਮੀਨ ਖਰੀਦ ਕੇ ਦਿੱਤੀ, ਨਾ ਪੈਸੇ ਭੇਜੇ। ਸਾਨੂੰ ਦੋਵਾਂ ਨੂੰ ਜ਼ਮੀਨ ਦੇ ਦੋ ਹਿੱਸੇ ਮਿਲਣੇ ਚਾਹੀਦੇ ਹਨ, ਪਰ ਬਾਪੂ ਜ਼ਮੀਨ ਦੇ ਤਿੰਨ ਹਿੱਸੇ ਕਰਨਾ ਚਾਹੁੰਦਾ ਸੀ। ਦੋਵੇਂ ਭਰਾ ਅੱਡ ਹੋ ਗਏ। ਇਕ ਬੇਬੇ ਨੂੰ ਨਾਲ ਲੈ ਗਿਆ ਤੇ ਦੂਜੇ ਹਿੱਸੇ ਬਾਪੂ ਛੱਡ ਦਿੱਤਾ। ਬੁੱਢੇ-ਵਾਰੇ ਵਿਚਾਰਿਆਂ ਨੂੰ ਵੱਖ ਕਰ ਦਿੱਤਾ। ਬੇਬੇ-ਬਾਪੂ ਦੀ ਮੁਲਾਕਾਤ ਹੁਣ ਰਾਹ ਵਿਚ ਹੀ ਹੁੰਦੀ-ਜਿਵੇਂ ਜਵਾਨੀ ਦੇ ਦਿਨਾਂ ਵਿਚ ਗੱਭਰੂ ਤੇ ਮੁਟਿਆਰ ਮਿਲਣ ਦੇ ਬਹਾਨੇ ਲੱਭਦੇ ਹਨ ਤੇ ਰਾਹਾਂ ਵਿਚ ਹੀ ਟਾਕਰਾ ਹੁੰਦਾ ਹੈ।

"ਕੀ ਹਾਲ ਆ ਬੰਤੋ ਤੇਰਾ। ਤਕੜੀ ਰਹਿਨੀ ਆਂ।" ਬਾਪੂ ਰਾਹ ਤੁਰੀ ਆਉਂਦੀ ਬੇਬੇ ਨੂੰ ਪੁੱਛਦਾ।

"ਹਾਂ, ਮੈਂ ਤਾਂ ਤਕੜੀ ਆਂ। ਤੂੰ ਦੱਸ ਖੰਘ ਦਾ ਹਾਲ। ਦਵਾਈ ਲਈ ਜਾਂਦਾ ਹੈਂ ਕਿ ਨਹੀਂ।" ਬੇਬੇ ਬਾਪੂ ਦੀ ਸਿਹਤ ਦਾ ਫਿਕਰ ਕਰਦੀ ਹੋਈ ਪੁੱਛਦੀ।

"ਅੱਗੇ ਨਾਲੋਂ ਤਾਂ ਫਰਕ ਹੈ ਪਰ ਦਿਲ ਨੂੰ ਤਾਂ ਤੇਰੇ ਨਾਲੋਂ ਵੱਖ ਹੋਣ ਦਾ ਝੋਰਾ ਵੱਢ-ਵੱਢ ਖਾ ਰਿਹੈ। ਸੋਚਿਆ ਸੀ ਪੁੱਤ ਅਮਰੀਕਾ ਤੋਰ ਕੇ ਆਪਾਂ ਪਿਛਲੀ ਉਮਰੇ ਸੁੱਖ ਪਾਵਾਂਗੇ ਤੇ ਆਹ ਵੱਖ ਕਰਕੇ ਬਿਠਾ ਦਿੱਤਾ।" ਬਾਪੂ ਵਿਚਾਰਾ ਬੱਚਿਆਂ ਵਾਂਗ ਰੋ ਪਿਆ।

"ਮੈਂ ਕਹਿਨੀ ਆਂ, ਮਨ ਨਾ ਭਰ। ਕੋਈ ਦੇਖ ਲਊ। ਲੰਘਦਾ-ਕਰਦਾ ਘਰੇ ਆ ਜਾਈਂ। ਮੇਥਿਆਂ ਵਾਲੀ ਪੰਜੀਰੀ ਬਣਾਈ ਐ।" ਬੇਬੇ ਬਾਪੂ ਨੂੰ ਧਰਵਾਸਾ ਦਿੰਦੀ ਕਹਿੰਦੀ।

"ਵੱਡੀ ਨੂੰਹ ਬਹੁਤੀ ਈ ਮੂੰਹ ਪਾੜ ਆ, ਬੈਠਾ ਖੜ੍ਹਾ ਨਹੀਂ ਦੇਖਦੀ। ਤੂੰ ਰਹਿਣ ਦੇ ਮੇਥਿਆਂ ਵਾਲੀ ਪੰਜੀਰੀ ਨੂੰ। ਜੇ ਉਹਨੂੰ ਪਤਾ ਲੱਗ ਗਿਆ ਤਾਂ ਭੂਸਰੇ ਸਾਨ੍ਹ ਵਾਂਗੂੰ ਖੌਰੂ ਪਾਉਂਦੀ ਫਿਰੂ ਕਿ ਤੂੰ ਉਨ੍ਹਾਂ ਦੇ ਘਰ ਗਿਆ ਕੀ ਕਰਨ ਸੀ?" ਬਾਪੂ ਨੇ ਆਪਣੀ ਮਜਬੂਰੀ ਇਉਂ ਸੁਣਾ ਦਿੱਤੀ।

"ਕੋਈ ਨਾ, ਮੈਂ ਕਿਸੇ ਹੱਥ ਭੇਜ ਦਊਂ, ਤੇ ਤੂੰ ਕੱਲ੍ਹ ਨੂੰ ਫੌਜੀ ਡਾਕਟਰ ਦੇ ਦਵਾਈ ਬਹਾਨੇ ਆ ਜਾਈਂ ਦਸ ਵਾਲੀ ਚਾਹ ਵੇਲੇ। ਮੈਂ ਵੀ ਤਾਕਤ ਦਾ ਟੀਕਾ ਲਵਾਉਣ ਜਾਣਾ ਹੈ।" ਬੇਬੇ ਨੇ ਕੱਲ੍ਹ ਦਾ ਸਮਾਂ ਪੱਕਾ ਕਰਦਿਆਂ ਅੱਗੇ ਚਾਲਾ ਪਾ ਦਿੱਤਾ ਤੇ ਬਾਪੂ ਸੋਚਦਾ ਜਿਹੜੇ ਕੰਮ ਜਵਾਨੀ ਵਿਚ ਨਹੀਂ ਸੀ ਕੀਤੇ, ਉਹ ਕੰਮ ਮਾੜੀ ਔਲਾਦ ਬੁਢਾਪੇ ਵਿਚ ਕਰਵਾਉਂਦੀ ਹੈ।

ਰੁੱਖ ਛਾਂ ਖਾਤਰ ਲਾਏ ਜਾਂਦੇ ਨੇ। ਔਲਾਦ ਇਸ ਕਰਕੇ ਪੈਦਾ ਕਰਕੇ ਪਾਲ਼ੀਦੀ ਹੈ ਕਿ ਬੁਢਾਪੇ ਵਿਚ ਡੰਗੋਰੀ ਬਣੇਗੀ। ਜੇ ਪਤਾ ਹੋਵੇ ਕਿ ਔਲਾਦ ਨੇ ਆਹ ਕਰਤੂਤਾਂ ਕਰਨੀਆਂ ਨੇ ਤਾਂ ਪੁੱਤਾਂ ਲਈ ਕੋਈ ਵੀ ਨੱਕ ਨਾ ਰਗੜੇ।

ਬਾਪੂ-ਬੇਬੇ ਦਾ ਹਾਲ ਕਿਸੇ ਪੇਂਡੂ ਨੇ ਜਦੋਂ ਗੈਰੀ ਨੂੰ ਸੁਣਾਇਆ ਤਾਂ ਗੈਰੀ ਗੁੱਸੇ ਵਿਚ ਆਪਣੇ-ਆਪ ਤੋਂ ਬਾਹਰ ਹੋ ਗਿਆ। ਇੰਡੀਆ ਫੋਨ ਘੁਮਾਇਆ। ਵੱਡੇ ਭਰਾ ਨਾਲ ਲੜਨ ਲੱਗਿਆ ਤਾਂ ਉਹ ਅੱਗਿਓਂ ਕਹਿੰਦਾ, "ਗੱਲ ਸੁਣ ਲੈ ਵੱਡਿਆ ਅਮਰੀਕਾ ਵਾਲਿਆ, ਤੈਨੂੰ ਸਾਂਝੇ ਰਕਬੇ ਵਿਚੋਂ ਡੇਢ ਕਿੱਲਾ ਬੈਅ ਕਰਕੇ ਤੋਰਿਆ ਸੀ। ਉਸ ਸਮੇਂ ਜ਼ਮੀਨ ਦੀ ਕੀਮਤ ਦਸ ਲੱਖ ਸੀ। ਅੱਜ ਉਸ ਜ਼ਮੀਨ ਦੀ ਕੀਮਤ ਸੱਠ ਲੱਖ ਹੋ ਗਈ ਹੈ। ਸਾਡੇ ਹਿੱਸੇ ਵੀਹ-ਵੀਹ ਲੱਖ ਰੁਪਏ ਆਉਂਦੈ। ਸਾਨੂੰ ਪੈਸੇ ਦੇਹ ਤੇ ਬਾਪੂ-ਬੇਬੇ ਲੈ ਜਾਹ। ਨਹੀਂ ਤਾਂ ਪਿੰਡ ਨਾ ਵੜੀਂ। ਤੇਰਾ ਇੱਥੇ ਕਿਸੇ ਨੂੰ ਮੁਸ਼ਕ ਵੀ ਨਹੀਂ ਆਉਣਾ ਕਿ ਤੂੰ ਪਿੰਡ ਆਇਆ ਸੀ ਕਿ ਨਹੀਂ। ਸਾਲੇ ਨੇ ਇਕ ਰੁਪਿਆ ਕਦੇ ਭੇਜਿਆ ਨਹੀਂ, ਤੇ ਹੁਣ ਬਾਰਾਂ ਸਾਲਾਂ ਬਾਅਦ ਬੇਬੇ-ਬਾਪੂ ਦਾ ਪਿਆਰ ਜਾਗ ਪਿਆ।"

ਗੈਰੀ ਵੱਡੇ ਭਰਾ ਕੋਲੋਂ ਸੱਚ ਸੁਣ ਕੇ ਪੱਥਰ ਦਾ ਬੁੱਤ ਬਣ ਗਿਆ। ਕਾਲੀ ਨੇ ਪੁੱਛਿਆ ਕਿ ਕੀ ਗੱਲ ਹੋਈ, ਗੈਰੀ ਤੋਂ ਕੁਝ ਦੱਸ ਨਾ ਹੋਇਆ। ਫਿਰ ਛੋਟੇ ਭਰਾ ਨੂੰ ਫੋਨ ਕੀਤਾ। ਉਹਨੇ ਵੀ ਗੈਰੀ ਦੀ ਚੰਗੀ ਕੰਡੇ-ਝਾੜ ਕੀਤੀ। ਗੈਰੀ ਤਾਂ ਨਾ ਘਰ ਦਾ ਰਿਹਾ, ਨਾ ਘਾਟ ਦਾ। ਉਹਨੂੰ ਲੱਗਿਆ ਜਿਵੇਂ ਉਹ ਭਰੇ ਬਾਜ਼ਾਰ ਵਿਚ ਹੀ ਲੁੱਟਿਆ ਗਿਆ ਹੋਵੇ। ਗੈਰੀ ਨੂੰ ਹੁਣ ਕਾਲੀ ਅਤੇ ਨਾਗ ਜੱਟ ਵੀ ਜ਼ਹਿਰ ਵਰਗੇ ਲੱਗਦੇ। ਨਿੱਤ ਝਗੜਾ ਕਰਨ ਲੱਗ ਪਿਆ। ਇਕ ਦਿਨ ਕਾਲੀ ਨੇ ਪੁਲਿਸ ਨੂੰ ਫੜਾ ਦਿੱਤਾ। ਫਿਰ ਗੱਲ ਤਲਾਕ ਤੱਕ ਪਹੁੰਚ ਗਈ। ਕਾਲੀ ਤੇ ਗੈਰੀ ਵੱਖ ਹੋ ਗਏ। ਨਾਗ ਲਈ ਮਹੀਨੇ ਬਾਅਦ ਕਾਲੀ ਨੂੰ ਪੰਜ ਸੌ ਦੇਣਾ ਤੈਅ ਹੋ ਗਿਆ।

ਗੈਰੀ ਸੋਚਦਾ, ਇੰਡੀਆ ਜਾ ਕੇ ਵਿਆਹ ਕਰਵਾਵਾਂ ਪਰ ਇੰਡੀਆ ਤਾਂ ਦੋਵੇਂ ਭਰਾ ਫੌਜੀਆਂ ਵਾਂਗ ਮੋਰਚੇ ਵਿਚ ਨਿਸ਼ਾਨੇ ਲਾਈ ਬੈਠੇ ਸਨ। ਪੰਦਰਾਂ ਸਾਲ ਬਾਅਦ ਬਾਪੂ ਨੂੰ ਸੌ ਡਾਲਰ ਭੇਜਿਆ ਤੇ ਬਾਪੂ ਨੇ ਇਕ ਸੌ ਡਾਲਰ ਹੋਰ ਲਾ ਕੇ ਵਾਪਸ ਭੇਜ ਦਿੱਤਾ, ਤੇ ਕਿਹਾ ਕਿ ਤੇਰੇ ਨਾਲੋਂ ਤਾਂ ਧੀ ਜੰਮੀ ਹੁੰਦੀ, ਅੱਜ ਸਾਡੇ ਨਾਲ ਸਾਡੇ ਦੁੱਖ ਤਾਂ ਵੰਡਾਉਂਦੀ। ਕਿਸੇ ਨੇ ਸੱਚ ਹੀ ਕਿਹਾ ਹੈ:

ਪੁੱਤ ਵੰਡਾਉਣ ਜ਼ਮੀਨਾਂ
ਧੀਆਂ ਦੁੱਖ ਵੰਡਾਉਂਦੀਆਂ ਨੇ।
ਹੱਥ ਨਾਲ ਦਿੱਤਾ ਲੈ ਕੇ ਜਾਣ
ਫਿਰ ਵੀ ਬੇਗਾਨਾ ਧਨ ਕਹਾਉਂਦੀਆਂ ਨੇ।

ਬਾਪੂ ਵਿਚਾਰਾ ਪੁੱਤਾਂ ਦਾ ਸਤਾਇਆ ਪਿਆ ਸੀ। ਜਿਸ ਦੀ ਆਸ ਦਾ ਦੀਵਾ ਬੁਝ ਜਾਵੇ, ਉਸ ਦੇ ਹੱਥ ਸਿਰਫ ਧੋਖੇ ਦੀ ਬੁਝੀ ਬੱਤੀ ਰਹਿ ਜਾਂਦੀ ਹੈ। ਔਲਾਦ ਵੱਲੋਂ ਮਿਲੇ ਸੁੱਖ ਭੋਗ ਕੇ ਮਰਨ ਵਾਲੇ ਮਾਪਿਆਂ ਨੂੰ ਮੌਤ ਦਾ ਡਰ ਨਹੀਂ ਰਹਿੰਦਾ। ਬਾਪੂ ਵਿਚਾਰਾ ਬਲਦਾਂ ਨਾਲ ਗੱਲਾਂ ਕਰ ਲੈਂਦਾ, ਉਨ੍ਹਾਂ ਦੇ ਗਲ ਲੱਗ ਕੇ ਰੋ ਲੈਂਦਾ। ਇਕ ਦਿਨ ਵੱਡੀ ਨੂੰਹ ਦੇ ਸੁਭਾਅ ਵਾਲੀ ਮੱਝ ਨੇ ਬਾਪੂ ਦੇ ਲੱਕ 'ਤੇ ਜ਼ੋਰ ਨਾਲ ਸਿੰਙ ਮਾਰੇ। ਬਾਪੂ ਦਾ ਮਣਕਾ ਟੁੱਟ ਗਿਆ, ਬਾਪੂ ਦਾ ਸਾਰਾ ਕੁਝ ਮੰਜੇ 'ਤੇ ਹੀ ਹੁੰਦਾ। ਚਾਰ ਮਹੀਨੇ ਨਰਕਾਂ ਵਰਗੀ ਜੂਨ ਭੋਗ ਕੇ ਉਹ ਸਦਾ ਦੀ ਨੀਂਦ ਸੌਂ ਗਿਆ। ਬਾਪੂ ਦੀ ਲਾਸ਼ ਤਾਂ ਲੱਕੜਾਂ ਦੇ ਸੇਕ ਨੂੰ ਤਰਸ ਰਹੀ ਸੀ ਪਰ ਬਾਪੂ ਦੇ ਪੁੱਤਾਂ ਨੇ ਲਾਸ਼ ਦਾ ਅਗੂੰਠਾ ਵਸੀਅਤ ਉਤੇ ਲਵਾ ਲਿਆ ਕਿ 'ਮੇਰੇ ਮਰਨ ਤੋਂ ਬਾਅਦ ਘਰ, ਜ਼ਮੀਨ, ਜਾਇਦਾਦ ਦੋਹਾਂ ਪੁੱਤਾਂ ਦੀ ਹੈ; ਤੀਜੇ ਪੁੱਤ ਦਾ ਇਸ ਵਿਚ ਕੋਈ ਲੈਣਾ-ਦੇਣਾ ਨਹੀਂ। ਮੇਰੇ ਲਈ ਤਾਂ ਉਹ ਪੰਦਰਾਂ ਸਾਲ ਪਹਿਲਾਂ ਹੀ ਮਰ ਗਿਆ ਸੀ।'

ਗੈਰੀ ਨੂੰ ਬਾਪੂ ਦੇ ਮਰਨ ਦੀ ਕੋਈ ਖ਼ਬਰ ਨਾ ਹੋਈ। ਜਦੋਂ ਖ਼ਬਰ ਕੰਨੀਂ ਪਈ ਤਾਂ ਉਹ ਇੱਥੇ ਹੀ ਆਪਣਾ ਵਿਆਹ ਕਰਵਾ ਚੁੱਕਾ ਸੀ। ਰੋ-ਪਿੱਟ ਕੇ ਹਟ ਗਿਆ, ਟਿਕਟ ਲੈ ਇੰਡੀਆ ਨਾ ਗਿਆ। ਟਰੱਕ 'ਤੇ ਪੁੱਠੇ ਸਿੱਧੇ ਧੰਦੇ ਕਰਕੇ ਡਾਲਰ ਜੋੜੀ ਗਿਆ। ਹੌਲੀ ਹੌਲੀ ਟਰੱਕਾਂ ਦੀ ਗਿਣਤੀ ਵਧਾਉਂਦਾ ਗਿਆ। ਸਿਆਣੀ ਘਰ ਵਾਲੀ ਨੇ ਗੈਰੀ ਚੰਗੀ ਤਰ੍ਹਾਂ ਵੱਤ ਕਰ ਲਿਆ। ਹੁਣ ਗੈਰੀ ਚਾਹੁੰਦਾ ਕਿ ਭਰਾਵਾਂ ਨਾਲ ਟੁੱਟੀ ਗੰਢੀ ਜਾਵੇ ਤੇ ਦੋਵੇਂ ਭਰਾ ਵੀ ਸੋਚਦੇ ਕਿ ਗੈਰੀ ਕੋਲ ਹੁਣ ਧਨ ਬਥੇਰਾ ਹੈ, ਕੁਝ ਸਾਡੀ ਵੀ ਸੋਚ ਲਵੇ।

ਜਿਸ ਦਿਨ ਬਾਪੂ ਜਹਾਨ ਤੋਂ ਗਿਆ ਸੀ, ਉਸੇ ਦਿਨ ਤੋਂ ਬੇਬੇ ਵੀ ਅਧਮੋਈ ਹੋਈ ਰਹਿੰਦੀ ਸੀ। ਦਿਲ ਵਿਚ ਇਕ ਚਾਹਤ ਲਕੋਈ ਬੈਠੀ ਸੀ ਕਿ ਮੈਨੂੰ ਜਿਉਂਦੀ ਨੂੰ ਗੁਰਮੀਤ ਆ ਕੇ ਮਿਲ ਜਾਵੇ ਤਾਂ ਜਾਨ ਸੁਖਾਲੀ ਨਿਕਲ ਜਾਊ। ਭਰਾਵਾਂ ਨੇ ਗੈਰੀ ਨੂੰ ਦੱਸ ਦਿੱਤਾ ਕਿ 'ਬੇਬੇ ਬਿਮਾਰ ਰਹਿੰਦੀ ਹੈ, ਆ ਕੇ ਮਿਲ ਜਾਹ, ਅਸੀਂ ਤੈਨੂੰ ਕੁਝ ਨਹੀਂ ਕਹਿੰਦੇ। ਆਪਾਂ ਬੈਠ ਕੇ ਹਿਸਾਬ ਕਰ ਲਵਾਂਗੇ।' ਗੈਰੀ ਅਜੇ ਤਿਆਰੀ ਹੀ ਕਰ ਰਿਹਾ ਸੀ ਕਿ ਬੇਬੇ 'ਮੇਰਾ ਜੀਤਾ, ਮੇਰਾ ਜੀਤਾ' ਕਰਦੀ ਮੌਤ ਹੱਥੋਂ ਹਾਰ ਗਈ।

ਜਿਉਂਦੀ ਬੇਬੇ ਨੂੰ ਤਾਂ ਕਿਸੇ ਨੇ ਹੱਸ ਕੇ ਪਾਣੀ ਨਹੀਂ ਸੀ ਪੁੱਛਿਆ, ਹੁਣ ਮਰੀ ਪਈ ਦੇ ਆਲੇ-ਦੁਆਲੇ ਬਰਫ਼ ਦੇ ਬਲਾਕ ਰੱਖੇ ਹੋਏ ਸਨ। ਮਾਂ ਨੂੰ ਘਰੋਂ ਚੁੱਕ ਕੇ ਸਿਵਿਆਂ ਵਿਚ ਲੈ ਗਏ। ਗੈਰੀ ਨੂੰ ਪਿੰਡ ਦੇ ਦੋ ਬੰਦੇ ਦਿੱਲੀਓਂ ਲੈਣ ਗਏ। ਦਿੱਲੀਓਂ ਮੁੜਦਿਆਂ ਉਨ੍ਹਾਂ ਦਾ ਰਾਹ ਵਿਚ ਹੀ ਐਕਸੀਡੈਂਟ ਹੋ ਗਿਆ। ਗੈਰੀ ਸਮੇਤ ਤਿੰਨੇ ਇਕੋ ਥਾਂ ਪੂਰੇ ਹੋ ਗਏ। ਜਦੋਂ ਤਿੰਨਾਂ ਦੀ ਮੌਤ ਦਾ ਪਿੰਡ ਪਤਾ ਲੱਗਾ ਤਾਂ ਸਾਰਾ ਪਿੰਡ ਸੋਗ ਵਿਚ ਡੁੱਬ ਗਿਆ। ਬੇਬੇ ਦਾ ਸਿਵਾ ਠੰਢਾ ਨਹੀਂ ਹੋਇਆ ਸੀ, ਜਦੋਂ ਤਿੰਨਾਂ ਦੇ ਸਿਵੇ ਜਗਾ ਦਿੱਤੇ ਗਏ। ਗੈਰੀ ਦੇ ਭਰਾਵਾਂ ਨੂੰ ਹੁਣ ਜਰੀਬਾਂ ਚੁੱਕਣ ਦੀ ਲੋੜ ਨਾ ਪਈ।

ਮੌਤ ਵਾਲੀ ਥਾਂ ਕਦੇ ਚੱਲ ਕੇ ਨਹੀਂ ਆਉਂਦੀ। ਹੋਣੀ ਤਾਂ ਥਾਂ ਅਤੇ ਸਮੇਂ ਅਨੁਸਾਰ ਆਪ ਵਾਜਾਂ ਮਾਰ ਕੇ ਬੁਲਾ ਲੈਂਦੀ ਹੈ ਜਿਸ ਨੂੰ ਅਸੀਂ ਕਹਿ ਦਿੰਦੇ ਹਾਂ ਕਿ ਅਕਾਲ ਪੁਰਖ ਨੇ ਵਿਧੀ ਇਸ ਤਰ੍ਹਾਂ ਹੀ ਬਣਾਈ ਸੀ। ਰੱਬ ਰਾਖਾ...।

**ਬਾਪੂ-ਬੇਬੇ ਦਾ ਹਾਲ ਕਿਸੇ ਪੇਂਡੂ ਨੇ ਜਦੋਂ ਗੈਰੀ ਨੂੰ ਸੁਣਾਇਆ ਤਾਂ ਗੈਰੀ ਗੁੱਸੇ ਵਿਚ ਆਪਣੇ-ਆਪ ਤੋਂ ਬਾਹਰ ਹੋ ਗਿਆ। ਇੰਡੀਆ ਫੋਨ ਘੁਮਾਇਆ। ਵੱਡੇ ਭਰਾ ਨਾਲ ਲੜਨ ਲੱਗਿਆ ਤਾਂ ਉਹ ਅੱਗਿਓਂ ਕਹਿੰਦਾ, "ਗੱਲ ਸੁਣ ਲੈ ਵੱਡਿਆ ਅਮਰੀਕਾ ਵਾਲਿਆ, ਤੈਨੂੰ ਸਾਂਝੇ ਰਕਬੇ ਵਿਚੋਂ ਡੇਢ ਕਿੱਲਾ ਬੈਅ ਕਰਕੇ ਤੋਰਿਆ ਸੀ। ਉਸ ਸਮੇਂ ਜ਼ਮੀਨ ਦੀ ਕੀਮਤ ਦਸ ਲੱਖ ਸੀ। ਅੱਜ ਉਸ ਜ਼ਮੀਨ ਦੀ ਕੀਮਤ ਸੱਠ ਲੱਖ ਹੋ ਗਈ ਹੈ। ਸਾਡੇ ਹਿੱਸੇ ਵੀਹ-ਵੀਹ ਲੱਖ ਰੁਪਏ ਆਉਂਦੈ। ਸਾਨੂੰ ਪੈਸੇ ਦੇਹ ਤੇ ਬਾਪੂ-ਬੇਬੇ ਲੈ ਜਾਹ। ਨਹੀਂ ਤਾਂ ਪਿੰਡ ਨਾ ਵੜੀਂ।**

# ਸੀਤਾ ਹਰਨ

ਚਰਨਜੀਤ ਸਿੰਘ ਪੰਨੂ

ਗਲੀਆਂ ਬਜ਼ਾਰਾਂ ਵਿਚ ਅੱਜ ਕੱਲ੍ਹ ਬਹੁਤ ਗਹਿਮਾ-ਗਹਿਮੀ ਸੀ। ਦੁਸਹਿਰੇ ਦੀਵਾਲੀ ਦੇ ਦਿਨ ਹੋਣ ਕਰਕੇ ਹਰ ਬੱਚੇ ਬੁੱਢੇ ਦੇ ਮਨ ਵਿਚ ਚਾਅ ਤੇ ਉਤਸ਼ਾਹ ਸੀ। ਬਾਜ਼ਾਰ ਵਿਚ ਹਰ ਰੋਜ਼ ਰਾਮ ਲੀਲ੍ਹਾ ਦੀ ਨਵੀਂ ਤੋਂ ਨਵੀਂ ਝਾਕੀ ਗੁਜ਼ਰਦੀ। ਲੋਕ ਬੜੀ ਸ਼ਰਧਾ ਨਾਲ ਵੇਖਦੇ ਤੇ ਬਣਿਆ ਸਰਿਆ ਦਾਨ ਪੁੰਨ ਦਿੰਦੇ।

ਅੱਜ ਪਹਿਲਾਂ ਤੋਂ ਵੱਧ ਦਿਲਚਸਪ ਝਾਕੀ...ਇਕ ਜੀਪ 'ਤੇ ਸਵਾਰ ਸੀਤਾ, ਰਾਮ ਕਾਰ ਅੰਦਰ ਬੰਦ ਸੀ। ਦੂਜੀ ਪਿਛਲੀ ਜੀਪ 'ਤੇ ਸਵਾਰ ਇਕ ਕਾਲਾ, ਮੋਟਾ ਹੱਟਾ-ਕੱਟਾ ਰਾਵਣ ਚਿੱਟੇ ਚਿੱਟੇ ਡੇਲੇ ਕੱਢੀ...ਇਧਰ ਉਧਰ ਝਾਕਦਾ, ਗਿੱਠ ਲੰਮੀ ਜ਼ੁਬਾਨ ਕੱਢ ਕੇ ਲੋਕਾਂ ਦਾ ਮਨੋਰੰਜਨ ਕਰ ਰਿਹਾ ਸੀ। ਲੋਕ ਉਸ ਨੂੰ ਵੀ ਮੱਥਾ ਟੇਕਦੇ, ਸਿਰ ਨਿਵਾਉਂਦੇ ਤੇ ਪੈਸੇ ਚੜ੍ਹਾਉਂਦੇ ।

ਝਾਕੀ ਦੇ ਅੱਗੇ ਹਨੂਮਾਨ ਲੰਮੀ ਪੂਛ ਫੈਲਾਈ, ਹੱਥ ਵਿਚ ਗੁਰਜ ਉਠਾਈ, ਕਦੇ ਇਧਰ ਦੁੜਕੀ ਮਾਰਦਾ, ਕਦੇ ਉਧਰ ਟਪੂਸੀ ਜਿਹੀ ਲਾਉਂਦਾ, ਗੁਰਜ ਉਲਾਰਦਾ ਨਿਆਣਿਆਂ ਨੂੰ ਪਰੇ ਦੂਰ ਧੱਕ ਲਿਜਾਂਦਾ। ਕਈ ਹੋਰ ਖੁਲ੍ਹੀਆਂ ਜੀਪਾਂ ਕਾਰਾਂ ਟ੍ਰੈਕਟਰਾਂ 'ਤੇ ਸਵਾਰ ਸ਼ਹਿਰ ਦੇ ਲੀਡਰ ਨੁਮਾ ਪਤਵੰਤੇ ਸਿਰ ਹਿਲਾਉਂਦੇ ਆਸੇ-ਪਾਸੇ ਖੜ੍ਹੀ ਭੀੜ ਵੱਲ ਹੱਥ ਜੋੜ ਕੇ ਆਪਣੀ ਹਾਜਰੀ ਲਵਾਉਂਦੇ ਧੰਨਵਾਦ ਕਰ ਰਹੇ ਸਨ।

ਉਚੇ ਲੰਮੇ ਬਾਂਸਾਂ 'ਤੇ ਟੰਗਿਆ ਨਾਲ ਨਾਲ ਤੁਰਦਾ ਇਕ ਮਨੁੱਖ ਜੋਕਰ ਵਾਂਗ ਹੱਥ ਵਿਚ ਮਾਈਕ ਫੜੀ ਉਚੀ ਉਚੀ ਪੁਕਾਰ ਰਿਹਾ ਸੀ।

'ਅੱਜ ਸੀਤਾ ਹਰਨ ਹੋਵੇਗੀ... ਅੱਜ ਸੀਤਾ ਹਰਨ ਹੋਣੀ ਹੈ। ਸੀਤਾ ਮਾਤਾ ਦੇ ਦਰਸ਼ਨ ਕਰਨ ਲਈ ਸਾਰੇ ਹੁਮ ਹੁਮਾ ਕੇ ਪਹੁੰਚੋ। ਰਾਮ ਲੀਲ੍ਹਾ ਮੈਦਾਨ ਵਿਚ ਅੱਜ ਰਾਵਣ ਨੇ ਸੀਤਾ ਹਰਨ ਕਰਨੀ ਹੈ...।' ਉਸ ਦਾ ਫੁਰਮਾਨ ਸੁਣ ਕੇ ਝਾਕੀ ਨਾਲ ਜਾਂਦਾ ਇਕ ਲਾਕੜੀ ਤਾੜੀ ਮਾਰ ਕੇ ਲੋਕਾਂ ਨੂੰ ਤਾੜੀ ਮਾਰਨ ਦਾ ਇਸ਼ਾਰਾ ਕਰ ਰਿਹਾ ਸੀ। ਨਾਲ ਨਾਲ ਇਲਾਕੇ ਦੀ ਮਸ਼ਹੂਰ ਬੈਂਡ ਪਾਰਟੀ ਇਸ ਵਿਗਿਆਪਨ ਦਾ ਬੈਂਡ ਦੀਆਂ ਧੁਨਾਂ ਨਾਲ ਵਿਖਿਆਨ ਕਰ ਰਹੀ ਸੀ।

ਅਚਾਨਕ ਜਲੂਸ ਵਿਚ ਇਕ ਦਮ ਹਲਚਲ ਜਿਹੀ ਮੱਚ ਗਈ। ਪਾਟੀਆਂ ਪੁਰਾਣੀਆਂ ਲੀਰਾਂ ਵਿਚ ਸਜਿਆ ਅਧਖੜ ਆਦਮੀ, ਇਧਰ ਉਧਰ ਦੌੜਦਾ, ਪਾਗਲਾਂ ਵਾਂਗ ਚਿਲਾਉਣ ਲੱਗਾ।

'ਮੈਂ ਸੀਤਾ ਹਰਨ ਨਹੀਂ ਹੋਣ ਦੇਣੀ...ਮੈਂ ਸੀਤਾ ਹਰਨ ਨਹੀਂ ਹੋਣ ਦੇਣੀ...।'

ਹੱਥ ਵਿਚ ਤੂਤ ਦੀ ਛਿਟੀ ਜਿਹੀ ਫੜੀ...ਯਮਲਿਆਂ ਵਾਂਗ ਨੱਚਦਾ ਟੱਪਦਾ...ਕਦੇ ਹਨੂਮਾਨ ਦੀ ਪੂਛ ਨੂੰ ਜਾ ਛੇੜਦਾ ਤੇ ਕਦੇ ਰਾਵਣ ਦੀ ਜੀਪ ਲਾਗੇ ਆ ਕੇ ਉਧਰ ਸੋਟੀ ਉਲਾਰਦਾ, ਰਾਵਣ ਨੂੰ ਡਰਾ ਦਿੰਦਾ।

'ਮਾਤਾ ਜੀ, ਭੈਣ ਜੀ, ਭਰਜਾਈ ਜੀ! ਮੈਂ ਆ ਗਿਆ ਹਾਂ...ਤੁਸੀਂ ਨਿਸ਼ਚਿੰਤ ਹੋ ਕੇ ਆਰਾਮ ਕਰੋ। ਹਰਨ ਹੋ ਜਾਣ ਦਾ ਤੌਖਲਾ ਦਿਲੋਂ ਕੱਢ ਦਿਉ...ਜੈ ਮਾਤਾ ਦੀ...ਜੈ ਮਾਤਾ ਦੀ।' ਉਸ ਬੜੇ ਨਿੱਘੇ ਅਦਬ ਨਾਲ ਮਾਤਾ ਸੀਤਾ ਦੇ ਪੈਰ ਚੁੰਮੇ, ਸਿਰ ਨਿਵਾਇਆ ਅਤੇ ਉਸ ਦੀਆਂ ਅੱਖਾਂ 'ਚੋਂ ਪਰਲ ਪਰਲ ਹੰਝੂ ਟਪਕਣ ਲੱਗੇ।



'ਸੁਣ ਉਏ ਫੁਕਰਿਆ ਜਿਹਿਆ, ਝੁੱਡੂਆ ਜਿਹਿਆ! ਆਪਣੇ ਆਪ ਨੂੰ ਬਲਵਾਨ ਕਹਿੰਦੈਂ? ਇਹ ਐਡੇ ਵੱਡੇ ਵਿਦਵਾਨ ਦਾ ਨਕਾਬ ਪਹਿਨੀ, ਬਿਗਾਨੀ ਇਸਤਰੀ ਨੂੰ ਉਧਾਲਨ ਆਇਐਂ? ਮੈਂ ਖ਼ਤਮ ਕਰ ਦਿਆਂਗਾ ਤੇਰੇ ਇਹ ਸਾਰੇ ਮਨਸੂਬੇ। ਨਿਕਲ ਜਾਹ ਇੱਥੋਂ ਆਪਣੀ ਜਾਨ ਬਚਾ ਕੇ ਤੇ ਛੱਡ ਦੇਹ ਇਹ ਭੈੜੇ ਕੰਮ। ਲਾਹਨਤ ਹੈ ਤੇਰੀ ਬਲਵਾਨੀ 'ਤੇ, ਵਿਦਵਾਨੀ 'ਤੇ। ਹੁਣ ਸੀਤਾ ਮਾਤਾ ਰਾਮ ਕਾਰ ਵਿਚ ਕੈਦ ਨਹੀਂ ਰਹੇਗੀ। ਬਾਹਰ ਖੁੱਲ੍ਹੀ ਉਡੇਗੀ ਖੁੱਲ੍ਹੇ ਅਸਮਾਨ ਵਿਚ, ਤੇ ਤੂੰ ਉਸ ਨੂੰ ਹੱਥ ਨਹੀਂ ਲਾ ਸਕੇਂਗਾ। ਮੈਂ ਕੱਢ ਦਿਆਂਗਾ ਤੇਰੇ ਭੈੜੀਆਂ ਨਜ਼ਰਾਂ ਵਾਲੇ ਡੇਲੇ, ਭੰਨ ਦਿਆਂਗਾ ਤੇਰੀਆਂ ਬਲਵਾਨ ਬਾਂਹਾਂ।' ਉਸ ਨੇ ਜ਼ੋਰ ਦੇ ਝਟਕੇ ਨਾਲ ਸੋਟੀ ਰਾਵਣ ਵੱਲ ਉਲਾਰੀ ਜੋ ਲੜਖੜਾਉਂਦਾ ਜੀਪ ਤੋਂ ਥੱਲੇ ਡਿੱਗਦਾ ਮਸੀਂ ਮਸੀਂ ਬਚਿਆ।

'ਐ ਤਮਾਸ਼ਬੀਨੋ ਸੁਣੋ! ਮਹੱਲੇ ਵਾਲਿਓ ਸੁਣੋ! ਦੇਸ਼ ਵਾਲਿਓ ਸੁਣੋ! ਰਾਵਣ ਦੇ ਸਾਥੀਓ ਸਰਨਾਂਵੀਓਂ ਸੁਣੋ, ਮੈਂ ਹਿੱਕ ਥਾਪੜ ਕੇ ਕਹਿੰਦਾ ਹਾਂ, ਮੈਂ ਸੀਤਾ ਹਰਨ ਨਹੀਂ ਹੋਣ ਦਿਆਂਗਾ। ਅਣਖਾਂ ਵਾਲਿਓ ਬਾਹਰ ਨਿਕਲੋ! ਛੱਡ ਦਿਓ ਰਜਾਈਆਂ ਖੇਸ। ਅੱਜ ਸੀਤਾ ਹਰਨ ਹੋਣੀ ਜੇ। ਸੀਤਾ ਮੇਰੀ ਮਾਤਾ ਹੈ, ਮੇਰੀ ਮਾਂ ਨੂੰ ਕੋਈ ਹਰਨ ਨਹੀਂ ਕਰ ਸਕਦਾ। ਮੇਰੀ ਸੀਤਾ ਨੂੰ ਕੋਈ ਨਹੀਂ ਲਿਜਾ ਸਕਦਾ, ਮੈਂ ਇਹ ਨਹੀਂ ਹੋਣ ਦਿਆਂਗਾ...। ਸੀਤਾ ਮੇਰੀ ਭਰਜਾਈ ਹੈ ਮਾਂ ਵਰਗੀ, ਸੀਤਾ ਮੇਰੀ ਭੈਣ ਹੈ। ਕੌਣ ਹੈ ਉਸ ਨੂੰ ਲਿਜਾਣ ਵਾਲਾ? ਨਹੀਂ ਹਰਨ ਹੋਣ ਦਿਆਂਗਾ। ਜਿੰਨਾ ਚਿਰ ਮੇਰੀਆਂ ਬਾਂਹਾਂ ਵਿਚ ਜ਼ੋਰ ਹੈ...ਜਿੰਨਾ ਚਿਰ ਮੇਰੀਆਂ ਰਗਾਂ ਵਿਚ ਖ਼ੂਨ ਹੈ।' ਉਸ ਬਾਂਹਾਂ ਫੈਲਾਈਆਂ।

ਹਨੂਮਾਨ ਬੇਵੱਸ ਜਿਹਾ ਹੋ ਕੇ ਪਾਸੇ ਖਲੋ ਗਿਆ। ਰਾਵਣ ਦਾ ਮੱਚ ਮਰ ਗਿਆ। ਉਸ ਦਾ ਨਕਲੀ ਦਸ-ਸਿਰਾ ਮੁਕਟ ਡਿੱਗੂੰ-ਡਿੱਗੂੰ ਕਰਨ ਲੱਗਾ। ਉਸ ਨੇ ਆਸੇ ਪਾਸੇ ਦੇਖਿਆ, ਮਾਨੋ ਕਿਸੇ ਮਦਦ ਲਈ ਪੁਕਾਰ ਰਿਹਾ ਹੋਵੇ।

ਪਤਵੰਤੇ ਸੱਜਣ ਪੁਲਿਸ ਵੱਲ ਝਾਕੇ, 'ਕੌਣ ਹੈ ਇਹ ਸਿਰ ਫਿਰਿਆ? ਫੜੋ ਇਹਨੂੰ ਦਿਉ ਅੰਦਰ।'

ਪੁਲਿਸ ਦੇ ਸਿਪਾਹੀ ਅੱਗੇ ਆਏ ਤੇ ਉਸ ਨੂੰ ਹਥਕੜੀਆਂ ਵਿਚ ਜਕੜ ਕੇ ਥਾਣੇ ਨੂੰ ਲੈ ਤੁਰੇ।

'ਇਹਦੇ ਬਾਹਰ ਰਹਿਣ ਨਾਲ ਅਮਨ ਕਾਨੂੰਨ ਨੂੰ ਖਤਰਾ ਹੈ। ਇਹ ਸ਼ਾਂਤਮਈ ਜਲੂਸ ਵਿਚ ਖਲਲ ਮਚਾਉਣ ਦੀ ਕੋਸ਼ਿਸ਼ ਕਰ ਰਿਹਾ ਸੀ।'

ਪਰ ਉਹ ਚਿਲਾਈ ਜਾ ਰਿਹਾ ਸੀ, 'ਮੈਂ ਹੁਣ ਸੀਤਾ ਹਰਨ ਨਹੀਂ ਹੋਣ ਦਿਆਂਗਾ, ਹੁਣ ਕੋਈ ਰੜਾ-ਰਾਵਣ ਸੀਤਾ ਹਰਨ ਨਹੀਂ ਕਰ ਸਕਦਾ।'

## ਕਹਾਣੀ

# ਨਹੁੰਆਂ ਦੇ ਨਿਸ਼ਾਨ

***ਕਹਾਣੀ 'ਨਹੁੰਆਂ ਦੇ ਨਿਸ਼ਾਨ' ਬਾਰੇ ਪ੍ਰਸਿੱਧ ਪੰਜਾਬੀ ਆਲੋਚਕ ਧਨਵੰਤ ਕੌਰ ਦਾ ਕਹਿਣਾ ਹੈ, "ਆਪਣੀਆਂ ਕਦੀਮੀਂ ਪਛਾਣਾਂ ਵਿਚੋਂ ਰੱਚੜ ਹੋ ਚੁੱਕੇ ਨੂੰ ਤਿਆਗਣ ਦੀ ਸੋਝੀ ਦੇ ਨਾਲ ਨਾਲ ਪੰਜਾਬੀਅਤ ਦੇ ਖਾਸੇ ਨੂੰ ਸਾਂਭਣ ਦੇ ਥੀਮ ਨੂੰ ਨਵੀਂ ਅਮਰੀਕੀ ਪੰਜਾਬੀ ਕਹਾਣੀ ਬੜੀ ਕਲਾਤਮਕਤਾ ਨਾਲ ਪਕੜ ਰਹੀ ਹੈ। ਸੁਰਿੰਦਰ ਸੋਹਲ ਦੀ ਕਹਾਣੀ 'ਨਹੁੰਆਂ ਦੇ ਨਿਸ਼ਾਨ' ਇਸ ਪ੍ਰਸੰਗ ਵਿਚ ਇਕ ਖ਼ੂਬਸੂਰਤ ਰਚਨਾ ਹੈ। ਸਦਾਚਾਰ ਕਿਸੇ ਵੀ ਕੌਮ, ਨਸਲ, ਰੰਗ, ਧਰਮ ਦਾ ਸਰਬਵਿਆਪਕ ਪ੍ਰਤਿਮਾਨ ਹੈ ਪਰ ਅੱਗੇ ਆਉਣ ਦੀ ਦੌੜ ਵਿਚ ਇਸ ਨੂੰ ਵਿਸਾਰਦੇ ਜਾਣਾ, ਇਸ ਦੀ ਸੰਘੀ ਨੱਪਦੇ ਜਾਣਾ ਅੱਜ ਦੀ ਲੋਭ, ਲਾਲਸਾ ਅਤੇ ਸਮਝੌਤਿਆਂ ਭਰੀ ਦੁਨੀਆਂ ਦਾ ਆਮ ਵਰਤਾਰਾ ਹੈ। ਜੌਹਨ ਉਸ ਸਾਰੀ ਜਮਾਤ ਦੀ ਤਸਵੀਰ ਪੇਸ਼ ਕਰਦਾ ਹੈ ਜਿਹੜੀ ਨੈਤਿਕਤਾ ਤੇ ਸਦਾਚਾਰ ਨੂੰ ਲਾਂਭੇ ਰੱਖ ਕੇ ਕਾਮਯਾਬੀ ਦੇ ਨਸ਼ੇ ਵਿਚ ਬਤਖ਼ਾਂ ਵਾਂਗ ਉਡਦੀ ਫਿਰਦੀ ਹੈ। ਇਸ ਕਹਾਣੀ ਵਿਚ ਕਹਾਣੀਕਾਰ ਪੰਜਾਬੀਆਂ ਦੇ ਇਤਿਹਾਸ ਅਤੇ ਯਾਦਾਂ ਦੇ ਸਹਾਰੇ ਸਦਾਚਾਰੀ ਅਣਖ ਨੂੰ ਇਕ ਸ਼ਕਤੀਸ਼ਾਲੀ ਮੈਟਾਫ਼ਰ ਵਜੋਂ ਉਭਾਰਦਾ ਹੈ ਅਤੇ ਇਤਿਹਾਸ ਦੀਆਂ ਭਿਆਨਕ ਯਾਦਾਂ ਅਤੇ ਵੱਡੀ ਕੀਮਤ ਚੁਕਾ ਕੇ ਪ੍ਰਾਪਤ ਕੀਤੀ ਇਸ ਪਛਾਣ ਨੂੰ ਸਾਂਭਣਯੋਗ ਦਸਦਾ ਹੈ। ਇਸ ਤਰ੍ਹਾਂ ਇਹ ਕਹਾਣੀ ਆਪਣੇ ਸ਼ਕਤੀਸ਼ਾਲੀ ਮੈਟਾਫ਼ਰ ਰਾਹੀਂ ਪਰਵਾਸੀ ਪੰਜਾਬੀ ਬੰਦੇ ਨੂੰ ਸੁਚੇਤ ਕਰਦੀ ਹੈ, ਆਪਣੇ ਵਿਰਸੇ ਵਿਚੋਂ ਅਣਖ ਵਰਗੀਆਂ ਵਿਸ਼ੇਸ਼ ਕਦਰਾਂ-ਕੀਮਤਾਂ ਨੂੰ ਸਾਂਭਣ ਅਤੇ ਉਨ੍ਹਾਂ ਦੀ ਸਲਾਮਤੀ ਲਈ ਹਰ ਕੀਮਤ ਚੁਕਾਉਣ ਲਈ ਤਿਆਰ ਰਹਿਣ ਲਈ।"***

### ਸੁਰਿੰਦਰ ਸੋਹਲ

ਸੁਪਨਿਆਂ ਦੇ ਮਹਿਲ ਵਰਗਾ ਜੌਹਨ ਦਾ ਘਰ ਦੇਖ ਕੇ ਮੇਰੇ ਦਿਲੋਂ ਆਪ-ਮੁਹਾਰੇ ਹੀ ਹੂਕ ਨਿਕਲੀ ਸੀ, 'ਘਰ ਹੋਵੇ ਤਾਂ ਐਹੋ ਜਿਹਾ।'

ਘਰ ਦੇ ਅੱਗੇ ਦੁਧ-ਚਿੱਟੀ ਸਟ੍ਰੈਚ ਲਿਮੋਜ਼ੀਨ ਖੜ੍ਹੀ ਸੀ। ਕੋਈ ਵੱਡਾ ਬੰਦਾ ਹੀ ਜੌਹਨ ਨੂੰ ਮਿਲਣ ਆਇਆ ਹੋਵੇਗਾ।

ਮੈਂ ਬੈਲ ਵਜਾਈ। ਥੋੜ੍ਹੀ ਦੇਰ ਬਾਅਦ ਦਰਵਾਜ਼ਾ ਖੁੱਲ੍ਹਿਆ।

ਛੇ ਫੁੱਟ ਲੰਬਾ, ਗੁਲਾਬੀ ਰੰਗਾ ਜੌਹਨ, ਖੁੱਲ੍ਹੇ ਖੁੱਲ੍ਹੇ ਘਰੇਲੂ ਕਪੜੇ ਪਾਈ ਮੇਰੇ ਸਾਹਮਣੇ ਖੜ੍ਹਾ ਸੀ, 'ਵੈਲਕਮ!'

ਉਸ ਨੇ ਵਾਈਨ ਦਾ ਗਲਾਸ ਉਂਗਲਾਂ ਵਿਚ ਫਸਾਇਆ ਹੋਇਆ ਸੀ।

ਮੈਂ ਉਸ ਦੇ ਪਿੱਛੇ ਪਿੱਛੇ ਅੰਦਰ ਲਿਵਿੰਗ ਰੂਮ ਵਿਚ ਲੰਘ ਗਿਆ। ਲਿਵਿੰਗ ਰੂਮ ਦੀ ਸ਼ਾਨ ਅਕੱਥ ਸੀ। ਉਸ ਨੇ ਬੈਕਯਾਰਡ ਨੂੰ ਜਾਂਦਾ ਦਰਵਾਜ਼ਾ ਸਲਾਈਡ ਕੀਤਾ। ਅਸੀਂ ਬਾਹਰ ਲੰਘ ਗਏ ਤਾਂ ਦਰਵਾਜ਼ਾ ਆਪਣੇ ਆਪ ਬੰਦ ਹੋ ਗਿਆ। ਬੈਕਯਾਰਡ ਸੀ ਕਿ ਜੰਗਲ ਵਿਚ ਮੰਗਲ ਲੱਗਿਆ ਹੋਇਆ। ਉਚੇ ਉਚੇ ਦਰਖ਼ਤ ਗੂੜ੍ਹੀ ਹਰੀ ਭਾਅ ਮਾਰ ਰਹੇ ਸਨ। ਜੰਗਲੀ ਜਾਨਵਰਾਂ ਨੂੰ ਅੰਦਰ ਆਉਣ ਤੋਂ ਰੋਕਣ ਲਈ ਲੋਹੇ ਦੀ ਉਚੀ ਉਚੀ ਜਾਲੀਦਾਰ ਪਾਰਦਰਸ਼ੀ ਦੀਵਾਰ ਕੀਤੀ ਹੋਈ ਸੀ।

ਵੱਡਾ ਸਾਰਾ ਸਵਿਮਿੰਗ ਪੂਲ। ਨੀਲਾ ਪਾਣੀ ਇਉਂ ਸੀ ਜਿਵੇਂ ਬੈਕਯਾਰਡ ਵਿਚ ਆਸਮਾਨ ਹੀ ਉਤਰ ਆਇਆ ਹੋਵੇ। ਉਚਾ ਸਾਰਾ ਨਕਲੀ ਝਰਨਾ ਪੂਲ ਵਿਚ ਡਿੱਗ ਰਿਹਾ ਸੀ। ਪੂਰੇ ਸ਼ਾਂਤ ਮਾਹੌਲ ਵਿਚ ਝਰਨੇ ਦਾ ਪਾਣੀ ਰੂਹਾਨੀ ਸੰਗੀਤ ਤੋਂ ਘੱਟ ਨਹੀਂ ਸੀ। ਪੂਲ ਕਿਨਾਰੇ ਆਰਾਮ ਕੁਰਸੀਆਂ ਪਈਆਂ ਸਨ। ਇਕ ਸ਼ਾਨਦਾਰ ਟੇਬਲ। ਧੁੱਪ ਤੋਂ ਬਚਣ ਲਈ ਰੰਗ-ਬਰੰਗੀਆਂ ਛਤਰੀਆਂ ਕੁਰਸੀਆਂ ਦੇ ਨਾਲ ਹੀ ਜੁੜੀਆਂ ਹੋਈਆਂ ਸਨ। ਲੋੜ ਮੁਤਾਬਕ ਛਤਰੀ ਨੂੰ ਘੁੰਮਾ ਕੇ ਸੂਰਜ ਵੱਲ ਕੀਤਾ ਜਾ ਸਕਦਾ ਸੀ। ਧੁੱਪ ਬਹੁਤ ਤਿੱਖੀ ਸੀ।

ਜੌਹਨ ਨੇ ਮੈਨੂੰ ਆਰਾਮ ਕੁਰਸੀ 'ਤੇ ਬੈਠਣ ਦਾ ਇਸ਼ਾਰਾ ਕੀਤਾ।

ਮੈਂ ਅਪਾਰਟਮੈਂਟ ਬਿਲਡਿੰਗ ਦੇ 'ਟੂ ਬੈਡਰੂਮ' ਵਿਚ ਰਹਿਣ ਵਾਲਾ ਆਦਮੀ ਜੌਹਨ ਦੇ ਘਰ ਨੂੰ ਇਸ ਤਰ੍ਹਾਂ ਦੇਖ ਰਿਹਾ ਸਾਂ, ਜਿਵੇਂ ਕੋਈ ਬੱਚਾ ਅਚਾਨਕ ਖਿਡੌਣਿਆਂ ਦੇ ਢੇਰ 'ਤੇ ਡਿੱਗ ਪਏ।

ਜੌਹਨ ਇਕ ਇੰਪਲਾਇਮੈਂਟ ਏਜੰਸੀ ਚਲਾਉਂਦਾ ਸੀ। ਬਾਹਰਲੇ ਮੁਲਕਾਂ ਤੋਂ ਆਏ ਕੰਪਿਊਟਰ ਮਾਹਰਾਂ ਨੂੰ ਚੰਗੀ ਜੌਬ ਦਿਵਾਉਣ ਵਿਚ ਉਹ ਬਹੁਤ ਮਾਹਰ ਸੀ। ਮੈਂ ਜਦੋਂ ਆਇਆ ਸਾਂ ਤਾਂ ਚੰਗੀ ਜੌਬ ਨੂੰ ਹੱਥ ਨਹੀਂ ਸੀ ਪੈ ਰਿਹਾ। ਮੈਂ ਇਕ ਫੈਕਟਰੀ ਵਿਚ ਕੰਮ ਕਰਨ ਲੱਗ ਪਿਆ। ਉਥੇ ਇਕ ਗੋਰਾ ਕੰਮ ਕਰਦਾ ਸੀ। ਇਕ ਦਿਨ ਉਸ ਨੂੰ ਗੱਲਾਂ ਗੱਲਾਂ ਵਿਚ ਮੇਰੇ 'ਸਾਫ਼ਟਵੇਅਰ ਇੰਜੀਨੀਅਰ' ਹੋਣ ਦਾ ਪਤਾ ਲੱਗਾ ਸੀ। ਉਸ ਨੇ ਮੈਨੂੰ ਜੌਹਨ ਦੀ ਦੱਸ ਪਾਈ ਸੀ। ਜੌਹਨ ਨੇ ਮੈਨੂੰ ਚੰਗੀ ਤਨਖਾਹ ਦੀ ਜੌਬ ਕੁਝ ਦਿਨਾਂ ਵਿਚ ਹੀ ਲੱਭ ਦਿੱਤੀ ਸੀ। ਹੌਲੀ ਹੌਲੀ ਮੈਂ ਘੰਟੇ ਦੇ ਪੰਜਾਹ ਡਾਲਰ ਕਮਾਉਣ ਲੱਗ ਪਿਆ ਸਾਂ।

ਉਦੋਂ ਤੱਕ ਸਾਡੀ ਜਾਣ-ਪਛਾਣ ਕਾਫ਼ੀ ਹੋ ਗਈ ਸੀ। ਮੇਰੇ ਕਈ ਦੋਸਤ, ਕਲਾਸ ਫੈਲੋ ਤੇ ਵਾਕਿਫ਼ ਅਮਰੀਕਾ ਆਏ। ਮੈਂ ਵਾਰੀ ਵਾਰੀ ਉਨ੍ਹਾਂ ਨੂੰ ਜੌਹਨ ਦੀ ਏਜੰਸੀ ਵਿਚ ਲੈ ਕੇ ਗਿਆ ਸਾਂ। ਜੌਹਨ ਨੇ ਸਭ ਨੂੰ ਚੰਗੀਆਂ ਥਾਂਵਾਂ 'ਤੇ ਫਿੱਟ ਕਰਵਾ ਦਿੱਤਾ ਸੀ। ਜੌਹਨ ਨਾਲ ਮੇਰੀ ਏਨੀ ਕੁ ਸਾਂਝ ਹੋ ਗਈ ਕਿ ਅਮਰੀਕੀ ਦਿਨ ਤਿਉਹਾਰ 'ਤੇ ਮੈਂ ਉਸ ਨੂੰ 'ਈਮੇਲ' ਕਰਕੇ ਮੁਬਾਰਕ ਦਿੰਦਾ। ਉਹ ਮੈਨੂੰ 'ਈਕਾਰਡ' ਭੇਜਦਾ। ਜਦੋਂ ਵੀ ਕਿਸੇ ਦੋਸਤ ਨੂੰ ਲੈ ਕੇ ਮੈਂ ਜੌਹਨ ਦੇ ਛੋਟੇ ਜਿਹੇ ਦਫ਼ਤਰ ਵਿਚ ਜਾਂਦਾ ਉਹ ਕਾਫ਼ੀ ਦੇਰ ਮੇਰੇ ਨਾਲ ਗੱਲਾਂ ਕਰਦਾ ਰਹਿੰਦਾ। ਮੇਰੀ ਪ੍ਰਮੋਸ਼ਨ ਦੀਆਂ ਗੱਲਾਂ ਕਰਦਾ। ਮੇਰੇ ਪਰਿਵਾਰ ਬਾਰੇ ਪੁੱਛਦਾ।

ਮੈਂ ਕਈ ਵਾਰ ਆਖਦਾ, "ਮਿਸਟਰ ਜੌਹਨ, ਅਸੀਂ ਤਾਂ ਸੋਚਦੇ ਸਾਂ ਬਾਹਰਲੇ ਮੁਲਕਾਂ ਵਿਚ ਲੋਕ ਆਪਣੇ ਮਤਲਬ ਤੋਂ ਬਿਨਾਂ ਇਕ ਮਿੰਟ ਗੱਲ ਨਹੀਂ ਕਰਦੇ ਪਰ ਤੁਸੀਂ ਤਾਂ ਕਾਫ਼ੀ 'ਗਾਲੜੀ' ਹੋ।"

"ਤੇਰੀ ਗੱਲ ਠੀਕ ਹੈ। ਮੈਂ ਵੀ ਬਿਜ਼ਨਸ ਤੋਂ ਬਾਹਰ ਜਾ ਕੇ ਕੋਈ ਗੱਲ ਨਹੀਂ ਕਰਦਾ। ਤੂੰ ਵੀ ਤਾਂ ਮੈਨੂੰ ਬਿਜ਼ਨਸ ਦਿੰਨਾਂ ਏਂ। ਤੈਨੂੰ ਯਾਦ ਏ, ਹੁਣ ਤੱਕ ਤੂੰ ਮੈਨੂੰ ਵੀਹ ਕੈਂਡੀਡੇਟ ਦੇ ਚੁੱਕਾ ਏਂ। ਪਰ ਇਸ ਦੇ ਬਾਵਜੂਦ ਤੇਰੇ ਵਿਚ ਕੁਝ ਹੈ। ਤੇਰੇ ਨਾਲ ਗੱਲਾਂ ਕਰਨਾ ਮੈਨੂੰ ਚੰਗਾ ਲੱਗਦਾ ਹੈ। ਕਦੇ ਕਦੇ ਤੇਰੇ ਨਾਲ ਗੱਲਾਂ ਕਰਕੇ ਮੈਨੂੰ ਏਦਾਂ ਲੱਗਦਾ ਏ, ਜਿੱਦਾਂ ਮੈਂ ਆਪਣੇ ਆਪ ਨਾਲ ਗੱਲਾਂ ਕਰ ਰਿਹਾ ਹੋਵਾਂ।" ਜੌਹਨ ਆਖਦਾ, "ਐਨੀ ਵੇ, ਤੇਰਾ ਕੰਮ ਹੋ ਜਾਏਗਾ।"

ਮੇਰਾ ਦੋਸਤ ਕੰਪਿਊਟਰ ਪ੍ਰੋਗਰਾਮਰ ਬਣ ਕੇ ਇੰਡੀਆ ਤੋਂ ਆਇਆ ਸੀ। ਉਸ ਨੂੰ ਇਕ ਕੰਪਨੀ ਨੇ ਬੁਲਾਇਆ ਸੀ। ਕੰਪਨੀ ਨਾਲ ਉਸ ਦਾ ਦੋ ਸਾਲ ਦਾ ਕੰਟ੍ਰੈਕਟ ਸੀ। ਕੰਪਨੀ ਉਸ ਨੂੰ ਬਹੁਤ ਹੀ ਘੱਟ ਤਨਖਾਹ ਦੇ ਰਹੀ ਸੀ। ਕਾਨੂੰਨ ਮੁਤਾਬਕ ਮੇਰਾ ਦੋਸਤ ਉਹ ਕੰਟ੍ਰੈਕਟ ਤੋੜ ਨਹੀਂ ਸੀ ਸਕਦਾ। ਥੋੜ੍ਹੀ ਤਨਖਾਹ ਨਾਲ ਉਸ ਦਾ ਗੁਜ਼ਾਰਾ ਹੁੰਦਾ ਨਹੀਂ ਸੀ। ਇਸੇ ਦੌਰਾਨ ਕਾਨੂੰਨ ਵਿਚ ਢਿਲ ਮਿਲ ਗਈ। ਜੇ ਕੋਈ ਦੂਸਰੀ ਕੰਪਨੀ ਤੁਹਾਨੂੰ ਸਪਾਂਸਰ ਕਰ ਦੇਵੇ ਤਾਂ ਤੁਹਾਡਾ 'ਐਚ ਵਨ ਵੀਜ਼ਾ' ਉਸ ਕੰਪਨੀ ਦੇ ਖਾਤੇ ਪੈ ਸਕਦਾ ਸੀ। ਉਹ ਕੰਪਨੀ ਤੁਹਾਨੂੰ ਗਰੀਨ ਕਾਰਡ ਵੀ ਦਿਵਾ ਸਕਦੀ ਸੀ। ਮੇਰੇ ਦੋਸਤ ਨੇ ਆਪਣਾ ਰੈਜ਼ਮੇ ਮੈਨੂੰ ਭੇਜ ਦਿੱਤਾ।

ਮੈਂ ਜੌਹਨ ਨਾਲ ਗੱਲ ਕੀਤੀ, "ਮਿਸਟਰ ਜੌਹਨ, ਮੈਂ ਆਪਣੇ ਦੋਸਤ ਦਾ ਰੈਜ਼ਮੇ ਤੈਨੂੰ ਈਮੇਲ ਕਰ ਰਿਹਾ ਹਾਂ, ਕਿਸੇ ਚੰਗੀ ਜਗ੍ਹਾ 'ਤੇ ਇਸ ਨੂੰ ਲਵਾਉਣਾ ਹੈ, ਮੇਰੇ ਵਰਗੀ ਜੌਬ 'ਤੇ।"

ਜੌਹਨ ਨੇ ਕਿਹਾ ਸੀ, "ਅੱਜ ਸਨਿਚਰਵਾਰ ਹੈ। ਦੁਪਹਿਰੋਂ ਬਾਅਦ ਮੈਂ ਸਾਰਾ ਦਿਨ ਘਰ ਹੋਵਾਂਗਾ। ਤੂੰ ਰੈਜ਼ਮੇ ਘਰ ਹੀ ਲੈ ਆਵੀਂ। ਚੰਗੇ ਦੋਸਤ ਨਾਲ ਡਰਿੰਕ ਕੀਤੀ ਨੂੰ ਚਿਰ ਹੋ ਗਿਆ ਹੈ। ਅੱਜ ਦੀ ਸ਼ਾਮ ਮੇਰੇ ਘਰ ਇੰਜੁਆਇ ਕਰਾਂਗੇ।"

ਵੱਡੀਆਂ ਕੰਪਨੀਆਂ ਨਾਲ ਜੌਹਨ ਦੇ ਸਿੱਧੇ ਸਬੰਧ ਸਨ। ਮੈਂ ਹੁਣ ਪੰਜਾਹ ਡਾਲਰ ਘੰਟੇ ਦੇ ਲੈਂਦਾ ਸਾਂ। ਪਤਾ ਨਹੀਂ ਮੇਰੇ ਬਦਲੇ ਕੰਪਨੀ ਨਾਲ ਉਸ ਨੇ ਕਿਹੋ ਜਿਹਾ ਕੰਟ੍ਰੈਕਟ ਕੀਤਾ ਹੋਵੇ। ਮੇਰੀ ਅੱਠਾਂ ਘੰਟਿਆਂ ਦੀ ਦਿਹਾੜੀ ਬਦਲੇ ਉਸ ਨੂੰ ਘਰ ਬੈਠੇ ਨੂੰ ਅੱਸੀ ਡਾਲਰ ਮਿਲਦੇ ਹੋਣ ਜਾਂ ਵੱਧ। ਚੈਕ ਸਿੱਧਾ ਉਸ ਦੇ ਖਾਤੇ ਵਿਚ ਚਲਾ ਜਾਂਦਾ ਹੋਵੇਗਾ। ਮੇਰੇ ਵਰਗੇ ਉਸ ਨੇ ਸੈਂਕੜੇ ਲੋਕਾਂ ਨੂੰ ਨੌਕਰੀ ਦਿਵਾਈ ਸੀ। ਉਸ ਦਾ ਦਫ਼ਤਰ ਤਾਂ ਛੋਟਾ ਜਿਹਾ ਸੀ, ਪਰ ਘਰ....।

"ਕੀ ਪੀਏਂਗਾ ਵਾਈਨ ਕਿ ਵਿਸਕੀ?" ਜੌਹਨ ਦੀ ਗੱਲ ਸੁਣੀ ਤਾਂ ਮੈਂ ਖਿਡੌਣਿਆਂ ਦੇ ਢੇਰ 'ਚੋਂ ਨਿਕਲ ਕੇ ਆਰਾਮ ਕੁਰਸੀ 'ਤੇ ਆ ਗਿਆ। ਝਰਨੇ ਦਾ ਪਾਣੀ ਸ਼ਾਂਤ ਮਾਹੌਲ ਵਿਚ ਸੰਗੀਤ ਤੋਂ ਘੱਟ ਨਹੀਂ ਸੀ।

"ਪਹਿਲਾਂ ਜੂਸ।"

ਜੌਹਨ ਅੰਦਰ ਨੂੰ ਜੂਸ ਲੈਣ ਚਲਾ ਗਿਆ। ਡਰੈਸਿੰਗ ਰੂਮ ਵਿਚੋਂ ਜੌਹਨ ਦੀ ਪਤਨੀ ਮੈਗੀ ਨਿਕਲੀ। ਏਨੀ ਸਜੀ ਧਜੀ ਜਿਵੇਂ ਜਾਦੂਗਰ ਦੇ ਪਟਾਰੇ ਵਿਚੋਂ ਨਿਕਲ ਕੇ ਆਈ ਹੋਵੇ। ਦੂਰੋਂ ਹੀ ਹੱਥ ਹਿਲਾ ਕੇ ਉਸ ਨੇ ਮੈਨੂੰ 'ਬਾਏ ਬਾਏ' ਕੀਤੀ।

ਫਿਰ ਉਚੀ ਆਵਾਜ਼ ਵਿਚ ਜੌਹਨ ਨੂੰ ਸੁਣਾ ਕੇ ਬੋਲੀ, "ਓ ਕੇ ਹਨੀ, ਮੈਂ ਜਾ ਰਹੀ ਹਾਂ।"

"ਓ ਕੇ ਸਵੀਟ ਹਾਰਟ।" ਅੰਦਰੋਂ ਜੂਸ ਦੀ ਬੋਤਲ ਫੜ੍ਹੀ ਆਉਂਦਾ ਜੌਹਨ ਬੋਲਿਆ। ਦੋਹਾਂ ਨੇ 'ਕਿੱਸ' ਕੀਤੀ ਤੇ ਮੈਗੀ ਬਾਹਰ ਨਿਕਲ ਗਈ। ਜਦੋਂ ਤੱਕ ਜੌਹਨ ਜੂਸ ਦੀ ਬੋਤਲ ਲੈ ਕੇ ਮੇਰੇ ਤੱਕ ਪਹੁੰਚਿਆ, ਲਿਮੋਜ਼ੀਨ ਸਟਾਰਟ ਹੋ ਕੇ ਹਵਾ ਨਾਲ ਗੱਲਾਂ ਕਰਦੀ, ਸੰਘਣੇ ਦਰਖ਼ਤਾਂ ਵਿਚ ਛਪਨ ਹੋ ਗਈ।

"ਬੱਚੇ ਘਰ ਨਹੀਂ।" ਮੈਂ ਆਲਾ ਦੁਆਲਾ ਦੇਖ ਦੇ ਪੁੱਛਿਆ।

"ਨਹੀਂ। ਮੈਗੀ ਨੇ ਪਾਰਟੀ 'ਤੇ ਜਾਣਾ ਸੀ। ਮੇਰੇ ਲਈ ਦੋਵੇਂ ਬੱਚੀਆਂ ਸੰਭਾਲਣੀਆਂ ਮੁਸ਼ਕਲ ਨੇ। ਬੇਬੀ ਸਿਟਰ ਦੇ ਘਰ ਹੀ ਨੇ। ਸਵੇਰੇ ਐਤਵਾਰ ਏ। ਬੇਬੀ ਸਿਟਰ ਛੱਡ ਜਾਏਗੀ। ਫਿਰ ਉਨ੍ਹਾਂ ਨੂੰ ਮੈਂ ਤੇ ਮੈਗੀ ਕਿਤੇ ਘੁਮਾ ਲਿਆਵਾਂਗੇ।"

ਜੂਸ ਦੀ ਬੋਤਲ ਫੜਾਉਣ ਲੱਗਾ ਜੌਹਨ ਮੇਰੇ ਸੱਜੇ ਹੱਥ 'ਤੇ ਵੱਜੀਆਂ ਡੂੰਘੀਆਂ ਡੂੰਘੀਆਂ ਲਕੀਰਾਂ ਵੱਲ ਧਿਆਨ ਨਾਲ ਦੇਖਣ ਲੱਗਾ। ਫਿਰ ਬੋਲਿਆ, "ਮੈਂ ਪਹਿਲਾਂ ਵੀ ਕਈ ਵਾਰ ਦੇਖੀਆਂ ਤੇਰੇ ਹੱਥ 'ਤੇ ਇਹ ਛਪੀਆਂ ਹੋਈਆਂ ਝਰੀਟਾਂ। ਕੀ ਕਦੇ ਸ਼ੇਰ ਨਾਲ ਪੰਜਾ ਲੜਾਉਂਦਾ ਰਿਹਾ ਏਂ?" ਜੌਹਨ ਹੱਸਦਾ ਹੱਸਦਾ ਮੇਰੇ ਸਾਹਮਣੇ ਵਾਲੀ ਕੁਰਸੀ 'ਤੇ ਬੈਠ ਗਿਆ।

ਧੁੱਪ ਦਾ ਤੇਜ਼ ਘਟਿਆ ਨਹੀਂ ਸੀ। ਮੇਰੇ ਚਿਹਰੇ 'ਤੇ ਹਲਕੀਆਂ ਹਲਕੀਆਂ ਪਸੀਨੇ ਦੀਆਂ ਬੂੰਦਾਂ ਆ ਟਪਕੀਆਂ। ਮੈਂ ਨੈਪਕਿਨ ਨਾਲ ਪਸੀਨਾ ਪੂੰਝਿਆ। ਜੌਹਨ ਨੇ ਉਠ ਕੇ ਛਤਰੀ ਸੂਰਜ ਵੱਲ ਕਰਕੇ ਮੇਰੇ ਮੂੰਹ 'ਤੇ ਛਾਂ ਕਰ ਦਿੱਤੀ। ਮੈਂ ਠੰਢੇ ਠੰਢੇ ਜੂਸ ਦਾ ਘੁੱਟ ਭਰਿਆ। ਕਈ ਤਰ੍ਹਾਂ ਦੇ ਫਰੂਟ ਮਿਕਸ ਹੋਣ ਕਰਕੇ ਮੇਰੀ ਜੀਭ ਅੰਦਾਜ਼ੇ ਲਾ ਰਹੀ ਸੀ, ਕਿਹੜੇ ਕਿਹੜੇ ਫਲ ਦਾ ਜੂਸ ਹੋਵੇਗਾ।

"ਕਾਹਦੇ ਨਿਸ਼ਾਨ ਨੇ?" ਜੌਹਨ ਨੇ ਫਿਰ ਪੁੱਛਿਆ।

ਜੰਗਲ ਵਿਚੋਂ ਉਡ ਕੇ ਆਈ ਬਤਖ਼ ਪੂਲ ਦੇ ਪਾਣੀ ਵਿਚ ਤੈਰਨ ਲੱਗ ਪਈ।

ਮੈਂ ਇਕ ਵਾਰ ਆਪਣੇ ਹੱਥ ਵੱਲ ਦੇਖਿਆ। ਮੈਂ ਇਨ੍ਹਾਂ ਨਿਸ਼ਾਨਾਂ ਨੂੰ ਕਦੇ ਏਨੀ ਨੀਝ ਨਾਲ ਪਹਿਲਾਂ ਨਹੀਂ ਸੀ ਦੇਖਿਆ। ਮੈਨੂੰ ਫ਼ਿਲਮ 'ਜੁਰਾਸਿਕ ਪਾਰਕ-ਥਰੀ' ਦਾ ਪੋਸਟਰ ਯਾਦ ਆਇਆ। 'ਤਿੰਨ' ਲਿਖਣ ਦੀ ਥਾਂ ਡਿਜ਼ਾਈਨਰ ਨੇ ਪੋਸਟਰ 'ਤੇ ਇਸ ਤਰ੍ਹਾਂ ਝਰੀਟਾਂ ਮਾਰੀਆਂ ਹੋਈਆਂ ਸਨ, ਜਿਵੇਂ ਡਾਇਨਾਸੋਰ ਨੇ ਪੰਜਾ ਮਾਰ ਕੇ ਲਕੀਰਾਂ ਖਿੱਚ ਦਿੱਤੀਆਂ ਹੋਣ।

"ਜੌਹਨ," ਮੈਂ ਬੋਤਲ ਸ਼ੀਸ਼ੇ ਦੇ ਬਣੇ ਖ਼ੂਬਸੂਰਤ ਟੇਬਲ 'ਤੇ ਰੱਖਦੇ ਹੋਏ ਕਿਹਾ, "ਇਹ ਲਕੀਰਾਂ ਮੇਰੀ ਜ਼ਿੰਦਗੀ ਦਾ ਹਿੱਸਾ ਨੇ। ਬਹੁਤ ਮਹੱਤਵਪੂਰਨ ਪਰ ਭਿਆਨਕ ਯਾਦ ਦੀ ਨਿਸ਼ਾਨੀ।"

"ਓ ਰੀਅਲੀ?" ਜੌਹਨ ਉਤਸੁਕਤਾ ਨਾਲ ਬੋਲਿਆ, "ਅੱਜ ਆਪਣੇ ਕੋਲ ਬਹੁਤ ਟਾਈਮ ਹੈ। ਮਸੀਂ ਮਿਲਦਾ ਹੈ ਇਹੋ ਜਿਹਾ ਟਾਈਮ। ਖੁੱਲ੍ਹ ਕੇ ਦੱਸ ਇਨ੍ਹਾਂ ਬਾਰੇ।"

ਮੈਂ ਜੇਬ ਵਿਚੋਂ ਕੱਢ ਕੇ ਚਿੱਟਾ ਲਿਫ਼ਾਫ਼ਾ ਜੌਹਨ ਵੱਲ ਕੀਤਾ, "ਇਸ ਵਿਚ ਮੇਰੇ ਦੋਸਤ ਦਾ 'ਰੈਜ਼ਮੇ' ਐ।"

"ਦਫ਼ਤਰੀ ਗੱਲਾਂ ਦਫ਼ਤਰ ਵਿਚ। ਅੱਜ ਆਪਾਂ ਏਜੰਟ ਕਲਾਇੰਟ ਨਹੀਂ, ਦੋਸਤਾਂ ਵਾਂਗ ਗੱਲਾਂ ਕਰਾਂਗੇ। ਇੰਜੁਆਇ ਕਰਾਂਗੇ।" ਪੀਪਨੀ ਵਰਗੀ, ਚਿੱਟੇ ਸਿੰਗ ਦੀ ਬਣੀ ਗਲਾਸੀ ਵਿਚ ਵਾਈਨ ਪਾਉਂਦੇ ਜੌਹਨ ਨੇ ਕਿਹਾ।

"ਜੌਹਨ, ਬਹੁਤ ਭਿਆਨਕ ਘਟਨਾ ਛੁਪੀ ਹੋਈ ਏ ਇਨ੍ਹਾਂ ਡੂੰਘੀਆਂ ਡੂੰਘੀਆਂ ਲਕੀਰਾਂ ਵਿਚ। ਇਕ ਇਤਿਹਾਸ। ਮੇਰਾ ਇਕ ਦੋਸਤ ਹੁੰਦਾ ਸੀ, ਜਰਨੈਲ। ਤੂੰ ਜੈਰੀ ਕਹਿ ਸਕਦਾ ਏਂ।"

ਜੌਹਨ ਹਿੰਦੋਸਤਾਨੀ ਨਾਮ ਦਾ ਅਮਰੀਕੀਕਰਨ ਸੁਣ ਕੇ ਹਲਕਾ ਜਿਹਾ ਹੱਸਿਆ।

"ਮੇਰੇ ਪਿੰਡ ਦੀ ਗੱਲ ਐ। ਉਹ ਮੇਰੇ ਤੋਂ ਚਾਰ ਕੁ ਸਾਲ ਵੱਡਾ ਸੀ। ਬਹੁਤ ਮਿਹਨਤੀ। ਬਹੁਤ ਸਖ਼ਤ ਜਾਨ। ਮਜ਼ਬੂਤ ਹੱਥਾਂ ਵਾਲਾ ਆਦਮੀ। ਅਸੀਂ ਗਵਾਂਢੀ ਸਾਂ ਤੇ ਬਹੁਤ ਦੋਸਤ ਸਾਂ। ਜੈਰੀ ਦਾ ਵਿਆਹ ਹੋ ਗਿਆ। ਉਸ ਦੀ ਪਤਨੀ ਬਹੁਤ ਸੋਹਣੀ ਸੀ। ਐਨ ਮੈਗੀ ਵਰਗੀ। ਖ਼ੈਰ! ਇਕ ਦਿਨ ਸਾਡੇ ਪਿੰਡ ਦੇ ਮੁਸ਼ਟੰਡੇ ਨੇ ਜੈਰੀ ਦੀ ਪਤਨੀ ਨੂੰ ਭੱਦਾ ਮਜ਼ਾਕ ਕਰ ਦਿੱਤਾ। ਉਸ ਦੀ ਬਾਂਹ ਫੜ੍ਹਨ ਪੈ ਗਿਆ। ਪਤਨੀ ਦੌੜ ਗਈ। ਉਸ ਨੇ ਜੈਰੀ ਨੂੰ ਦੱਸ ਦਿੱਤਾ। ਜੈਰੀ ਆਪਣੇ ਖੇਤਾਂ ਵਿਚ ਕੰਮ ਕਰ ਰਿਹਾ ਸੀ। ਉਸ ਨੇ ਉਥੋਂ ਹੀ ਕੁਹਾੜੀ ਚੁੱਕੀ 'ਤੇ ਮੁਸ਼ਟੰਡੇ ਮੁੰਡੇ ਦੇ ਫਾਰਮ 'ਤੇ ਚਲਾ ਗਿਆ। ਉਸ ਨੇ ਮੁਸ਼ਟੰਡੇ ਦੀ ਬਾਂਹ 'ਤੇ ਕੁਹਾੜੀ ਮਾਰੀ। ਬਾਂਹ ਅੱਧੀ ਵੱਢੀ ਗਈ। ਪਰ ਉਥੇ ਮੁਸ਼ਟੰਡੇ ਦੇ ਹੋਰ ਮੁਸ਼ਟੰਡੇ ਮਿੱਤਰ ਵੀ ਸਨ। ਉਨ੍ਹਾਂ ਨੇ ਜੈਰੀ ਨੂੰ ਡਾਂਗਾਂ ਨਾਲ ਬਹੁਤ ਕੁੱਟਿਆ। ਅੱਧਮੋਇਆ ਕਰਕੇ ਰਾਹ ਵਿਚ ਸੁੱਟ ਗਏ। ਕਿਸੇ ਨੇ ਜੈਰੀ ਨੂੰ ਦੇਖਿਆ ਤਾਂ ਪਿੰਡ ਵਿਚ ਰੌਲਾ ਪੈ ਗਿਆ। ਅਸੀਂ ਜੈਰੀ ਨੂੰ ਚੁੱਕ ਕੇ ਹਸਪਤਾਲ ਲੈ ਗਏ। ਮੈਂ ਉਸ ਦੇ ਮੰਜੇ ਕੋਲ ਬੈਠਾ ਰਿਹਾ। ਪੂਰੇ ਚਾਰ ਦਿਨ। ਚੌਥੀ ਰਾਤੇ ਜੈਰੀ ਨੂੰ ਰਤਾ ਕੁ ਹੋਸ਼ ਆਈ। ਉਸ ਨੇ ਅੱਖਾਂ ਖੋਲ੍ਹੀਆਂ। ਮੈਂ ਉਸ ਦਾ ਹੱਥ ਆਪਣੇ ਹੱਥਾਂ ਵਿਚ ਲੈ ਲਿਆ। ਕਿੰਨਾ ਮਜ਼ਬੂਤ ਹੱਥ ਸੀ। ਮਿਹਨਤ ਕਰਕੇ ਰੱਟਣ ਪਏ ਹੋਏ। ਗਰਮੀ ਸਰਦੀ ਸਹਿੰਦੇ ਉਸ ਦੇ ਮਜ਼ਬੂਤ ਨਹੁੰ। ਪਿੰਡਾਂ ਵਿਚ ਨਹੁੰ ਕੌਣ ਕੱਟਦੈ। ਮੈਂ ਉਸ ਨੂੰ ਪੁੱਛਿਆ, "ਠੀਕ ਐਂ ਹੁਣ।"

ਕੁਝ ਚਿਰ ਜੈਰੀ ਮੇਰੇ ਵੱਲ ਦੇਖਦਾ ਰਿਹਾ। ਫਿਰ ਅਚਾਨਕ ਪਤਾ ਨਹੀਂ ਕੀ ਹੋਇਆ। ਉਸ ਦਾ ਮਜ਼ਬੂਤ ਹੱਥ ਮੇਰੇ ਹੱਥ ਵਿਚ ਸੀ। ਉਸ ਦਾ ਹੱਥ ਬਹੁਤ ਜ਼ੋਰ ਦੀ ਘੁੱਟਿਆ ਗਿਆ। ਏਨੇ ਜ਼ੋਰ ਦੀ ਕਿ ਜੈਰੀ ਦੇ ਨਹੁੰ, ਮੇਰੇ ਹੱਥ ਦੀ ਸਖ਼ਤ ਛੱਤ ਵਿਚ ਖੁੱਭ ਗਏ। ਮੇਰੀ ਚੀਕ ਨਿਕਲ ਗਈ। ਚੀਕ ਸੁਣ ਕੇ ਨਰਸ ਭੱਜੀ ਭੱਜੀ ਆਈ। ਉਸ ਨੇ ਬੜੀ ਮੁਸ਼ਕਲ ਨਾਲ ਮੇਰਾ ਹੱਥ ਜੈਰੀ ਦੇ ਹੱਥਾਂ ਵਿਚੋਂ ਕੱਢਿਆ। ਖਿਚ ਖਿਚਾਈ ਵਿਚ ਮੇਰੇ ਹੱਥ ਦੀ ਸਖ਼ਤ ਛੱਤ ਛਿਲੀ ਗਈ। ਮੇਰਾ ਹੱਥ ਲਹੂ-ਲੁਹਾਣ ਹੋ ਗਿਆ। ਜੈਰੀ ਵੱਲ ਦੇਖਿਆ, ਉਹ ਅਹਿੱਲ ਪਿਆ ਸੀ। ਡਾਕਟਰ ਆਇਆ। ਉਸ ਨੇ ਬਹੁਤ ਕੋਸ਼ਿਸ਼ ਕੀਤੀ, ਜੈਰੀ ਦਾ ਬੰਦ ਹੋਇਆ ਦਿਲ ਚੱਲ ਨਾ ਸਕਿਆ। ਪਰ ਜੈਰੀ ਜਾਣ ਲੱਗਾ ਮੈਨੂੰ ਇਹ ਨਿਸ਼ਾਨੀ ਪੱਕੇ ਤੌਰ 'ਤੇ ਦੇ ਗਿਆ।"

"ਵੈਰੀ ਸੈਡ," ਜੌਹਨ ਬੋਲਿਆ, "ਇਹ ਤਾਂ ਬਹੁਤ ਭਿਆਨਕ ਯਾਦ ਦੇ ਨਿਸ਼ਾਨ ਨੇ।"

ਉਹ ਉਠਿਆ। ਉਸ ਨੂੰ ਜਿਵੇਂ ਗਰਮੀ ਲੱਗਣ ਲੱਗ ਪਈ ਸੀ। ਉਸ ਨੇ ਆਪਣੀ ਸ਼ਰਟ ਉਤਾਰ ਦਿੱਤੀ। ਉਸ ਦਾ ਗੋਰਾ ਪਿੰਡਾ ਧੁੱਪ ਵਿਚ ਹੋਰ ਵੀ ਲਿਸ਼ਕਣ ਲੱਗ ਪਿਆ ਸੀ। ਉਸ ਨੇ ਵਾਈਨ ਦਾ ਗਲਾਸ ਖ਼ਾਲੀ ਕੀਤਾ ਤੇ ਦੂਸਰੇ ਗਲਾਸ ਵਿਚ ਵਿਸਕੀ ਪਾਉਣ ਲੱਗ ਪਿਆ।

ਵਿਸਕੀ ਦਾ ਘੁੱਟ ਭਰ ਕੇ ਉਹ ਬੋਲਿਆ, "ਪਰ ਹੁਣ ਤਾਂ ਲੇਟੈਸਟ ਤਕਨਾਲੋਜੀ ਆ ਗਈ। ਮੌਡਰਨ-ਅਲਟਰਾ ਮੌਡਰਨ ਟੈਕਨੀਕ। ਤੂੰ ਸਰਜਰੀ ਕਰਵਾ ਕੇ ਇਹ ਨਿਸ਼ਾਨ ਮਿਟਾ ਕਿਉਂ ਨਹੀਂ ਲੈਂਦਾ?"

"ਮਿਸਟਰ ਜੌਹਨ, ਯਾਦ ਭਾਵੇਂ ਭਿਆਨਕ ਹੈ ਪਰ ਮੈਂ ਇਸ ਨੂੰ ਏਦਾਂ ਨਹੀਂ ਲੈਂਦਾ। ਮੈਨੂੰ ਇਹ ਅਣਖ ਦੇ ਨਿਸ਼ਾਨ ਜਾਪਦੇ ਨੇ। ਅਣਖੀ ਮਨੁੱਖ ਦੇ ਨਿਸ਼ਾਨ। ਮੈਂ ਆਧੁਨਿਕ ਟੈਕਨੀਕ ਨਾਲ ਵਿਰਾਸਤ ਵਿਚ ਮਿਲੇ ਅਣਖ ਦੀ ਪ੍ਰੇਰਨਾ ਵਾਲੇ ਖ਼ਜ਼ਾਨੇ ਦਾ ਨਾਮੋ-ਨਿਸ਼ਾਨ ਕਿਉਂ ਮਿਟਾ ਦੇਵਾਂ। ਜੈਰੀ ਨੇ ਪਤਨੀ ਦੀ ਇਜ਼ਤ ਨੂੰ ਹੱਥ ਪਾਉਣ ਵਾਲੇ ਦੀ ਬਾਂਹ ਵੱਢ ਸੁੱਟੀ। ਬਾਅਦ ਵਿਚ ਭਾਵੇਂ ਉਸ ਨੂੰ ਜਾਨ ਦੀ ਕੁਰਬਾਨੀ ਦੇਣੀ ਪਈ।"

"ਹੂੰ।" ਜੌਹਨ ਨੇ ਬਹੁਤ ਮਹਿੰਗੇ ਐਸ਼ ਟਰੇ ਦੇ ਖੂੰਜੇ ਵਿਚ ਪਿਆ ਮਹਿੰਗਾ ਸਿਗਾਰ ਚੁੱਕਿਆ, ਸੁਲਘਾਇਆ। ਇਕ ਕਸ਼ ਲਿਆ 'ਤੇ ਬੋਲਿਆ, "ਅਣਖ। ਅਣਖੀਲਾ ਆਦਮੀ।" ਫਿਰ ਲੰਮੇ ਲੰਮੇ ਕਸ਼ ਲਏ। ਸਿਗਾਰ ਨੂੰ ਐਸ਼-ਟਰੇ ਦੇ ਖੂੰਜੇ ਵਿਚ ਟਿਕਾ ਕੇ ਬੋਲਿਆ, "ਵਿਸਕੀ ਲਏਂਗਾ ਕਿ ਵਾਈਨ।"

"ਪਹਿਲਾ ਪੈਗ ਵਾਈਨ ਦਾ ਠੀਕ ਹੈ," ਮੈਂ ਕਿਹਾ। ਮੇਰੀ ਨਜ਼ਰ ਅਜੇ ਵੀ ਇਕ ਥਾਂ 'ਤੇ ਨਹੀਂ ਸੀ ਟਿਕ ਰਹੀ। ਜੌਹਨ ਦਾ ਘਰ ਮੈਨੂੰ ਪਰੀ ਮਹਿਲ ਵਰਗਾ ਜਾਪਦਾ ਸੀ।

ਵਾਈਨ ਪਾ ਕੇ ਜੌਹਨ ਨੇ ਗਲਾਸ ਮੇਰੇ ਅੱਗੇ ਰੱਖ ਦਿੱਤਾ। ਉਸ ਨੇ ਮਹਿੰਗੇ ਬਰੈਂਡ ਵਾਲਾ ਪਾਜਾਮਾ ਉਤਾਰ ਕੇ ਕੁਰਸੀ ਦੇ ਢੋਅ 'ਤੇ ਟੰਗ ਦਿੱਤਾ, "ਅੱਜ ਬਹੁਤ ਗਰਮੀ ਹੈ। ਖੁੱਲ੍ਹ ਕੇ ਸਵਿੰਮ ਕਰਨ ਦਾ ਦਿਨ।"

"ਹਾਂ।" ਧੁੱਪ ਦੀ ਤੇਜ਼ ਲਿਸ਼ਕ ਦੇਖ ਕੇ ਮੈਂ ਵੀ ਉਸ ਦੀ ਹਾਂ ਵਿਚ ਹਾਂ ਮਿਲਾ ਦਿੱਤੀ।

ਸ਼ਰਾਬ ਦਾ ਅਸਰ ਤਾਂ ਸਿਰ ਘੁੰਮਾਉਣ ਤੱਕ ਹੀ ਹੁੰਦਾ ਹੈ ਪਰ ਮੈਂ ਜਿਸ ਜਗ੍ਹਾ ਬੈਠਾ ਸਾਂ, ਉਂਜ ਹੀ ਸਰੂਰ ਆ ਰਿਹਾ ਸੀ। ਦਰਖ਼ਤ ਝੂਮ ਰਹੇ ਸਨ। ਨਕਲੀ ਝਰਨਾ ਅਸਲੀ ਝਰਨੇ ਵਰਗੇ ਗੀਤ ਗਾ ਰਿਹਾ ਸੀ। ਜੰਗਲ ਵਿਚੋਂ ਉਡ ਕੇ ਆਏ ਪੰਛੀ ਬੈਕਯਾਰਡ ਵਿਚ ਅਠਖੇਲੀਆਂ ਕਰ ਰਹੇ ਸਨ। ਮੈਨੂੰ ਪਹਾੜੀ ਸੈਰ ਦਾ ਅਨੁਭਵ ਘਰ ਬੈਠੇ ਨੂੰ ਹੀ ਹੋ ਰਿਹਾ ਸੀ।

ਗੱਲਾਂ ਅਮਰੀਕਨ ਸੁਸਾਇਟੀ, ਅਮਰੀਕਨ ਜ਼ਿੰਦਗੀ ਤੇ ਜੌਬ ਦੀਆਂ ਚੱਲ ਪਈਆਂ। ਮੈਂ ਚਲਦੀ ਚਲਦੀ ਗੱਲ ਵਿਚੋਂ ਲੜੀ ਫੜ੍ਹ ਲਈ, "ਜੌਹਨ ਮੈਂ ਜੌਬ ਕਰ ਕਰਕੇ ਥੱਕ ਗਿਆ ਹਾਂ। ਹੁਣ ਆਰਾਮ ਕਰਨਾ ਚਾਹੁੰਦਾ ਹਾਂ। ਇਸ ਤਰ੍ਹਾਂ ਦਾ ਵੱਡਾ ਘਰ ਹੋਵੇ। ਸ਼ਾਂਤੀ ਹੋਵੇ। ਬੰਦਾ ਪੂਲ ਕੰਢੇ ਬੈਠਾ ਵਿਸਕੀ 'ਸਿੱਪ' ਕਰ ਰਿਹਾ ਹੋਵੇ। ਕੀ ਮੈਂ ਤੁਹਾਡੇ ਵਾਂਗ 'ਏਜੰਟ' ਨਹੀਂ ਬਣ ਸਕਦਾ?"

ਜੌਹਨ ਮੈਨੂੰ ਘੂਰ ਕੇ ਰੁੱਖਾ ਜਿਹਾ ਬੋਲਿਆ, "ਨਹੀਂ।"

ਮੈਨੂੰ ਲੱਗਾ ਜਿਵੇਂ ਉਹ ਮੈਨੂੰ ਆਪਣੇ ਬਰਾਬਰ ਆਉਣ ਨਹੀਂ ਦੇਣਾ ਚਾਹੁੰਦਾ ਸੀ। ਆਖ਼ਰ ਉਹ ਅਮਰੀਕਨ ਸੀ ਤੇ ਮੈਂ ਇੰਮੀਗ੍ਰਾਂਟ। ਕਿਤੇ ਨਾ ਕਿਤੇ ਫ਼ਰਕ ਤਾਂ ਜ਼ਰੂਰ ਸੀ ਪਰ ਮੈਂ ਫਿਰ ਲੜੀ ਜੋੜੀ, "ਤੁਸੀਂ ਕੀ ਸੋਚਦੇ ਹੋ, ਮੇਰੇ ਵਿਚ ਕਾਬਲੀਅਤ ਨਹੀਂ?"

ਜੌਹਨ ਉਠਿਆ। ਉਸ ਨੇ ਅੰਡਰਵੀਅਰ ਉਤਾਰ ਦਿੱਤੀ। ਉਹ ਮੇਰੇ ਸਾਹਮਣੇ ਅਲਫ਼-ਨੰਗਾ ਖੜ੍ਹਾ ਸੀ। "ਮੈਂ ਇਕ ਚੁੱਭੀ ਲਾ ਆਵਾਂ।" ਉਹ ਪੂਲ ਕੋਲ ਗਿਆ ਤਾਂ ਪੂਲ ਕਿਨਾਰੇ ਬੈਠੀਆਂ ਬਤਖ਼ਾਂ ਥੋੜ੍ਹਾ ਜਿਹਾ ਉਡ ਕੇ ਪਰ੍ਹੇ ਨੂੰ ਹੋ ਗਈਆਂ। ਉਹ ਖੜ੍ਹਾ ਖੜ੍ਹਾ ਪੂਲ ਦੇ ਪਾਣੀ ਵਿਚ 'ਛਲਪ' ਕਰਕੇ ਡਿੱਗ ਪਿਆ। ਕੁਝ ਦੇਰ ਤੈਰਦਾ ਰਿਹਾ। ਮੈਂ ਥੋੜ੍ਹੀ ਦੇਰ ਉਸ ਨੂੰ ਤੈਰਦੇ ਨੂੰ ਦੇਖਿਆ, ਫਿਰ ਘਰ ਦਾ ਆਲਾ-ਦੁਆਲਾ ਦੇਖਣ ਲੱਗ ਪਿਆ।



ਕੁਝ ਦੇਰ ਬਾਅਦ ਉਹ ਪੂਲ ਵਿਚੋਂ ਨਿਕਲਿਆ। ਨੰਗਾ ਹੀ ਮੇਰੇ ਤੱਕ ਪਹੁੰਚਾ। ਕੁਝ ਦੇਰ ਨੰਗਾ ਖੜ੍ਹਾ ਰਿਹਾ। ਉਸ ਨੇ ਬਚਿਆ ਵਿਸਕੀ ਦਾ ਪੈਗ ਪੀਤਾ। ਫਿਰ ਤੌਲੀਏ ਨਾਲ ਪਿੰਡਾ ਪੂੰਝ ਕੇ ਤੌਲੀਆ ਧੁੱਪੇ ਹੈਂਗਰ 'ਤੇ ਟੰਗ ਦਿੱਤਾ। ਇਕ ਤੌਲੀਆ ਤੇੜ ਲਾ ਕੇ, ਮੇਰੇ ਸਾਹਮਣੇ ਕੁਰਸੀ 'ਤੇ ਬੈਠ ਗਿਆ।

"ਹੁਣ ਵਿਸਕੀ ਪਾਵਾਂ?" ਮੇਰਾ ਹੁੰਗਾਰਾ ਉਡੀਕਣ ਤੋਂ ਪਹਿਲਾਂ ਹੀ ਉਸ ਨੇ ਇਕ ਗਲਾਸ ਚੁੱਕਿਆ, "ਜਰਮਨੀ ਦਾ ਬਣਿਆ ਹੋਇਆ ਹੈ। ਇਸ ਦੀ ਕੀਮਤ ਤੂੰ ਸੋਚ ਵੀ ਨਹੀਂ ਸਕਦਾ।"

ਵਿਸਕੀ 'ਚ ਉਸ ਨੇ ਕਲੱਬ ਸੋਡਾ ਪਾ ਦਿੱਤਾ।

ਮੈਨੂੰ ਚੁੱਪ ਚੁੱਪ ਦੇਖ ਜੌਹਨ ਬੋਲਿਆ, "ਹੂੰ। ਏਜੰਟ ਬਣਨੈਂ। ਅਮੀਰ ਹੋਣਾ ਚਾਹੁਨੈਂ। ਚੱਲ ਕਪੜੇ ਉਤਾਰ ਦੇ ਸਾਰੇ। ਨੰਗਾ ਹੋ ਕੇ ਇਥੋਂ ਜਾ। ਪੂਲ ਵਿਚ ਤਾਰੀਆਂ ਲਾ ਕੇ ਨੰਗਾ ਹੀ ਮੇਰੇ ਸਾਹਮਣੇ ਬੈਠ ਕੇ ਵਿਸਕੀ ਪੀ। ਫਿਰ ਮੈਂ ਖ਼ੁਸ਼ ਹੋਵਾਂਗਾ। ਮੈਂ ਖ਼ੁਸ਼ ਹੋਵਾਂਗਾ ਤਾਂ ਤੂੰ ਤਰੱਕੀ ਕਰੇਂਗਾ।"

ਮੈਨੂੰ ਤਰੇਲੀ ਆ ਗਈ। ਪਤਾ ਨਹੀਂ ਗਰਮੀ ਨਾਲ ਜਾਂ ਜੌਹਨ ਦੀ ਗੱਲ ਸੁਣ ਕੇ।

"ਇਹ ਤੂੰ ਕੀ ਮਜ਼ਾਕ ਕਰ ਰਿਹਾ ਏਂ।"

"ਨਹੀਂ ਮੈਂ ਸੀਰੀਅਸ ਆਂ," ਜੌਹਨ ਨੇ ਵਿਸਕੀ ਦਾ ਛੋਟਾ ਜਿਹਾ ਪੈਗ ਬਣਾਇਆ ਤੇ 'ਸਿੱਪ' ਕੀਤਾ, "ਮੈਨੂੰ ਪਤੈ ਤੂੰ ਨੰਗਾ ਹੋ ਕੇ ਕਿਸੇ ਸਾਹਮਣੇ ਨਹੀਂ ਨਹਾ ਸਕਦਾ। ਤੂੰ 'ਵਰਕਿੰਗ ਕਲਾਸ' ਨਾਲ ਸਬੰਧਤ ਏਂ। ਤੂੰ ਹਾਈ ਕਲਾਸ ਦੇ ਸਿਸਟਮ ਤੇ ਕਲਚਰ ਤੋਂ ਨਾਵਾਕਿਫ਼ ਏਂ।"

ਮੈਨੂੰ ਸੋਚੀਂ ਪਿਆ ਦੇਖ ਕੇ ਜੌਹਨ ਫਿਰ ਬੋਲਿਆ, "ਅੱਗੇ ਆਉਣ ਲਈ ਸਦਾਚਾਰ, ਨੈਤਿਕਤਾ, ਧਰਮ, ਇਮਾਨਦਾਰੀ, ਇੱਜ਼ਤ, ਉਚੀਆਂ ਕਦਰਾਂ-ਕੀਮਤਾਂ, ਪਰਿਵਾਰਕ ਕਦਰਾਂ-ਕੀਮਤਾਂ, ਆਤਮਾ-ਸਭ ਦੀ ਕੁਰਬਾਨੀ ਦੇਣੀ ਪੈਂਦੀ ਹੈ। ਆਪਣੇ ਬੌਸ ਨੂੰ ਖ਼ੁਸ਼ ਰੱਖਣਾ ਪੈਂਦਾ ਹੈ। ਸਿਰਫ਼ ਖ਼ੁਸ਼। ਜਿੰਦਾਂ ਮਰਜ਼ੀ। ਰਿਸ਼ਵਤ ਦੇ ਕੇ। ਚਾਪਲੂਸੀ ਕਰਕੇ। ਬੌਸ ਦੀ ਹਾਂ ਵਿਚ ਹਾਂ ਮਿਲਾਉਣੀ ਪੈਂਦੀ ਹੈ। ਉਸ ਦੇ ਥੱਲੇ ਪੈਣਾ ਪੈਂਦਾ ਹੈ। ਬੌਸ ਬਹੁਤ ਕੁੱਤੀ ਚੀਜ਼ ਹੁੰਦਾ ਏ। ਨਿੱਕੀ ਜਿਹੀ ਗੱਲ 'ਤੇ ਗੁੱਸੇ ਹੋ ਸਕਦਾ ਹੈ। ਖ਼ੁਸ਼ ਉਹ ਤੁਹਾਡੀ ਭੈਣ ਨਾਲ ਸੌਂ ਕੇ ਵੀ ਨਹੀਂ ਹੋ ਸਕਦਾ। ਤੂੰ ਤਰੱਕੀ ਨਹੀਂ ਕਰ ਸਕਦਾ। ਤੂੰ ਅਮੀਰ ਨਹੀਂ ਬਣ ਸਕਦਾ। ਤੇਰੇ ਵਿਚ ਤਾਂ ਮੇਰੇ ਸਾਹਮਣੇ ਨੰਗਾ ਹੋਣ ਦੀ ਹੀ ਹਿੰਮਤ ਨਹੀਂ। ਤੂੰ ਧਰਮ, ਨੈਤਿਕਤਾ, ਇਮਾਨਦਾਰੀ ਦੀ ਬੁੱਕਲ ਮਾਰੀ ਬੈਠਾ ਏਂ। ਅੱਗੇ ਆਉਣ ਲਈ ਇਨ੍ਹਾਂ ਨੂੰ ਮਿੱਧਣਾ ਪੈਂਦਾ ਏ।"

ਜੌਹਨ ਝੱਲਿਆਂ ਵਾਂਗ ਬੋਲ ਰਿਹਾ ਸੀ। ਪਤਾ ਨਹੀਂ ਉਸ ਨੂੰ ਚੜ੍ਹ ਗਈ ਸੀ ਜਾਂ ਉਸ ਦਾ ਅੰਦਰਲਾ ਫੁੱਟ ਫੁੱਟ ਕੇ ਝਰਨੇ ਵਾਂਗ ਡਿਗ ਰਿਹਾ ਸੀ।

ਉਸ ਨੇ ਇਕ ਹੋਰ ਪੈਗ ਬਣਾਇਆ। ਮੇਰਾ ਪੈਗ ਮੇਰੇ ਵੱਲ ਖਿਸਕਾ ਕੇ ਬੋਲਿਆ, "ਤੂੰ ਅਜੇ ਅੱਧਾ ਵੀ ਖ਼ਾਲੀ ਨਹੀਂ ਕੀਤਾ!" ਫਿਰ ਉਡਦੀ ਆਉਂਦੀ ਬਤਖ਼ ਵੱਲ ਦੇਖ ਕੇ ਬੋਲਿਆ, "ਦੇਖ ਪੰਛੀ ਕਿੰਦਾਂ ਉਡ ਰਹੇ ਨੇ। ਪਤਾ ਕਿਉਂ ਉਡ ਰਹੇ ਨੇ? ਇਨ੍ਹਾਂ ਨੇ ਧਰਮ, ਨੈਤਿਕਤਾ, ਇੱਜ਼ਤ ਮਾਣ ਦਾ ਨਾਂ ਵੀ ਨਹੀਂ ਸੁਣਿਆ। ਤੂੰ ਬਤਖ਼ਾਂ ਵੱਲ ਦੇਖ ਕੇ ਦੱਸ ਸਕਦਾ ਏਂ, ਕਿਹੜੀ ਕਿਸ ਦੀ ਔਲਾਦ ਏ? ਕਿਸ ਦੀ ਪਤਨੀ? ਕਿਹੜਾ ਕਿਸ ਦਾ ਪਤੀ? ਤਾਂ ਹੀ ਇਹ ਉਡ ਰਹੇ ਨੇ। ਤੈਨੂੰ ਪਤੈ ਹਾਈ ਕਲਾਸ ਦੇ ਕੁਝ ਲੋਕ ਕਈ ਕਈ ਰਾਤਾਂ ਆਪਣੀਆਂ ਪਤਨੀਆਂ ਵਟਾ ਕੇ ਵਰਤਦੇ ਨੇ। ਤੂੰ ਇਸ ਵਰਤਾਰੇ ਨੂੰ ਕੀ ਕਹੇਂਗਾ?"

ਮੈਂ ਬੋਲਣ ਲਈ ਬੁੱਲ੍ਹ ਫਰਕਾਏ ਹੀ ਸਨ ਕਿ ਜੌਹਨ ਬੋਲਿਆ, "ਮੈਨੂੰ ਪਤਾ ਚੰਗਾ ਨਹੀਂ ਕਹੇਂਗਾ।" ਉਹ ਖਿੜ-ਖਿੜਾ ਕੇ ਹੱਸਿਆ, "ਕਿਉਂਕਿ ਤੂੰ ਅਜੇ 'ਵਰਕਿੰਗ ਕਲਾਸ' ਨਾਲ ਸਬੰਧਤ ਏਂ। ਜਦੋਂ ਤੂੰ ਇਸ ਕਲਾਸ ਤੋਂ ਉਪਰ ਉਠ ਗਿਆ, ਉਥੇ ਤੈਨੂੰ ਧਰਮ, ਨੈਤਿਕਤਾ, ਇਮਾਨਦਾਰੀ, ਮਾਣ-ਮਰਿਆਦਾ, ਪਰਿਵਾਰਕ ਕਦਰਾਂ-ਕੀਮਤਾਂ ਬੀਤੇ ਦੀਆਂ ਗੱਲਾਂ ਤਾਂ ਕੀ ਲੱਗਣੀਆਂ, ਇਹ ਤੇਰੇ ਦਿਮਾਗ ਵਿਚ ਆਉਣੀਆਂ ਹੀ ਨਹੀਂ। ਜਿੰਦਾਂ ਇਹ ਕਦੇ ਹੁੰਦੀਆਂ ਹੀ ਨਹੀਂ ਸਨ। ਉਥੇ ਸਭ ਬਰਾਬਰ ਹੈ। ਸਭ ਉਡੇ ਫਿਰਦੇ ਨੇ। ਬਤਖ਼ਾਂ ਵਾਂਗ। ਕੋਈ ਮਾਈਂਡ ਨਹੀਂ ਕਰਦਾ ਪਰ ਜਦੋਂ ਤੱਕ ਤੁਸੀਂ 'ਵਰਕਿੰਗ ਕਲਾਸ' ਨਾਲ ਸਬੰਧਤ ਰਹਿੰਦੇ ਹੋ, ਤੁਸੀਂ ਅਖੌਤੀ ਜ਼ੰਜੀਰਾਂ ਨਾਲ ਜਕੜੇ, ਗ਼ੁਲਾਮਾਂ ਵਰਗੀ, ਕੀੜਿਆਂ ਵਰਗੀ ਜ਼ਿੰਦਗੀ ਬਿਤਾਉਂਦੇ ਰਹਿੰਦੇ ਹੋ। ਕੀੜੇ ਨਹੀਂ ਸਮਝ ਸਕਦੇ, ਪੰਛੀ ਉਡਦੇ ਕਿਵੇਂ ਨੇ।"

ਮੈਂ ਵਿਸਕੀ 'ਸਿੱਪ' ਕਰ ਰਿਹਾ ਸਾਂ। ਜੌਹਨ ਦੀਆਂ ਗੱਲਾਂ ਸੁਣ ਰਿਹਾ ਸਾਂ। ਮੈਂ ਬਤਖ਼ਾਂ ਬਾਰੇ ਸੋਚ ਰਿਹਾ ਸਾਂ। ਪੰਛੀਆਂ ਬਾਰੇ ਸੋਚ ਰਿਹਾ ਸਾਂ। ਮੈਂ ਕਿਸੇ ਖੋਜ ਭਰਪੂਰ ਕਿਤਾਬ ਵਿਚ ਪੜ੍ਹਿਆ ਸੀ, ਜਾਨਵਰਾਂ, ਪੰਛੀਆਂ ਦੇ ਆਪਣੇ ਪਰਿਵਾਰਕ ਨੇਮ ਹੁੰਦੇ ਨੇ। ਪੰਛੀਆਂ ਦੇ ਵੀ ਪਰਿਵਾਰ ਹੁੰਦੇ ਨੇ ਪਰ ਇਹ ਜੌਹਨ ਆਪਣੇ ਕਪੜੇ ਤਾਂ ਉਤਾਰ ਰਿਹਾ ਸੀ, ਆਪ ਤਾਂ ਨੰਗਾ ਹੋ ਰਿਹਾ ਸੀ ਪਰ ਪੰਛੀਆਂ ਦੇ ਮਹੱਤਵਪੂਰਨ ਸੱਚ ਉਪਰ ਪਰਦਾ ਪਾ ਰਿਹਾ ਸੀ। ਜਾਂ ਉਸ ਲਈ ਸੱਚਾਈ ਸਿਰਫ਼ ਓਹੀ ਸੀ, ਜਿਹੜੀ ਸਿਰਫ਼ ਉਸ ਨੂੰ ਹੀ ਮਾਫ਼ਕ ਬੈਠਦੀ ਹੈ। ਕੀ ਉਹ ਪੰਛੀਆਂ ਦੇ ਪਰਿਵਾਰਕ ਸੱਚ ਦੀ ਮੂਰਤ ਤੋੜ ਕੇ ਆਪਣੇ ਅੰਦਰਲੀ ਟੁੱਟ ਭੱਜ ਨੂੰ ਜੋੜਨਾ ਚਾਹੁੰਦਾ ਸੀ? ਉਹ ਪੜ੍ਹਿਆ ਲਿਖਿਆ ਸੀ, ਪੰਛੀਆਂ ਬਾਰੇ ਏਨਾ ਅਗਿਆਤ ਤਾਂ ਨਹੀਂ ਹੋਵੇਗਾ। ਕੀ ਉਸ ਨੇ ਅਜਿਹਾ ਚਸ਼ਮਾ ਪਹਿਨ ਰੱਖਿਆ ਸੀ ਜਿਸ ਵਿਚ ਦੀ ਸਿਰਫ਼ ਉਹੋ ਕੁਝ ਹੀ ਦਿਸਦਾ ਸੀ, ਜੋ ਉਹ ਦੇਖਣਾ ਚਾਹੁੰਦਾ ਸੀ?

ਉਹ ਵਿਸਕੀ ਦੇ ਘੁੱਟ ਭਰਦਾ ਭਰਦਾ ਫਿਰ ਬੋਲਿਆ, "ਤੂੰ ਅਮੀਰ ਬਣਨਾ ਚਾਹੁੰਦਾ ਏਂ? ਮੇਰੇ ਲੈਵਲ ਦੀ ਅੰਪਲਾਇਮੈਂਟ ਏਜੰਸੀ ਖੋਲ੍ਹਣੀ ਚਾਹੁੰਦਾ ਏਂ? ਮੇਰੇ ਵਰਗਾ ਘਰ ਬਣਾਉਣਾ ਚਾਹੁੰਦਾ ਏਂ? ਇਕ ਗੱਲ ਸੁਣ। ਵੱਡੀਆਂ ਵੱਡੀਆਂ ਕੰਪਨੀਆਂ ਦੇ ਸੀ ਈ ਓਜ਼ ਨਾਲ ਜਾਂ ਬੌਸਾਂ ਨਾਲ ਮੈਂ ਡਿਨਰ 'ਤੇ ਨਹੀਂ ਜਾਂਦਾ। ਮੇਰੀ ਪਤਨੀ ਜਾਂਦੀ ਹੈ। ਤੂੰ ਆਪਣੀ ਪਤਨੀ ਭੇਜ ਸਕਦਾ ਏਂ?"

ਮੈਂ ਸ਼ਾਇਦ ਜੌਹਨ ਨੂੰ ਇਹ ਸਵਾਲ ਕਦੇ ਨਾ ਕਰ ਸਕਦਾ। ਪਰ ਉਹ ਮੇਰੇ ਨਾਲ ਕਾਫ਼ੀ ਖੁੱਲ੍ਹ ਰਿਹਾ ਸੀ, ਮੈਂ ਹੌਸਲਾ ਕਰਕੇ ਪੁੱਛਿਆ, "ਜੌਹਨ ਤੂੰ ਫਿਰ ਕੀ ਮਹਿਸੂਸ ਕਰਦਾ ਏਂ?"

"ਅੱਜ ਵੀ ਮੈਗੀ ਤੇਰੀ ਕੰਪਨੀ ਦੇ ਸੀ ਈ ਓ ਨਾਲ ਡਿਨਰ 'ਤੇ ਗਈ ਹੈ, ਸਟ੍ਰੈਚ ਲਿਮੋ ਉਹਨੇ ਹੀ ਭੇਜੀ ਸੀ। ਉਹ ਡਿਨਰ 'ਤੇ ਗਈ ਹੈ ਤੇ ਮੈਂ ਦੇਖ ਇੰਜੁਆਇ ਕਰ ਰਿਹਾ ਹਾਂ। ਮੇਰੀ ਪਤਨੀ ਸਦਕਾ, ਮੇਰੇ ਵਲੋਂ ਲਵਾਈਆਂ ਜੌਬਾਂ ਦਾ ਕਮਿਸ਼ਨ ਮੇਰੇ ਬੈਂਕ ਅਕਾਊਂਟ ਵਿਚ ਚਲਿਆ ਜਾਂਦਾ ਹੈ। ਚੈਕ ਮੇਰੇ ਘਰ ਮੀਂਹ ਵਾਂਗ ਵਰ੍ਹਦੇ ਨੇ। ਹੋਰ ਜ਼ਿੰਦਗੀ ਵਿਚ ਹੈ ਹੀ ਕੀ, ਇੰਜੁਆਇਮੈਂਟ ਤੋਂ ਬਿਨਾਂ?"

ਮੈਂ ਉਸ ਦੀਆਂ ਹਰਕਤਾਂ ਤੋਂ, ਉਸ ਦੇ ਬੋਲਾਂ ਤੋਂ, ਉਸ ਦੇ ਚਿਹਰੇ ਦੇ ਹਾਵ-ਭਾਵ ਤੋਂ, ਬਿੱਲੀਆਂ ਅੱਖਾਂ ਦੀ ਚਮਕ ਤੋਂ ਅੰਦਾਜ਼ ਲਾਉਣ ਦੀ ਕੋਸ਼ਿਸ਼ ਕਰ ਰਿਹਾ ਸਾਂ ਕਿ ਜੌਹਨ ਸੱਚੀਂ ਇੰਜੁਆਇ ਕਰ ਰਿਹਾ ਸੀ ਜਾਂ ਆਪਣੇ ਦੁੱਖ ਦਾ 'ਕਥਾਰਸਿਸ' ਕਰ ਰਿਹਾ ਸੀ।

ਇਕ ਹੋਰ ਪੈਗ ਪੀ ਕੇ ਜੌਹਨ ਨੇ ਕਪੜੇ ਪਾ ਲਏ। ਸੂਰਜ ਦਰਖ਼ਤਾਂ ਓਹਲੇ ਹੋਣ ਨੂੰ ਕਰਦਾ ਸੀ। ਅਸੀਂ ਅੰਦਰ ਡਾਈਨਿੰਗ ਰੂਮ ਵਿਚ ਬੈਠ ਗਏ। ਆਲੀਸ਼ਾਨ ਭਾਂਡਿਆਂ ਵਿਚ ਉਸ ਨੇ ਅਮਰੀਕਨ ਖਾਣਾ ਟੇਬਲ 'ਤੇ ਟਿਕਾ ਦਿੱਤਾ, "ਜੋ ਜੋ ਖਾਣਾ ਹੈ, ਮਾਈਕ੍ਰੋ ਵਿਚ ਗਰਮ ਕਰ ਲੈਣਾ।"

ਉਸ ਨੇ ਇਕ ਵੱਡਾ ਸਾਰਾ ਪੈਗ ਬਣਾਇਆ। ਮੈਨੂੰ ਵੀ ਬਣਾ ਦਿੱਤਾ।

ਮੈਂ ਰੋਕਿਆ, "ਨਹੀਂ ਜੌਹਨ ਹੋਰ ਨਹੀਂ, ਮੈਂ ਡਰਾਈਵ ਵੀ ਕਰਨੀ ਐਂ।"

"ਕੋਈ ਗੱਲ ਨਹੀਂ, ਟੈਕਸੀ ਵਿਚ ਚਲਾ ਜਾਵੀਂ।"

ਉਹ ਫਿਰ ਬੋਲਿਆ, "ਤੈਨੂੰ ਪਤੈ ਮੇਰੀਆਂ ਦੋ ਬੱਚੀਆਂ ਨੇ।"

"ਹਾਂ।"

"ਜਦੋਂ ਉਹ ਵੱਡੀਆਂ ਹੋ ਜਾਣਗੀਆਂ, ਆਪਣੀ ਮਾਂ ਵਾਂਗ ਮੇਰੇ ਬਿਜ਼ਨਸ ਨੂੰ ਵਧਾਉਣ ਵਿਚ ਮੇਰੀ ਬਹੁਤ ਮਦਦ ਕਰਨਗੀਆਂ।" ਜੌਹਨ ਬਾਰੀ ਥਾਣੀ ਪੂਲ ਵਿਚ ਡਿਗਦੇ ਨਕਲੀ ਝਰਨੇ ਦੇ ਪਾਣੀ 'ਤੇ ਟਿਕ ਟਿਕੀ ਲਾ ਕੇ ਬੋਲਿਆ। ਫਿਰ ਉਸ ਨੇ ਮੇਰੇ ਚਿਹਰੇ 'ਤੇ ਨਜ਼ਰਾਂ ਗੱਡੀਆਂ, "ਮੈਨੂੰ ਪਤੈ ਤੈਨੂੰ ਮੇਰੀ ਗੱਲ ਅਟਪਟੀ ਤੇ ਅਜੀਬ ਲੱਗੀ ਹੋਵੇਗੀ। ਸੱਚ ਦੱਸੀਂ ਮੇਰੀ ਗੱਲ ਸੁਣ ਕੇ ਤੈਨੂੰ ਕਿੰਦਾਂ ਲੱਗਿਆ? ਤੇਰੇ ਅੰਦਰ ਕੁਝ ਹੋਇਆ?"

ਜੌਹਨ ਮੇਰੇ ਸਾਹਮਣੇ ਸਰੀਰਕ ਤੌਰ 'ਤੇ ਹੀ ਨੰਗਾ ਨਹੀਂ ਸੀ ਹੋਇਆ, ਉਹ ਤਾਂ ਸਾਰੇ ਦਾ ਸਾਰਾ ਹੀ ਨੰਗਾ ਹੋ ਰਿਹਾ ਸੀ।

ਮੈਂ ਜੌਹਨ ਨੂੰ ਉਲਟਾ ਸਵਾਲ ਕੀਤਾ, "ਜੌਹਨ ਮੈਂ ਤਾਂ ਜੋ ਮਹਿਸੂਸ ਕੀਤਾ ਉਹ ਕੀਤਾ ਹੀ, ਤੂੰ ਦੱਸ, ਤੂੰ ਜਦੋਂ ਮੈਨੂੰ ਇਹ ਗੱਲ ਕਹਿ ਰਿਹਾ ਸੀ, ਤੂੰ ਕੀ ਮਹਿਸੂਸ ਕਰ ਰਿਹਾ ਸੀ? ਤੇਰੇ ਅੰਦਰ ਕੀ ਹੋ ਰਿਹਾ ਸੀ?"

ਜੌਹਨ ਨੇ ਅੱਧਾ ਪੈਗ ਖ਼ਾਲੀ ਕਰ ਦਿੱਤਾ। ਮੇਰਾ ਸੱਜਾ ਹੱਥ ਫੜ੍ਹ ਕੇ ਪਲੋਸਣ ਲੱਗ ਪਿਆ। ਮੇਰੇ ਹੱਥਾਂ 'ਤੇ ਲੱਗੇ ਨਹੁੰਆਂ ਦੇ ਨਿਸ਼ਾਨਾਂ ਨੂੰ ਪਲੋਸਣ ਲੱਗ ਪਿਆ। ਵਾਰੀ ਵਾਰੀ ਨਿਸ਼ਾਨਾਂ ਨੂੰ ਗਿਣਦਾ ਮੇਰੇ ਵੱਲ ਦੇਖ ਕੇ ਅਜੀਬ ਜਿਹੀ ਮੁਸਕਰਾਹਟ ਉਸ ਦੇ ਚਿਹਰੇ 'ਤੇ ਖਿੰਡ ਗਈ। ਅੱਖਾਂ ਵਿਚ ਡੂੰਘੀ ਚਮਕ। ਡਾਈਨਿੰਗ ਟੇਬਲ ਦੇ ਕਾਰਨਰ ਵਿਚ ਪਏ ਐਸ਼-ਟਰੇ ਵਿਚੋਂ ਉਸ ਨੇ ਸਿਗਾਰ ਚੁੱਕਿਆ। ਸੁਲਘਾਇਆ। ਲੰਮੇ ਲੰਮੇ ਕਸ਼ ਲਏ ਤੇ ਬਾਰੀ ਥਾਣੀ ਖੁੱਲ੍ਹੇ ਆਸਮਾਨ ਵੱਲ ਦੇਖਦਾ ਬੋਲਿਆ, "ਜੇ ਆਸਮਾਨ ਵਿਚ ਉਡਣਾ ਚਾਹੁੰਦਾ ਏਂ ਤਾਂ ਇਨ੍ਹਾਂ ਨਿਸ਼ਾਨਾਂ ਨੂੰ ਸਰਜਰੀ ਕਰਾ ਕੇ ਮਿਟਾ ਦੇ।"

ਫਿਰ ਉਸ ਨੇ ਮੇਰਾ ਹੱਥ ਐਨ ਉਸੇ ਅੰਦਾਜ਼ ਵਿਚ ਫੜ੍ਹਿਆ, ਜਿਵੇਂ ਅਚਨਚੇਤ ਹੀ ਜਰਨੈਲ ਦੇ ਹੱਥ ਵਿਚ ਫੜ੍ਹਿਆ ਗਿਆ ਸੀ। ਜੌਹਨ ਨੇ ਆਪਣੇ ਨਹੁੰ ਮੇਰੇ ਹੱਥ 'ਤੇ ਲੱਗੇ ਡੂੰਘੇ ਡੂੰਘੇ ਨਿਸ਼ਾਨਾ ਤੇ ਰੱਖ ਕੇ ਆਪਣਾ ਹੱਥ ਜ਼ੋਰ ਨਾਲ ਘੁੱਟ ਦਿੱਤਾ ਪਰ ਉਸ ਦੇ ਨਰਮ ਨਰਮ ਤੇ ਨਿੱਕੇ ਨਿੱਕੇ ਨਹੁੰ ਮੇਰੇ ਹੱਥ ਦੀ ਸਖ਼ਤ ਛੱਤ ਨੂੰ ਜ਼ਖ਼ਮੀ ਕਰਨ ਤੋਂ ਪਹਿਲਾਂ ਹੀ ਮੁੜ ਗਏ...।

# ਮਸ਼ਹੂਰੀ ਖਾਤਰ ਮਾੜਾ ਗਾਉਣ ਦੇ ਅਵੱਲੇ ਤਰਕ ਦੇਣ ਵਾਲੇ



ਕੀ ਮੈਂ ਝੂਠ ਬੋਲਿਐ...

ਸਵਰਨ ਸਿੰਘ ਟਹਿਣਾ*

*ਫੋਨ:91-98141-78883

ਮਹਾਨ ਬੰਦੇ ਹੁਨਰ ਦੇ ਦਾਅਵੇ ਨਹੀਂ ਕਰਦੇ, ਆਪਣਾ ਕੰਮ ਕਰੀ ਜਾਂਦੇ ਨੇ ਤੇ ਜਗ ਉਨ੍ਹਾਂ ਦੇ ਕੀਤੇ 'ਤੇ ਸਹੀ ਦੀ ਮੋਹਰ ਲਾਉਂਦਾ ਜਾਂਦਾ ਹੈ। ਦੂਜੇ ਪਾਸੇ 'ਮਹਾਨ' ਅਖਵਾਉਣ ਲਈ ਪਾਪੜ ਵੇਲਣ ਵਾਲੇ ਚਾਰੇ ਪਾਸੇ ਇੱਲ ਵਾਂਗ ਨਿਗ੍ਹਾ ਰੱਖਦੇ ਨੇ, ਜਿਥੇ ਹੇਠੀ ਹੁੰਦੀ ਜਾਪੇ, ਸਭ ਭੁੱਲ-ਭੁਲਾ ਕੁੱਕੜਾਂ ਵਾਂਗ ਲੜਨ ਡਹਿ ਪੈਂਦੇ ਨੇ।

ਬੜੀ ਵਾਰ ਇਸ ਤਰਕ ਨੂੰ ਵੇਖ-ਪਰਖ ਚੁੱਕੇ ਹਾਂ, ਪਹਿਲੀ ਗੱਲ ਤਾਂ 'ਮਸ਼ਹੂਰੀ' ਨੂੰ 'ਮਹਾਨਤਾ' ਸਮਝਣ ਵਾਲੇ ਲੋਕਾਂ ਨਾਲ ਜ਼ਿਆਦਾ ਵਾਹ ਪੈਂਦੈ ਤੇ ਦੂਜੀ, 'ਮਹਾਨਤਾ' ਜ਼ਾਹਰ ਕਰਨ ਦੀ ਲਿੱਲ੍ਹ ਨੇ ਬੜਿਆਂ ਦੇ ਅੰਦਰਿਆਂ ਨੂੰ ਖਾਲੀ ਪੀਪੇ ਵਰਗਾ ਬਣਾ ਛੱਡਿਐ।

ਜਸਵੰਤ ਸੰਦੀਲਾ ਦਾ ਪਿੰਡ ਹੈ, ਧਾਂਦਰਾ, ਲੁਧਿਆਣਾ ਜ਼ਿਲ੍ਹੇ 'ਚ, ਜਿੱਥੇ ਹਰ ਸਾਲ ਸੱਭਿਆਚਾਰਕ ਮੇਲਾ ਹੁੰਦੈ। ਬੜੇ ਕਲਾਕਾਰ ਪਹੁੰਚਦੇ ਨੇ ਉਥੇ, ਕਿਉਂਕਿ ਸੰਦੀਲਾ ਸੁਭਾਅ ਦਾ ਬੜਾ ਨਿੱਘੈ ਤੇ ਬੰਦੇ-ਕੁਬੰਦੇ ਦੀ ਚੰਗੀ ਪਰਖ ਰੱਖਦੈ। ਪਿਛਲੇ ਦਿਨੀਂ ਹੋਏ ਮੇਲੇ 'ਚ ਪੂਹਲੇ ਵਾਲੇ ਬਲਕਾਰ ਸਿੱਧੂ ਨੂੰ ਵੀ ਸੱਦਿਆ ਗਿਆ। ਕਲਾਕਾਰਾਂ ਦਾ ਜਮਾਵੜਾ ਚੋਖਾ ਸੀ, ਸੋ ਕਿਸੇ ਦੀ ਵਾਰੀ ਪਹਿਲਾਂ ਆ ਗਈ ਤੇ ਕਿਸੇ ਦੀ ਥੋੜ੍ਹੀ ਲੇਟ। ਜਦੋਂ ਬਲਕਾਰ ਦੀ ਵਾਰੀ ਆਈ, ਉਦੋਂ ਤੱਕ ਲੋਕ ਘਰਾਂ ਨੂੰ ਜਾਣ ਲੱਗੇ ਸਨ। ਬਲਕਾਰ ਨੇ ਇਕ ਪਰਿਵਾਰਕ ਗੀਤ ਰਾਹੀਂ ਸ਼ੁਰੂਆਤ ਕੀਤੀ, 'ਮਾਂ ਆਖੇ ਤੇਰਾ ਪੁੱਤ ਲਾਡਲਾ।' ਗੀਤ ਬੜਾ ਪਿਆਰਾ ਸੀ, ਸੁਣਨ ਵਾਲਾ। ਪਰ ਲੋਕ ਉਠਦੇ ਰਹੇ। ਬਲਕਾਰ ਨੇ ਅਗਲਾ ਗੀਤ ਸ਼ੁਰੂ ਕੀਤਾ, ਲੋਕ ਉਠਣੇ ਜਾਰੀ ਰਹੇ। ਏਨੇ ਨੂੰ ਉਸ ਦਾ ਕੜ੍ਹ ਪਾਟ ਗਿਆ, ਕਹਿੰਦਾ, 'ਪੱਤਰਕਾਰ ਸਾਡੇ 'ਤੇ ਤਵਾ ਲਾਉਂਦੇ ਨੇ ਕਿ ਅਸੀਂ ਚੰਗਾ ਨਹੀਂ ਗਾਉਂਦੇ, ਹੁਣ ਮੈਂ ਚੰਗਾ ਗਾ ਰਿਹਾਂ ਤਾਂ ਲੋਕ ਟਿਕ ਕੇ ਨਹੀਂ ਬਹਿੰਦੇ, ਜਦੋਂ ਮਾੜਾ ਸ਼ੁਰੂ ਕਰ ਦਿੱਤਾ ਤਾਂ ਸਭ ਨੇ ਇੱਕ ਥਾਂ ਟਿਕ ਜਾਣਾ। ਮਾੜੇ ਗੀਤਾਂ 'ਤੇ ਟਕੋਰਾਂ ਹੁੰਦੀਆਂ ਨੇ ਪਰ ਚੰਗੇ ਗੀਤਾਂ ਨੂੰ ਸਨਮਾਨ ਨਹੀਂ ਮਿਲਦਾ, ਫਿਰ ਚੰਗਾ ਕਿਉਂ ਗਾਈਏ?'

ਸ਼ਿਕਵਾ ਉਸ ਦਾ ਜਾਇਜ਼ ਸੀ, ਉਹਦੀ ਥਾਂ ਕੋਈ ਹੋਰ ਹੁੰਦਾ, ਉਹਨੇ ਵੀ ਏਦਾਂ ਹੀ ਬੋਲਣਾ ਸੀ। ਕਈਆਂ ਨੇ ਘੁਸਰ-ਮੁਸਰ ਸ਼ੁਰੂ ਕਰ ਦਿੱਤੀ ਕਿ ਜੇ ਲੋਕ ਨਹੀਂ ਬਹਿਣਾ ਚਾਹੁੰਦੇ ਤਾਂ 'ਚੰਗਿਆਂ' ਨੂੰ ਫਿਟਕਾਰਾਂ ਵਾਲਾ ਤਰਕ ਕਿਉਂ? ਬਲਕਾਰ ਨੇ ਬਹੁਤੀ ਵਾਰ ਚੰਗਾ ਗਾਇਐ, 'ਬਾਹਰੇ ਭਿੱਜ ਗਏ ਚਰਖੇ' ਤੋਂ 'ਫੁਲਕਾਰੀ' ਤੱਕ ਸਭ ਕੁੱਝ ਲੋਕਾਂ ਪ੍ਰਵਾਨ ਕੀਤਾ। ਪਰ ਅੱਜ ਜੇ ਲੋਕ ਨਹੀਂ ਬੈਠਣਾ



ਪਾਲੀ ਦੇਤਵਾਲੀਆ

ਚਾਹੁੰਦੇ ਤਾਂ 'ਚੰਗਾ' ਗਾਉਣ 'ਤੇ ਪਛਤਾਵਾ ਕਿਉਂ? ਏਸੇ ਚੰਗੀ ਗਾਇਕੀ ਨੇ ਉਸ ਨੂੰ ਨਾਂ ਤੇ ਨਾਮੇ ਵਾਲਾ ਬਣਾਇਆ ਪਰ ਅੱਜ ਏਨੀ ਭੜਾਸ ਕਿਉਂ? ਜੇ ਲੋਕ ਉਠਣੇ ਸ਼ੁਰੂ ਹੋ ਹੀ ਗਏ ਤਾਂ ਆਪਣੇ ਕੀਤੇ ਨੂੰ ਨਿੰਦਣ ਤੇ ਲਿਖਣ ਵਾਲਿਆਂ ਵੱਲੋਂ ਮਾੜਿਆਂ ਨੂੰ ਭੰਡਣ ਵਾਲੀ ਗੱਲ 'ਤੇ ਨਾਰਾਜ਼ਗੀ ਕਿਉਂ?

ਲੋਕ ਜਾਣਦੇ ਹੋਣਗੇ, ਕਿਸੇ ਵੇਲੇ ਬਲਕਾਰ ਨੇ 'ਕੁੜੀ ਦਾ ਤਾਂ ਮੈਂ ਨਹੀਂ ਜਾਣਦਾ, ਮੁੰਡੇ ਦਾ ਨਾਂ ਬੱਗਾ...ਜਵਾਬ ਦੇਈ ਜਾਂਦੀ ਆ ਹਾਏ ਓ ਮੇਰਿਆ ਰੱਬਾ' ਗੀਤ ਵੀ ਗਾਇਆ ਤੇ 'ਸਾਹਮਣੇ ਚੁਬਾਰੇ ਵਾਲੀ ਬਾਰੀ, ਕਰੀਂ ਅੱਧੀ ਖੁੱਲ੍ਹੀ ਕਦੇ ਸਾਰੀ' ਵੀ, ਪਰ ਇਹ ਦੋਹੇਂ ਓਨੇ ਮਸ਼ਹੂਰ ਨਾ ਹੋਏ, ਜਿੰਨੇ 'ਮਾਝੇ ਦੀਏ ਮੋਮਬੱਤੀਏ' ਤੇ 'ਚਰਖੇ' ਵਾਲਾ, ਫੇਰ ਇਹ ਤਰਕ ਕਿਉਂ ਕਿ ਲੋਕ ਮਾੜਾ ਸੁਣਨਾ ਪਸੰਦ ਕਰਦੇ ਨੇ, ਚੰਗਾ ਨਹੀਂ। ਦੂਜੀ ਗੱਲ, ਲਿਖਣ ਵਾਲਿਆਂ ਆਪਣਾ ਕੰਮ ਕਰਨੈ ਤੇ ਗਾਉਣ ਵਾਲਿਆਂ ਆਪਣਾ, ਜਦੋਂ ਉਹ ਤੁਹਾਡੇ ਚੰਗੇ ਨੂੰ ਮਾੜਾ ਆਖਦੇ ਹੋਣ, ਤੁਸੀਂ ਉਦੋਂ ਕਿੰਤੂ ਕਰ ਸਕਦੇ ਓ, ਪਰ ਜੇ ਇਹ ਕਿਹਾ ਜਾਵੇ ਕਿ ਮੈਂ ਫਲਾਣੇ-ਫਲਾਣੇ ਚੰਗੇ ਗੀਤ ਗਾਏ, ਉਨ੍ਹਾਂ ਨੂੰ ਕਿਸੇ ਨੇ ਪੁੱਛਿਆ ਨਹੀਂ, ਤੇ ਜਦੋਂ ਮਾੜੇ ਗਾਏ, ਉਦੋਂ ਬੱਲੇ-ਬੱਲੇ ਹੋ ਗਈ, ਇਹ ਤਰਕ ਕਿਹੜੇ ਪਾਸਿਓਂ ਸਿਆਣਪ ਵਾਲਾ ਹੋਇਆ।

ਇਹ ਗੱਲ ਕਿਸੇ ਇੱਕ ਸਿੱਧੂ ਨਾਲ ਨਹੀਂ ਜੁੜੀ, ਪੰਜਾਬ ਵਿਚ ਬੜੇ ਕਲਾਕਾਰ ਅਜਿਹੇ ਨੇ, ਜਿਨ੍ਹਾਂ ਨੂੰ ਮਲਾਲ ਹੈ ਕਿ ਜਦੋਂ ਅਸੀਂ ਚੰਗਾ ਗਾਇਆ, ਉਦੋਂ ਸਾਨੂੰ ਗੁਆਂਢੀਆਂ ਨੇ ਵੀ ਨਾ ਪੁੱਛਿਆ ਤੇ ਜਦੋਂ ਹਲਕਾ ਗਾਇਆ, ਉਦੋਂ ਪ੍ਰਸਿੱਧੀ ਵਲੈਤ ਤੱਕ ਪਹੁੰਚ ਗਈ। ਪਰ ਪਿਛਾਂਹ ਵੱਲ ਝਾਕ ਕੇ ਦੇਖੋ, ਕਿੰਨੇ ਕਲਾਕਾਰਾਂ ਮਾੜਾ ਗਾਇਆ, ਉਨ੍ਹਾਂ ਦੀ ਕਿੰਨੀ ਚੜ੍ਹਤ ਹੋਈ ਪਰ ਅੱਜ ਉਹ ਕਿੱਥੇ ਨੇ? ਦੂਜੇ ਪਾਸੇ ਪਾਲੀ ਦੇਤਵਾਲੀਆ ਲੈ ਲਵੋ, ਜੀਹਨੇ ਇੱਕ ਵੇਲੇ ਭਾਵੇਂ ਥੋੜ੍ਹਾ ਤੱਤਾ ਲਿਖਿਆ ਤੇ ਗਾਇਆ, ਪਰ ਜਦੋਂ ਪਰਿਵਾਰਕ ਗੀਤਾਂ ਵੱਲ ਮੋੜ ਕੱਟਿਆ ਤਾਂ ਮੁੜ ਪਿਛਾਂਹ ਵੱਲ ਮੂੰਹ ਨਾ ਕੀਤਾ ਤੇ ਨਤੀਜਾ ਸਭ ਦੇ ਸਾਹਮਣੇ ਹੈ। ਪਾਲੀ ਨੇ ਪੈਸਾ ਭਾਵੇਂ ਘੱਟ ਕਮਾਇਆ ਹੋਵੇ, ਪਰ ਕੋਈ ਉਸ ਦੀ ਗਾਇਕੀ 'ਤੇ ਕਿੰਤੂ ਨਹੀਂ ਕਰ ਸਕਦਾ। ਉਸ ਦਾ ਅਕਸ ਧੀਆਂ-ਭੈਣਾਂ ਵਾਲੇ ਗਾਇਕ ਦਾ ਹੈ ਤੇ ਮਾੜਾ ਗਾਉਣ ਵਾਲਿਆਂ ਦਾ 'ਕੰਜਰਾਂ' ਦਾ। ਇਹ ਚੋਣ ਤਾਂ ਅਸੀਂ ਖੁਦ ਕਰਨੀ ਹੈ ਕਿ ਲੱਖਾਂ ਕਮਾਉਣ ਲਈ ਨਿਵਾਣਾਂ ਵੱਲ ਜਾਣੈ ਜਾਂ ਘੱਟ ਕਮਾ ਕੇ ਬਜ਼ੁਰਗਾਂ ਦੀ ਗੋਦੀ ਦੇ ਗਾਇਕ ਬਣਨੈ।'

ਜਲੰਧਰ 'ਚ ਕੁੱਝ ਸਾਲ ਪਹਿਲਾਂ ਇੱਕ ਕਲਾਕਾਰ ਦੀ ਪ੍ਰੈਸ ਕਾਨਫਰੰਸ ਸੀ। ਉਹਨੇ ਆਖਿਆ, 'ਚਰਨ ਸਿੰਘ ਸਫ਼ਰੀ ਨੂੰ ਮੈਂ ਮਾਰਗ ਦਰਸ਼ਕ ਮੰਨਦਾ ਰਿਹਾਂ, ਚੰਗਾ ਗਾਉਣ ਨੂੰ ਜ਼ਿੰਮੇਵਾਰੀ ਸਮਝਿਆ ਪਰ ਲੋਕਾਂ ਆਪਣੀ ਜ਼ਿੰਮੇਵਾਰੀ ਨਾ ਨਿਭਾਈ, ਕਿਸੇ ਨੇ ਮੈਨੂੰ ਬੇਰਾਂ ਵੱਟੇ ਨਾ ਪੁੱਛਿਆ, ਸਿੱਟੇ ਵਜੋਂ ਅੱਜ ਜਿਹੜੀ ਕੈਸਿਟ ਪੱਤਰਕਾਰਾਂ ਸਾਹਮਣੇ ਰਿਲੀਜ਼ ਕਰਨ ਲੱਗਾਂ, ਇਹਦੇ ਵਿਚ ਉਹ ਸਭ ਹੈ, ਜਿਹੜਾ ਜਵਾਨੀ ਨੂੰ ਪਸੰਦ ਆਉਂਦੈ। ਕਾਲਜ ਵਿਚ ਗ਼ਦਰ ਮਚਾਉਣ ਵਾਲੇ ਗੀਤ ਵੀ ਨੇ, ਪੀ.ਜੀ. 'ਚ ਰਹਿਣ ਵਾਲੀ ਪਰੀ ਦੀ ਗੱਲ ਵੀ ਕੀਤੀ ਏ, ਚੈਟ ਕਰਕੇ ਕੁੜੀਆਂ ਫਸਾਉਣ ਦੀ ਬਾਤ ਵੀ ਪਾਈ ਏ ਤੇ ਗਿੱਧੇ ਦੇ ਪਿੜ ਵਿਚੋਂ ਸੋਹਣੀ ਜਿਹੀ ਮੁਟਿਆਰ ਚੁੱਕ ਕੇ ਲਿਜਾਣ ਵਾਲਾ ਗੀਤ ਵੀ ਗਾਇਐ, ਜੀਹਨੇ ਮੇਰੇ ਖਿਲਾਫ਼ ਜੋ ਲਿਖਣੈ, ਲਿਖ ਲਵੇ, ਮੈਂ ਤਾਂ ਏਦਾਂ ਹੀ ਕਰੂੰ...।'

ਪੱਤਰਕਾਰ ਉਸ ਦੇ ਮੂੰਹ ਵੱਲ ਬਿੱਟ-ਬਿੱਟ ਤੱਕ ਰਹੇ ਸਨ। ਉਹ ਆਪਣੇ ਕਾਰੇ 'ਤੇ ਚਾਨਣ ਪਾ ਰਿਹਾ ਸੀ, ਤਾਂ ਜੁ ਉਸ ਖਿਲਾਫ਼ ਖ਼ਬਰਾਂ ਛਪਣ ਤੇ ਚਰਚਾ ਹੋਵੇ। ਪੱਤਰਕਾਰਾਂ ਦਾ ਸਵਾਲ ਸੀ, 'ਤੁਹਾਨੂੰ ਕੀ ਲੱਗਦੈ ਕਿ ਮਾੜਾ ਗਾ ਕੇ ਕਿੰਨਾ ਕੁ ਕਮਾ ਲਵੋਗੇ?'

ਉਹ ਨੇ ਤੁਰੰਤ ਪੰਜ-ਸੱਤ ਉਦਾਹਰਣਾਂ ਦੇ ਦਿੱਤੀਆਂ, 'ਫਲਾਣਿਆਂ-ਫਲਾਣਿਆਂ ਏਦਾਂ ਦਾ ਗਾਇਐ ਤੇ ਉਹ ਕੋਠੀਆਂ-ਕਾਰਾਂ ਵਾਲੇ ਨੇ ਪਰ ਮੈਂ ਦੋਸਤ ਦੀ ਕਾਰ ਵਗਾਰ ਕੇ ਲਿਆਇਆਂ...ਹੋ ਸਕਦੈ ਏਦਾਂ ਦਾ ਗਾ ਮੈਨੂੰ ਵੀ ਪਿਆਰ ਮਿਲ ਜਾਵੇ ਤੇ ਮੈਂ 'ਆਪਣੀਆਂ' ਚੀਜ਼ਾਂ ਵਾਲਾ ਬਣ ਜਾਵਾਂ।'


ਸਵਾਲ ਹੋਇਆ, 'ਹੋ ਸਕਦੈ, ਤੁਹਾਡੀ ਮਾੜੀ ਗਾਇਕੀ ਵੀ ਲੋਕਾਂ ਨੂੰ ਰਾਸ ਨਾ ਆਵੇ ਪਰ ਚੰਗਾ ਗਾਉਣ ਨਾਲ ਤੁਹਾਡੀ ਜਿਹੜੀ ਥੋੜ੍ਹੀ-ਬਹੁਤ ਇੱਜ਼ਤ ਹੈ ਉਹ ਵੀ ਜਾਂਦੀ ਲੱਗੇ, ਤੁਸੀਂ ਨਾ ਘਰ ਦੇ ਰਹੋ, ਨਾ ਘਾਟ ਦੇ।' ਤਾਂ ਉਹ ਚੁੱਪ ਹੋ ਗਿਆ। ਅਸਲ ਵਿਚ ਉਹਨੂੰ ਦੋਸਤਾਂ ਨੇ ਚੁੱਕ ਦੇ ਦਿੱਤੀ ਸੀ ਕਿ ਏਦਾਂ ਨਹੀਂ ਤਾਂ ਏਦਾਂ ਕਰ ਲੈ, ਫਲਾਣਾ ਵੀ ਏਦਾਂ ਕਰਦਾ ਰਿਹੈ, ਉਹਦੀ ਬੱਲੇ-ਬੱਲੇ ਐ।

ਬੱਲੇ-ਬੱਲੇ ਪ੍ਰਤੀ ਕਲਾਕਾਰਾਂ ਦੀ ਭੁੱਖ ਨਵੀਂ ਨਹੀਂ, ਹਾਂ ਇਹ ਜ਼ਰੂਰ ਐ ਕਿ ਵਧਦੀ-ਵਧਦੀ ਉਸ ਥਾਂ ਜਾ ਪਹੁੰਚੀ ਏ, ਜਿਥੋਂ ਮੁੜਨਾ ਸੌਖੀ ਗੱਲ ਨਹੀਂ। ਜਿੰਨੇ ਨਵੇਂ ਮੁੰਡੇ ਗਾਇਕੀ 'ਚ ਆ ਰਹੇ ਨੇ, ਵਪਾਰਕ ਸੋਚ ਤਹਿਤ ਖੇਹ-ਸੁਆਹ ਗਾ ਰਹੇ ਨੇ ਪਰ 95% ਨੂੰ ਖਰਚੇ ਪੈਸਿਆਂ ਦਾ ਵਿਆਜ ਵੀ ਨਹੀਂ ਮੁੜਦਾ। ਉਹ ਮੁੜ ਭਾਗਾਂ ਨੂੰ ਨਿੰਦਦੇ ਹਨ, ਖ਼ੁਦ ਨੂੰ ਗਾਲ੍ਹਾਂ ਕੱਢਦੇ ਨੇ, ਤੇ ਅਗਲੀ ਵਾਰ ਪਹਿਲਾਂ ਨਾਲੋਂ ਚੱਕਵੇਂ ਗਾਣੇ ਗਾ ਛੱਡਦੇ ਨੇ, ਜਦੋਂ ਫੇਰ ਤੁੱਕਾ ਨਹੀਂ ਲੱਗਦਾ ਤਾਂ ਤਣਾਅ 'ਚ ਆ ਜਾਂਦੇ ਨੇ ਕਿ ਕੀਤਾ ਕੀ ਜਾਵੇ।

ਸਾਡੇ ਸਾਹਮਣੇ ਇੱਕ ਪਾਸੇ ਪਾਲੀ ਦੇਤਵਾਲੀਆ ਦੀ ਉਦਾਹਰਣ ਹੈ ਤੇ ਦੂਜੇ ਪਾਸੇ ਹਨੀ ਸਿੰਘ ਦੀ, ਬੱਗਾ ਸਫ਼ਰੀ ਦੀ। ਗਾਉਣ ਵਾਲਿਆਂ ਚੋਣ ਖੁਦ ਕਰਨੀ ਹੈ ਕਿ ਕਿਹੜੇ ਪਾਸੇ ਜਾਣੈ। ਜੀਹਦੇ ਘਰ ਧੀਆਂ-ਭੈਣਾਂ ਨਹੀਂ, ਉਹ 'ਹਨੀ' ਵਰਗੇ ਬਣ ਸਕਦੇ ਨੇ ਤੇ ਜਿਹੜੇ ਜਵਾਨ ਭੈਣਾਂ ਦੇ ਵੀਰ ਨੇ, ਉਹ ਪਾਲੀ ਵਾਂਗ ਜ਼ਿੰਮੇਵਾਰੀਆਂ ਸਮਝਣ ਲੱਗ ਜਾਣ।

ਕੁੱਝ ਹੱਦ ਤੱਕ ਕਲਾਕਾਰਾਂ ਦਾ ਸ਼ਿਕਵਾ ਜਾਇਜ਼ ਵੀ ਹੋ ਸਕਦੈ ਕਿ ਚੰਗਾ ਗਾਉਣ ਵਾਲਿਆਂ ਨੂੰ ਕੋਈ ਨਹੀਂ ਪੁੱਛਦਾ। ਧੀਆਂ-ਭੈਣਾਂ ਵਾਲੇ ਗੀਤ ਡੀ.ਜੇ. 'ਤੇ ਨਹੀਂ ਵੱਜਦੇ। ਕੋਈ ਪੱਚੀ ਹਜ਼ਾਰ ਦੇ ਕੇ ਰਾਜ਼ੀ ਨਹੀਂ ਹੁੰਦਾ। ਸਿਰਫ਼ ਮੇਲਿਆਂ 'ਤੇ ਗਾ ਕੇ ਰੋਟੀ ਨਹੀਂ ਮਿਲਦੀ ਪਰ ਸੋਚ-ਸੋਚ ਵਿਚ ਫ਼ਰਕ ਹੁੰਦੈ। ਚੰਗਾ ਗਾ ਕੇ ਸਤਿੰਦਰ ਸਰਤਾਜ ਛੇ ਲੱਖ ਰੁਪਿਆ ਮੰਗਣ ਲੱਗ ਗਿਆ, ਗੁਰਦਾਸ ਮਾਨ ਅੱਠ ਲੱਖ ਮੰਗਦੈ, ਵਾਰਿਸ ਭਰਾਵਾਂ ਕੋਲ ਵੀ ਪ੍ਰੋਗਰਾਮਾਂ ਦੀ ਘਾਟ ਨਹੀਂ, ਸਰਬਜੀਤ ਚੀਮਾ, ਹਰਭਜਨ ਮਾਨ ਵਰਗਿਆਂ ਕਦੇ ਮਾੜਾ ਨਹੀਂ ਗਾਇਆ, ਇਨ੍ਹਾਂ ਨੂੰ ਪਸੰਦ ਕਰਨ ਵਾਲੇ ਘੱਟ ਨਹੀਂ। ਕਲਾਕਾਰਾਂ ਨੂੰ ਚੰਗਾ ਗਾਉਣ ਵਾਲਾ ਆਪਣਾ ਫ਼ਰਜ਼ ਨਿਭਾਉਣਾ ਚਾਹੀਦਾ ਹੈ, ਸਰੋਤੇ ਪਿਆਰ ਨਾ ਵੀ ਦੇਣਗੇ ਤਾਂ ਉਨ੍ਹਾਂ ਦੀ ਗੱਲ ਛਿੜਨ ਮੌਕੇ ਮੂੰਹੋਂ ਇਹ ਤਾਂ ਨਾ ਨਿਕਲੇਗਾ, 'ਬਥੇਰਾ ਗੰਦ ਪਾਇਆ ਉਹਨੇ ਵੀ, ਪਰ ਦੁੱਕੀ ਜਿੰਨੀ ਕਦਰ ਨਹੀਂ ਹੋਈ।'

# ਮਜ਼ਲੂਮਾਂ ਦੇ ਬੰਦ ਬੰਦ ਕੱਟਣ ਦੀ ਕਹਾਣੀ 'ਟਰਟਲਜ਼ ਕੈਨ ਫਲਾਈ'



ਪਹਿਲੀ ਗੱਲ
ਜਤਿੰਦਰ ਮੌਹਰ
ਫੋਨ: +91 97799 34747

***ਫ਼ਿਲਮ 'ਟਰਟਲਜ਼ ਕੈਨ ਫਲਾਈ' ਜੰਗਬਾਜ਼ਾਂ ਦੇ ਜਾਬਰ ਹੱਲਿਆਂ ਦਾ ਸ਼ਿਕਾਰ ਹੋਏ ਇਰਾਕੀ ਬੱਚਿਆਂ ਦੀ ਦਿਲ ਹਿਲਾ ਦੇਣ ਵਾਲੀ ਪੇਸ਼ਕਾਰੀ ਹੈ। ਜੰਗਬਾਜ਼ਾਂ ਨੇ ਇਰਾਕ ਦੇ ਮਾਸੂਮਾਂ ਦੀ ਮਾਸੂਮੀਅਤ ਹੀ ਨਹੀਂ ਖੋਹੀ ਸਗੋਂ ਉਹ ਉਨ੍ਹਾਂ ਦੇ ਬੰਦ ਬੰਦ ਵੀ ਕੱਟ ਕੇ ਲੈ ਗਏ ਹਨ। ਫ਼ਿਲਮ ਇਰਾਕ-ਇਰਾਨ-ਤੁਰਕੀ ਸਰਹੱਦ 'ਤੇ ਵਸੇ ਕੁਰਦ ਲੋਕਾਂ ਬਾਰੇ ਹੈ ਜੋ ਪਹਿਲੀ ਖਾੜੀ ਜੰਗ ਤੋਂ ਬਾਅਦ ਸ਼ਰਨਾਰਥੀਆਂ ਦੇ ਰੂਪ ਵਿਚ ਜ਼ਿੰਦਗੀ ਬਸਰ ਕਰ ਰਹੇ ਹਨ। ਸੱਦਾਮ ਦੀ ਕੁਰਦਾਂ ਨਾਲ ਕੁੜੱਤਣ ਜੱਗ-ਜ਼ਾਹਰ ਹੈ। ਸਰਹੱਦ-ਲਕੀਰ ਦੇ ਨੇੜੇ ਆਏ ਲੋਕਾਂ ਨੂੰ ਫ਼ੌਜੀ ਫੜਨ ਜਾਂ ਪੁੱਛਗਿੱਛ ਕਰਨ ਦੀ ਜ਼ਹਿਮਤ ਨਹੀਂ ਉਠਾਉਂਦੇ। ਗੋਲੀ ਮਾਰੀ ਤੇ ਕੰਮ ਖਤਮ। ਨਾ ਲਾਸ਼ ਦਾ ਪੰਚਨਾਮਾ ਤੇ ਨਾ ਛਾਣਬੀਣ। ਹੱਦਾਂ-ਸਰਹੱਦਾਂ 'ਤੇ ਖੜ੍ਹੇ ਫ਼ੌਜੀਆਂ ਨੂੰ ਮਨੁੱਖੀ ਜਾਨ ਦੀ ਕੀਮਤ ਇਹੋ ਸਿਖਾਈ ਜਾਂਦੀ ਹੈ। ਜੇ ਮੀਡੀਆ ਅਤੇ ਸਰਕਾਰ ਨੇ ਗੁਆਂਢੀ ਮੁਲਕ ਨੂੰ 'ਦੁਸ਼ਮਣ ਮੁਲਕ' ਦਾ ਦਰਜਾ ਦਿੱਤਾ ਹੋਵੇ ਤਾਂ ਕੰਮ ਹੋਰ ਸੌਖਾ ਹੋ ਜਾਂਦਾ ਹੈ। ਆਲਮ ਦੀਆਂ ਬਹੁਤੀਆਂ ਹੱਦਾਂ ਦੀ ਇਹੀ ਹੋਣੀ ਹੈ।***

ਬੰਦ ਬੰਦ ਕੱਟ ਹੋਣਾ ਪੰਜਾਬੀਆਂ ਦੀ ਮਾਨਸਿਕਤਾ 'ਚ ਦਰਦ, ਸੂਰਮਗਤੀ ਅਤੇ ਨਾਬਰੀ ਦਾ ਚਿੰਨ੍ਹ ਰਿਹਾ ਹੈ। ਭਾਈ ਮਨੀ ਸਿੰਘ, ਜੱਲਾਦ ਨੂੰ ਬੰਦਾਂ ਦੀ ਨਿਸ਼ਾਨਦੇਹੀ ਕਰਕੇ ਮੌਤ ਕਬੂਲਣ ਦਾ ਜੇਰਾ ਕਰਦਾ ਹੈ। ਉਹ ਸਾਡਾ ਮਾਣਮੱਤਾ ਸ਼ਹੀਦ ਹੈ ਪਰ ਉਨ੍ਹਾਂ ਮਜ਼ਲੂਮਾਂ ਨੂੰ ਕਿਸ ਖ਼ਾਤੇ ਪਾਈਏ ਜਿਨ੍ਹਾਂ ਲਈ ਬੰਦ ਬੰਦ ਕੱਟ ਹੋਣਾ ਨਿੱਜੀ ਚੋਣ ਨਾ ਹੋ ਕੇ ਜੱਲਾਦ ਦਾ ਖ਼ਾਸਾ ਸੀ? ਉਸ ਜੱਲਾਦ ਦਾ ਹੁਨਰ ਮਨੁੱਖ ਨੂੰ ਤਸੀਹੇ ਦੇਣ 'ਚ ਹੈ। ਸਮਾਜ ਹਰ ਤਰ੍ਹਾਂ ਦੀ ਵਿਰਾਸਤ ਅਗਲੀਆਂ ਨਸਲਾਂ ਦੇ ਸਪੁਰਦ ਕਰਦਾ ਹੈ। ਉਹਦਾ ਵੱਡਾ ਸਰਮਾਇਆ ਬੱਚਿਆਂ ਦੇ ਰੂਪ ਵਿਚ ਦਾਅ 'ਤੇ ਲੱਗਿਆ ਹੁੰਦਾ ਹੈ। ਸਰਮਾਏ ਦੇ ਰੂਪ ਮਨੁੱਖੀ ਸੰਵੇਦਨਾ, ਕੁਦਰਤੀ ਸੋਮਿਆਂ ਤੋਂ ਲੈ ਕੇ ਗਿਆਨ-ਪਸਾਰੇ ਤੱਕ ਵੱਖ ਵੱਖ ਹੋ ਸਕਦੇ ਹਨ। ਮਜ਼ਲੂਮਾਂ ਦੇ ਸਮੁੱਚੇ ਸਰਮਾਏ 'ਤੇ ਬੋਲੇ ਗਏ ਹੱਲੇ ਵਿਚ ਸਭ ਤੋਂ ਪੀੜਤ ਧਿਰ ਬੱਚੇ ਹਨ ਜਿਨ੍ਹਾਂ ਨੂੰ ਅੱਗੇ ਅਪਾਹਜ ਅਤੇ ਬੀਬੀਆਂ ਦੇ ਰੂਪ ਵਿਚ ਦੇਖਿਆ ਜਾ ਸਕਦਾ ਹੈ। ਜੱਲਾਦ ਦੇ ਖ਼ਿਲਾਫ਼ ਲੜਦੇ ਸੂਰਿਆਂ ਤੋਂ ਨੈਤਿਕਤਾ ਦੀ ਆਸ ਕੀਤੀ ਜਾ ਸਕਦੀ ਹੈ ਪਰ ਬੰਦ ਬੰਦ ਕੱਟੇ ਗਏ ਮਾਸੂਮਾਂ ਦੇ ਅੰਦਰ ਉਪਜੀ ਹਿੰਸਾ ਅਤੇ ਰੋਹ ਨੂੰ ਕਿਵੇਂ ਡੱਕਿਆ ਜਾ ਸਕੇਗਾ ਜੋ ਸੰਵੇਦਨਾ ਖ਼ਤਮ ਕਰਕੇ ਉਨ੍ਹਾਂ ਦਾ ਆਪਾ ਤਬਾਹ ਕਰ ਰਹੀ ਹੈ?

ਕੁਰਦ-ਇਰਾਨੀ ਫ਼ਿਲਮਸਾਜ਼ ਬਹਿਮਾਨ ਗੁਬਾਦੀ (ਜਨਮ ਪਹਿਲੀ ਫਰਵਰੀ, 1969) ਵੱਲੋਂ ਬਣਾਈ ਫ਼ਿਲਮ 'ਟਰਟਲਜ਼ ਕੈਨ ਫਲਾਈ' ਜੰਗਬਾਜ਼ਾਂ ਦੇ ਜਾਬਰ ਹੱਲਿਆਂ ਦਾ ਸ਼ਿਕਾਰ ਹੋਏ ਇਰਾਕੀ ਬੱਚਿਆਂ ਦੀ ਦਿਲ ਹਿਲਾ ਦੇਣ ਵਾਲੀ ਪੇਸ਼ਕਾਰੀ ਹੈ। ਜੰਗਬਾਜ਼ਾਂ ਨੇ ਇਰਾਕ ਦੇ ਮਾਸੂਮਾਂ ਦੀ ਮਾਸੂਮੀਅਤ ਹੀ ਨਹੀਂ ਖੋਹੀ ਸਗੋਂ ਉਹ ਉਨ੍ਹਾਂ ਦੇ ਬੰਦ ਬੰਦ ਵੀ ਕੱਟ ਕੇ ਲੈ ਗਏ ਹਨ। ਫ਼ਿਲਮ ਇਰਾਕ-ਇਰਾਨ-ਤੁਰਕੀ ਸਰਹੱਦ 'ਤੇ ਵਸੇ ਕੁਰਦ ਲੋਕਾਂ ਬਾਰੇ ਹੈ ਜੋ ਪਹਿਲੀ ਖਾੜੀ ਜੰਗ ਤੋਂ ਬਾਅਦ ਸ਼ਰਨਾਰਥੀਆਂ ਦੇ ਰੂਪ ਵਿਚ ਜ਼ਿੰਦਗੀ ਬਸਰ ਕਰ ਰਹੇ ਹਨ। ਸੱਦਾਮ ਦੀ ਕੁਰਦਾਂ ਨਾਲ ਕੁੜੱਤਣ ਜੱਗ-ਜ਼ਾਹਰ ਹੈ। ਸਰਹੱਦ-ਲਕੀਰ ਦੇ ਨੇੜੇ ਆਏ ਲੋਕਾਂ ਨੂੰ ਫ਼ੌਜੀ ਫੜਨ ਜਾਂ ਪੁੱਛਗਿੱਛ ਕਰਨ ਦੀ ਜ਼ਹਿਮਤ ਨਹੀਂ ਉਠਾਉਂਦੇ। ਗੋਲੀ ਮਾਰੀ ਤੇ ਕੰਮ ਖਤਮ। ਨਾ ਲਾਸ਼ ਦਾ ਪੰਚਨਾਮਾ ਤੇ ਨਾ ਛਾਣਬੀਣ। ਹੱਦਾਂ-ਸਰਹੱਦਾਂ 'ਤੇ ਖੜ੍ਹੇ ਫ਼ੌਜੀਆਂ ਨੂੰ ਮਨੁੱਖੀ ਜਾਨ ਦੀ ਕੀਮਤ ਇਹੋ ਸਿਖਾਈ ਜਾਂਦੀ ਹੈ। ਜੇ ਮੀਡੀਆ ਅਤੇ ਸਰਕਾਰ ਨੇ ਗੁਆਂਢੀ ਮੁਲਕ ਨੂੰ 'ਦੁਸ਼ਮਣ ਮੁਲਕ' ਦਾ ਦਰਜਾ ਦਿੱਤਾ ਹੋਵੇ ਤਾਂ ਕੰਮ ਹੋਰ ਸੌਖਾ ਹੋ ਜਾਂਦਾ ਹੈ। ਆਲਮ ਦੀਆਂ ਬਹੁਤੀਆਂ ਹੱਦਾਂ ਦੀ ਇਹੀ ਹੋਣੀ ਹੈ।

ਮੁਕਾਮੀ ਕੁਰਦ ਲੋਕ ਜ਼ਿੰਦਗੀ ਜਿਉਣ ਦੇ ਆਹਰ 'ਚ ਲੱਗੇ ਹੋਏ ਹਨ। ਅਚਾਨਕ ਪੱਛਮੀ ਜੰਗਬਾਜ਼ ਅੱਗ ਦਾ ਮੀਂਹ ਵਰਸਾਉਣ ਆ ਧਮਕਦੇ ਹਨ। ਬਹਾਨਾ ਸੱਦਾਮ ਨੂੰ ਹਟਾਉਣ ਦਾ ਹੈ। ਅੱਗ ਦਾ ਮੀਂਹ ਸਭ ਕੁਝ ਧੂੰਆਂ ਧੂੰਆਂ ਕਰ ਦਿੰਦਾ ਹੈ। ਧੂੰਆਂ ਹਟਣ ਤੋਂ ਬਾਅਦ ਵਸੇਬ ਖੰਡਰ ਦਿਖਦਾ ਹੈ ਜੋ ਪਿੱਛੇ ਅਨਾਥ ਬੱਚਿਆਂ ਦੀ ਬਸਤੀ ਛੱਡ ਜਾਂਦਾ ਹੈ ਜਿਨ੍ਹਾਂ ਦੇ ਮਾਪੇ ਜੰਗ ਵਿਚ ਅਣਿਆਈ ਮੌਤ ਮਾਰੇ ਗਏ। ਮੁੰਤਜ਼ਰ-ਅਲ-ਜ਼ੈਦੀ ਮੁਤਾਬਕ ਇਰਾਕ ਵਿਚ ਪੰਜਾਹ ਲੱਖ ਤੋਂ ਵੱਧ ਅਨਾਥ ਹਨ। ਦਸ ਲੱਖ ਤੋਂ ਵੱਧ ਵਿਧਵਾਵਾਂ ਅਤੇ ਇੰਨੀ ਹੀ ਗਿਣਤੀ ਵਿਚ ਇਰਾਕੀ ਲੋਕ ਮਾਰੇ ਗਏ ਹਨ। ਅਣਗਿਣਤ ਲੋਕਾਂ ਦੇ ਹੱਥ-ਪੈਰ ਜੰਗ ਦੀ ਭੇਟ ਚੜ੍ਹੇ ਹਨ। ਜੰਗ ਦੀ ਵਜ੍ਹਾ ਨਾਲ ਹਰ ਪੰਜ ਮਿੰਟ ਵਿਚ ਇਕ ਇਰਾਕੀ ਜੁਆਕ ਦੀ ਜਾਨ ਜਾਂਦੀ ਹੈ। ਪੰਜ ਬੱਚਿਆਂ ਵਿਚੋਂ ਇਕ ਕੋਲ ਖਾਣ ਲਈ ਕੁਝ ਵੀ ਨਹੀਂ। ਜੰਗ ਦੇ ਮੁਢਲੇ ਸਾਲਾਂ ਵਿਚ ਇਕ ਲੱਖ ਚਾਲੀ ਹਜ਼ਾਰ ਤੋਂ ਵੱਧ ਬੱਚਿਆਂ ਨੇ ਜਾਨ ਗਵਾਈ ਸੀ। ਸੰਨ ਦੋ ਹਜ਼ਾਰ ਚਾਰ ਤੱਕ ਸੱਤਰ ਹਜ਼ਾਰ ਬੱਚੇ ਤੰਬੂਆਂ ਤੇ ਆਰਜ਼ੀ ਡੇਰਿਆਂ 'ਚ ਰਹਿਣ ਲਈ ਮਜਬੂਰ ਸਨ। ਪੰਜਾਹ ਫ਼ੀਸਦੀ ਜੁਆਕ ਸਕੂਲ ਨਹੀਂ ਜਾ ਸਕਦੇ। ਜੰਗ ਤੋਂ ਬਾਅਦ ਇਰਾਕ ਦੀ ਕੁੱਲ ਆਬਾਦੀ ਦਾ ਪੰਜਾਹ ਫ਼ੀਸਦੀ ਹਿੱਸਾ ਜੁਆਕ ਬਣ ਗਏ ਹਨ। ਇਹ ਅੰਕੜੇ ਇਰਾਕੀ-ਜੰਗ ਦੀ ਭਿਆਨਕਤਾ ਦਾ ਛੋਟਾ ਜਿਹਾ ਰੂਪ ਹਨ।

ਫ਼ਿਲਮ ਦਾ ਮੁੱਖ ਕਿਰਦਾਰ 'ਸੈਟੇਲਾਈਟ' ਤੇਰ੍ਹਾਂ ਸਾਲਾਂ ਦਾ ਮੁੰਡਾ ਹੈ ਜੋ ਜੰਗ ਤੋਂ ਪਹਿਲਾਂ ਡਿਸ਼ ਐਨਟੀਨੇ ਲਾਉਣ ਦਾ ਕੰਮ ਕਰਦਾ ਸੀ। ਉਹ ਆਲੇ-ਦੁਆਲੇ ਦੇ ਬੱਚਿਆਂ ਦਾ ਆਪੂੰ ਬਣਿਆਂ ਆਗੂ ਹੈ। ਬੱਚੇ ਉਹਦਾ ਰੋਅਬ ਮੰਨਦੇ ਹਨ। ਉਹਦੇ ਕਹਿਣ ਮੁਤਾਬਕ ਡਿਸ਼ ਐਨਟੀਨੇ ਰਾਹੀਂ ਹੀ ਸੱਦਾਮ ਦੀ ਬਰਬਾਦੀ ਦੇਖੀ ਜਾ ਸਕੇਗੀ ਕਿਉਂਕਿ ਸਰਕਾਰੀ ਚੈਨਲ ਸੱਦਾਮ ਦੇ ਕਬਜ਼ੇ ਹੇਠ ਹਨ। ਜੰਗ ਸ਼ੁਰੂ ਹੋਣ 'ਤੇ, ਉਹ ਬਾਕੀ ਬੱਚਿਆਂ ਨੂੰ ਨਾਲ ਲੈ ਕੇ ਇਰਾਕੀ ਫ਼ੌਜੀਆਂ ਦੀਆਂ ਦੱਬੀਆਂ ਬਾਰੂਦੀ ਸੁਰੰਗਾਂ ਕੱਢ ਕੇ ਅਮਰੀਕੀਆਂ ਨੂੰ ਵੇਚਣ ਦਾ ਕੰਮ ਸ਼ੁਰੂ ਕਰਦਾ ਹੈ। ਇਨ੍ਹਾਂ ਸੁਰੰਗਾਂ ਦੀ ਵਜ੍ਹਾ ਨਾਲ ਅਣਗਿਣਤ ਲੋਕਾਂ ਨੇ ਆਪਣੀਆਂ ਜਾਨਾਂ ਅਤੇ ਅੰਗ ਗਵਾਏ ਹਨ। ਅਚਾਨਕ ਹੈਂਗੋਵ ਨਾਂ ਦਾ ਮੁੰਡਾ ਉਹਦਾ ਮੁਕਾਬਲੇਬਾਜ਼ ਬਣ ਜਾਂਦਾ ਹੈ। ਬੰਦ ਕਟਾਉਣ ਵਾਲਿਆਂ ਦੀ ਫ਼ਹਿਰਿਸਤ ਵਿਚ ਹੈਂਗੋਵ ਦਾ ਵੀ ਨਾਮ ਹੈ। ਪਾਣੀ ਵਿਚ ਤੈਰਦੇ ਸਮੇਂ ਹੈਂਗੋਵ ਦੀਆਂ ਕੱਟੀਆਂ ਬਾਹਾਂ ਕੱਛੂਕੁੰਮੇ ਦੇ ਅੰਗਾਂ ਜਿਹੀਆਂ ਲੱਗਦੀਆਂ ਹਨ। ਉਹਦੇ ਬਾਰੇ ਕਿਹਾ ਜਾਂਦਾ ਹੈ ਕਿ ਉਹ ਭਵਿੱਖ ਦੇਖ ਸਕਦਾ ਹੈ। ਉਹਦੇ ਨਾਲ ਆਗਰਿਨ ਨਾਂ ਦੀ ਕੁੜੀ ਅਤੇ ਕੁੜੀ ਦੀ ਪਿੱਠ 'ਤੇ ਚਾਰ ਸਾਲਾਂ ਦਾ ਅੰਨ੍ਹਾ ਬੱਚਾ ਹੈ। ਸੈਟੇਲਾਈਟ ਕੁੜੀ ਨੂੰ ਪਸੰਦ ਕਰਨ ਲੱਗਦਾ ਹੈ।



*ਜੰਗਬਾਜ਼ਾਂ ਵੱਲੋਂ ਬੱਚਿਆਂ ਦੇ ਚਿਹਰੇ 'ਤੇ ਉਕਰੇ ਦਰਦ ਦੀ ਇੰਤਹਾ।*

ਬਾਕੀ ਫ਼ਿਲਮ ਸੈਟੇਲਾਈਟ ਦੁਆਰਾ ਹੈਂਗੋਵ, ਆਗਰਿਨ ਅਤੇ ਅੰਨ੍ਹੇ ਬੱਚੇ ਦਾ ਭੇਤ ਜਾਨਣ ਦੀ ਕਹਾਣੀ ਹੈ। ਫ਼ਿਲਮ ਦੇ ਅੰਤ ਵਿਚ ਖੁੱਲ੍ਹਦਾ ਭੇਤ ਸੰਗਤ ਨੂੰ ਧੁਰ ਅੰਦਰ ਤੱਕ ਹਿਲਾ ਦਿੰਦਾ ਹੈ। ਬਾਰਾਂ ਸਾਲ ਦੀ ਉਮਰ ਵਿਚ ਆਗਰਿਨ ਦਾ ਫ਼ੌਜੀਆਂ ਨੇ ਸਮੂਹਕ ਬਲਾਤਕਾਰ ਕੀਤਾ ਸੀ। ਅੰਨ੍ਹਾ ਜੁਆਕ ਉਹਦੇ ਢਿੱਡੋਂ ਜੰਮਿਆਂ ਹੈ। ਛੋਟੀ ਉਮਰ ਵਿਚ ਮਾਂ ਬਣਨ ਕਰ ਕੇ ਉਹ ਅੰਨ੍ਹਾ ਪੈਦਾ ਹੋਇਆ। ਲੋਕਾਂ ਦੇ ਸਵਾਲਾਂ ਅਤੇ ਭਵਿੱਖ ਤੋਂ ਫ਼ਿਕਰਮੰਦ ਕੁੜੀ, ਜੁਆਕ ਤੋਂ ਖਹਿੜਾ ਛੁਡਾਉਣ ਦੀਆਂ ਕੋਸ਼ਿਸ਼ਾਂ ਕਰਦੀ ਰਹਿੰਦੀ ਹੈ। ਹੈਂਗੋਵ ਆਪਣੀ ਭੈਣ ਅਤੇ ਜੁਆਕ ਨੂੰ ਬਹੁਤ ਪਿਆਰ ਕਰਦਾ ਹੈ। ਉਹ ਬੱਚੇ ਨੂੰ ਛੱਡ ਕੇ ਜਾਣ ਲਈ ਤਿਆਰ ਨਹੀਂ ਹੁੰਦਾ। ਅੰਤ ਵਿਚ ਆਗਰਿਨ ਆਪਣੇ ਜੁਆਕ ਨੂੰ ਮਾਰ ਕੇ ਖ਼ੁਦਕੁਸ਼ੀ ਕਰ ਲੈਂਦੀ ਹੈ। ਇਹ ਉਸ ਮਨੁੱਖੀ ਸਰਮਾਏ ਦੀ ਤਬਾਹੀ ਦਾ ਰੂਪ ਹੈ ਜੀਹਦੀ ਗੱਲ ਅਸੀਂ ਉੱਪਰ ਕੀਤੀ ਸੀ।

ਕੁਰਦ ਬੇਸ਼ੱਕ ਸੱਦਾਮ ਤੋਂ ਔਖੇ ਸਨ ਪਰ ਫ਼ਿਲਮ ਦੇ ਅੰਤ ਵਿਚ ਪਿੰਡ 'ਚ ਉਤਰਿਆ ਅਮਰੀਕੀ ਜਹਾਜ਼ ਦੇਖ ਕੇ ਸੈਟੇਲਾਈਟ ਦਾ ਬੋਲਿਆ ਸੰਵਾਦ ਤਸਵੀਰ ਸਾਫ਼ ਕਰ ਦਿੰਦਾ ਹੈ, "ਇਹ ਝੂਠੇ ਨੇ ... ਸਭ ਆਪਣੇ ਫ਼ਾਇਦੇ ਲਈ ਆਉਂਦੇ ਨੇ ...।" ਤਦ ਤੱਕ ਮੁੰਡਾ ਟੀ.ਵੀ. ਉੱਤੇ ਅਮਰੀਕੀਆਂ ਦੇ 'ਕਾਰਨਾਮੇ' ਦੇਖ ਚੁੱਕਿਆ ਸੀ। ਪਾਸ਼ ਆਪਣੀ ਕਵਿਤਾ 'ਜੰਗ: ਕੁਝ ਪ੍ਰਭਾਵ' ਵਿਚ, ਜੰਗਬਾਜ਼ਾਂ ਦੀ ਪ੍ਰਵਾਹ ਕੀਤੇ ਬਿਨਾ ਗੀਟੇ ਖੇਡਦੇ ਅਤੇ ਘਰ ਬਣਾਉਂਦੇ ਬੱਚਿਆਂ ਨੂੰ ਅਪਣੇ ਕੰਮ ਵਿਚ ਲੱਗੇ ਰਹਿਣ ਦੀ ਸਲਾਹ ਦਿੰਦਾ ਹੈ। ਪਾਸ਼ ਦੇ ਸ਼ਬਦ ਤਿੰਨ-ਚਾਰ ਦਹਾਕੇ ਪੁਰਾਣੇ ਹਨ। ਇਨ੍ਹਾਂ ਦਹਾਕਿਆਂ ਵਿਚ ਜੰਗਬਾਜ਼ਾਂ ਨੇ ਤਬਾਹੀ ਦੇ ਬੜੇ ਨਵੇਂ ਗੁਰ ਸਿੱਖੇ ਹਨ। ਉਹ ਤਾਂ ਸਾਡੇ ਜੁਆਕਾਂ ਦੇ ਗੀਟੇ ਅਤੇ ਘਰਾਂ ਦੀ ਮਿੱਟੀ ਵੀ ਖੋਹ ਕੇ ਲੈ ਗਏ ਹਨ।

ਫ਼ਿਲਮ ਸਾਡੇ ਆਲਮ ਦੀ ਗ਼ੈਰ-ਮਹਿਫ਼ੂਜ਼ੀਅਤ ਦਾ ਅਹਿਸਾਸ ਕਰਾਉਂਦੀ ਹੈ। ਇਰਾਨ 'ਤੇ ਕਦੇ ਵੀ ਹਮਲਾ ਹੋ ਸਕਦਾ ਹੈ। ਸਾਡੇ ਗੁਆਂਢੀ ਮੁਲਕ ਉਤੇ ਡਰੋਨ ਹਮਲੇ ਕੀਤੇ ਜਾ ਰਹੇ ਹਨ। ਜੰਗਬਾਜ਼ਾਂ ਲਈ ਇਹ ਵੀਡੀਉ ਗੇਮ ਦੀ ਖੇਡ ਜਿਹਾ ਹੈ। ਰਿਮੋਟ ਦਾ ਬਟਨ ਦੱਬਿਆ ਅਤੇ ਪਲ ਝਪਕਦੇ ਕਈ ਜਿਉਂਦੇ ਜੀਅ ਖ਼ਤਮ। ਐਬਟਾਬਾਦ ਵਿਚ ਉਸਾਮਾ ਬਿਨ-ਲਾਦਿਨ ਨੂੰ ਮਾਰਨ ਦੀ ਖੇਡ ਦਾ ਅਨੰਦ ਲੈਂਦੇ ਬਰਾਕ ਓਬਾਮਾ ਤੇ ਹੋਰ ਖਿਡਾਰੀ ਪੂਰੇ ਆਲਮ ਨੇ ਦੇਖੇ ਸਨ। ਲਿਬੀਆ, ਜੰਗ ਦੀਆਂ ਲਪਟਾਂ 'ਚ ਝੁਲਸ ਰਿਹਾ ਹੈ। ਅਰਬ ਮੁਲਕਾਂ 'ਚ ਅਮਰੀਕਾ-ਪਿੱਠੂ ਤਾਨਾਸ਼ਾਹ ਆਵਾਮ 'ਤੇ ਸ਼ਰ੍ਹੇਆਮ ਗੋਲੀਆਂ ਦਾਗ਼ ਰਹੇ ਹਨ। ਦੂਜੇ ਮੁਲਕਾਂ ਦੀ ਆਜ਼ਾਦ ਹਸਤੀ ਨੂੰ ਟਿੱਚ ਸਮਝਿਆ ਜਾ ਰਿਹਾ ਹੈ। ਆਲਮੀ ਵਪਾਰ ਸੰਸਥਾ ਅਤੇ ਨਿਜੀਕਰਨ ਦੀਆਂ ਨੀਤੀਆਂ ਰਾਹੀਂ ਜੰਗਬਾਜ਼ ਤੀਜੀ ਦੁਨੀਆਂ ਨੂੰ ਲੁੱਟਣ ਤੁਰੇ ਹੋਏ ਹਨ। ਅਮਰੀਕਾ ਨੇ ਹਿੰਦੁਸਤਾਨ ਅਤੇ ਚੀਨ ਵਲੋਂ ਮੁਲਕਵਾਸੀਆਂ ਨੂੰ ਦਿੱਤੀਆਂ ਜਾ ਰਹੀਆਂ ਰਿਆਇਤਾਂ ਬੰਦ ਕਰਾਉਣ ਲਈ ਆਲਮੀ ਵਪਾਰ ਸੰਸਥਾ ਕੋਲ ਸ਼ਿਕਾਇਤ ਕੀਤੀ ਹੈ। ਓਬਾਮਾ ਸਰਕਾਰ ਦੇ ਵਪਾਰਕ ਨੁਮਾਇੰਦੇ ਰੌਨ ਕਿਰਕ ਮੁਤਾਬਕ "ਪਾਣੀ ਹੁਣ ਸਿਰ ਤੋਂ ਲੰਘ ਚੁੱਕਾ ਹੈ। ਭਾਰਤ ਅਤੇ ਚੀਨ ਇਕਰਾਰਨਾਮੇ ਦੀਆਂ ਸ਼ਰਤਾਂ ਪੂਰੀਆਂ ਕਰਨ 'ਚ ਨਾਕਾਮਯਾਬ ਰਹੇ ਹਨ। ਆਲਮੀ ਵਪਾਰ ਸੰਸਥਾ ਦੇ ਨੇਮਾਂ ਤਹਿਤ, ਇਨ੍ਹਾਂ ਦੋਵਾਂ ਮੁਲਕਾਂ 'ਤੇ ਕਾਰਵਾਈ ਕਰਨ ਅਤੇ ਇਨ੍ਹਾਂ ਨੂੰ ਆਰਥਿਕ ਯੋਜਨਾਵਾਂ ਦੇ ਮੁੱਦੇ 'ਤੇ ਵਿਕਸਿਤ ਕੀਤੀਆਂ ਅਣਮੁੱਲੀਆਂ ਸੂਚਨਾਵਾਂ ਮੁਹੱਈਆ ਕਰਾਉਣ ਦਾ ਹੱਕ ਸਾਡੇ ਕੋਲ ਹੈ।" ਸਾਡੀ ਸਰਕਾਰ ਕੌਮੀ ਵਸੀਲੇ ਲੁਟਾਉਣ ਦਾ ਬਾਨ੍ਹਣੂੰ ਵੀਹ ਸਾਲ ਪਹਿਲਾਂ ਬੰਨ੍ਹ ਚੁੱਕੀ ਹੈ। ਬਸਤਾਨਾਂ ਨੂੰ ਲੁੱਟ ਵਿਚ ਹੁੰਦੀ ਥੋੜ੍ਹੀ ਜਿਹੀ ਦੇਰੀ ਵੀ ਮਨਜ਼ੂਰ ਨਹੀਂ। ਪਾਸ਼ ਦੇ ਸ਼ਬਦਾਂ ਵਿਚ ਕਿ ਉਹ ਕੌਣ ਹੈ ਜੋ ਕਵਿਤਾ ਤੋਂ ਲੈ ਕੇ ਕਣਕ ਅਤੇ ਦੁੱਧ ਨੂੰ ਵੀ ਸਾਡੇ ਖ਼ਿਲਾਫ਼ ਭੁਗਤਾਉਂਦਾ ਹੈ, ਵਿਚਾਰਨਯੋਗ ਨੁਕਤਾ ਹੈ ਕਿ ਜੰਗਬਾਜ਼ਾਂ ਦੁਆਰਾ ਇਰਾਕ-ਜੰਗ ਉਤੇ ਖਰਚੇ ਪੈਸੇ ਨਾਲ ਕਈ ਸਾਲਾਂ ਦਾ ਤੇਲ ਖਰੀਦਿਆ ਜਾ ਸਕਦਾ ਸੀ। ਮਸਲਾ ਮਹਿਜ਼ ਤੇਲ ਜਾਂ ਕੁਦਰਤੀ ਸਾਧਨਾਂ ਦੀ ਲੁੱਟ ਦਾ ਨਹੀਂ ਹੈ। ਮਸਲਾ ਲੋਕਾਂ ਜਾਂ ਜੋਕਾਂ 'ਚੋਂ ਇਕ ਸੋਚ ਦੀ ਸਰਦਾਰੀ ਦਾ ਹੈ। ਜੋਕਾਂ ਹਰ ਹੀਲੇ ਆਪਣੀ ਸੋਚ ਦੀ ਸਰਦਾਰੀ ਕਾਇਮ ਰੱਖਣ ਲਈ ਫਿਕਰਮੰਦ ਹਨ ਜੀਹਦੀ ਪੂਰਤੀ ਲਈ ਉਹ ਸਾਮ, ਦਾਮ, ਭੇਤ ਅਤੇ ਦੰਡ, ਕੁਝ ਵੀ ਵਰਤ ਸਕਦੇ ਹਨ। ਆਲਮੀਕਰਨ ਅਤੇ ਨਿਜੀਕਰਨ ਦੀਆਂ ਨੀਤੀਆਂ ਅਜਿਹੀ ਸੋਚ ਦੀ ਉਮਰ ਲੰਬੀ ਕਰਨ ਦਾ ਮਾਰੂ ਪੈਂਤੜਾ ਹਨ। ਜਦੋਂ ਤੱਕ 'ਇਮਾਨਦਾਰ ਪ੍ਰਧਾਨ ਮੰਤਰੀ' ਜੋਕਾਂ ਦੀ ਸੇਵਾ ਲਈ ਸਾਡੇ ਮੁਲਕ ਦੀ ਅਗਵਾਈ ਕਰਦਾ ਰਹੇਗਾ, ਜੰਗਬਾਜ਼ਾਂ ਦੀ ਸਰਦਾਰੀ ਕਾਇਮ ਰਹੇਗੀ। ਉਹ ਇਰਾਕ ਜਿਹੇ ਖ਼ੂਨੀ ਸਾਕੇ ਵਰਤਾਉਂਦੇ ਰਹਿਣਗੇ। ਅਬੂ ਗਰੀਬ ਦੀਆਂ ਚੰਦਰੀਆਂ ਤਸਵੀਰਾਂ, ਗਲ ਤੱਕ ਡੁੱਬ ਕੇ ਜ਼ਿੰਦਗੀ ਜਿਉਣ ਦੀ ਰੀਝ ਨੂੰ ਕਾਂਬਾ ਛੇੜਦੀਆਂ ਰਹਿਣਗੀਆਂ। ਅਮਰੀਕੀ ਚਿੰਤਕ ਨੌਮ ਚੌਮਸਕੀ ਨੇ 'ਨੌਂ ਗਿਆਰਾਂ' ਦੇ ਹਾਦਸੇ ਬਾਰੇ ਕਿਹਾ ਸੀ ਕਿ ਇਹ ਬੁਰਾ ਹੈ ਪਰ ਉਨਾ ਬੁਰਾ ਨਹੀਂ ਜਿਨ੍ਹਾਂ ਅਮਰੀਕਾ ਨੇ ਸੂਡਾਨ ਵਿਚ ਕੀਤਾ। ਸੂਡਾਨ ਵਿਚ ਮਲੇਰੀਆ ਹਰ ਸਾਲ ਕਹਿਰ ਵਰਤਾਉਂਦਾ ਹੈ। ਲੋਕ ਇੰਨੇ ਗ਼ਰੀਬ ਹਨ ਕਿ ਮਲੇਰੀਏ ਦੀ ਦਵਾਈ ਨਹੀਂ ਖਰੀਦ ਸਕਦੇ। ਸੂਡਾਨ ਦੀ ਸਰਕਾਰ ਕੋਲ ਮਲੇਰੀਏ ਦੀ ਦਵਾਈ ਬਣਾਉਣ ਵਾਲੀ ਫੈਕਟਰੀ, ਲੋਕਾਂ ਨੂੰ ਮੁਫ਼ਤ ਜਾਂ ਬਹੁਤ ਘੱਟ ਭਾਅ 'ਤੇ ਦਵਾਈਆਂ ਮੁਹੱਈਆ ਕਰਾਉਣ ਦਾ ਸਾਧਨ ਸੀ। ਅਮਰੀਕਾ ਨੇ ਸੂਡਾਨ 'ਤੇ ਹਮਲਾ ਕਰਨ ਤੋਂ ਬਾਅਦ, ਪਹਿਲਾ ਕੰਮ ਉਸ ਫੈਕਟਰੀ ਉੱਤੇ ਬੰਬ ਸੁੱਟਣ ਦਾ ਕੀਤਾ।

ਇਹ ਫ਼ਿਲਮ ਸਾਡੇ ਮੁਲਕ ਦੇ ਫ਼ਿਲਮਸਾਜ਼ਾਂ ਦੀ ਸੰਵੇਦਨਸ਼ੀਲਤਾ ਬਾਬਤ ਗੰਭੀਰ ਸਵਾਲ ਖੜ੍ਹੇ ਕਰਦੀ ਹੈ। ਬੰਦ ਬੰਦ ਕੱਟੇ ਗਏ ਇਰਾਕੀ ਬੱਚਿਆਂ, ਮਲੇਰੀਏ ਨਾਲ ਮਰਦੇ ਸੂਡਾਨੀ ਲੋਕਾਂ, ਵੀਹ ਰੁਪਏ ਤੋਂ ਹੇਠਾਂ ਗੁਜ਼ਾਰਾ ਕਰਦੇ ਸਾਡੇ ਮੁਲਕ ਦੇ ਸਤੱਤਰ ਫ਼ੀਸਦੀ ਲੋਕਾਂ ਅਤੇ ਪਾਕਿਸਤਾਨ-ਅਫ਼ਗਾਨਿਸਤਾਨ ਵਿਚ ਖੇਡੀ ਜਾ ਰਹੀ ਡਰੋਨ ਹਮਲਿਆਂ ਦੀ ਖ਼ੂਨੀ 'ਵੀਡੀਉ ਗੇਮ' ਦੀ ਆਪਸੀ ਤੰਦ ਸਮਝ ਕੇ ਹੀ ਸਾਂਝੇ ਦਰਦ ਅਤੇ ਦੁਸ਼ਮਣ ਦੀ ਨਿਸ਼ਾਨਦੇਹੀ ਹੋ ਸਕਦੀ ਹੈ। ਇਸ ਸਾਂਝੀ ਤੰਦ ਨੂੰ 'ਟਰਟਲਜ਼ ਕੈਨ ਫਲਾਈ' ਉਘਾੜ ਕੇ ਪੇਸ਼ ਕਰਦੀ ਹੈ। ਜਿਸ ਹਾਲ 'ਚ ਮਨੁੱਖਤਾ ਜਿਉਂ ਰਹੀ ਹੈ, ਸਾਡਾ ਮੁਲਕ ਉਸ ਤੋਂ ਅਛੂਤਾ ਨਹੀਂ ਹੈ ਅਤੇ ਉਹਦੇ ਬਾਰੇ ਜਾਨਣ ਤੋਂ ਬਾਅਦ ਕੋਈ ਸਹਿਜ ਨਹੀਂ ਹੋ ਸਕਦਾ ਹੈ। ਸਾਡੇ ਫ਼ਿਲਮਸਾਜ਼ ਲੋਕਾਂ ਦੀ ਤ੍ਰਾਸਦੀ ਤੋਂ ਅੱਖਾਂ ਮੁੰਦ ਕੇ ਬੇਹੂਦਾ ਫ਼ਿਲਮਾਂ ਬਣਾਉਣ ਨੂੰ ਸੱਭਿਆਚਾਰ ਅਤੇ ਮਾਂ-ਬੋਲੀ ਦੀ ਸੇਵਾ ਸਮਝੀ ਬੈਠੇ ਹਨ। 'ਟਰਟਲਜ਼ ਕੈਨ ਫਲਾਈ' ਦੇ ਫ਼ਿਲਮਸਾਜ਼ ਨੇ ਮੁਲਕ ਦੀ ਆਵਾਮ ਦੇ ਦਰਦ ਨੂੰ ਆਲਮ ਸਾਹਮਣੇ ਲਿਆਂਦਾ ਹੈ ਜੋ ਸਾਡੇ ਮੁਲਕ ਦੀ ਚੇਤਨਾ ਦੇ ਨੁਮਾਇੰਦਿਆਂ ਅਤੇ ਦਰਦਮੰਦਾਂ ਦੇ ਦਰਦੀਆਂ ਲਈ ਵੱਡਾ ਸਵਾਲ ਖੜ੍ਹਾ ਕਰਦੀ ਹੈ। ਜੇ ਅੱਜ ਮਨੁੱਖੀ ਦਰਦ ਦੀ ਸਾਂਝੀ ਤੰਦ ਨੂੰ ਨਾ ਸਮਝਿਆ ਗਿਆ ਤਾਂ ਬੰਦ ਬੰਦ ਕਟਵਾਉਣ ਦੀ ਵਾਰੀ ਕਿਸੇ ਦੀ ਵੀ ਆ ਸਕਦੀ ਹੈ।

ਮਸ਼ਹੂਰ ਖੱਬੇ ਪੱਖੀ ਚਿੰਤਕ ਤਾਰਿਕ ਅਲੀ ਦਾ 95 ਮਿੰਟ ਦੀ ਇਸ ਫ਼ਿਲਮ ਬਾਰੇ ਮੰਨਣਾ ਹੈ ਕਿ ਫ਼ਿਲਮ ਚੰਗੀ ਹੋਣ ਦੇ ਬਾਵਜੂਦ ਅਮਰੀਕਾ ਪੱਖੀ ਹੈ ਕਿਉਂਕਿ ਅਮਰੀਕੀ ਜਹਾਜ਼ ਪਿੰਡ ਵਿਚ ਉਤਰਨ ਤੋਂ ਬਾਅਦ ਸੈਟੇਲਾਈਟ ਦੀ ਹੋਣੀ ਬਿਆਨ ਨਹੀਂ ਕੀਤੀ ਗਈ। ਅਮਰੀਕੀ ਹਮਲਿਆਂ ਨੂੰ ਟੀ.ਵੀ. ਖ਼ਬਰਾਂ ਰਾਹੀਂ ਦਿਖਾਇਆ ਗਿਆ ਹੈ। ਤਾਰਿਕ ਅਲੀ ਦਾ ਤਰਕ ਕੁਝ ਹੱਦ ਤੱਕ ਠੀਕ ਹੈ ਪਰ ਤਾਨਾਸ਼ਾਹ ਅਤੇ ਬਸਤਾਨ ਆਵਾਮ ਬਾਬਤ ਕਦੇ ਸੁਹਿਰਦ ਨਹੀਂ ਰਹੇ। ਜਿਸ ਤਰ੍ਹਾਂ ਦੀ ਜੰਗ ਉਹ ਲੋਕਾਂ 'ਤੇ ਥੋਪਦੇ ਹਨ, ਫ਼ਰਕ ਸਿਰਫ਼ ਇੰਨਾ ਹੁੰਦਾ ਹੈ ਕਿ ਤਾਨਾਸ਼ਾਹ ਮੁਕਾਮੀ ਬੋਲੀ ਬੋਲਣ ਵਾਲਾ ਹੋ ਸਕਦਾ ਹੈ ਤੇ ਬਸਤਾਨ ਗ਼ੈਰ-ਬੋਲੀ ਵਾਲਾ। ਸਵਾਲ ਬਸਤਾਨਾਂ ਦੀ ਵਿਦੇਸ਼ ਨੀਤੀ ਦਾ ਹੈ। ਉਹ ਤਾਨਾਸ਼ਾਹਾਂ ਦੀ ਲਗਾਤਾਰ ਸਰਪ੍ਰਸਤੀ ਕਰਦੇ ਰਹੇ ਹਨ ਅਤੇ ਮੌਕਾ ਪੈਣ 'ਤੇ ਉਨ੍ਹਾਂ ਖ਼ਿਲਾਫ਼ ਜੰਗ ਵੀ ਛੇੜ ਸਕਦੇ ਹਨ। ਬਾਕੀ ਫ਼ਿਲਮ ਨੂੰ ਦੇਖਣ ਦੀ ਪੜ੍ਹਤ ਆਪੋ-ਆਪਣੀ ਹੋ ਸਕਦੀ ਹੈ। ਫ਼ਿਲਮ ਸਮੁੱਚੇ ਰੂਪ ਵਿਚ ਜੰਗ ਦੇ ਆਵਾਮ ਉੱਤੇ, ਖ਼ਾਸ ਕਰਕੇ ਜੁਆਕਾਂ ਅਤੇ ਬੀਬੀਆਂ ਉੱਤੇ ਪੈਂਦੇ ਮਾਰੂ ਅਸਰ ਨੂੰ ਦਿਖਾਉਣ ਵਿਚ ਕਾਮਯਾਬ ਹੈ।

# ਔਰਤਾਂ ਦੇ ਮੁੱਦੇ ਅਤੇ ਔਰਤ ਫ਼ਿਲਮਸਾਜ਼

***(ਸਫਾ 14 ਦੀ ਬਾਕੀ)***

ਦੀਪਾ ਮਹਿਤਾ ਦੀਆਂ ਫ਼ਿਲਮਾਂ ਵੱਖਰੀ ਤਰ੍ਹਾਂ ਦੀ ਰਹਿਤਲ 'ਤੇ ਵਿਚਰਦੀਆਂ ਹਨ। ਤਿੰਨ ਫ਼ਿਲਮਾਂ ਦੀ ਲੜੀ 'ਵਾਟਰ', 'ਫਾਇਰ' ਅਤੇ 'ਅਰਥ' ਰਾਹੀਂ ਉਹ ਤਿੰਨ ਵੱਖ ਵੱਖ ਸਮਿਆਂ ਵਿਚ ਜੀਅ ਰਹੀਆਂ ਔਰਤਾਂ ਦੀ ਸਮਾਜਿਕ ਹਾਲਾਤ ਲਈ ਕਸੂਰਵਾਰ ਕਾਰਨਾਂ ਦੀ ਨਿਸ਼ਾਨਦੇਹੀ ਕਰਦੀ ਹੈ। ਉਹਦੀਆਂ ਫ਼ਿਲਮਾਂ ਮਿੱਥਾਂ, ਭਰਮਾਂ ਤੇ ਔਰਤ ਸਰੀਰ ਨਾਲ ਜੁੜੀ ਨੈਤਿਕਤਾ 'ਤੇ ਤਿੱਖਾ ਵਿਅੰਗ ਹਨ। ਵਾਟਰ ਫ਼ਿਲਮ ਵਿਚ ਦੀਪਾ ਉਨ੍ਹਾਂ ਵਿਧਵਾਵਾਂ ਦੀ ਬਾਤ ਪਾਉਂਦੀ ਹੈ ਜਿਨ੍ਹਾਂ ਦਾ ਬਚਪਨ, ਜਵਾਨੀ ਤੇ ਬੁਢਾਪਾ ਸਮਾਜੀ ਨੱਕ-ਨਜੂਮ ਲਈ ਹਾਸ਼ੀਏ 'ਤੇ ਸੁੱਟ ਦਿੱਤਾ ਜਾਂਦਾ ਹੈ। ਫ਼ਿਲਮ ਵਿਚ ਅੱਠ ਸਾਲ ਦੀ ਬੱਚੀ ਨੂੰ ਜਦੋਂ ਉਸ ਦਾ ਪਿਤਾ ਦੱਸਦਾ ਹੈ ਕਿ ਉਹ ਵਿਧਵਾ ਹੋ ਗਈ ਹੈ ਤਾਂ ਉਸ ਦਾ ਸਵਾਲ ਹੈ ਕਿ ਬਾਬਾ ਕਦੋਂ ਤੱਕ? ਜਵਾਨ ਵਿਧਵਾ ਨੂੰ ਹਾਣ ਲੱਭਣ ਉੱਤੇ ਖ਼ੁਦਕੁਸ਼ੀ ਕਰਨੀ ਪੈਂਦੀ ਹੈ ਪਰ ਰੋਜ਼ ਰਾਤ ਉਹਦਾ ਕਿਸੇ ਉੱਚ ਜਾਤੀ ਬ੍ਰਾਹਮਣ ਵੱਲੋਂ ਖਰੀਦਿਆ ਜਾਣਾ ਕਿਸੇ ਨੂੰ ਵੀ ਨਹੀਂ ਰੜਕਦਾ। ਸਮਾਜ ਦਾ ਉਹੀ ਟੀਰ ਸਾਧਨਾਂ ਦੀ ਘਾਟ ਨਾਲ ਜੂਝਦੇ ਹਰੇਕ ਤਬਕੇ ਦੀ ਹੋਣੀ ਹੈ। ਫ਼ਿਲਮ ਪਾਪ-ਪੁੰਨ ਤੇ ਫ਼ਰਜ਼ ਦੇ ਫ਼ਲਸਫ਼ੇ ਨੂੰ ਔਰਤ ਦੇ ਨਜ਼ਰੀਏ ਤੋਂ ਪਰਖਦੀ ਹੈ।

'ਫਾਇਰ' ਫ਼ਿਲਮ ਦਾ ਧੁਰਾ ਸਮਲਿੰਗਤਾ ਹੈ ਪਰ ਸਵਾਲ ਵਿਆਹ-ਸੰਸਥਾ ਵਿਚ ਹੁੰਦੀ ਹਿੰਸਾ 'ਤੇ ਖੜ੍ਹਾ ਹੁੰਦਾ ਹੈ। ਫ਼ਿਲਮਸਾਜ਼ ਦਾ ਕੈਮਰਾ ਫ਼ਿਲਮ ਵਿਚ ਕੰਧਾਂ 'ਤੇ ਚਿਪਕੇ ਮਰਦਾਨਗੀ ਵਧਾਉਣ ਦੇ ਫਾਰਮੂਲਿਆਂ, ਰੰਗ ਗੋਰਾ ਕਰਨ ਦੀਆਂ ਕਰੀਮਾਂ ਅਤੇ ਸੈਕਸ ਅਤੇ ਹਿੰਸਾ ਭਰਪੂਰ ਇਸ਼ਤਿਹਾਰਾਂ 'ਤੇ ਜਾ ਖੜ੍ਹਦਾ ਹੈ। ਕੀ ਇਹ ਜਮਹੂਰੀ ਮੁਲਕ ਦੇ ਸਮਾਨ-ਲਿੰਗ ਅਧਿਕਾਰਾਂ ਵੱਲ ਵਧ ਰਹੇ ਸਮਾਜ ਦੀਆਂ ਕੰਧਾਂ ਹਨ? ਨਵ-ਬਸਤੀਵਾਦ ਵਿਚੋਂ ਗੁਜ਼ਰ ਰਹੇ ਦੇਸ਼ ਵਿਚ ਆਪਸੀ ਰਿਸ਼ਤੇ ਵਿਸ਼ਵਾਸ, ਇਮਾਨਦਾਰੀ ਅਤੇ ਸਮਾਨਤਾ 'ਤੇ ਕਿਵੇਂ ਟਿਕੇ ਰਹਿ ਸਕਦੇ ਹਨ? ਫ਼ਿਲਮ ਸਵਾਲ ਖੜ੍ਹਾ ਕਰਦੀ ਹੈ ਕਿ ਕਿਉਂ ਖੁੱਲੀ ਮੰਡੀ ਦਾ ਸੰਦ ਬਣਨ ਤੋਂ ਇਨਕਾਰ ਕਰਨ 'ਤੇ ਜ਼ਿੰਦਗੀ ਵੱਲ ਜਾਂਦੀਆਂ ਰਾਹਾਂ ਅੱਗ ਦਾ ਸਫ਼ਰ ਤੈਅ ਕਰਦੀਆਂ ਹਨ। 'ਫਾਇਰ' ਅਤੇ 'ਵਾਟਰ' ਦੋਵਾਂ ਫ਼ਿਲਮਾਂ ਦਾ ਕੱਟੜਵਾਦੀਆਂ ਵੱਲੋਂ ਕੀਤਾ ਤਿੱਖਾ ਵਿਰੋਧ ਇਸ ਗੱਲ ਦੀ ਜ਼ਾਮਨੀ ਹੈ ਕਿ ਕਿਵੇਂ ਸਮਾਜਿਕ ਪੌੜੀ ਦੇ ਹੇਠਲੇ ਡੰਡਿਆਂ ਤੇ ਲਟਕੇ ਲੋਕਾਂ ਦੇ ਮਸਲਿਆਂ ਦਾ ਜ਼ਿਕਰ ਤੱਕ ਮੁੱਖਧਾਰਾ ਨੂੰ ਨਾ-ਗਵਾਰ ਗੁਜ਼ਰਦਾ ਹੈ।

ਬਰਤਾਨਵੀ ਫ਼ਿਲਮਸਾਜ਼ ਗੁਰਿੰਦਰ ਚੱਢਾ ਦੀ ਫ਼ਿਲਮ 'ਬੈਂਡ ਇਟ ਲਾਈਕ ਬੈਕਹੈਮ' ਕਾਮੇਡੀ ਹੋਣ ਦੇ ਬਾਵਜੂਦ ਵਿਸ਼ਵੀਕਰਨ, ਆਧੁਨਿਕਤਾ ਅਤੇ ਜ਼ਿੰਦਗੀ ਨੂੰ ਖੁਦ ਘੜਨ ਦੀ ਜ਼ਿੱਦ 'ਤੇ ਅੜੀਆਂ ਕੁੜੀਆਂ ਨਾਲ ਸੰਵਾਦ ਛੇੜਦੀ ਹੈ। ਕਿਸੇ ਖ਼ਿੱਤੇ ਦਾ ਸੱਭਿਆਚਾਰ ਕਿਵੇਂ ਔਰਤਾਂ ਦੇ ਰੋਲ ਨੂੰ ਪੀੜ੍ਹੀ ਦਰ ਪੀੜ੍ਹੀ ਪਰਿਭਾਸ਼ਤ ਕਰਦਾ ਹੈ ਤੇ ਅਕਸਰ ਧਾੜਵੀ ਧਿਰ ਦੇ ਹੱਕ ਵਿਚ ਭੁਗਤਦਾ ਹੈ। ਫ਼ਿਲਮ ਵਿਸ਼ਵੀਕਰਨ ਕਾਰਨ ਬਣ ਰਹੇ ਵੱਖ ਵੱਖ ਨਸਲਾਂ ਤੇ ਧਰਮਾਂ ਦੇ ਲੋਕਾਂ ਦੇ ਰਿਸ਼ਤਿਆਂ ਦੇ ਪੱਖ ਵਿਚ ਜ਼ੋਰਦਾਰ ਹੁੰਗਾਰਾ ਭਰਦੀ ਹੈ।

'ਸਲਾਮ ਬੰਬੇ' ਵਰਗੀ ਯਾਦਗਾਰੀ ਫ਼ਿਲਮ ਬਣਾਉਣ ਵਾਲੀ ਮੀਰਾ ਨਾਇਰ ਜਦੋਂ 'ਕਾਮਸੂਤਰ' ਵਰਗੀ ਫ਼ਿਲਮ ਬਣਾਉਂਦੀ ਹੈ ਤਾਂ ਉਹਦੀ ਅੱਖ ਤੋਂ ਸਮਾਜਿਕ ਢਾਂਚੇ ਦੇ ਚਿੱਬ ਅਤੇ ਸੱਤਾ ਦਾ ਸਰੀਰਾਂ ਨਾਲ ਰਿਸ਼ਤਾ ਲੁਕਦਾ ਨਹੀਂ। ਉਹਦੇ ਪਾਤਰ ਪੱਲੇ ਪੈ ਗਈ ਹੋਣੀ ਜਿਉਂਦਿਆਂ ਵੀ ਉਹਨੂੰ ਆਪਣੇ-ਆਪ 'ਤੇ ਹਾਵੀ ਨਹੀਂ ਹੋਣ ਦਿੰਦੇ। ਮੀਰਾ ਨਾਇਰ ਦੀਆਂ ਫ਼ਿਲਮਾਂ ਦੀ ਖ਼ੂਬਸੂਰਤੀ ਦੁਖਾਂਤ ਨੂੰ ਭੋਗ ਰਹੀਆਂ ਜ਼ਿੰਦਗੀਆਂ ਨੂੰ ਉਨ੍ਹਾਂ ਦੇ ਨਜ਼ਰੀਏ ਤੋਂ ਸਮਝਣ ਦੀ ਕੋਸ਼ਿਸ਼ ਕਰਨਾ ਹੈ। ਇਨ੍ਹਾਂ ਸਾਰੀਆਂ ਫ਼ਿਲਮਸਾਜ਼ ਭਾਰਤੀ ਫ਼ਿਲਮ ਸਨਅਤ ਦੇ ਰੂੜ ਮੰਤਰਾਂ ਨੂੰ ਰੱਦ ਕਰਦੀਆਂ ਹਨ। ਕਲਾ ਨਾਲ ਸਮਾਜ ਦੇ ਰਿਸ਼ਤੇ ਦਾ ਸਾਵਾਂ ਰਾਹ ਇਨ੍ਹਾਂ ਦੇ ਕੈਮਰੇ ਦੀ ਅੱਖ ਹੀ ਤਰਾਸ਼ੇਗੀ।


****ਫੋਨ:91-98554-04330***

# ਲਹਿੰਦੇ ਪੰਜਾਬ ਦੇ 'ਬੋਲ' ਨੂੰ ਹੁੰਗਾਰਾ

'ਖੁਦਾ ਕੇ ਲਿਏ' ਤੋਂ ਬਾਅਦ ਪਾਕਿਸਤਾਨੀ ਨਿਰਦੇਸ਼ਕ ਸ਼ੋਏਬ ਮੰਸੂਰ ਦੀ ਫਿਲਮ 'ਬੋਲ' ਨੂੰ ਵੱਡੀ ਪੱਧਰ 'ਤੇ ਭਾਰਤ ਵਿਚ ਰਿਲੀਜ਼ ਕੀਤਾ ਗਿਆ ਹੈ। ਇਹ ਫ਼ਿਲਮ ਈਦ ਮੌਕੇ ਪ੍ਰਦਰਸ਼ਿਤ ਹੋਈ। ਈਦ ਹਾਸੇ-ਖੁਸ਼ੀ ਦਾ ਤਿਉਹਾਰ ਹੈ ਜਦੋਂ ਕਿ 'ਬੋਲ' ਵਿਚ ਖੁਸ਼ੀਆਂ ਵਾਲੀ ਕੋਈ ਗੱਲ ਨਹੀਂ ਹੈ ਤੇ ਨਾ ਹੀ ਇਸ ਦੀ ਕਹਾਣੀ ਦਾ ਈਦ ਨਾਲ ਕੋਈ ਸਬੰਧ ਹੈ। ਇਸ ਦੇ ਬਾਵਜੂਦ ਜਦੋਂ ਭਾਰਤ ਵਿਚ ਇਹ ਫ਼ਿਲਮ ਪ੍ਰਦਰਸ਼ਿਤ ਹੋਈ ਤਾਂ ਕਈ ਨਿਰਮਾਤਾਵਾਂ ਦੇ ਚਿਹਰਿਆਂ ਤੋਂ ਖੁਸ਼ੀ ਗਾਇਬ ਹੋ ਗਈ। ਇਨ੍ਹਾਂ ਨਿਰਮਾਤਾਵਾਂ ਦੀ ਇਹ ਸ਼ਿਕਾਇਤ ਸੀ ਕਿ 'ਬੋਲ' ਨੂੰ ਮਲਟੀਪਲੈਕਸ ਵਿਚ ਰਿਲੀਜ਼ ਕੀਤਾ ਜਾ ਰਿਹਾ ਹੈ ਜਦੋਂਕਿ ਮਲਟੀਪਲੈਕਸ ਵਾਲੇ ਉਨ੍ਹਾਂ ਦੀਆਂ ਫ਼ਿਲਮਾਂ ਨੂੰ ਆਪਣੇ ਸਿਨੇਮਾਘਰਾਂ ਵਿਚ ਰਿਲੀਜ਼ ਕਰਨ ਤੋਂ ਮਨ੍ਹਾਂ ਕਰ ਰਹੇ ਹਨ।

ਕਿਸੇ ਪਾਕਿਸਤਾਨੀ ਫ਼ਿਲਮ ਨੂੰ ਭਾਰਤ ਵਿਚ ਏਨੀ ਤਵੱਜੋ ਦਿੱਤੀ ਜਾਂਦੀ ਦੇਖ ਕੇ ਰਾਜ ਠਾਕਰੇ ਦੀ ਪਾਰਟੀ ਮਨਸੇ (ਮਹਾਰਾਸ਼ਟਰ ਨਵਨਿਰਮਾਣ ਸੈਨਾ) ਆਪਣੀਆਂ ਰੋਟੀਆਂ ਸੇਕਣ ਮੈਦਾਨ ਵਿਚ ਉਤਰ ਆਈ ਤੇ ਮਨਸੇ ਦੇ ਨੇਤਾਵਾਂ ਨੇ ਇਹ ਧਮਕੀ ਦੇ ਦਿੱਤੀ ਕਿ ਪਾਕਿਸਤਾਨੀ ਫਿਲਮ ਦੀ ਆਓ-ਭਗਤ ਤੇ ਹਿੰਦੀ ਫ਼ਿਲਮਾਂ ਪ੍ਰਤੀ ਪੱਖਪਾਤ ਦਾ ਰਵੱਈਆ ਉਨ੍ਹਾਂ ਨੂੰ ਮਨਜ਼ੂਰ ਨਹੀਂ। ਇਹ ਗੱਲ ਵੱਖਰੀ ਹੈ ਕਿ ਮਨਸੇ ਦੀਆਂ ਧਮਕੀਆਂ ਦੇ ਬਾਵਜੂਦ 'ਬੋਲ' ਮਲਟੀਪਲੈਕਸ ਵਿਚ ਧੜੱਲੇ ਨਾਲ ਦਿਖਾਈ ਜਾ ਰਹੀ ਹੈ।

ਇਧਰ ਭਾਰਤ ਵਿਚ 'ਬੋਲ' ਦਾ ਸਵਾਗਤ ਕੀਤਾ ਗਿਆ ਤੇ ਉਥੇ ਦੂਜੇ ਪਾਸੇ ਪਾਕਿਸਤਾਨ ਵਿਚ ਇਕ ਸਰਕਾਰੀ ਕਮੇਟੀ ਨੇ ਸੁਝਾਅ ਦਿੱਤਾ ਹੈ ਕਿ ਪਾਕਿਸਤਾਨ ਵਿਚ ਭਾਰਤੀ ਫ਼ਿਲਮਾਂ ਦੀ ਪ੍ਰਦਰਸ਼ਨੀ 'ਤੇ ਪੂਰੀ ਤਰ੍ਹਾਂ ਨਾਲ ਰੋਕ ਲਾ ਦਿੱਤੀ ਜਾਵੇ। ਫ਼ਿਲਮ ਫੈਕਟ ਫਾਈਂਡਿੰਗ ਕਮੇਟੀ ਨੇ ਆਪਣੀ ਰਿਪੋਰਟ ਵਿਚ ਇਹ ਕਿਹਾ ਹੈ ਕਿ





**'ਬੋਲ' ਜ਼ੈਨਬ (ਹੁਮੈਮਾ ਮਲਿਕ) ਦੀ ਕਹਾਣੀ ਹੈ ਜਿਸ ਨੂੰ ਮੌਤ ਦੀ ਸਜ਼ਾ ਮਿਲੀ ਹੋਈ ਹੈ। ਉਹ ਆਪਣੀ ਜ਼ਿੰਦਗੀ ਦੀ ਕਹਾਣੀ ਭਰੀ ਮਹਿਫਿਲ ਵਿਚ ਸੁਣਾਉਂਦੀ ਹੈ। ਉਹਦੇ ਮਾਪੇ ਮੁੰਡਾ ਜੰਮਦੇ ਜੰਮਦੇ 5 ਧੀਆਂ ਜੰਮ ਬੈਠਦੇ ਹਨ।**

ਪਾਕਿਸਤਾਨ ਵਿਚ ਭਾਰਤੀ ਫ਼ਿਲਮਾਂ ਦਿਖਾਉਣ ਨਾਲ ਪਾਕਿਸਤਾਨ ਦੇ ਫ਼ਿਲਮ ਉਦਯੋਗ 'ਤੇ ਬੁਰਾ ਅਸਰ ਪੈ ਰਿਹਾ ਹੈ। ਇਸ ਲਈ ਪਾਕਿਸਤਾਨੀ ਫ਼ਿਲਮ ਉਦਯੋਗ ਦੇ ਵਿਕਾਸ ਲਈ ਭਾਰਤੀ ਫ਼ਿਲਮਾਂ ਦੀ ਰਿਲੀਜ਼ 'ਤੇ ਰੋਕ ਲਾਉਣੀ ਜ਼ਰੂਰੀ ਹੈ। ਇਸ ਰਿਪੋਰਟ ਵਿਚ ਇਹ ਗੱਲ ਵੀ ਗਈ ਹੈ ਕਿ ਜਦੋਂ ਤੋਂ ਉਥੇ ਦੇ ਕੁਝ ਸਿਨੇਮਾਘਰਾਂ ਵਿਚ ਭਾਰਤੀ ਫ਼ਿਲਮਾਂ ਅਧਿਕਾਰਕ ਤੌਰ 'ਤੇ ਦਿਖਾਈਆਂ ਜਾਣ ਲੱਗੀਆਂ ਹਨ, ਉਦੋਂ ਤੋਂ ਫਾਈਨੈਂਸਰਾਂ ਤੇ ਡਿਸਟਰੀਬਿਊਟਰਾਂ ਨੇ ਪਾਕਿਸਤਾਨੀ ਫ਼ਿਲਮਾਂ ਵਿਚ ਪੈਸੇ ਲਾਉਣੇ ਬੰਦ ਕਰ ਦਿੱਤੇ ਹਨ ਤੇ ਇਸ ਨਾਲ ਪਾਕਿਸਤਾਨੀ ਫ਼ਿਲਮਾਂ ਨੂੰ ਨੁਕਸਾਨ ਸਹਿਣਾ ਪੈ ਰਿਹਾ ਹੈ। 'ਬੋਲ' ਨੂੰ ਜਿਸ ਤਰੀਕੇ ਭਾਰਤੀ ਫ਼ਿਲਮ ਆਲੋਚਕਾਂ ਨੇ ਪਸੰਦ ਕੀਤਾ ਹੈ, ਇਸ ਨਾਲ ਇਹ ਗੱਲ ਸਿੱਧ ਹੋਈ ਹੈ ਕਿ ਕਿਸੇ ਵੀ ਫ਼ਿਲਮ ਨੂੰ ਆਪਣੇ ਮੈਰਿਟ ਦੇ ਹਿਸਾਬ ਨਾਲ ਪਸੰਦ ਜਾਂ ਨਾਪਸੰਦ ਕੀਤਾ ਜਾਂਦਾ ਹੈ।

ਗੱਲ ਜੇਕਰ 'ਬੋਲ' ਦੀ ਕੀਤੀ ਜਾਵੇ ਤਾਂ ਇਸ ਵਿਚ ਇਕ ਇਸ ਤਰ੍ਹਾਂ ਦੇ ਪਿਤਾ ਦੀ ਕਹਾਣੀ ਪੇਸ਼ ਕੀਤੀ ਗਈ ਹੈ ਜੋ ਪੇਸ਼ੇ ਤੋਂ ਹਕੀਮ ਹੈ ਤੇ ਹਾਲਾਤ ਦੇ ਚਲਦਿਆਂ ਗੁਰਬਤ ਦਾ ਮਾਰਿਆ ਹੈ। ਉਸ ਦੇ ਪੰਜ ਬੇਟੀਆਂ ਹਨ ਪਰ ਉਸ ਨੂੰ ਬੇਟੇ ਦੀ ਇੱਛਾ ਹੈ। ਇਸ ਹਕੀਮ ਦਾ ਖੁਦ 'ਤੇ ਭਰੋਸਾ ਹੈ ਪਰ ਉਸ ਦਾ ਵਿਹਾਰ ਕਠਮੁੱਲੇ ਵਰਗਾ ਹੈ। ਆਪਣੇ ਇਸ ਵਿਹਾਰ ਦੀ ਵਜ੍ਹਾ ਨਾਲ ਉਸ ਦੀਆਂ ਬੇਟੀਆਂ ਨੂੰ ਕੀ ਕੁਝ ਸਹਿਣਾ ਪੈਂਦਾ ਹੈ, ਇਹ ਕਹਾਣੀ ਵਿਚ ਸੰਜੀਦਗੀ ਨਾਲ ਪੇਸ਼ ਕੀਤਾ ਗਿਆ ਹੈ। ਇਸ ਤਰ੍ਹਾਂ ਦੀ ਕਹਾਣੀ 'ਤੇ ਬਣੀ ਫ਼ਿਲਮ ਦਾ ਹਰ ਜਗ੍ਹਾ ਸਵਾਗਤ ਹੋਣਾ ਚਾਹੀਦਾ ਹੈ ਨਾ ਕਿ ਇਸ ਨੂੰ ਵਿਵਾਦਾਂ ਵਿਚ ਘਸੀਟ ਕੇ ਇਸ ਦੇ ਨਾਲ ਅਨਿਆਂ ਕੀਤਾ ਜਾਣਾ ਚਾਹੀਦਾ।

'ਬੋਲ' ਜ਼ੈਨਬ (ਹੁਮੈਮਾ ਮਲਿਕ) ਦੀ ਕਹਾਣੀ ਹੈ ਜਿਸ ਨੂੰ ਮੌਤ ਦੀ ਸਜ਼ਾ ਮਿਲੀ ਹੋਈ ਹੈ। ਉਹ ਆਪਣੀ ਜ਼ਿੰਦਗੀ ਦੀ ਕਹਾਣੀ ਭਰੀ ਮਹਿਫਿਲ ਵਿਚ ਸੁਣਾਉਂਦੀ ਹੈ। ਉਹਦੇ ਮਾਪੇ ਮੁੰਡਾ ਜੰਮਦੇ ਜੰਮਦੇ 5 ਧੀਆਂ ਜੰਮ ਬੈਠਦੇ ਹਨ। ਜ਼ੈਨਬ ਦਾ ਨਿਕਾਹ ਹੁੰਦਾ ਹੈ ਪਰ ਆਖਰਕਾਰ ਤਲਾਕ ਹੋ ਜਾਂਦਾ ਹੈ। ਇਸ ਤੋਂ ਬਾਅਦ ਇਸ ਟੱਬਰ ਦੀਆਂ ਨਿੱਕੀਆਂ ਨਿੱਕੀਆਂ ਕਹਾਣੀਆਂ ਜੋੜ ਕੇ ਫਿਲਮ ਬਣਾਈ ਗਈ ਹੈ। ਇਸ ਫਿਲਮ ਵਿਚ ਹੁਮੈਮਾ ਮਲਿਕ ਤੋਂ ਇਲਾਵਾ ਮੰਜ਼ਰ ਸਹਿਬਾਈ, ਆਤਿਫ ਅਸਲਮ, ਮਿਹਰ ਖਾਨ, ਇਮਾਨ ਅਲੀ, ਸ਼ਫਕਤ ਚੀਮਾ, ਜ਼ੈਬ ਰਹਿਮਾਨ ਅਤੇ ਅਮਰ ਕਸ਼ਮੀਰੀ ਨੇ ਅਹਿਮ ਭੂਮਿਕਾਵਾਂ ਨਿਭਾਈਆਂ ਹਨ।



ਹੁਮੈਮਾ ਮਲਿਕ

## ਰਾਣੀ ਮੁਖਰਜੀ ਕੋਲ ਵਿਆਹ ਲਈ ਵਿਹਲ ਨਹੀਂ

ਆਦਿੱਤਯ ਚੋਪੜਾ ਨਾਲ ਰਾਣੀ ਮੁਖਰਜੀ ਦਾ ਵਿਆਹ ਹੋਣ ਦੀਆਂ ਕਿਆਸਅਰਾਈਆਂ ਕਾਫੀ ਸਮੇਂ ਤੋਂ ਲੱਗਦੀਆਂ ਰਹੀਆਂ ਹਨ। ਸਭ ਤੋਂ ਪਹਿਲਾਂ 2010 'ਚ ਇਨ੍ਹਾਂ ਦੋਵਾਂ ਦੇ ਵਿਆਹ ਕਰ ਲੈਣ ਦੇ ਅੰਦਾਜ਼ੇ ਲੱਗਣ ਲੱਗੇ ਸਨ ਜਿਸ ਨੂੰ 2011 ਲਈ ਟਾਲਣ ਦੀਆਂ ਖ਼ਬਰਾਂ ਆਈਆਂ। ਹੁਣੇ ਜਿਹੇ ਖ਼ਬਰ ਆਈ ਹੈ ਕਿ ਇਨ੍ਹਾਂ ਦੋਵਾਂ ਦਾ ਚਿਰਾਂ ਤੋਂ ਉਡੀਕਿਆ ਜਾ ਰਿਹਾ ਵਿਆਹ ਅਜੇ ਅਗਲੇ ਦੋ ਸਾਲ ਤੱਕ ਹੋਣ ਦੀ ਕੋਈ ਸੰਭਾਵਨਾ ਨਹੀਂ। ਉਂਜ ਤਾਂ ਇਨ੍ਹਾਂ ਦੋਵਾਂ ਵਿਚਾਲੇ ਰੋਮਾਂਸ ਦੀਆਂ ਖ਼ਬਰਾਂ ਆਉਣ ਦੇ ਨਾਲ ਹੀ ਦੋਵਾਂ ਦੇ ਵਿਆਹ ਦੀਆਂ ਕਿਆਸਅਰਾਈਆਂ ਲੱਗਣ ਲੱਗੀਆਂ ਸਨ। ਰਾਣੀ ਦੇ ਅਜਿਹੇ ਕਿਸੇ ਰਿਸ਼ਤੇ ਤੋਂ ਇਨਕਾਰ ਕਰਨ ਦੇ ਬਾਵਜੂਦ ਅਜਿਹੀਆਂ ਖ਼ਬਰਾਂ ਆਉਂਦੀਆਂ ਰਹੀਆਂ।

ਸੂਤਰਾਂ ਮੁਤਾਬਕ ਇਸ ਗੱਲ 'ਚ ਹੁਣ ਕੋਈ ਰਾਜ਼ ਨਹੀਂ ਕਿ ਇਹ ਦੋਵੇਂ ਇਕ-ਦੂਜੇ ਨੂੰ ਪਿਆਰ ਕਰਦੇ ਹਨ ਸਗੋਂ ਦੋਵਾਂ ਦਾ ਵਿਆਹ ਪਿਛਲੇ ਸਾਲ ਹੀ ਹੋਣ ਦੀ ਆਸ ਸੀ ਪਰ ਆਦਿੱਤਯ ਨੇ ਇਸ ਨੂੰ 2011 ਲਈ ਟਾਲ ਦਿੱਤਾ ਗਿਆ ਸੀ। ਚਰਚਾ ਹੈ ਕਿ ਹੁਣ ਦੇਰ ਰਾਣੀ ਵੱਲੋਂ ਹੋ ਰਹੀ ਹੈ ਕਿਉਂਕਿ ਅਗਲੇ ਦੋ ਸਾਲਾਂ ਤਕ ਉਹ ਫ਼ਿਲਮਾਂ 'ਚ ਰੁੱਝੀ ਰਹੇਗੀ। ਸਭ ਤੋਂ ਪਹਿਲਾਂ ਉਹ ਅਨੁਰਾਗ ਕਸ਼ਯਪ ਦੀ ਫ਼ਿਲਮ ਦੀ ਸ਼ੂਟਿੰਗ ਦੀਵਾਲੀ ਦੇ ਨੇੜੇ ਸ਼ੁਰੂ ਕਰ ਦੇਵੇਗੀ।

ਇਸ ਤੋਂ ਇਲਾਵਾ ਹੋਰ ਫ਼ਿਲਮਾਂ 'ਤੇ ਵਿਚਾਰ ਕਰ ਰਹੀ ਹੈ। 'ਨੋ ਵਨ ਕਿਲਡ ਜੈਸਿਕਾ' ਦੀ ਸਫਲਤਾ ਪਿੱਛੋਂ ਰਾਣੀ ਮੁਖਰਜੀ ਨੇ ਫ਼ਿਲਮਾਂ 'ਚ ਵਾਪਸੀ ਕੀਤੀ ਹੈ ਤੇ ਉਸ ਨੂੰ ਫ਼ਿਲਮਾਂ ਦੀਆਂ ਪੇਸ਼ਕਸ਼ਾਂ ਮਿਲਣ ਲੱਗੀਆਂ ਹਨ।





## ਬਾਲੀਵੁੱਡ ਦੀ ਬਹੁਪੱਖੀ ਸ਼ਖ਼ਸੀਅਤ ਆਸ਼ਾ ਪਾਰਿਖ

ਭਾਰਤੀ ਸਿਨੇਮਾ ਦੇ ਇਤਿਹਾਸ 'ਚ ਆਸ਼ਾ ਪਾਰਿਖ ਨੇ ਪਰਦੇ 'ਤੇ ਹੀਰੋਇਨਿਜ਼ਮ ਨੂੰ ਨਵੀਂ ਪਰਿਭਾਸ਼ਾ ਦਿੱਤੀ। ਜਿਥੇ ਨਰਗਿਸ, ਗੀਤਾ ਬਾਲੀ, ਨੂਤਨ, ਮਧੂਬਾਲਾ, ਮੀਨਾ ਕੁਮਾਰੀ ਤੇ ਵਹੀਦਾ ਰਹਿਮਾਨ ਵਰਗੀਆਂ ਹੀਰੋਇਨਾਂ ਸੰਵੇਦਨਸ਼ੀਲ ਤੇ ਗੰਭੀਰ ਭੂਮਿਕਾਵਾਂ 'ਚ ਜ਼ਿਆਦਾ ਫਿੱਟ ਬੈਠਦੀਆਂ ਸਨ, ਉਥੇ ਆਸ਼ਾ ਪਾਰਿਖ ਚੁਲਬੁਲੇ ਤੇ ਸ਼ਕਤੀਸ਼ਾਲੀ ਅਭਿਨੈ ਦੀ ਪ੍ਰਤੀਕ ਸੀ।

ਆਪਣੇ ਸੁਭਾਅ ਤੋਂ ਆਸ਼ਾ ਪਾਰਿਖ ਬਹੁਤ ਸ਼ਰਾਰਤੀ ਸੀ। ਉਹ ਅਕਸਰ ਸੈਟ 'ਤੇ ਸ਼ਰਾਰਤਾਂ ਕਰਦੀ ਰਹਿੰਦੀ ਸੀ। ਉਨ੍ਹਾਂ ਦਾ ਵਿਅਕਤਿਤਵ 'ਟਾਮ ਬੁਆਏ ਸਿਡਕਟ੍ਰੈਸ' ਦਾ ਸੀ, ਇਸ ਲਈ ਉਨ੍ਹਾਂ ਦਾ ਕੋਈ ਵੀ ਕੋ-ਸਟਾਰ ਉਨ੍ਹਾਂ ਨਾਲ ਅਫੇਅਰ ਕਰਨ ਦੀ ਸੋਚਦਾ ਵੀ ਨਹੀਂ ਸੀ। ਮਰਹੂਮ ਸ਼ੰਮੀ ਕਪੂਰ ਜਿਨ੍ਹਾਂ ਨੂੰ ਉਹ ਅੰਤ ਤਕ ਸ਼ੰਮੀ ਚਾਚਾ ਕਹਿ ਕੇ ਬੁਲਾਉਂਦੀ ਰਹੀ, ਤੋਂ ਲੈ ਕੇ ਰਾਜੇਸ਼ ਖੰਨਾ ਤਕ ਹਰ ਸਫਲ ਨਾਇਕ ਨੇ ਆਸ਼ਾ ਦੇ ਨਾਲ ਬਹੁਤ ਵੱਡੀਆਂ ਹਿੱਟ ਫਿਲਮਾਂ ਦਿੱਤੀਆਂ। 1960 ਦੇ ਦਹਾਕੇ ਦੀ ਗੱਲ ਕਰੀਏ ਤਾਂ ਸ਼ਰਮੀਲਾ ਟੈਗੋਰ, ਨੂਤਨ, ਵਹੀਦਾ ਰਹਿਮਾਨ ਤੇ ਸਾਧਨਾ ਦੇ ਮੁਕਾਬਲੇ ਸਭ ਤੋਂ ਜ਼ਿਆਦਾ ਸਫਲ ਫ਼ਿਲਮਾਂ ਆਸ਼ਾ ਦੇ ਨਾਂ ਹੀ ਰਹੀਆਂ। ਉਨ੍ਹਾਂ ਨੇ ਕਈ ਸਿਲਵਰ ਤੇ ਗੋਲਡਨ ਜੁਬਲੀ ਹਿੱਟ ਫਿਲਮਾਂ ਦਿੱਤੀਆਂ।

ਆਸ਼ਾ ਦੀ ਪਹਿਲੀ ਫ਼ਿਲਮ ਸੀ ਨਾਸਿਰ ਹੁਸੈਨ ਨਿਰਮਾਤਾ-ਨਿਰਦੇਸ਼ਕ ਤੇ ਸ਼ੰਮੀ ਕਪੂਰ ਦੇ ਰੋਲ ਵਾਲੀ 'ਦਿਲ ਦੇ ਕੇ ਦੇਖੋ' (1959)। ਆਪਣੀ ਡੈਬਿਊ ਫਿਲਮ ਦੇ ਬਾਅਦ ਆਸ਼ਾ ਨੇ ਮੁੜ ਕੇ ਨਹੀਂ ਦੇਖਿਆ ਤੇ 'ਫਿਰ ਵਹੀ ਦਿਲ ਲਾਇਆ ਹੂੰ', 'ਤੀਸਰੀ ਮੰਜ਼ਿਲ', 'ਦੋ ਬਦਨ' ਤੇ 'ਆਨ ਮਿਲੋ ਸਜਨਾ' ਵਰਗੀਆਂ ਸੁਪਰ-ਡੁਪਰ ਹਿੱਟ ਫ਼ਿਲਮਾਂ ਦਿੱਤੀਆਂ। ਨਿਰਮਾਤਾ-ਨਿਰਦੇਸ਼ਕ ਨਾਸਿਰ ਹੁਸੈਨ ਦੇ ਨਾਲ ਤਾਂ ਉਨ੍ਹਾਂ ਨੇ ਬਹੁਤ ਸਾਰੀਆਂ। ਫ਼ਿਲਮਾਂ ਦਿੱਤੀਆਂ ਜਿਨ੍ਹਾਂ 'ਚ 'ਦਿਲ ਦੇ ਕੇ ਦੇਖੋ' ਤੋਂ ਲੈ ਕੇ 1971 ਦੀ 'ਕਾਰਵਾਂ' ਤਕ ਸ਼ਾਮਲ ਹਨ।

ਆਸ਼ਾ ਪਾਰਿਖ ਨੂੰ ਲੈ ਕੇ ਕਈ ਮਿਊਜ਼ਿਕਲ ਫ਼ਿਲਮਾਂ ਬਣਾਈਆਂ ਗਈਆਂ। ਉਨ੍ਹਾਂ ਦੀ ਇੱਛਾ ਸੀ ਕਿ ਉਨ੍ਹਾਂ ਨੂੰ ਬਤੌਰ ਅਭਿਨੇਤਰੀ ਗੰਭੀਰਤਾ ਨਾਲ ਲਿਆ ਜਾਵੇ। ਇਹ ਮੌਕਾ ਉਨ੍ਹਾਂ ਨੂੰ ਰਾਜ ਖੋਸਲਾ ਦੀ 'ਦੋ ਬਦਨ' ਤੇ 'ਚਿਰਾਗ' ਤੋਂ ਮਿਲਿਆ। ਸ਼ਕਤੀ ਸਾਮੰਤ ਦੀ ਫ਼ਿਲਮ 'ਕਟੀ ਪਤੰਗ' 'ਚ ਉਨ੍ਹਾਂ ਦਾ ਗਲੈਮਰਹੀਣ ਵਿਧਵਾ ਦਾ ਕਿਰਦਾਰ ਸਮੀਖਿਅਕਾਂ ਵੱਲੋਂ ਬਹੁਤ ਜ਼ਿਆਦਾ ਸਲਾਹਿਆ ਗਿਆ। ਚੰਗੀ ਨ੍ਰਿਤਕੀ ਹੋਣ ਦੇ ਨਾਤੇ ਆਸ਼ਾ ਨੂੰ ਆਪਣੀ ਕਲਾ ਦਾ ਸਰਵਉੱਤਮ ਪ੍ਰਦਰਸ਼ਨ ਕਰਨ ਦਾ ਮੌਕਾ ਮਿਲਿਆ। ਆਪਣੀ ਮਾਂ ਦੀ ਮੌਤ ਤਕ ਉਹ ਜਨਤਕ ਨ੍ਰਿਤ ਸਮਾਗਮਾਂ 'ਚ ਹਿੱਸਾ ਲੈਣ ਦਾ ਆਨੰਦ ਉਠਾਉਂਦੀ ਰਹੀ ਪਰ ਇਸ ਤ੍ਰਾਸਦੀ ਦੇ ਬਾਅਦ ਉਨ੍ਹਾਂ ਦੇ ਜੀਵਨ 'ਚ ਖਲਾਅ ਪੈਦਾ ਹੋ ਗਿਆ।

ਅੱਜ ਭਾਵੇਂ ਉਹ ਅਭਿਨੈ ਤੋਂ ਪੂਰੀ ਤਰ੍ਹਾਂ ਦੂਰ ਹੋ ਚੁੱਕੀ ਹੈ ਪਰ ਉਹ ਆਪਣੀ ਪੀੜ੍ਹੀ ਦੀਆਂ ਫ਼ਿਲਮੀ ਸ਼ਖ਼ਸੀਅਤਾਂ 'ਚੋਂ ਇਕ ਸਰਵਉੱਤਮ ਐਕਟਿਵ ਸ਼ਖ਼ਸੀਅਤ ਹੈ। ਉਹ ਭਾਰਤੀ ਸੈਂਸਰ ਬੋਰਡ ਤੇ ਸਿਨੇ ਆਰਟਿਸਟ ਐਸੋਸੀਏਸ਼ਨ ਦੀ ਪ੍ਰਧਾਨ ਵੀ ਰਹਿ ਚੁੱਕੀ ਹੈ। ਉਨ੍ਹਾਂ ਨੇ ਆਕ੍ਰਤੀ ਨਾਂ ਦਾ ਇਕ ਪ੍ਰੋਡਕਸ਼ਨ ਹਾਊਸ ਵੀ ਸ਼ੁਰੂ ਕੀਤਾ ਤੇ ਟੀ. ਵੀ. 'ਤੇ 'ਕੋਰਾ ਕਾਗਜ਼' ਨਾਂ ਦੇ ਇਕ ਸੀਰੀਅਲ ਦਾ ਨਿਰਦੇਸ਼ਨ ਕੀਤਾ ਜੋ ਕਾਫੀ ਹਿੱਟ ਰਿਹਾ ਸੀ। ਇਸ ਤੋਂ ਇਲਾਵਾ ਉਨ੍ਹਾਂ ਨੇ 'ਪਲਾਸ਼ ਕੇ ਫੂਲ', 'ਬਾਜੇ ਪਾਇਲ' ਤੇ 'ਦਾਲ ਮੇਂ ਕਾਲਾ' ਨਾਮੀ ਸੀਰੀਅਲਾਂ ਦਾ ਨਿਰਮਾਣ ਵੀ ਕੀਤਾ।

ਆਸ਼ਾ ਪਾਰਿਖ ਚੈਰਿਟੀ ਲਈ ਵੀ ਬਹੁਤ ਪ੍ਰਸਿੱਧ ਹੈ। ਮੁੰਬਈ ਦੇ ਇਕ ਹਸਪਤਾਲ ਦੇ ਇਕ ਪੂਰੇ ਵਿੰਗ ਦਾ ਨਾਂ ਵੀ ਉਸ ਦੇ ਨਾਂ 'ਤੇ ਰੱਖਿਆ ਗਿਆ ਹੈ। ਉਹ ਹਮੇਸ਼ਾ ਲੋਕਾਂ ਦੀ ਸਹਾਇਤਾ ਨੂੰ ਤਿਆਰ ਰਹਿੰਦੀ ਹੈ। ਇਕ ਸਫਲ ਅਭਿਨੇਤਰੀ ਹੁੰਦੇ ਹੋਏ ਵੀ ਨਾ ਤਾਂ ਉਨ੍ਹਾਂ ਦਾ ਕੋਈ ਅਫੇਅਰ ਸੁਣਨ ਨੂੰ ਮਿਲਿਆ ਤੇ ਨਾ ਹੀ ਉਨ੍ਹਾਂ ਨੇ ਵਿਆਹ ਕੀਤਾ। ਵਿਆਹ ਨਾ ਕਰਨ ਬਾਰੇ ਉਹ ਕਹਿੰਦੀ ਹੈ ਕਿ ਜੇਕਰ ਵਿਆਹ ਕਰ ਲਿਆ ਹੁੰਦਾ ਤਾਂ ਹੁਣ ਤਕ ਜੀਵਨ 'ਚ ਜੋ ਕੀਤਾ, ਉਸ ਦਾ ਅੱਧਾ ਵੀ ਨਾ ਕਰ ਸਕਦੀ।



# Sunny Truck & RV Wash

ਫੋਨ:559-834-6200 ਫੈਕਸ:559-834-1577

## ਸੰਨੀ ਟਰੱਕ ਵਾਸ਼ 'ਤੇ ਆਪਣਾ ਟਰੱਕ ਧੁਆਓ, ਟਰੱਕ ਨੂੰ ਨਵਾਂ ਰੰਗ ਰੂਪ ਦਿਓ





### ਬਹੁਤ ਹੀ ਵਾਜਬ ਰੇਟ

ਟਰੱਕ ਵਾਸ਼ $30.00
ਟਰੱਕ ਤੇ ਟਰੇਲਰ ਵਾਸ਼ $55.00
ਟਰੇਲਰ ਵਾਸ਼ $30.00
ਟਰੇਲਰ ਵਾਸ਼ਆਊਟ $25.00
ਅੰਡਰ ਕੈਰੀਏਜ $90.00
ਟੈਂਕਰ ਵਾਸ਼ਆਊਟ $100.00
ਇੰਜਨ ਵਾਸ਼ $15.00





ਲਾ ਦਿੱਤਾ ਬਈ ਰੋਪੜੀਆ ਜਿੰਦਾ ਤੀਰਥ ਗਾਖਲ ਨੇ

## ਤੁਹਾਡੇ ਮਨ ਪਸੰਦ ਕਬੱਡੀ ਖਿਡਾਰੀ ਤੀਰਥ ਗਾਖਲ ਦਾ ਟਰੱਕ ਵਾਸ਼

## ਤੁਹਾਡੀ ਸਹੂਲਤ ਲਈ ਦੋ ਲੋਕੇਸ਼ਨਾਂ

2713 Vineyard Place, Fowler, Ca 93625
**Ph: 559-834-6200**

**Open**
Monday to Friday 6AM to 9PM
Saturday-Sunday 7AM to 7PM

From Hwy 99 > Take E manning Ave. exit 121, right turn at first light.

*Mini Mart*
*Featuring Hot & Cold Foods and Beverages*

2255 F St. Livingston, CA 95334
**Ph: 209-394-8880**

**Open**
Monday to Saturday 7AM to 7PM
Sunday 8AM to 5PM

From Hwy 99 > take Hammatt Ave. exit 201, turn west on Hammatt ave. left at F st.

Ad sponsored by Amolak Singh Gakhal


Vista
CCTV TECHNOLOGY
A leader of worldwide CCTV surveillance
(14years old experience in cctv tech.)
2 Years Warranty
WE INSTALL ANYWHERE IN USA
DIRECT ACCESS FROM Smart Phone
Buy Online
www.eZchase.com
As Saw On the TV
Hot Offer
4 Camera Package
$949.00
INSTALLATION INCLUDED
8 Camera Package
$1749.00
12 Cameras Installation $ 2249.00
Coming Soon 3rd Generation LED
New
Call - Sukhpal@ 661-586-5080
Customer Services :- 1-800-235-1391
Email :- sales@ezchase.com


ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 2000 MINUTES*
* SOME RESTRICTIONS APPLY
✓ No Pin Needed
✓ No Connection Fee
✓ No Monthly Fee
USE FROM HOME OR CELL PHONE
GlobeTel Comm.
ਇਹ ਸਰਵਿਸ ਹਰ ਦੇਸ਼ ਲਈ ਵਰਤੋ।
ਪੰਜਾਬੀ, ਹਿੰਦੀ ਜਾਂ ਅੰਗਰੇਜ਼ੀ ਵਿਚ ਹੋਰ ਜਾਣਕਾਰੀ ਲਈ ਕਾਲ ਕਰੋ:
1.800.914.1013


WRONGFUL DEATH | AUTO | PEDESTRIAN | BICYCLE | DOG BITES | TRUCK ACCIDENTS
LAW OFFICES OF MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ, ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www. markcohenlaw.com or call us at 510.792.4008
STOP
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"

# ਦੂਜਾ ਕਬੱਡੀ ਕੱਪ



## ਬੇਕਰਸਫੀਲਡ ਵਿੱਚ





ਸਮੂਹ ਬੇਕਰਸਫੀਲਡ ਸੰਗਤਾਂ ਵਲੋਂ

**15 ਅਕਤੂਬਰ 2011 ਦਿਨ ਸ਼ਨੀਵਾਰ**

**ਸਥਾਨ ▶ ਗੁਰਦੁਆਰਾ ਸ੍ਰੀ ਗੁਰੂ ਅੰਗਦ ਦਰਬਾਰ**

8100, ਸਟਾਈਨ ਰੋਡ, ਬੇਕਰਸਫੀਲਡ

**ਸਵੇਰੇ 9:00 ਤੋਂ ਸ਼ਾਮ 6:00 ਵਜੇ ਤੱਕ**

ਇਸ ਟੂਰਨਾਮੈਂਟ ਵਿੱਚ ਰੈਫਰੀ ਦਾ ਫੈਸਲਾ ਅਟੱਲ ਹੋਵੇਗਾ

**ਜੇਤੂ ਕਲੱਬ ਦਾ ਪਹਿਲਾ ਇਨਾਮ $ 5100, ਦੂਜਾ ਇਨਾਮ $ 3100**

**21 ਸਾਲ ਤੋਂ ਘੱਟ ਉਮਰ ਵਾਲੀਆਂ ਟੀਮਾਂ ਲਈ ਪਹਿਲਾ ਇਨਾਮ $ 2100 ਅਤੇ ਦੂਜਾ $ 1100**

ਕਿਸੇ ਕਿਸਮ ਦੀ ਜਾਣਕਾਰੀ ਲਈ ਕਾਲ ਕਰ ਸਕਦੇ ਹੋ

| | | | | | |
|---|---|---|---|---|---|
| ਜੱਸੀ ਗਿੱਲ 661-331-6766 | ਜੀਤਾ ਮਾਣਕ 661-444-7799 | ਬਲਜੀਤ ਧੂਤ 661-304-0087 | ਦੀਪਾ ਢੀਡਸਾ 661-444-7666 | ਜੀਤਾ ਢਿਲੋਂ 661-472-3717 | ਗੁਰਿੰਦਰ ਬਸਰਾ 661-873-5181 |
| ਤਰਲੋਚਨ ਸਿੰਘ 661-979-1495 | ਸੇਵਾ ਕੁਲਥਮ 661-204-3785 | ਗੁਰਮੀਤ ਸਿੱਧੂ 661-332-9491 | ਜਾਪੀ ਢਿਲੋਂ 661-301-4693 | ਜਗਤਾਰ ਗਿੱਲ 661-900-7466 | ਮਲਕੀਤ ਸਿੰਘ 661-978-5795 |

ਸਹਿਯੋਗੀ ਸੱਜਣ : ਅਮਰੀਕ ਅਟਵਾਲ, ਤਰਲੋਚਨ ਸਿੰਘ ਮੁੰਡੀ, ਜਗੀਰ ਸਿੰਘ ਨਾਗਰਾ, ਬਲਦੇਵ ਸਰਾਂ, ਗੁਰਪ੍ਰੀਤ ਰਾਏ, ਨਿਕਸਨ (GTC), ਪਾਲਾ ਮੰਨਣ, ਮਨਜੀਤ ਧਾਲੀਵਾਲ, ਅਮਰੀਕ ਸਿੰਘ ਅਤੇ ਲਖਵੀਰ ਸਿੰਘ (PM), ਪਾਲ (ISD), ਸਿਕੰਦਰ ਜੱਸੜ, ਮਲਕੀਤ (ਡਾਲਾ), ਦਲਜੀਤ ਭੰਗੂ, ਗੁਰਸੇਵਕ ਭੰਗੂ, ਕਰਤਾਰ ਸਿੰਘ ਪਾਲੀ, ਜੋਬਨਜੀਤ (NRI Club), ਮਹਿੰਦਰ ਸਿੰਘ ਢੁੱਡੀਕੇ, ਹਰਜੀਤ ਸਿੰਘ (ਚੜਦੀਕਲਾ ਨਿਊਜ਼ਪੇਪਰ), ਸੁਖਵੀਰ ਗਿੱਲ, ਰੇਡੀਓ ਆਵਾਜ਼ ਪੰਜਾਬ ਦੀ, ਬਾਬਾ ਮਾਨ ਢੀਂਡਸਾ, ਰਾਮ ਸਿੰਘ ਸੰਘਾ, ਜੀਤਾ ਢਿਲੋਂ, ਦੀਪਾ ਢੀਡਸਾ, ਸੋਹੀ ਸਮਰ, ਹਰਮਨ ਤੂਰ, ਬਿੱਟਾ ਤੂਰ (PIXLEY) ਰਿਸ਼ਪਾਲ SUNRISE, ਬੌਬ ਬਾਠ (Pixley), ਪਰਦੀਪ ਬਰਾੜ, ਹਰਦਮ ਸਿੰਘ, ਬੌਵੀ (A1), ਦੀਦਾਰ ਸਿੰਘ, ਸੁਰਜੀਤ ਧਾਲੀਵਾਲ, ਗੁਰਚਰਨ ਢਿੱਲੋਂ, ਕੁਲਵੰਤ ਮਾਨ, ਗੁਰਬਖਸ਼ ਮਾਨ, ਹਾਕਮ ਸਿੰਘ, ਸਿਮਰਨ ਟੈਲੀਕਾਮ, ਰਿਸ਼ੂ ਅਤੇ ਖਹਿਰਾ (KTL), ਸੁੱਖੀ ਘੁੰਮਣ, ਕੁਲਦੀਪ ਤੂਰ, ਜਤਿੰਦਰ ਰੂਬੀ, ਲੱਕੀ ਸਿੰਘ, ਪਰਮਜੀਤ ਸਿੰਘ ਦੁਸਾਂਝ, ਅਜੀਤ ਸਿੰਘ ਭੱਠਲ 24/7, ਹੈਰੀ ਭੁੱਲਰ, ਦਲਜੀਤ (ਜਿੰਮੀ ਆਈਸਕ੍ਰੀਮ), ਅਜੈਬ ਸਿੰਘ, ਜਸਵੀਰ ਰਿਆੜ, ਜਗਦੀਪ ਬਿੰਦ, ਕੁਲਜੀਤ ਸਿੰਘ, ਭਰਪੂਰ ਸਿੰਘ, ਮਾਈਕ ਚੌਹਾਨ, ਬਿੱਲੂ (ਸੇਫਵੇਅ ਟਰੱਕ ਡਰਾਈਵਿੰਗ ਸਕੂਲ) ਬਲਦੇਵ ਸਿੰਘ, ਜਸਵੰਤ ਗਿੱਲ, ਸੋਨੂੰ ਅਤੇ ਜੀਤ (G&H), ਬਲਵਿੰਦਰ ਬਰਾੜ, ਭੁੱਲਰ, ਤਜਿੰਦਰ ਗਿੱਲ, ਧੀਰਾ (G.S.), T&H Transport, ਹੈਪੀ ਉਪਲ, ਦੀਪੀ ਸੰਧੂ, ਅਮਰੀਕ ਸੰਘਾ, ਕੁਲਦੀਪ ਬਾਠ, ਕੁਲਵੰਤ ਸਿੰਘ, ਸੋਨੀ ਬੁੱਟਰ, ਜਗਮੀਤ ਬਰਾੜ, ਜਾਪੀ ਤੱਖਰ, ਦੀਪਾ ਸਿੱਧੂ, ਲਾਲੀ ਸਿੱਧੂ, ਸੁਰਜੀਤ ਸਿੰਘ (ਅਰਵਨ), ਹੈਰੀ ਢਿੱਲੋਂ, ਕੁਲਦੀਪ ਰੰਧਾਵਾ, ਬੱਬੀ ਬੈਂਸ, ਨਿੱਕੂ, ਕਮਲਜੀਤ ਢਿੱਲੋਂ, ਫੌਜੀ, ਦਵਿੰਦਰ ਰਾਣਾ (F.B.T.), ਪਾਲਾ ਸੇਖੋਂ, ਹਰਪ੍ਰੀਤ ਸਿੰਘ (A&P Tire), ਸੁੱਖੀ (S&M), ਪ੍ਰਿੰਸ (Prince Transport), ਰਾਜ (Dango Express), ਸੁਲੱਖਣ ਰਾਏ, ਦੀਪਾ ਸਿਵੀਆ, ਬਲਦੇਵ ਸਿੰਘ (FRED LIQUOR) ਬਲਜੀਤ ਨਿਰਵੈਨ, ਅਮਰੀਕ ਗੋਰਾਇਆ, ਮਨੀ ਰਾਏ, ਸੁਖਪਾਲ ਸਿੰਘ, ਬਲਦੇਵ ਪੰਮਾ ਅਤੇ ਬਲਵੰਤ (Grimmway Farm), ਨਿਰਮਲ ਗਿੱਲ, ਗੁਰਮੀਤ ਸਿੱਧੂ, ਐਨ. ਕੇ. ਸਾਈਨ, ਸੁਖਦੇਵ ਗਿੱਲ, ਛੱਤੀ ਗਿੱਲ, Magoos Pizza, Senior Citizen Center, Amigos Pizza, Taj Mahal, Reliable Whole Sale, All India Sweet & Spices, Gilson Jewellers, Amar Mohamed, Magic Auto, Bobby Five Star, Bob Virk, Amarjit Singh Brar, Road Liner Log, Bhuto, B&B Reg. & Travel Services ਕਮੇਟੀ ਗੁਰਦੁਆਰਾ ਗੁਰੂ ਅੰਗਦ ਦਰਬਾਰ, ਗੁਰਦੁਆਰਾ ਗੁਰੂ ਨਾਨਕ ਮਿਸ਼ਨ, ਗੁਰਦੁਆਰਾ ਸਿੱਖ ਸੈਂਟਰ, ਗੁਰਦੁਆਰਾ ਸਿੱਖ ਟੈਂਪਲ, ਗੁਰਦੁਆਰਾ ਦਸਮੇਸ਼ ਦਰਬਾਰ, ਅਤੇ ਸਮੂਹ ਇਲਾਕਾ ਨਿਵਾਸੀ ।

---

ਨੋਟ : ਮੈਚ 9:00 ਵਜੇ ਸ਼ੁਰੂ ਹੋਵੇਗਾ ਅਤੇ ਹਰ ਇਕ ਟੀਮ ਦੀ ਐਂਟਰੀ ਮੈਚ ਤੋਂ 30 ਮਿੰਟ ਪਹਿਲਾਂ ਜ਼ਰੂਰੀ ਹੈ ।
ਟੀਮਾਂ ਦੀ ਐਂਟਰੀ ਲਈ ਕਾਲ ਕਰ ਸਕਦੇ ਹੋ



ਇਸ ਟੂਰਨਾਮੈਂਟ ਦੀ ਕੁਮੈਂਟਰੀ ਰਾਜਵਿੰਦਰ ਸਿੰਘ ਰੰਡਿਆਲਾ
ਅਤੇ ਜਗਦੀਪ ਬਿੰਦ ਕਰਨਗੇ



**ਹਰ ਪਾਸੇ ਸਿਕਿਉਰਿਟੀ ਦਾ ਪੱਕਾ ਪ੍ਰਬੰਧ ਹੋਵੇਗਾ**

Design & Print Quik Signs www.quiksigns.us *661-703-8795 *661-900-7357
singh_tanjit@yahoo.com or manmit5020@yahoo.com